**OM PARKASH GASSO DE NAVALAN VICH SAMAAJ-SABHYACHARAK ATE RAJNITAK CHETNA**

# ਓਮ ਪ੍ਰਕਾਸ਼ ਗਾਸੋ ਦੇ ਨਾਵਲਾਂ ਵਿਚ ਸਮਾਜ-ਸਭਿਆਚਾਰਕ ਅਤੇ ਰਾਜਨੀਤਕ ਚੇਤਨਾ

**OM PARKASH GASSO DE NAVALAN VICH SAMAAJ-SABHYACHARAK ATE RAJNITAK CHETNA**

Submitted to

**LOVELY PROFESSIONAL UNIVERSITY**

in partial fulfillment of the requirements for the award of degree of

**M.Phil. (Punjabi)**

**Submitted by:**

**Parminder Kaur**

ਰਜਿ.ਨੰ.11616333

**Supervised by:**

**Dr.Balwinder Singh Thind**

**Assistant Professor**

**FACULTY OF BUSINESS AND ARTS**

**LOVELY PROFESSIONAL UNIVERSITY**

**PUNJAB**

**2017**

**OM PARKASH GASSO DE NAVALAN VICH SAMAAJ-SABHYACHARAK ATE RAJNITAK CHETNA**

## ਘੋਸ਼ਣਾ-ਪੱਤਰ

ਮੈਂ ਪਰਮਿੰਦਰ ਕੌਰ ਇਹ ਬਿਆਨ ਕਰਦੀ ਹਾਂ ਕਿ **'ਓਮ ਪ੍ਰਕਾਸ਼ ਗਾਸੋ ਦੇ ਨਾਵਲਾਂ ਵਿਚ ਸਮਾਜ-ਸਭਿਆਚਾਰਕ ਅਤੇ ਰਾਜਨੀਤਕ ਚੇਤਨਾ'** ਵਿਸ਼ੇ ਉੱਤੇ ਲਿਖੇ ਇਸ ਖੋਜ-ਪ੍ਰਬੰਧ ਵਿਚਲਾ ਖੋਜ-ਕਾਰਜ ਨਿਰੋਲ ਰੂਪ ਵਿਚ ਮੇਰਾ ਆਪਣਾ ਹੈ ਅਤੇ ਇਸ ਵਿਚ ਕੋਈ ਹੋਰ ਹਿੱਸੇਦਾਰ ਨਹੀਂ ਹੈ। ਇਸ ਖੋਜ-ਪ੍ਰਬੰਧ ਵਿਚ ਕੋਈ ਵੀ ਅਜਿਹਾ ਖੋਜ-ਕਾਰਜ ਸ਼ਾਮਲ ਨਹੀਂ ਹੈ ਜਿਸ ਲਈ ਕਿਸੇ ਹੋਰ ਯੂਨੀਵਰਸਿਟੀ ਜਾਂ ਅਦਾਰੇ ਵੱਲੋਂ ਕੋਈ ਡਿਗਰੀ ਜਾਂ ਡਿਪਲੋਮਾ ਦਿੱਤਾ ਜਾ ਚੁੱਕਾ ਹੋਵੇ।

**ਖੋਜਾਰਥਣ**

**ਪਰਮਿੰਦਰ ਕੌਰ**

ਰਜਿ. ਨੰਬਰ-11616333

**OM PARKASH GASSO DE NAVALAN VICH SAMAAJ-SABHYACHARAK ATE RAJNITAK CHETNA**

# ਪ੍ਰਮਾਣ-ਪੱਤਰ

ਪ੍ਰਮਾਣਿਤ ਕੀਤਾ ਜਾਂਦਾ ਹੈ ਕਿ ਖੋਜਾਰਥਣ ਪਰਮਿੰਦਰ ਕੌਰ ਨੇ **'ਓਮ ਪ੍ਰਕਾਸ਼ ਗਾਸੋ ਦੇ ਨਾਵਲਾਂ ਵਿਚ ਸਮਾਜ-ਸਭਿਆਚਾਰਕ ਅਤੇ ਰਾਜਨੀਤਕ ਚੇਤਨਾ'** ਵਿਸ਼ੇ ਉੱਤੇ ਐਮ.ਫਿਲ. (ਪੰਜਾਬੀ) ਦੀ ਡਿਗਰੀ ਲਈ ਮੇਰੀ ਨਿਗਰਾਨੀ ਅਧੀਨ ਖੋਜ-ਕਾਰਜ ਕੀਤਾ ਹੈ। ਇਹ ਖੋਜਾਰਥਣ ਦਾ ਮੌਲਿਕ ਕਾਰਜ ਹੈ ਅਤੇ ਉਸ ਦੀ ਮਿਹਨਤ ਦਾ ਪ੍ਰਤਿਫ਼ਲ ਹੈ। ਮੈਂ ਇਸ ਖੋਜ-ਪ੍ਰਬੰਧ ਨੂੰ ਐਮ.ਫਿਲ. ਦੀ ਡਿਗਰੀ ਲਈ ਯੋਗ ਸਮਝਦਾ ਹਾਂ ਅਤੇ ਮੁਲਾਂਕਣ ਹਿੱਤ ਪ੍ਰਸਤੁਤ ਕਰਨ ਦੀ ਸ਼ਿਫਾਰਸ਼ ਕਰਦਾ ਹਾਂ। ਇਸ ਤੋਂ ਪਹਿਲਾਂ ਇਹ ਖੋਜ-ਕਾਰਜ ਕਿਸੇ ਵੀ ਡਿਗਰੀ ਲਈ ਕਿਸੇ ਵੀ ਯੂਨੀਵਰਸਿਟੀ ਜਾਂ ਅਦਾਰੇ ਵਿਚ ਪੇਸ਼ ਨਹੀਂ ਕੀਤਾ ਗਿਆ।

**ਮਿਤੀ:** **ਨਿਗਰਾਨ**

**ਡਾ. ਬਲਵਿੰਦਰ ਸਿੰਘ ਥਿੰਦ**
ਸਹਾਇਕ ਪ੍ਰੋਫ਼ੈਸਰ,
ਸਕੂਲ ਆਫ਼ ਆਰਟਸ ਐਂਡ ਲੈਂਗੁਏਜਿਜ਼,
ਲਵਲੀ ਪ੍ਰੋਫ਼ੈਸ਼ਨਲ ਯੂਨੀਵਰਸਿਟੀ,
ਫਗਵਾੜਾ (ਪੰਜਾਬ)

**OM PARKASH GASSO DE NAVALAN VICH SAMAAJ-SABHYACHARAK ATE RAJNITAK CHETNA**

## ਤਤਕਰਾ


ਅਧਿਆਇ ਪਹਿਲਾ 1-43

ਭੂਮਿਕਾ

ਸਿਧਾਂਤਕ ਪਿੱਠ-ਭੂਮੀ:

1.1 ਜਾਣ-ਪਛਾਣ

1.2 ਵਿਸ਼ੇ ਦੀ ਸਾਰਥਿਕਤਾ

1.3 ਪੂਰਵ ਖੋਜ ਕਾਰਜ

1.4 ਖੋਜ ਕਾਰਜ ਦੇ ਉਦੇਸ਼

1.5 ਖੋਜ ਵਿਧੀ

1.6 ਓਮ ਪ੍ਰਕਾਸ਼ ਗਾਸੋ ਦਾ ਜੀਵਨ, ਰਚਨਾ ਅਤੇ ਸਾਹਿਤਕ ਪਿਛੋਕੜ

1.7 ਚੇਤਨਾ ਦਾ ਸਮਾਜਿਕ, ਸਭਿਆਚਾਰਕ ਅਤੇ ਰਾਜਨੀਤਕ ਸਰੂਪ

ਅਧਿਆਇ ਦੂਜਾ 44-73

ਨਾਵਲ 'ਆਖ਼ਰੀ ਮੁਕਾਮ' ਅਤੇ 'ਤੂੰ ਕੌਣ ਸੀ?' ਵਿਚ ਸਮਾਜ-ਸਭਿਆਚਾਰਕ ਚੇਤਨਾ

ਅਧਿਆਇ ਤੀਜਾ 74-92

ਨਾਵਲ 'ਆਖ਼ਰੀ ਮੁਕਾਮ' ਅਤੇ 'ਤੂੰ ਕੌਣ ਸੀ?' ਵਿਚ ਰਾਜਨੀਤਕ ਚੇਤਨਾ

ਅਧਿਆਇ ਚੌਥਾ 93-113

ਨਾਵਲ 'ਦਰਕਿਨਾਰ' ਅਤੇ 'ਮੈਂ ਇਕ ਪੰਧ ਹਾਂ' ਵਿਚ ਸਮਾਜ-ਸਭਿਆਚਾਰਕ ਚੇਤਨਾ

ਅਧਿਆਇ ਪੰਜਵਾਂ 114-128

ਨਾਵਲ 'ਦਰਕਿਨਾਰ' ਅਤੇ 'ਮੈਂ ਇਕ ਪੰਧ ਹਾਂ' ਵਿਚ ਰਾਜਨੀਤਕ ਚੇਤਨਾ

ਸਾਰਾਂਸ਼, ਸਥਾਪਨਾਵਾਂ ਅਤੇ ਸਿੱਟੇ 129-134

ਸਹਾਇਕ ਪੁਸਤਕ ਸੂਚੀ 135-136

# OM PARKASH GASSO DE NAVALAN VICH SAMAAJ-SABHYACHARAK ATE RAJNITAK CHETNA

**OM PARKASH GASSO DE NAVALAN VICH SAMAAJ-SABHYACHARAK ATE RAJNITAK CHETNA**

# ਅਧਿਆਇ ਪਹਿਲਾ

# ਸਿਧਾਂਤਕ ਪਿੱਠ ਭੂਮੀ

## ਭੂਮਿਕਾ

ਨਾਵਲ ਨੂੰ ਸਾਹਿਤ ਦਾ ਅਜਿਹਾ ਸੰਭਾਵਨਾਵਾਂ ਭਰਪੂਰ ਰੂਪ ਕਿਹਾ ਜਾਂਦਾ ਹੈ ਜਿਹੜਾ ਕਿ ਆਪਣੇ ਕਲਾਵੇ ਅੰਦਰ ਰੂਪ-ਵਿਧਾ ਪੱਖੋਂ ਲੰਮੇ ਕਾਲ ਵੰਡ ਦੀਆਂ ਵਸਤਾਂ ਅਤੇ ਘਟਨਾਵਾਂ ਨੂੰ ਸਮਾ ਲੈਂਦਾ ਹੈ। ਨਾਵਲ ਜ਼ਿੰਦਗੀ ਦੇ ਯਥਾਰਥ ਨੂੰ ਆਪਣੇ ਵਿਭਿੰਨ ਪੱਖਾਂ, ਪਰਤਾਂ ਅਤੇ ਪਸਾਰਾਂ ਨੂੰ ਵਿਸਤਰਿਤ ਰੂਪ ਵਿਚ ਪੇਸ਼ ਕਰ ਸਕਦਾ ਹੈ। ਨਾਵਲ ਨੂੰ ਮਨੁੱਖੀ ਜ਼ਿੰਦਗੀ ਦੀਆਂ ਸਮਰੱਥਾਵਾਂ, ਅਕਾਂਖਿਆਵਾਂ ਅਤੇ ਇਨ੍ਹਾਂ ਵਿਚਲੇ ਤਣਾਵਾਂ ਦੀ ਸੋਝੀ ਰੱਖਣ ਵਾਲਾ ਰੂਪ ਕਿਹਾ ਜਾਂਦਾ ਹੈ। ਯਥਾਰਥ ਨਾਵਲ ਦਾ ਮੁੱਖ ਸੁਭਾਅ ਹੁੰਦਾ ਹੈ। ਨਾਵਲ ਜਗਤ ਦੇ ਨਾਲ ਮਨੁੱਖੀ ਜ਼ਿੰਦਗੀ ਦਾ ਰਿਸ਼ਤਾ ਬਹੁਤ ਨੇੜੇ ਦਾ ਹੈ ਤੇ ਕਈ ਵਾਰ ਤਾਂ ਇਸ ਵਿਚੋਂ ਜੀਵਨ ਨਾਲ ਸੰਬੰਧਿਤ ਘਟਨਾਵਾਂ ਦਾ ਹੂ-ਬ-ਹੂ ਚਿਤਰਨ ਵੀ ਮਿਲ ਜਾਂਦਾ ਹੈ। ਓਮ ਪ੍ਰਕਾਸ਼ ਗਾਸੋ, ਪੰਜਾਬੀ ਦੇ ਅਜਿਹੇ ਨਾਮਵਰ ਨਾਵਲਕਾਰ ਹਨ ਜਿਨ੍ਹਾਂ ਨੇ ਆਪਣੇ ਸਮੇਂ ਦੀਆਂ ਸਭਿਆਚਾਰਕ, ਰਾਜਨੀਤਕ ਅਤੇ ਆਰਥਿਕ ਘਟਨਾਵਾਂ ਨੂੰ ਅਤੇ ਉਨ੍ਹਾਂ ਨਾਲ ਸੰਬੰਧਿਤ ਵਿਅਕਤੀਆਂ ਦੇ ਜੀਵਨ ਨੂੰ ਆਪਣੀਆਂ ਰਚਨਾਵਾਂ ਦਾ ਵਧੇਰੇ ਬਣਾਉਣ ਦੇ ਨਾਲ ਸਾਰਥਿਕ ਤੇ ਸਮਰਪਣ ਵਾਲੀ ਭੂਮਿਕਾ ਨਿਭਾਈ ਹੈ। ਓਮ ਪ੍ਰਕਾਸ਼ ਗਾਸੋ ਇੱਕ ਚੇਤਨਸ਼ੀਲ ਅਤੇ ਵਿਲੱਖਣ ਸਾਹਿਤਕਾਰ ਹਨ। ਉਨ੍ਹਾਂ ਵਿਚ ਆਪਣੇ ਪਾਠਕਾਂ ਅੰਦਰ ਅਜਿਹੀ ਚੇਤਨਾ ਪੈਦਾ ਕਰ ਸਕਣ ਦੀ ਸਮਰੱਥਾ ਹੈ ਜਿਹੜੀ ਅੱਜ ਦੀ ਨੌਜਵਾਨ ਪੀੜ੍ਹੀ ਅੰਦਰ ਅਜਿਹੀ ਚੇਤਨਾ ਨੂੰ ਜਗਾਉਣਾ ਜ਼ਰੂਰੀ ਹੈ। ਇਹੀ ਕਾਰਨ ਹੈ ਕਿ ਮੈਂ ਓਮ ਪ੍ਰਕਾਸ਼ ਗਾਸੋ ਦੇ ਨਾਵਲਾਂ ਦਾ ਅਧਿਐਨ ਕਰਨ ਦਾ ਮਨ ਬਣਾਇਆ ਹੈ ਅਤੇ ਉਨ੍ਹਾਂ ਦੇ ਨਾਵਲਾਂ ਵਿਚ ਸਮਾਜ-ਸਭਿਆਚਾਰਕ ਅਤੇ ਰਾਜਨੀਤਕ ਚੇਤਨਾ ਦੇ ਵਿਸ਼ੇ ਨੂੰ ਆਪਣੇ ਖੋਜ ਪ੍ਰਬੰਧ ਲਈ ਚੁਣਿਆ ਹੈ।

ਚੇਤਨਾ ਇੱਕ ਅਜਿਹੀ ਮਾਨਸਿਕ ਪ੍ਰਕਿਰਿਆ ਹੈ ਜਿਸ ਵਿਚ ਅਲੱਗ-ਅਲੱਗ ਪ੍ਰਸਥਿਤੀਆਂ ਵਿਚ ਵਾਪਰਨ ਵਾਲੇ ਵਰਤਾਰਿਆਂ ਨੂੰ ਸਮਝਿਆ ਅਤੇ ਪਰਖਿਆ ਜਾਂਦਾ ਹੈ। ਮਨੁੱਖੀ ਦਿਮਾਗ਼ ਆਪਣੇ ਆਲੇ-ਦੁਆਲੇ ਵਾਪਰੀ ਘਟਨਾ ਨੂੰ ਕਿਸ ਨਜ਼ਰੀਏ ਤੋਂ ਦੇਖਦਾ ਹੈ ਜਾਂ ਫਿਰ ਉਸ ਅੰਦਰ ਆਪਣੀ ਹੋਂਦ ਨੂੰ ਲੈ ਕੇ ਪੈਦਾ ਹੋਏ ਪ੍ਰਸ਼ਨ ਅਤੇ ਸਮੁੱਚੇ ਵਰਤਾਰੇ ਨੂੰ ਸਮਝਣ ਦੀ ਕੋਸ਼ਿਸ਼ ਕਰਦਾ ਹੈ ਉਸ ਨੂੰ ਹੀ ਚੇਤਨਾ ਦਾ ਨਾਮ ਦਿੱਤਾ ਜਾਂਦਾ ਹੈ। ਮਨੁੱਖੀ ਚੇਤਨਾ ਦਾ ਸੰਬੰਧ ਕੇਵਲ ਵਰਤਾਰਿਆਂ ਨੂੰ ਸਮਝਣਾ ਹੀ ਨਹੀਂ ਸਗੋਂ ਇਨ੍ਹਾਂ ਨੂੰ ਪੁਨਰ ਸਿਰਜਣ ਵੀ ਕਰਦੀ ਹੈ। ਜਦੋਂ ਇਹ ਪ੍ਰਕਾਰਜ ਸਮੂਹਿਕ ਪੱਧਰ ਉੱਤੇ ਹੁੰਦਾ ਹੈ ਤਾਂ ਉਹ ਸਮਾਜ-ਸਭਿਆਚਾਰਕ ਚੇਤਨਾ ਦਾ ਧਾਰਨੀ ਬਣਦਾ ਹੈ।

ਮਨੁੱਖ ਨੂੰ ਇੱਕ ਸਮਾਜਿਕ ਪ੍ਰਾਣੀ ਕਿਹਾ ਜਾਂਦਾ ਹੈ ਤੇ ਸਮਾਜ ਵਿਚ ਰਹਿੰਦਾ ਹੋਇਆ ਉਹ ਇੱਕ ਵਿਸ਼ੇਸ਼ ਸਭਿਆਚਾਰ ਅਧੀਨ ਆਪਣਾ ਜੀਵਨ ਬਤੀਤ ਕਰਦਾ ਹੈ ਅਤੇ ਜਿਸ ਸਮਾਜਿਕ ਵਰਤਾਰੇ ਵਿਚ ਉਹ ਰਹਿੰਦਾ ਹੈ ਉਸ

ਵਿਚ ਹਿੱਸਾ ਪਾਉਣਾ ਉਸ ਦੀ ਪਹਿਲੀ ਸ਼ਰਤ ਹੈ। ਸਮਾਜ-ਸਭਿਆਚਾਰਕ ਚੇਤਨਾ ਵੱਖ-ਵੱਖ ਤਰ੍ਹਾਂ ਦੀਆਂ ਸੰਸਥਾਵਾਂ ਨਾਲ ਜੁੜ ਕੇ ਆਪਣਾ ਕਾਰਜ ਕਰਦੀ ਹੈ।

ਜਦੋਂ ਮਨੁੱਖ ਆਪਣੀ ਹੋਂਦ ਦੇ ਨਾਲ ਸੰਬੰਧਿਤ ਸਮਾਜਿਕ ਵਰਤਾਰਿਆਂ ਵਿਚ ਸਮਾ ਚੁੱਕੀ ਸੱਤਾ ਦੇ ਸੰਕਲਪ ਨੂੰ ਸਮਝਣ ਦੀ ਕੋਸ਼ਿਸ਼ ਕਰਦਾ ਹੈ ਤਾਂ ਉਸ ਨੂੰ ਰਾਜਨੀਤਕ ਚੇਤਨਾ ਦੇ ਨਾਂ ਨਾਲ ਪੁਕਾਰਿਆ ਜਾਂਦਾ ਹੈ। ਸਮਾਜ ਦੇ ਵਿਚ ਸਥਾਪਤ ਹਰ ਪ੍ਰਕਾਰ ਦੇ ਸੰਕਲਪ ਜੋ ਕਿ ਮਨੁੱਖੀ ਅਧਿਕਾਰਾਂ ਅਤੇ ਕਰਤੱਵਾਂ ਦੇ ਨਾਲ ਸੰਬੰਧਿਤ ਹਨ ਤੇ ਜੋ ਉਸ ਨੂੰ ਆਜ਼ਾਦੀ ਦੇ ਸਿਧਾਂਤ ਨਾਲ ਸੰਬੰਧਿਤ ਹੋਣ ਤੇ ਚੇਤੰਨ ਜਾਂ ਜਾਗਰੂਕ ਕਰਨ ਉਸ ਨੂੰ ਹੀ ਰਾਜਨੀਤਕ ਚੇਤਨਾ ਕਿਹਾ ਜਾਂਦਾ ਹੈ। ਰਾਜਨੀਤਕ ਚੇਤਨਾ ਤੋਂ ਭਾਵ ਅਜਿਹੀ ਚੇਤਨਾ ਤੋਂ ਵੀ ਹੈ ਜੋ ਕਿ ਮਨੁੱਖ ਨੂੰ ਦੂਜੇ ਮਨੁੱਖ ਨਾਲ ਤੇ ਸਮਾਜ ਨਾਲ ਅਤੇ ਇਸ ਕੜੀ ਦੇ ਜ਼ਰੀਏ ਪੂਰੇ ਵਿਸ਼ਵ ਅਤੇ ਸੱਤਾ ਨਾਲ ਰਿਸ਼ਤਾ ਨਿਰਧਾਰਿਤ ਕਰਦੀ ਹੈ।

ਓਮ ਪ੍ਰਕਾਸ਼ ਗਾਸੋ ਦੇ ਲਗਭਗ 21 ਦੇ ਕਰੀਬ ਨਾਵਲ ਛਪ ਚੁੱਕੇ ਹਨ। ਉਨ੍ਹਾਂ ਦੀ ਨਾਵਲ ਰਚਨਾ ਦੇ ਘੇਰੇ ਵਿਚ ਜ਼ਿੰਦਗੀ ਦਾ ਹਰ ਪੱਖ ਸਮਾਜਿਕ, ਸਭਿਆਚਾਰਕ, ਰਾਜਨੀਤਕ, ਆਰਥਿਕ ਅਤੇ ਧਾਰਮਿਕ ਆਦਿ ਆ ਜਾਂਦਾ ਹੈ। ਮੈਂ ਆਪਣੇ ਖੋਜ ਕਾਰਜ ਦੇ ਲਈ ਉਨ੍ਹਾਂ ਦੇ ਚਾਰ ਨਾਵਲ 'ਆਖ਼ਰੀ ਮੁਕਾਮ', 'ਮੈਂ ਇੱਕ ਪੰਧ ਹਾਂ', 'ਤੂੰ ਕੌਣ ਸੀ' ਅਤੇ 'ਦਰਕਿਨਾਰ' ਨੂੰ ਆਧਾਰ ਬਣਾ ਕੇ ਉਨ੍ਹਾਂ ਵਿਚ ਸਮਾਜ-ਸਭਿਆਚਾਰਕ ਅਤੇ ਰਾਜਨੀਤਕ ਚੇਤਨਾ ਨੂੰ ਤਲਾਸ਼ ਕੇ ਤੁਹਾਡੇ ਸਾਹਮਣੇ ਪੇਸ਼ ਕੀਤਾ ਹੈ।

ਖੋਜ-ਕਾਰਜ ਨੂੰ ਪੂਰੇ ਵਿਧੀਵਤ ਢੰਗ ਦੇ ਨਾਲ ਨੇਪੜੇ ਚਾੜ੍ਹਨ ਲਈ ਇਸ ਨੂੰ ਚਾਰ ਅਧਿਆਵਾਂ ਵਿਚ ਵੰਡਿਆ ਗਿਆ ਹੈ। ਪਹਿਲੇ ਅਧਿਆਇ ਸਿਧਾਂਤਕ ਪਿੱਠ ਭੂਮੀ ਵਿਚ ਨਾਵਲ ਵਿਧਾ ਦੇ ਨਾਲ ਜਾਣ-ਪਹਿਚਾਣ ਕਰਾਉਂਦੇ ਹੋਏ ਵਿਸ਼ੇ ਦੀ ਸਾਰਥਿਕਤਾ ਤੇ ਸਾਹਿਤਕਾਰ ਦੇ ਨਾਵਲਾਂ ਤੇ ਪਹਿਲਾ ਤੋਂ ਹੋਏ ਖੋਜ ਕਾਰਜ ਦਾ ਜ਼ਿਕਰ ਕਰਦੇ ਹੋਏ ਖੋਜ ਕਾਰਜ ਦੇ ਉਦੇਸ਼ ਅਤੇ ਖੋਜ ਵਿਧੀ ਦੀ ਵੀ ਜਾਣਕਾਰੀ ਦਿੱਤੀ ਗਈ ਹੈ। ਇਸ ਦੇ ਨਾਲ-ਨਾਲ ਹੀ ਓਮ ਪ੍ਰਕਾਸ਼ ਗਾਸੋ ਦੀ ਜੀਵਨ, ਰਚਨਾ ਅਤੇ ਸਾਹਿਤਕ ਪਿਛੋਕੜ ਦੀ ਗੱਲ ਕਰਦੇ ਹੋਏ ਚੇਤਨਾ ਦੇ ਸਮਾਜ-ਸਭਿਆਚਾਰਕ ਅਤੇ ਰਾਜਨੀਤਕ ਸਰੂਪ ਦੇ ਨਾਲ ਪਹਿਚਾਣ ਕਰਾਈ ਗਈ ਹੈ।

ਦੂਜੇ ਅਧਿਆਇ ਵਿਚ ਨਾਵਲ 'ਆਖ਼ਰੀ ਮੁਕਾਮ' ਅਤੇ 'ਤੂੰ ਕੌਣ ਸੀ?' ਵਿਚਲੀ ਸਮਾਜ-ਸਭਿਆਚਾਰਕ ਚੇਤਨਾ ਨੂੰ ਪੇਸ਼ ਕੀਤਾ ਗਿਆ ਹੈ ਅਤੇ ਤੀਜੇ ਅਧਿਆਇ ਵਿਚ ਇਨ੍ਹਾਂ ਦੋਹਾਂ ਨਾਵਲਾਂ ਵਿਚਲੀ ਰਾਜਨੀਤਕ ਚੇਤਨਾ ਦੀ ਪੇਸ਼ਕਾਰੀ ਕੀਤੀ ਗਈ ਹੈ।

ਚੌਥੇ ਅਧਿਆਇ ਵਿਚ ਓਮ ਪ੍ਰਕਾਸ਼ ਗਾਸੋ ਦੇ ਨਾਵਲ 'ਦਰਕਿਨਾਰ' ਅਤੇ 'ਮੈਂ ਇੱਕ ਪੰਧ ਹਾਂ' ਵਿਚ ਪਾਈ ਜਾਂਦੀ ਸਮਾਜ-ਸਭਿਆਚਾਰਕ ਚੇਤਨਾ ਦੇ ਪੱਖ ਤੇ ਗੱਲ ਕੀਤੀ ਗਈ ਹੈ। ਪੰਜਵੇਂ ਅਧਿਆਇ ਵਿਚ ਇਨ੍ਹਾਂ ਦੋਹਾਂ ਨਾਵਲਾਂ ਵਿਚ ਪੈਦਾ ਹੁੰਦੀ ਰਾਜਨੀਤਕ ਚੇਤਨਾ ਦਾ ਜ਼ਿਕਰ ਕੀਤਾ ਗਿਆ ਹੈ। ਇਸ ਤੋਂ ਬਾਅਦ ਸਾਰਾਂਸ਼, ਸਥਾਪਨਾਵਾਂ ਅਤੇ ਸਿੱਟੇ ਹਨ ਤੇ ਪੁਸਤਕ ਸੂਚੀ ਦੱਸੀ ਗਈ ਹੈ ਜਿਸ ਦੀ ਮਦਦ ਦੇ ਨਾਲ ਮੈਂ ਆਪਣਾ ਇਹ ਖੋਜ-ਕਾਰਜ ਨੇਪੜੇ ਚਾੜ੍ਹਿਆ ਹੈ।

# OM PARKASH GASSO DE NAVALAN VICH SAMAAJ-SABHYACHARAK ATE RAJNITAK CHETNA

**OM PARKASH GASSO DE NAVALAN VICH SAMAAJ-SABHYACHARAK ATE RAJNITAK CHETNA**

## ਸਿਧਾਂਤਕ ਪਿੱਠ-ਭੂਮੀ

### 1.1 ਜਾਣ-ਪਛਾਣ:-

ਸਾਹਿਤ ਨੂੰ ਸਮਾਜ ਦਾ ਦਰਪਣ ਕਿਹਾ ਜਾਂਦਾ ਹੈ। ਸਾਹਿਤ ਦੁਆਰਾ ਹੀ ਕੋਈ ਸਾਹਿਤਕਾਰ ਸਮਾਜ ਵਿਚਲੇ ਸਮਾਜਿਕ, ਧਾਰਮਿਕ, ਆਰਥਿਕ ਅਤੇ ਰਾਜਨੀਤਕ ਵਿਸ਼ਿਆਂ ਦੀ ਪੇਸ਼ਕਾਰੀ ਕਰਦਾ ਹੈ। ਇਨ੍ਹਾਂ ਵਿਸ਼ਿਆਂ ਦੀ ਪੇਸ਼ਕਾਰੀ ਕਰਦਾ ਹੋਇਆ ਉਹ ਇੱਕ ਨਰੋਏ ਸਮਾਜ ਦੀ ਸਿਰਜਣਾ ਕਰਨ ਦੀ ਗੱਲ ਕਰਦਾ ਹੈ। ਸਾਹਿਤ ਮਨੁੱਖ ਨੂੰ ਆਨੰਦ ਅਤੇ ਸੁਹਜ ਪ੍ਰਦਾਨ ਕਰਦਾ ਹੈ। ਸਾਹਿਤ ਦੀ ਸੁੰਦਰਤਾ ਇਸ ਵਿਚਲੇ ਵਿਚਾਰਾਂ ਅਤੇ ਭਾਵਾਂ ਵਿਚ ਸਮਾਈ ਹੁੰਦੀ ਹੈ ਜੋ ਕਿ ਸਾਹਿਤ ਪੜ੍ਹਨ ਵਾਲੇ ਸਰੋਤਿਆਂ ਨੂੰ ਆਪਣੇ ਪ੍ਰਤੀ ਕੀਲਦੀ ਹੈ।ਜੇਕਰ ਸਹਿਤ ਨੂੰ ਸਾਧਾਰਨ ਸ਼ਬਦਾਂ ਵਿਚ ਬਿਆਨ ਕਰਨਾ ਹੋਵੇ ਤਾਂ

- "ਸਾਹਿਤ ਅੱਖਰ ਹੁੰਦਾ ਹੈ।
- ਸਾਹਿਤ ਅਰਥ ਹੁੰਦਾ ਹੈ।
- ਸਾਹਿਤ ਵਿਵੇਕ ਹੁੰਦਾ ਹੈ।
- ਸਾਹਿਤ ਵਿਸ਼ਲੇਸ਼ਣ ਹੁੰਦਾ ਹੈ।
- ਸਾਹਿਤ ਸਰੋਕਾਰ ਵੀ ਹੁੰਦਾ ਹੈ।
- ਸਾਹਿਤ ਨੂੰ ਜ਼ਿੰਦਗੀ ਦਾ ਅਧਿਆਤਮ ਵੀ ਆਖਿਆ ਜਾ ਸਕਦਾ ਹੈ।"[1]

ਸਾਹਿਤ ਨੂੰ ਸਮਾਜ ਦੀ ਉਪਜ ਕਿਹਾ ਜਾਂਦਾ ਹੈ ਕਿਉਂਕਿ ਸਾਹਿਤਕਾਰ ਸਮਾਜ ਵਿਚ ਵਿਚਰਦਾ ਹੋਇਆ ਹੈ ਆਪਣੀ ਸਾਹਿਤਕ ਕਿਰਤ ਦੀ ਰਚਨਾ ਕਰਦਾ ਹੈ। ਉਸ ਦੀ ਵਿਚਾਰਧਾਰਾ ਉਸ ਦੇ ਅਨੁਭਵਾਂ ਅਤੇ ਸਮਾਜ ਵਿਚਲੇ ਹਲਾਤਾਂ ਦਾ ਸੁਮੇਲ ਹੁੰਦੀ ਹੈ। ਸਾਹਿਤਕਾਰ ਜ਼ਿੰਦਗੀ ਦੇ ਬਹੁਤ ਨੇੜੇ ਹੋ ਕੇ ਵਿਚਰਦਾ ਹੈ। ਉਸ ਅੰਦਰ ਇੱਕ ਖ਼ਾਸ ਕਿਸਮ ਦੀ ਚੇਤਨਾ ਹੁੰਦੀ ਹੈ ਜਿਸ ਕਰ ਕੇ ਉਹ ਬਹੁਤ ਡੂੰਘਾਈ ਤੱਕ ਜਾ ਕੇ ਸੋਚਦਾ ਹੈ ਤੇ ਇਸ ਨੂੰ ਇੱਕ ਖ਼ਾਸ ਕਿਸਮ ਦੀ ਸ਼ੈਲੀ ਦੇ ਵਿਚ ਪਾਠਕਾਂ ਦੇ ਸਾਹਮਣੇ ਬਿਆਨ ਕਰਦਾ ਹੈ।

- "ਸਾਹਿਤਕਾਰ ਚੇਤਨ ਹੁੰਦਾ ਹੈ।
- ਸਾਹਿਤਕਾਰ ਸੰਵੇਦਨਸ਼ੀਲ ਹੁੰਦਾ ਹੈ।
- ਸਾਹਿਤਕਾਰ ਸਦਭਾਵਨਾਤਮਿਕ ਹੁੰਦਾ ਹੈ।
- ਸਾਹਿਤਕਾਰ ਉਪਦੇਸ਼ਕ ਹੁੰਦਾ ਹੈ।
- ਸਾਹਿਤਕਾਰ ਜਜ਼ਬਾਤੀ ਹੁੰਦਾ ਹੈ।
- ਸਾਹਿਤਕਾਰ ਜ਼ਿੰਦਗੀ ਦਾ ਜਿਗਰੀ ਦੋਸਤ ਹੁੰਦਾ ਹੈ।"[2]

**OM PARKASH GASSO DE NAVALAN VICH SAMAAJ-SABHYACHARAK ATE RAJNITAK CHETNA**

ਵਿਦਵਾਨਾਂ ਨੇ ਸਾਹਿਤ ਨੂੰ ਸਮਾਜ ਦਾ ਦਰਪਣ ਕਿਹਾ ਹੈ ਪਰੰਤੂ ਸਾਹਿਤ ਸਮਾਜ ਦਾ ਦਰਪਣ ਹੋਣ ਦੇ ਨਾਲ-ਨਾਲ ਸਮਾਜ ਨੂੰ ਬਦਲਣ ਅਤੇ ਪ੍ਰਭਾਵਿਤ ਕਰਨ ਦੀ ਵੀ ਸਮਰੱਥਾ ਰੱਖਦਾ ਹੈ ਕਿਉਂਕਿ ਸਾਹਿਤ ਦਾ ਸਿੱਧਾ ਸੰਬੰਧ ਮਨੁੱਖ ਦੀ ਮਾਨਸਿਕਤਾ ਦੇ ਨਾਲ ਜਾ ਜੁੜਦਾ ਹੈ। ਕਿਸੇ ਵਿਅਕਤੀ ਵਿਚ ਬਦਲਾਓ ਲਿਆਉਣ ਦੇ ਲਈ ਪਹਿਲਾ ਉਸ ਦੇ ਮਨ ਜਾਂ ਵਿਚਾਰਾਂ ਨੂੰ ਬਦਲਣਾ ਜ਼ਿਆਦਾ ਜ਼ਰੂਰੀ ਹੈ ਕਿਉਂਕਿ ਵਿਅਕਤੀ ਦੇ ਵਿਚਾਰਾਂ ਦੇ ਸਮੂਹ ਨੂੰ ਹੀ ਉਸ ਦੇ ਜੀਵਨ ਦਾ ਫ਼ਲਸਫ਼ਾ ਆਖਿਆ ਜਾਂਦਾ ਹੈ। ਮਨੁੱਖ ਦਾ ਸਾਹਿਤ ਦੇ ਨਾਲ ਇਹ ਰਿਸ਼ਤਾ ਮੁੱਢ-ਕਦੀਮ ਤੋਂ ਇੰਝ ਹੀ ਚਲਦਾ ਆ ਰਿਹਾ ਹੈ। ਮਨੁੱਖ ਦੁਆਰਾ ਅਪਣਾਈਆਂ ਭਾਵਨਾਵਾਂ ਦੀ ਤ੍ਰਿਪਤੀ ਦੇ ਲਈ ਹੀ ਲਲਿਤ ਕਲਾਵਾਂ/ਸਾਹਿਤ ਦਾ ਸਹਾਰਾ ਲਿਆ ਗਿਆ। ਸਾਹਿਤ ਦੀ ਵੰਡ ਦੋ ਭਾਗਾਂ ਵਿਚ ਕੀਤੀ ਜਾਂਦੀ ਰਹੀ ਹੈ:-

1. ਜ਼ੁਬਾਨੀ ਸਾਹਿਤ ਜਾਂ ਲੋਕ ਸਾਹਿਤ
2. ਲਿਖਤੀ ਸਾਹਿਤ

ਸਾਹਿਤ ਦੀਆਂ ਸਾਰੀਆਂ ਵਿਕਸਿਤ ਸਭਿਅਤਾਵਾਂ ਵਿਚ ਸਭ ਤੋਂ ਪਹਿਲਾ ਹੋਂਦ ਜ਼ੁਬਾਨੀ ਸਾਹਿਤ ਦੀ ਹੀ ਹੈ ਤੇ ਕਾਫ਼ੀ ਦੇਰ ਬਾਅਦ ਹੀ ਲਿਖਤੀ ਕਿਰਤਾਂ ਹੋਂਦ ਵਿਚ ਆਉਣੀਆਂ ਸ਼ੁਰੂ ਹੋਈਆ। ਅਸੀਂ ਦੇਖਦੇ ਹਾਂ ਕਿ ਲੋਕ ਸਾਹਿਤ ਦੀਆਂ ਵਿਭਿੰਨ ਵੰਨਗੀਆਂ ਕਾਫ਼ੀ ਲੰਬੇ ਸਮੇਂ ਤੱਕ ਪੀੜ੍ਹੀ ਦਰ ਪੀੜ੍ਹੀ ਜ਼ੁਬਾਨੀ ਸਾਹਿਤ ਰੂਪ ਵਿਚ ਹੀ ਪ੍ਰਸਾਰਿਤ ਹੁੰਦੀਆਂ ਰਹੀਆਂ ਹਨ ਤੇ ਇਨ੍ਹਾਂ ਦੇ ਅਸਲੀ ਲੇਖਕ ਬਾਰੇ ਕੋਈ ਠੋਸ ਕਿਸਮ ਦੀ ਜਾਣਕਾਰੀ ਨਹੀਂ ਮਿਲਦੀ।

ਸਾਹਿਤ ਨੂੰ ਲਲਿਤ ਕਲਾ ਦਾ ਉੱਤਮ ਨਮੂਨਾ ਸਵੀਕਾਰ ਕੀਤਾ ਗਿਆ ਹੈ। ਸਾਹਿਤ ਅੰਗਰੇਜ਼ੀ ਭਾਸ਼ਾ ਦੇ ਸ਼ਬਦ 'Literature' ਦਾ ਪੰਜਾਬੀ ਅਨੁਵਾਦ ਹੈ। ਸਾਹਿਤਕ ਰਚਨਾ ਬਹੁਅਰਥੀ, ਬਹੁਪਰਤੀ ਅਤੇ ਬਹੁ-ਦਿਸ਼ਾਵੀ ਹੋਣ ਦੀ ਵਜ੍ਹਾ ਕਰ ਕੇ ਹੀ ਮਨੁੱਖੀ ਜੀਵਨ ਦਾ ਅਨੋਖਾ ਅਮਲ ਬਣੀ ਹੋਈ ਹੈ ਜੋ ਕਿ ਸਮਾਜਿਕ ਜੀਵਨ ਦੇ ਰੂਪਾਂਤਰਨ ਵਿਚੋਂ ਹੀ ਉਪਜਦਾ ਹੈ ਅਤੇ ਯਥਾਰਥ ਰੂਪੀ ਜ਼ਿੰਦਗੀ ਦੀ ਪੇਸ਼ਕਾਰੀ ਕਰਦਾ ਹੈ। ਹਰ ਇੱਕ ਕਲਾ ਦਾ ਆਪਣਾ ਵੱਖਰਾ ਮਾਧਿਅਮ ਪਾਇਆ ਜਾਂਦਾ ਹੈ। ਉਸੇ ਪ੍ਰਕਾਰ ਸਾਹਿਤ ਦਾ ਵੀ ਆਪਣਾ ਇੱਕ ਵੱਖਰਾ ਮਾਧਿਅਮ ਹੈ-ਸ਼ਬਦ। ਇਸ ਲਈ ਸ਼ਬਦਾਂ ਦੀ ਕੀਤੀ ਤਰਤੀਬਵਾਰ ਕੀਤੀ ਪੇਸ਼ਕਾਰੀ ਨੂੰ ਹੀ ਸਾਹਿਤਕ ਕਿਰਤ ਕਿਹਾ ਜਾਂਦਾ ਹੈ। ਰਚਨਾ ਸ਼ਬਦ ਦਾ ਇਸਤੇਮਾਲ ਉਨ੍ਹਾਂ ਅਰਥਾਂ ਵਿਚ ਹੁੰਦਾ ਹੈ ਜਦੋਂ ਕੋਈ ਸਾਰਥਿਕ, ਵਿਲੱਖਣ ਅਤੇ ਸੁਹਜ-ਸੁਆਦ ਦੇਣ ਵਾਲੀ ਚੀਜ਼ ਜਨਮ ਲੈ ਕੇ ਯਥਾਰਥਕਤਾ ਦੀ ਪੇਸ਼ਕਾਰੀ ਕਰਦੀ ਹੈ। ਇਸ ਪ੍ਰਕਾਰ ਦੀ ਪੇਸ਼ਕਾਰੀ ਸਮਾਜ ਵਿਚ ਰਹਿੰਦੇ ਮਨੁੱਖਾਂ ਉੱਪਰ ਹੀ ਕੇਂਦਰਿਤ ਹੁੰਦੀ ਹੈ। ਡਾ. ਜੀਤ ਸਿੰਘ ਜੋਸ਼ੀ ਲਿਖਦੇ ਹਨ ਕਿ

> "ਰਚਨਾਕਾਰ ਵੱਲੋਂ ਸਿਰਜੇ ਮਨੁੱਖ ਭਾਵੇਂ ਵਸਤੂ ਸੰਸਾਰ ਦੇ ਮਨੁੱਖਾਂ ਵਰਗੇ ਜਿਉਂਦੇ ਜਾਗਦੇ ਮਨੁੱਖ ਹੁੰਦੇ ਹਨ, ਪਰ ਉਨ੍ਹਾਂ ਨੂੰ ਮਨੁੱਖ ਨਹੀਂ ਕਿਹਾ ਜਾਂਦਾ ਸਗੋਂ ਪਾਤਰ ਕਿਹਾ ਜਾਂਦਾ ਹੈ, ਕਿਉਂਕਿ ਮਨੁੱਖੀ ਜ਼ਿੰਦਗੀ ਦਾ ਰੋਲ ਨਿਭਾਉਂਦੇ ਹਨ। ਸਾਹਿਤ ਕਲਾ ਦਾ ਰਹੱਸ ਭਾਂਤੀ ਹੁੰਦਾ ਹੈ, ਜਿਸ ਉੱਤੇ ਯਥਾਰਥ ਦਾ ਮੁਲੰਮਾ ਚੜ੍ਹਿਆ ਹੁੰਦਾ ਹੈ।"[3]

**OM PARKASH GASSO DE NAVALAN VICH SAMAAJ-SABHYACHARAK ATE RAJNITAK CHETNA**

ਸਾਹਿਤ ਵਿਚਲੇ ਸਾਹਿਤਕ ਮੁੱਲਾਂ ਦੀ ਪਹਿਚਾਣ ਲਈ ਆਲੋਚਕਾਂ ਦੁਆਰਾ ਸਾਹਿਤ ਅਧਿਐਨ ਲਈ ਆਲੋਚਨਾ, ਸਮਾਲੋਚਨਾ, ਸਮੀਖਿਆ, ਵਿਵੇਚਨਾ, ਵਿਸ਼ਲੇਸ਼ਣ, ਮੁਲਾਂਕਣ ਅਤੇ ਪਰਖ-ਪੜਚੋਲ ਆਦਿ ਸਮਾਨਾਰਥੀ ਸ਼ਬਦਾਂ ਦੇ ਰੂਪ ਵਿਚ ਅੰਗਰੇਜ਼ੀ ਸ਼ਬਦ 'Criticism' ਵਰਤਿਆ ਜਾਂਦਾ ਹੈ। ਸਾਹਿਤਕ ਦੁਆਰਾ ਪੂਰਨ ਆਨੰਦ ਦੀ ਅਵਸਥਾ ਤੱਕ ਪਹੁੰਚਣ ਅਤੇ ਸਾਹਿਤਕ ਮੁੱਲਾਂ ਦੀ ਪਹਿਚਾਣ ਨੂੰ ਹੀ ਸਾਹਿਤ ਦਾ ਅਧਿਐਨ ਆਖਿਆ ਜਾਂਦਾ ਹੈ। ਕਿਉਂਕਿ ਇਸ ਤੋਂ ਬਿਨਾ ਸਾਹਿਤਕ ਮੁੱਲਾਂ ਦੀ ਨਿਰਖ਼-ਪੁਰਖ ਦਾ ਕਾਰਜ ਸੰਭਵ ਹੀ ਨਹੀਂ ਹੋ ਸਕਦਾ। ਵਿਦਵਾਨਾਂ ਦੇ ਦੁਆਰਾ ਸਾਹਿਤ ਦਾ ਰੂਪਾਂ ਵਿਚ ਵੰਡ ਕੇ ਅਧਿਐਨ ਕੀਤਾ ਗਿਆ ਹੈ:-

ਪਦ ਜਾਂ ਕਵਿਤਾ (Poetry)

ਗੱਦ ਜਾਂ ਵਾਰਤਕ(Prose)

ਸਾਹਿਤਕ ਇਤਿਹਾਸ ਦੇ ਵਿਚ ਸਭ ਤੋਂ ਪਹਿਲਾ ਜ਼ਿਕਰ ਕਵਿਤਾ ਦਾ ਆਉਂਦਾ ਹੈ। ਪ੍ਰੋ. ਪਿਆਰਾ ਸਿੰਘ ਲਿਖਦੇ ਹਨ ਕਿ

> "ਅੱਜ ਤੱਕ ਇਹ ਇੱਕ ਸਰਵ-ਪ੍ਰਮਾਣਿਤ ਮੱਤ ਹੈ ਕਿ ਦੁਨੀਆ ਦੀ ਹਰ ਭਾਸ਼ਾ ਵਿਚ ਪਹਿਲਾ ਕਵਿਤਾ ਦਾ ਜਨਮ ਹੋਇਆ ਅਤੇ ਢੇਰ ਚਿਰ ਬਾਅਦ ਜਾ ਕੇ ਕਿਤੇ ਵਾਰਤਕ ਉਪਜੀ। ਇਸ ਪਹਿਲ-ਕਦਮੀ ਦਾ ਕਾਰਨ ਬੜਾ ਹੀ ਸਪਸ਼ਟ ਹੈ ਅਤੇ ਉਹ ਇਹ ਹੈ ਕਿ 'ਕਵਿਤਾ ਦਿਲ ਦੀ ਬੋਲੀ ਹੈ' ਅਤੇ ਵਾਰਤਕ 'ਦਿਮਾਗ਼ ਦੀ ਭਾਸ਼ਾ' ਹੈ।"[4]

ਪ੍ਰੋ. ਪਿਆਰਾ ਸਿੰਘ ਦੇ ਦਿੱਤੇ ਤਰਕ ਤੋਂ ਜੋ ਗੱਲ ਉੱਭਰ ਕੇ ਸਾਹਮਣੇ ਆਉਂਦੀ ਹੈ ਕਿ ਸਾਹਿਤ ਦੇ ਖੇਤਰ ਵਿਚ ਦਿਲ ਅਤੇ ਦਿਮਾਗ਼ ਦੇ ਨਾਲ ਕਵਿਤਾ ਅਤੇ ਵਾਰਤਕ ਦੇ ਇਸ ਅੰਤਰ ਦਾ ਪਤਾ ਚਲਦਾ ਹੈ ਕਿ ਜਿੱਥੇ ਦਿਮਾਗ਼ ਬੌਧਿਕਤਾ ਅਤੇ ਦਿਲ ਕਲਪਨਾ ਦੇ ਵੱਲ ਇਸ਼ਾਰਾ ਕਰਦਾ ਹੈ। ਪਰ ਇੱਥੇ ਜੇਕਰ ਅਸੀਂ ਕਵਿਤਾ ਦੇ ਦਿਲੀ ਵਲਵਲਿਆਂ ਵਿਚ ਪਰੋਈ ਕਲਪਨਾ ਦੀ ਗੱਲ ਕਰੀਏ ਤਾਂ ਇਹ ਨਿਰੋਲ ਮਨੋਚਿਤਵੀ ਨਹੀਂ ਹੁੰਦੀ ਕਿ ਅਸਲੀਅਤ ਦੀ ਸੁਮੇਲਤਾ ਵਿਚ ਇਸ ਦੇ ਸਰੋਤ ਛੁਪੇ ਹੁੰਦੇ ਹਨ। ਕਵਿਤਾ ਦੇ ਅੰਤਰਗਤ ਰੁਬਾਈ, ਗ਼ਜ਼ਲ, ਗੀਤ ਅਤੇ ਨਜ਼ਮ ਆਦਿ ਅਤੇ ਵਾਰਤਕ ਵਿਚ ਜਨਮ-ਸਾਖੀ, ਜੀਵਨੀ, ਸਵੈ-ਜੀਵਨੀ, ਨਿਬੰਧ, ਰੇਖਾ-ਚਿੱਤਰ, ਨਾਟਕ, ਇਕਾਂਗੀ, ਹੁਕਮਨਾਮੇ, ਚਿੱਠੀਆਂ ਅਤੇ ਸੰਸਮਰਣ ਆਦਿ ਆ ਜਾਂਦੇ ਹਨ। ਵਾਰਤਕ ਦੇ ਖੇਤਰ ਵਿਚ ਗਲਪ ਨੂੰ ਵੀ ਸ਼ਾਮਿਲ ਕੀਤਾ ਜਾਂਦਾ ਹੈ। ਗਲਪ ਕਲਪਨਾ ਪ੍ਰਧਾਨ ਵਾਰਤਕ ਦਾ ਹੀ ਰੂਪ ਹੈ। ਗਲਪ ਕਿਸੇ ਕਥਾ ਅੰਸ਼ ਨੂੰ ਲੈ ਕੇ ਉਸਰਿਆ ਅਜਿਹਾ ਸਾਹਿਤ ਰੂਪ ਹੈ ਜੋ ਸਮਾਜਿਕ ਜੀਵਨ ਤੋਂ ਵੱਖ ਹੋ ਕੇ ਆਪਣੀ ਹੋ ਨੂੰ ਸਥਾਪਿਤ ਨਹੀਂ ਕਰ ਸਕਦਾ।

ਗਲਪ ਨੂੰ ਪਰਿਭਾਸ਼ਿਤ ਕਰਦੇ ਹੋਏ ਪ੍ਰੋ. ਪਿਆਰਾ ਸਿੰਘ ਲਿਖਦੇ ਹਨ ਕਿ,

> "ਗਲਪ ਮਨ ਦੇ ਭਾਵਾਂ ਨੂੰ ਬੌਧਿਕ ਦ੍ਰਿਸ਼ਟੀ ਤੋਂ ਕਲਪਨਾ ਦੇ ਰੰਗ ਦੁਆਰਾ ਆਲੇ-ਦੁਆਲੇ ਦੇ ਜੀਵਨ ਦੀ ਵਿਆਖਿਆ ਕਰਦਾ ਹੈ। ਇਹ ਵਿਆਖਿਆ ਗਲਪਕਾਰ ਦੇ ਨਿੱਜੀ ਭਾਵਾਂ ਦਾ ਵੀ ਅਤੇ

> ਸਮੂਹਿਕ ਸਮਾਜ ਦੇ ਪ੍ਰਾਣੀਆਂ ਦਾ ਵੀ ਸਾਧਾਰਨੀਕਰਨ ਰੂਪ ਪੇਸ਼ ਕਰਨ ਵਾਲਾ ਸਾਹਿਤ ਰੂਪ ਹੈ।"[5]

ਨਾਵਲ ਅਤੇ ਕਹਾਣੀ ਦੋਨੋਂ ਹੀ ਗਲਪ ਸਾਹਿਤ ਦੇ ਮਹੱਤਵਪੂਰਨ ਅੰਗ ਹਨ। ਗਲਪ ਅਸਲ ਵਿਚ ਪੂੰਜੀਵਾਦੀ ਯੁੱਗ ਦੇ ਅੰਦਰ ਮੱਧ ਸ਼੍ਰੇਣੀ ਵਿਚ ਜਿਉਂਦੇ ਮਨੁੱਖ ਦੀ ਅੰਦਰੂਨੀ ਚੇਤਨਾ ਦੀ ਗੱਲ ਕਰਦਾ ਹੈ। ਇੱਥੇ ਅਸੀਂ ਹੁਣ ਨਾਵਲ ਵਿਧਾ ਦੀ ਵਿਸਤਾਰਪੂਰਵਕ ਗੱਲ ਕਰਾਂਗੇ।

**ਨਾਵਲ**

ਪੰਜਾਬੀ ਗਲਪ ਸਾਹਿਤ ਦਾ ਨਾਵਲ ਇੱਕ ਮਹੱਤਵਪੂਰਨ ਰੂਪ ਹੈ। ਨਾਵਲ ਅੰਗਰੇਜ਼ੀ ਭਾਸ਼ਾ ਦੇ ਸ਼ਬਦ 'Novel' ਦਾ ਸਮਾਨਾਰਥੀ ਹੈ ਜੋ ਕਿ ਮੂਲ ਲਾਤੀਨੀ ਭਾਸ਼ਾ ਦਾ 'Novella' ਸ਼ਬਦ ਤੋਂ ਹੈ। 'Novel' ਸ਼ਬਦ ਨੂੰ ਨਵੇਂ ਦੇ ਅਰਥਾਂ ਵਿਚ ਵਰਤਿਆ ਗਿਆ ਹੈ। ਫਰਾਂਸੀਸੀ ਭਾਸ਼ਾ ਦੇ ਸ਼ਬਦ 'Novellus' ਦੀ ਵਰਤੋਂ ਵੀ ਉਪਰੋਕਤ ਅਰਥਾਂ ਵਿਚ ਕੀਤੀ ਜਾਂਦੀ ਹੈ। ਅੰਗਰੇਜ਼ੀ ਦੇ ਵਿਚ 'Novel' ਸ਼ਬਦ ਦੀ ਵਰਤੋਂ ਛੋਟੀ ਕਹਾਣੀ ਦੇ ਲਈ ਕੀਤੀ ਜਾਂਦੀ ਹੈ। ਹਿੰਦੀ ਦੇ ਵਿਚ ਉਪਨਿਆਸ ਸ਼ਬਦ ਦੀ ਵਰਤੋਂ ਵੀ ਇਸੇ ਸੰਦਰਭ ਵਿਚ ਕੀਤੀ ਜਾਂਦੀ ਹੈ। ਨਾਵਲ ਨੂੰ ਮੂਲ ਭਾਵਾਂ ਵਿਚ ਇਸ ਪ੍ਰਕਾਰ ਪ੍ਰਗਟਾਇਆ ਜਾ ਸਕਦਾ ਹੈ ਕਿ ਇਸ ਵਿਚ ਜ਼ਿੰਦਗੀ ਦੀ ਲੰਮੀ ਕਹਾਣੀ ਨੂੰ ਨਾਵਾਂ, ਥਾਵਾਂ ਅਤੇ ਘਟਨਾਵਾਂ ਦੀ ਸਹਾਇਤਾ ਨਾਲ ਯੋਗ ਭਾਸ਼ਾ ਰਾਹੀਂ ਸਮਕਾਲੀ ਸਮਾਜ ਦੇ ਸੰਦਰਭ ਵਿਚ ਨਵੀਨਤਾ ਦੀ ਦ੍ਰਿਸ਼ਟੀ ਦੇ ਨਾਲ ਬਿਆਨ ਕੀਤਾ ਗਿਆ ਹੈ। ਨਾਵਲ ਭਾਵੇਂ ਇੱਕ ਕਾਲਪਨਿਕ ਸਾਹਿਤ ਰੂਪ ਹੈ ਪਰੰਤੂ ਇਹ ਮਨੁੱਖੀ ਜੀਵਨ ਦੀਆਂ ਸਮੱਸਿਆਵਾਂ, ਗੁੰਝਲਾਂ ਅਤੇ ਹਕੀਕਤਾਂ ਨੂੰ ਯਥਾਰਥ ਦੀ ਪੱਧਰ ਤੇ ਪ੍ਰਗਟ ਕਰਨ ਵਿਚ ਬਾਕੀ ਸਾਹਿਤ ਰੂਪਾਂ ਨਾਲੋਂ ਵੱਧ ਕਾਰਗਰ ਹੈ। ਇਹੀ ਇਸ ਦਾ ਆਧੁਨਿਕ ਯੁੱਗ ਵਿਚਲੀ ਲੋਕਪ੍ਰਿਯਤਾ ਦਾ ਕਾਰਨ ਹੈ। ਨਾਵਲ ਇਨਸਾਨੀ ਜੀਵਨ ਦੀ ਵਾਸਤਵਿਕਤਾ ਦੀ ਪੇਸ਼ਕਾਰੀ ਵਿਸਤਰਿਤ ਰੂਪ ਵਿਚ ਕਰਦਾ ਹੈ। ਇਸ ਲਈ ਨਾਵਲ ਦੇ ਕਲਾਵੇ ਵਿਚ ਮਨੁੱਖ ਦਾ ਸਾਰਾ ਜੀਵਨ ਸਮੋਇਆ ਹੁੰਦਾ ਹੈ।

ਜੋਗਿੰਦਰ ਸਿੰਘ ਰਾਹੀ ਆਪਣੀ ਕਿਤਾਬ ਮਸਲੇ ਗਲਪ ਵਿਚ ਲਿਖਦੇ ਹਨ ਕਿ

> "ਨਾਵਲ ਇੱਕ ਲੰਮੀ ਗੱਦ-ਕਥਾ ਦੇ ਰੂਪ ਯਥਾਰਥ ਦੇ ਚਿਤਰਨ ਨਾਲ ਸੰਬੰਧਿਤ ਸੰਭਾਵਨਾਵਾਂ ਵਾਲਾ ਰੂਪ ਹੈ। ਥੀਮ-ਸਿਰਜਣ ਤੇ ਰੂਪਨ-ਪ੍ਰਤਿਰੂਪਨ ਦੀਆਂ ਸੰਭਾਵਨਾਵਾਂ ਕਰ ਕੇ ਇਹ ਬੇਸ਼ੱਕ ਇੰਜ ਖੁੱਲ੍ਹਾ ਰੂਪ ਹੈ। ਮਿਥਕ ਤੋਂ ਯਥਾਰਥਕ ਤੱਕ ਦੇ ਤੇ ਯਥਾਰਥਕ ਤੋਂ ਫ਼ੰਤਾਸ਼ੀ ਤੱਕ ਦੀਆਂ ਯੁਗਤਾਂ ਇਸ ਵਿਚ ਅਨੇਕ ਰੂਪ ਲੈਂਦੀਆਂ ਹਨ। ਪਰ ਪਾਤਰਾਵਲੀ, ਕਾਰਜ ਅਤੇ ਵਾਰਤਾਲਾਪ ਆਦਿ ਵਿਚ ਜ਼ਿੰਦਗੀ ਦੀ ਵਾਸਤਵਿਕਤਾ ਨਾਲ ਮੇਲ ਖਾਂਦੇ ਹਵਾਲੇ ਜਿਵੇਂ ਨਾਵਲ ਵਿਚ ਉੱਭਰਦੇ ਹਨ ਤਿਵੇਂ ਸਾਹਿਤ ਦੇ ਕਿਸੇ ਹੋਰ ਰੂਪ ਵਿਚ ਨਹੀਂ ਉੱਭਰਦੇ, ਖ਼ਾਸ ਕਰ ਕੇ ਪਾਤਰਾਂ ਦੀ ਉਚਾਰਨੀ ਭਾਸ਼ਾ ਦੇ ਰੂਪ ਵਿਚ।"[6]

ਨਾਵਲ ਨੂੰ ਵੱਖ-ਵੱਖ ਵਿਦਵਾਨਾਂ ਦੁਆਰਾ ਪਰਿਭਾਸ਼ਿਤ ਕੀਤਾ ਗਿਆ ਹੈ ਜਿਵੇਂ

**ਪੱਛਮੀ ਚਿੰਤਕਾਂ ਅਨੁਸਾਰ:–**

ਸਰ ਹੈਨਰੀ ਜੇਹਜ਼ ਦੇ ਅਨੁਸਾਰ, "ਇੱਕ ਉੱਤਮ ਨਾਵਲੀ ਰਚਨਾ ਤਾਂ ਹੀ ਸੰਭਵ ਹੋ ਸਕਦੀ ਹੈ ਜੇ ਉਸ ਦੇ ਰਚਨਹਾਰ ਨਾਵਲਕਾਰ ਨੂੰ ਸਮਕਾਲੀ ਜੀਵਨ ਦਾ ਡੂੰਘਾ ਅਨੁਭਵ ਅਤੇ ਵਿਸ਼ਾਲ ਤਜਰਬਾ ਹੋਵੇ, ਉਸ ਨੂੰ ਸਮਾਜ ਦੇ ਹਰ ਵਰਗ ਬਾਰੇ ਨੇੜੇ ਦੀ ਜਾਣਕਾਰੀ ਪ੍ਰਾਪਤ ਹੋਵੇ।"[7]

ਰਿਚਰਡ ਬਰਟਨ ਅਨੁਸਾਰ,"ਨਾਵਲ ਸਮਕਾਲੀ ਜੀਵਨ ਦਾ ਗੱਦ ਵਿਚ ਰਚਿਆ ਅਧਿਐਨ ਹੈ।"[8]

**ਭਾਰਤੀ ਚਿੰਤਕਾਂ ਅਨੁਸਾਰ:–**

ਡਾ. ਰਤਨ ਸਿੰਘ ਜੱਗੀ 'ਸਾਹਿਤ ਕੋਸ਼' ਵਿਚ ਨਾਵਲ ਦੇ ਸੰਬੰਧ ਵਿਚ ਲਿਖਦੇ ਹਨ:- "ਇਹ ਸਾਹਿਤ ਦਾ ਉਹ ਗੱਦ ਰੂਪ ਹੈ ਜਿਸ ਵਿਚ ਘਟਨਾ ਜਾਂ ਘਟਨਾਵਾਂ ਕ੍ਰਮ-ਬੱਧ ਬਿਆਨ ਹੁੰਦਾ ਹੈ, ਜਿਹੜੀਆਂ ਇੱਕ ਜਾਂ ਕਈ ਪਾਤਰਾਂ ਨਾਲ ਵਾਪਰੀਆਂ ਹੁੰਦੀਆਂ ਹਨ।"[9]

ਡਾ. ਜੋਗਿੰਦਰ ਸਿੰਘ ਰਾਹੀ ਅਨੁਸਾਰ, "ਨਾਵਲ ਇੱਕ ਲੰਮੀ ਗੱਦ-ਕਥਾ ਦੇ ਰੂਪ ਵਿਚ ਯਥਾਰਥ ਦੇ ਚਿਤਰਨ ਨਾਲ ਸੰਬੰਧਿਤ ਸੰਭਾਵਨਾਵਾਂ ਵਾਲਾ ਰੂਪ ਹੈ।"[10]

ਵਿਦਵਾਨਾਂ ਦੇ ਦੁਆਰਾ ਨਾਵਲ ਦੇ ਲਈ ਕੁੱਝ ਤੱਤਾਂ ਦੀ ਨਿਯੁਕਤੀ ਕੀਤੀ ਗਈ ਹੈ ਜਿਵੇਂ:-

1. ਵਿਸ਼ਾ
2. ਪਲਾਟ
3. ਪਾਤਰ ਉਸਾਰੀ
4. ਵਾਰਤਾਲਾਪ
5. ਦੇਸ਼ ਕਾਲ ਜਾਂ ਸਥਾਨਕ ਰੰਗਣ
6. ਸ਼ੈਲੀ
7. ਉਦੇਸ਼

**ਵਿਸ਼ਾ:–**

ਨਾਵਲ ਵਿਚ ਜਿਹੜੀ ਵਿਚਾਰਧਾਰਾ, ਸਮੱਸਿਆ ਜਾਂ ਫ਼ਿਲਾਸਫ਼ੀ ਪ੍ਰਗਟਾਈ ਜਾਂਦੀ ਹੈ ਉਸ ਨੂੰ ਹੀ ਨਾਵਲ ਦਾ ਵਿਸ਼ਾ ਆਖਿਆ ਜਾਂਦਾ ਹੈ। ਵਿਸ਼ਾ ਨਾਵਲਕਾਰ ਲਈ ਇੱਕ ਕੇਂਦਰੀ ਭਾਵ ਹੁੰਦਾ ਹੈ ਜਿਸ ਨੂੰ ਮੁੱਖ ਰੱਖ ਕੇ ਹੀ ਉਹ ਆਪਣੇ ਨਾਵਲ ਦਾ ਢਾਂਚਾ ਉਸਾਰਦਾ ਹੈ। ਵਿਸ਼ਾ ਕਿਸੇ ਵੀ ਸਮਾਜਿਕ, ਰਾਜਨੀਤਿਕ, ਮਿਥਿਹਾਸਿਕ, ਇਤਿਹਾਸਿਕ ਜਾਂ ਫਿਰ ਕਲਪਨਾ ਆਦਿ ਪੱਖਾਂ ਨਾਲ ਸੰਬੰਧਿਤ ਹੋ ਸਕਦਾ ਹੈ ਪਰੰਤੂ ਇਸ ਦਾ ਨਾਵਲ ਵਿਚ ਸਿੱਧਾ ਪ੍ਰਚਾਰ ਨਹੀਂ ਹੋਣਾ ਚਾਹੀਦਾ ਭਾਵ ਕਿ ਇਸ ਨੂੰ ਬਹੁਤ ਹੀ ਕਲਾਮਈ ਢੰਗ ਦੇ ਨਾਲ ਪਾਠਕਾਂ ਦੇ ਸਾਹਮਣੇ ਪੇਸ਼ ਕੀਤਾ ਜਾਣਾ ਚਾਹੀਦਾ ਹੈ।

## OM PARKASH GASSO DE NAVALAN VICH SAMAAJ-SABHYACHARAK ATE RAJNITAK CHETNA

**ਪਲਾਟ:-**

ਨਾਵਲ ਵਿਚਲੀ ਕਹਾਣੀ ਨੂੰ ਪਾਠਕਾਂ ਦੇ ਸਾਹਮਣੇ ਇੱਕ ਤਰਤੀਬ ਵਿਚ ਪੇਸ਼ ਕਰਨ ਨੂੰ ਹੀ ਪਲਾਟ ਆਖਿਆ ਜਾਂਦਾ ਹੈ। ਪਲਾਟ ਦਾ ਪ੍ਰਤੱਖ ਲੱਛਣ ਬਨਾਵਟ ਨੂੰ ਮੰਨਿਆ ਜਾਂਦਾ ਹੈ। ਘਟਨਾਵਾਂ ਵਿਚ ਅਰਥ ਪੈਦਾ ਕਰਨ ਦੇ ਲਈ ਬਨਾਵਟ ਜਾਂ ਸਾਧਨਾ ਦੀ ਮਦਦ ਲਈ ਜਾਂਦੀ ਹੈ, ਤਾਂ ਫਿਰ ਇਹ ਪਲਾਟ ਬਣ ਜਾਂਦੀ ਹੈ। ਨਾਵਲ ਦੇ ਪਲਾਟ ਦੀ ਚੋਣ ਕਿਸੇ ਵੀ ਜੀਵਨ ਵਿਚੋਂ ਹੋ ਸਕਦੀ ਹੈ ਪਰ ਨਾਵਲ ਦੀ ਸਫਲਤਾ ਇਸ ਵਿਚਲੀਆਂ ਘਟਨਾਵਾਂ ਦੀ ਪੇਸ਼ਕਾਰੀ ਤੇ ਹੀ ਟਿਕੀ ਹੁੰਦੀ ਹੈ। ਰੋਚਕਤਾ ਅਤੇ ਉਤਸੁਕਤਾ ਵੱਲ ਖ਼ਾਸ ਧਿਆਨ ਰੱਖਿਆ ਜਾਂਦਾ ਹੈ। ਘਟਨਾ ਵਿਚੋਂ ਘਟਨਾ ਪੈਦਾ ਹੋਣੀ ਚਾਹੀਦੀ ਹੈ ਤੇ ਇਹ ਆਪਸ ਵਿਚ ਇੱਕ ਕੜੀ ਵਾਂਗ ਜੁੜੀਆਂ ਹੋਣੀਆਂ ਚਾਹੀਦੀਆਂ ਹਨ।

**ਪਾਤਰ ਉਸਾਰੀ:-**

ਪਾਤਰ ਉਸਾਰੀ ਨਾਵਲ ਵਿਚ ਬਹੁਤ ਹੀ ਮਹੱਤਵਪੂਰਨ ਸਥਾਨ ਰੱਖਦੀ ਹੈ। ਇੱਕ ਨਾਵਲਕਾਰ ਆਪਣਾ ਸਾਰਾ ਧਿਆਨ ਉਨ੍ਹਾਂ ਲੋਕਾਂ ਦੀ ਪੇਸ਼ਕਾਰੀ ਵਿਚ ਲਾਉਂਦਾ ਹੈ ਜਿਨ੍ਹਾਂ ਦੇ ਬਾਰੇ ਉਹ ਨਾਵਲ ਲਿਖ ਰਿਹਾ ਹੁੰਦਾ ਹੈ। ਪਾਤਰ ਉਸਾਰੀ ਦੇ ਵਿਚ ਪਾਤਰਾਂ ਚਿਹਰਾ-ਮੁਹਰਾ ਦਰਸਾਇਆ ਜਾਂਦਾ ਹੈ ਤੇ ਨਾਲ ਦੀ ਨਾਲ ਉਨ੍ਹਾਂ ਦੇ ਚਰਿੱਤਰ ਨੂੰ ਵੀ ਉਭਾਰਿਆ ਜਾਂਦਾ ਹੈ। ਅਸਲ ਵਿਚ ਪਾਤਰ ਨਾਵਲ ਦੀ ਰੀੜ੍ਹ ਦੀ ਹੱਡੀ ਸਾਮਾਨ ਹੁੰਦਾ ਹੈ ਜਿਸ ਦੇ ਆਸਰੇ ਦੇ ਨਾਲ ਹੀ ਇੱਕ ਨਾਵਲ ਖੜ੍ਹਾ ਹੁੰਦਾ ਹੈ। ਪਾਤਰ ਉਸਾਰੀ ਦੇ ਲਈ ਨਾਵਲਕਾਰ ਦੁਆਰਾ ਕੁੱਝ ਢੰਗਾਂ ਦੀ ਵਰਤੋਂ ਕੀਤੀ ਜਾਂਦੀ ਹੈ ਜਿਵੇਂ ਲੇਖਕ ਦੁਆਰਾ, ਪਾਤਰਾਂ ਦੀ ਗੱਲਬਾਤ ਦੁਆਰਾ, ਘਟਨਾ ਦੁਆਰਾ, ਵਾਤਾਵਰਨ ਉਸਾਰੀ ਦੁਆਰਾ ਅਤੇ ਮਨੋਵਿਸ਼ਲੇਸ਼ਨ ਵਿਧੀ ਦੁਆਰਾ ਆਦਿ।

**ਵਾਰਤਾਲਾਪ:-**

ਵਾਰਤਾਲਾਪ ਦੀ ਮਹੱਤਤਾ ਨਾਵਲ ਵਿਚ ਭਾਵੇਂ ਨਾਟਕ ਵਾਂਗ ਨਹੀਂ ਹੁੰਦੀ ਪਰ ਇਸ ਦਾ ਨਾਵਲ ਵਿਚ ਆਪਣਾ ਹੀ ਵੱਖਰਾ ਸਥਾਨ ਹੈ। ਵਾਰਤਾਲਾਪ ਦਾ ਨਾਵਲ ਵਿਚ ਤਿੰਨ ਪ੍ਰਕਾਰ ਦਾ ਕੰਮ ਹੁੰਦਾ ਹੈ- ਇੱਕ ਤਾਂ ਇਹ ਕਹਾਣੀ ਨੂੰ ਬਿਆਨ ਦੇ ਵਿਚ ਮਦਦ ਕਰਦੀ ਹੈ। ਦੂਜਾ ਇਹ ਹੈ ਕਿ ਵਾਰਤਾਲਾਪ ਪਾਤਰ ਉਸਾਰੀ ਵਿਚ ਸਹਾਇਕ ਬਣਦੀ ਹੈ। ਤੀਜਾ, ਇਹ ਨਾਵਲਕਾਰ ਦੇ ਵਿਚਾਰਾਂ ਨੂੰ ਸਪਸ਼ਟ ਕਰਦੀ ਹੈ। ਵਾਰਤਾਲਾਪ ਪਾਤਰਾਂ ਤੇ ਢੁਕਵੀਂ ਅਤੇ ਨਾਟਕੀ ਕਿਸਮ ਦੀ ਹੋਣੀ ਚਾਹੀਦੀ ਹੈ। ਸਥਾਨਕ ਰੰਗ ਲਿਆਉਣ ਦੇ ਵਿਚ ਵਾਰਤਾਲਾਪ ਮਹੱਤਵਪੂਰਨ ਰੋਲ ਅਦਾ ਕਰਦਾ ਹੈ।

**ਦੇਸ਼ ਕਾਲ ਜਾਂ ਸਥਾਨਕ ਰੰਗਣ:-**

ਮਨੁੱਖੀ ਵਿਕਾਸ ਵਿਚ ਸਮਾਜਿਕ, ਭੂਗੋਲਿਕ, ਆਰਥਿਕ, ਧਾਰਮਿਕ ਅਤੇ ਰਾਜਨੀਤਕ ਅਕੀਦੇ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਹਨ। ਮਨੁੱਖ ਨੇ ਆਪਣੇ ਉੱਪਰ ਇਨ੍ਹਾਂ ਸਾਰੇ ਖੇਤਰਾਂ ਦੇ ਪ੍ਰਭਾਵ ਨੂੰ ਕਬੂਲਦਾ ਹੋਇਆ ਹੀ ਆਪਣੀ ਸ਼ਖ਼ਸੀਅਤ ਨੂੰ ਘੜਦਾ ਹੈ। ਇਸ ਵਜ੍ਹਾ ਕਰ ਕੇ ਹੀ ਕਿਸੇ ਸਾਹਿਤਕ ਕਿਰਤ ਦੇ ਵਿਚ ਦੇਸ਼

ਕਾਲ ਜਾਂ ਸਥਾਨਕ ਰੰਗਣ ਦਾ ਵਿਸ਼ੇਸ਼ ਸਥਾਨ ਹੁੰਦਾ ਹੈ। ਸਾਹਿਤਕਾਰ ਨੂੰ ਉੱਪਰ ਦਿੱਤੇ ਸਾਰੇ ਖੇਤਰਾਂ ਦੀ ਡੂੰਘੀ ਸਮਝ ਹੋਣਾ ਲਾਜ਼ਮੀ ਹੈ। ਇੱਕ ਸਫਲ ਸਾਹਿਤਕਾਰ ਉਹੀ ਹੈ ਜੋ ਸਮੇਂ, ਸਥਾਨ ਅਤੇ ਸਥਿਤੀਆਂ ਮੁਤਾਬਿਕ ਵਾਤਾਵਰਨ ਅਤੇ ਪਾਤਰਾਂ ਦੀ ਵੇਸ਼-ਭੂਸ਼ਾ ਨੂੰ ਘੜ ਸਕਦਾ ਹੋਵੇ। ਸਾਹਿਤਕਾਰ ਸਫਲ ਅਤੇ ਸੁਚੱਜਾ ਵਾਤਾਵਰਨ ਤਾਂ ਹੀ ਉਸਾਰ ਸਕਦਾ ਹੈ ਜੇਕਰ ਉਸ ਨੂੰ ਸਮਾਂ, ਸਥਾਨ ਅਤੇ ਸਮਕਾਲੀ ਸਥਿਤੀਆਂ ਦਾ ਗਿਆਨ ਹੋਵੇਗਾ।

**ਸ਼ੈਲੀ:-**

ਪ੍ਰਗਟਾਅ ਢੰਗ ਨੂੰ ਹੀ ਸ਼ੈਲੀ ਆਖਿਆ ਜਾਂਦਾ ਹੈ। ਸ਼ੈਲੀ ਕਿਸੇ ਵੀ ਨਾਵਲ ਰਚਨਾ ਦਾ ਮਹੱਤਵਪੂਰਨ ਅੰਗ ਹੁੰਦੀ ਹੈ। ਨਾਵਲਕਾਰ ਦੇ ਦੁਆਰਾ ਵਧੀਆ ਅਤੇ ਦਿਲਖਿਚਵੀ ਸ਼ੈਲੀ ਦਾ ਇਸਤੇਮਾਲ ਕਰਨਾ ਚਾਹੀਦਾ ਹੈ। ਨਿੱਜੀ ਕਿਸਮ ਦੀ ਸ਼ੈਲੀ ਦਾ ਹੋਣਾ ਵੀ ਜ਼ਰੂਰੀ ਸਮਝਿਆਂ ਜਾਂਦਾ ਹੈ। ਇੱਕ ਵਧੀਆ ਕਿਸਮ ਦੀ ਸ਼ੈਲੀ ਨਾਵਲਕਾਰ ਦੇ ਲਈ ਕਾਮਯਾਬੀ ਦੀ ਨਿਸ਼ਾਨੀ ਹੁੰਦੀ ਹੈ। ਸ਼ੈਲੀ ਦੀ ਵਰਤੋਂ ਨਾਵਲਕਾਰ ਦਾ ਨਿੱਜੀ ਮਸਲਾ ਹੁੰਦਾ ਹੈ ਪਰ ਉਹ ਇਸ ਦਾ ਇਸਤੇਮਾਲ ਇਸ ਤਰ੍ਹਾਂ ਕਰੇ ਕਿ ਆਪਣੀ ਗੱਲ ਦਾ ਸਹੀ ਪ੍ਰਗਟਾਅ ਕਰ ਸਕੇ।। ਡਾ. ਪ੍ਰਤਾਪ ਨਰਾਇਣ ਟੰਡਨ ਨੇ ਨਾਵਲੀ ਸ਼ੈਲੀਆਂ ਦਾ ਵਰਗੀਕਰਨ ਹੇਠ ਲਿਖੇ ਅਨੁਸਾਰ ਕੀਤਾ ਹੈ:

- ਵਰਨਣਾਤਮਕ ਸ਼ੈਲੀ
- ਆਤਮ-ਕਥਾਤਮਕ ਸ਼ੈਲੀ
- ਡਾਇਰੀ ਸ਼ੈਲੀ
- ਪੱਤਰ ਸ਼ੈਲੀ
- ਸੰਵਾਦ ਸ਼ੈਲੀ
- ਨਾਟਕੀ ਸ਼ੈਲੀ
- ਕਾਵਿਕ ਸ਼ੈਲੀ
- ਲੋਕ-ਕਥਾਤਮਕ ਸ਼ੈਲੀ
- ਆਂਚਲਿਕ ਸ਼ੈਲੀ
- ਮਨੋਵਿਸ਼ਲੇਸ਼ਣਾਤਮਕ ਸ਼ੈਲੀ

**ਉਦੇਸ਼:-**

ਹਰ ਰਚਨਾ ਕਿਸੇ ਨਾ ਕਿਸੇ ਉਦੇਸ਼ ਨੂੰ ਮੁੱਖ ਰੱਖ ਕੇ ਲਿਖੀ ਜਾਂਦੀ ਹੈ। ਉਸੇ ਤਰ੍ਹਾਂ ਨਾਵਲ ਰਚਨਾ ਦਾ ਵੀ ਪਾਠਕਾਂ ਦੇ ਲਈ ਕੋਈ ਨਾ ਕੋਈ ਉਦੇਸ਼ ਜ਼ਰੂਰ ਹੁੰਦਾ ਹੈ ਜਿਸ ਸਦਕਾ ਕੋਈ ਨਾਵਲਕਾਰ ਲਿਖਦਾ ਹੈ। ਆਧੁਨਿਕ ਸਮੇਂ ਦੇ ਵਿਚ ਨਾਵਲ ਵਿਧਾ ਦੇ ਉਦੇਸ਼ ਬਾਰੇ ਕਾਫ਼ੀ ਚਰਚਾ ਹੋ ਰਹੀ ਹੈ। ਨਾਵਲ ਦਾ ਕੇਂਦਰੀ ਕਾਰਜ ਜੀਵਨ ਦੀ ਵਿਆਖਿਆ ਹੈ। ਇਸ ਵਿਆਖਿਆ ਦੇ ਅੰਤਰਗਤ ਹੀ ਉਸ ਦੇ ਉਦੇਸ਼ ਛੁਪੇ ਹੁੰਦੇ ਹਨ।

ਇਹਨਾਂ ਤੱਤਾਂ ਤੋਂ ਇਲਾਵਾ ਜੇਕਰ ਸੰਪੂਰਨ ਨਾਵਲ ਦੀ ਗੱਲ ਕਰੀਏ ਤਾਂ ਨਾਵਲ ਵਿਚਲੀ ਕਹਾਣੀ ਜਿਨ੍ਹਾਂ ਤੱਤਾਂ ਨਾਲ ਬਣਦੀ ਹੈ, ਉਹ ਤੱਤ ਕਥਾ ਵਸਤੂ ਅਖਵਾਉਂਦੇ ਹਨ। ਇਹ ਤੱਤ ਹਨ:-

1. "ਨਾਵਲ ਵਿਚਲਾ ਯਥਾਰਥ ਚਿਤਰਨ
2. ਸੰਤਾਪ
3. ਵਿਡੰਬਣਾ
4. ਵਿਅਕਤੀ ਅਤੇ ਸਮੂਹ ਦਾ ਆਪਸੀ ਸੰਬੰਧ
5. ਪਰਿਵਾਰਿਕ ਰਿਸ਼ਤਿਆਂ ਦਾ ਸੰਤੁਲਨ
6. ਮਿੱਥ ਦਾ ਰੂਪਾਂਤਰਨ"[11]

ਓਮ ਪ੍ਰਕਾਸ਼ ਗਾਸੋ ਇੱਕ ਅਜਿਹੇ ਸਾਹਿਤਕਾਰ ਹਨ ਜਿਨ੍ਹਾਂ ਨੇ ਲਗਭਗ ਹਰ ਸਾਹਿਤ ਰੂਪ ਤੇ ਕੰਮ ਕੀਤਾ ਹੈ ਪਰ ਉਨ੍ਹਾਂ ਦੀ ਨਾਵਲ ਜਗਤ ਨੂੰ ਜੋ ਦੇਣ ਹੈ ਉਸ ਨੂੰ ਅਸੀਂ ਅੱਖੋਂ ਓਹਲੇ ਨਹੀਂ ਕਰ ਸਕਦੇ। ਆਪਣੀ ਨਾਵਲ ਰਚਨਾ ਰਾਹੀਂ ਉਨ੍ਹਾਂ ਨੇ ਮਨੁੱਖੀ ਜ਼ਿੰਦਗੀ ਦੇ ਹਰ ਪਹਿਲੂ ਨੂੰ ਬਾਖ਼ੂਬੀ ਪੇਸ਼ ਕੀਤਾ ਹੈ। ਉਨ੍ਹਾਂ ਦੀਆਂ ਰਚਨਾਵਾਂ ਯਥਾਰਥਕ ਪੱਖ ਤੋਂ ਜ਼ਿੰਦਗੀ ਦੇ ਬਹੁਤ ਹੀ ਨੇੜੇ ਹੋ ਕੇ ਵਿਚਰਦੀਆਂ ਹਨ। ਉਨ੍ਹਾਂ ਦੀਆਂ ਰਚਨਾਵਾਂ ਮਨੁੱਖੀ ਹਿਰਦੇ ਨੂੰ ਟੁੰਬਦੀਆਂ ਹੋਈਆਂ ਜ਼ਿੰਦਗੀ ਨੂੰ ਸਹੀ ਨਜ਼ਰੀਆ ਪ੍ਰਦਾਨ ਕਰਦੀਆਂ ਹਨ। ਓਮ ਪ੍ਰਕਾਸ਼ ਗਾਸੋ ਇੱਕ ਚੇਤੰਨ ਕਿਸਮ ਦੇ ਸਾਹਿਤਕਾਰ ਹਨ, ਜਿਨ੍ਹਾਂ ਨੂੰ ਆਪਣੇ ਆਲੇ-ਦੁਆਲੇ ਵਾਪਰ ਰਹੀਆਂ ਹਰ ਪ੍ਰਕਾਰ ਦੀਆਂ ਗੱਲਾਂ ਵਿਚ ਦਿਲਚਸਪੀ ਰਹਿੰਦੀ ਹੈ। ਇਹ ਗੁਣ ਹਰ ਸਾਹਿਤਕਾਰ ਵਿਚ ਹੋਣਾ ਵੀ ਜ਼ਰੂਰੀ ਹੈ, ਕਿਉਂ ਕਿ ਉਸ ਨੇ ਜਿਹੜੀ ਲਿਖਤ ਲਿਖਣੀ ਹੁੰਦੀ ਹੈ ਉਹ ਆਪਣੇ ਸਮਾਜ ਨੂੰ ਆਧਾਰ ਬਣਾ ਕੇ ਹੀ ਲਿਖਣੀ ਹੁੰਦੀ ਹੈ ਸੋ ਉਸ ਦਾ ਸਮਾਜਿਕ ਪੱਖ ਤੋਂ ਜਾਗਰੂਕ ਹੋਣਾ ਅਤਿਅੰਤ ਜ਼ਰੂਰੀ ਹੈ।

## 1.2 ਵਿਸ਼ੇ ਦੀ ਸਾਰਥਿਕਤਾ:

ਮਨੁੱਖ ਇੱਕ ਸਮਾਜਿਕ ਪ੍ਰਾਣੀ ਹੈ ਤੇ ਉਸ ਦਾ ਸਮਾਜ ਦੇ ਨਾਲ ਸਭ ਤੋਂ ਨੇੜੇ ਦਾ ਰਿਸ਼ਤਾ ਹੈ। ਸਮਾਜ ਵਿਚ ਰਹਿੰਦੇ ਹੋਏ ਉਹ ਜਿਨ੍ਹਾਂ ਕਦਰਾਂ-ਕੀਮਤਾਂ ਨੂੰ ਧਾਰਨੀ ਮੰਨ ਕੇ ਚਲਦਾ ਹੈ ਉਸ ਦਾ ਸੰਬੰਧ ਮਨੁੱਖੀ ਸਭਿਆਚਾਰ ਨਾਲ ਹੁੰਦਾ ਹੈ ਅਤੇ ਸਮਾਜ ਦੀ ਕਲਿਆਣ ਅਤੇ ਭਲਾਈ ਦੇ ਲਈ ਹੀ ਰਾਜਨੀਤਕ ਸੰਸਥਾ ਦੀ ਸਥਾਪਨਾ ਕੀਤੀ ਜਾਂਦੀ ਹੈ। ਇਸ ਪ੍ਰਕਾਰ ਸਮਾਜ, ਸਭਿਆਚਾਰ ਅਤੇ ਰਾਜਨੀਤੀ ਤਿੰਨੋਂ ਹੀ ਮਨੁੱਖੀ ਜ਼ਿੰਦਗੀ ਨੂੰ ਪ੍ਰਭਾਵਿਤ ਕਰਦੇ ਰਹਿੰਦੇ ਹਨ ਤੇ ਮੈਂ ਆਪਣੇ ਵਿਸ਼ੇ ਦੇ ਵਿਚ ਇਨ੍ਹਾਂ ਤਿੰਨਾਂ ਪੱਖਾਂ ਦੇ ਚੇਤਨਮਈ ਸੰਦਰਭ ਉੱਪਰ ਗੱਲ ਕੀਤੀ ਹੈ। ਕਿਉਂਕਿ ਮਨੁੱਖ ਜਿਸ ਸਮਾਜ-ਸਭਿਆਚਾਰਕ ਜੀਵਨ ਦੇ ਵਿਚ ਵਿਚਰਦਾ ਹੈ ਉਸ ਸੰਬੰਧੀ ਉਸ ਅੰਦਰ ਸੂਝ, ਸਮਝ, ਸਿਆਣਪ ਅਤੇ ਜਾਗਰੂਕਤਾ ਦਾ ਹੋਣਾ ਬਹੁਤ ਜ਼ਰੂਰੀ ਹੈ ਤੇ ਇਸ ਪ੍ਰਕਾਰ ਦੀ ਜਾਗਰੂਕਤਾ ਨੂੰ ਪੈਦਾ ਕਰਨ ਦੇ ਵਿਚ

ਚੇਤਨਾ ਆਪਣਾ ਯੋਗਦਾਨ ਅਦਾ ਕਰਦੀ ਹੈ। ਮਨੁੱਖ ਅੰਦਰਲੀ ਚੇਤਨਾ ਹੀ ਸੀ ਜਿਸ ਨੇ ਉਸ ਨੂੰ ਸਮਾਜਿਕ ਪ੍ਰਾਣੀ ਬਣਾਉਂਦੇ ਹੋਏ ਬਾਕੀ ਜੀਵ-ਜੰਤੂਆਂ ਦੇ ਨਾਲੋਂ ਵੱਖਰਾ ਦਰਜਾ ਦਿੰਦੇ ਹੋਏ ਸਮਾਜ ਵਿਚ ਰਹਿਣ ਦੇ ਯੋਗ ਬਣਾਇਆ ਹੈ। ਓਮ ਪ੍ਰਕਾਸ਼ ਗਾਸੋ ਇੱਕ ਚੇਤਨ ਸ਼ੀਲ ਨਾਵਲਕਾਰ ਹਨ ਤੇ ਉਨ੍ਹਾਂ ਦੀਆਂ ਲਗਭਗ ਸਾਰੀਆਂ ਰਚਨਾਵਾਂ ਦਾ ਸਿਰਾ ਚੇਤਨਾ ਨਾਲ ਜਾ ਜੁੜਦਾ ਹੈ। ਸੋ ਇਸ ਲਈ ਹੀ ਮੈਂ ਓਮ ਪ੍ਰਕਾਸ਼ ਗਾਸੋ ਦੇ ਨਾਵਲਾਂ ਵਿਚੋਂ ਸਮਾਜ-ਸਭਿਆਚਾਰਕ ਅਤੇ ਰਾਜਨੀਤਕ ਚੇਤਨਾ ਦੇ ਵਿਸ਼ੇ ਉੱਤੇ ਕੰਮ ਕਰਨ ਦਾ ਫ਼ੈਸਲਾ ਲਿਆ ਹੈ।

## 1.3 ਪੂਰਵ ਖੋਜ ਕਾਰਜ:

ਪੂਰਵ ਖੋਜ ਕਾਰਜ ਵਿਚ ਮੈਂ ਓਮ ਪ੍ਰਕਾਸ਼ ਗਾਸੋ ਦੇ ਨਾਵਲਾਂ ਤੇ ਵੱਖ-ਵੱਖ ਯੂਨੀਵਰਸਿਟੀਆਂ ਵਿਚ ਹੋਏ ਖੋਜ ਕਾਰਜ ਦਾ ਵੇਰਵਾ ਦਿੱਤਾ ਹੈ:

- ਪੰਜਾਬੀ ਯੂਨੀਵਰਸਿਟੀ, ਪਟਿਆਲਾ ਵਿਚ ਖੋਜਾਰਥੀ ਅਮਨਦੀਪ ਕੌਰ ਦੁਆਰਾ ਡਾ. ਬੂਟਾ ਸਿੰਘ ਬਰਾੜ ਦੀ ਨਿਗਰਾਨੀ ਹੇਠ 'ਓਮ ਪ੍ਰਕਾਸ਼ ਗਾਸੋ ਦੇ ਨਾਵਲਾਂ ਦੀ ਸੰਚਾਰ ਯੋਗਤਾ' 'ਤੇ ਪੀ. ਐੱਚ. ਡੀ ਦੀ ਡਿਗਰੀ ਹਾਸਿਲ ਕੀਤੀ ਹੈ। ਖੋਜਾਰਥੀ ਦੇ ਦੁਆਰਾ ਖੋਜ ਕਾਰਜ ਨੂੰ ਪੰਜ ਅਧਿਆਵਾਂ ਵਿਚ ਵੰਡਿਆਂ ਗਿਆ ਹੈ। ਪਹਿਲੇ ਅਧਿਆਇ ਵਿਚ ਸੰਚਾਰ ਯੋਗਤਾ ਦੇ ਸੰਕਲਪ ਅਤੇ ਦਿਸ਼ਾਵਾਂ ਬਾਰੇ ਅਤੇ ਦੂਜੇ ਅਧਿਆਇ ਵਿਚ ਓਮ ਪ੍ਰਕਾਸ਼ ਗਾਸੋ ਦੀ ਸ਼ਖ਼ਸੀਅਤ ਅਤੇ ਭਾਸ਼ਾ ਭੰਡਾਰ (Lexicon) ਬਾਰੇ ਦੱਸਿਆ ਹੈ। ਤੀਜੇ ਅਧਿਆਇ ਵਿਚ ਨਾਵਲਾਂ ਦੀ ਸ਼ਬਦ-ਯੋਗਤਾ ਤੇ ਚੌਥੇ ਅਧਿਆਇ ਵਿਚ ਨਾਵਲਾਂ ਦੀ ਵਾਕ-ਯੋਗਤਾ ਬਾਰੇ ਗੱਲ ਕੀਤੀ ਗਈ ਹੈ। ਪੰਜਵੇਂ ਅਧਿਆਇ ਵਿਚ ਨਾਵਲਾਂ ਵਿਚਲੀਆਂ ਸੰਚਾਰ-ਜੁਗਤਾਂ ਨੂੰ ਖੋਜਾਰਥੀ ਦੇ ਦੁਆਰਾ ਲੱਭਿਆ ਗਿਆ ਹੈ।
- ਮਹਾਂਰਿਸ਼ੀ ਮਾਰਕੰਡੇਸ਼ਵਰ ਯੂਨੀਵਰਸਿਟੀ, ਮੁਲਾਣਾ (ਅੰਬਾਲਾ) ਵਿਚ ਸੰਨ 2008-2009 ਵਿਚ ਖੋਜਾਰਥੀ ਰੀਤੀ ਦੁਆਰਾ ਡਾ. ਸੁਦਰਸ਼ਨ ਗਾਸੋ ਦੀ ਨਿਗਰਾਨੀ ਹੇਠ 'ਓਮ ਪ੍ਰਕਾਸ਼ ਗਾਸੋ ਦੇ ਨਾਵਲਾਂ ਦਾ ਸਮਾਜਿਕ ਸਭਿਆਚਾਰਕ ਅਧਿਐਨ' ਨਾਮਕ ਖੋਜ ਪ੍ਰਬੰਧ ਪੂਰਾ ਕੀਤਾ ਗਿਆ। ਖੋਜਾਰਥੀ ਦੇ ਦੁਆਰਾ ਆਪਣੇ ਖੋਜ ਪ੍ਰਬੰਧ ਵਿਚ 'ਗਾਸੋ' ਦੇ ਤਿੰਨ ਨਾਵਲਾਂ 'ਚਿੱਤਰਾਂ-ਬਚਿੱਤਰਾਂ, ਤੁਰਦਿਆਂ-ਤੁਰਦਿਆਂ ਅਤੇ ਇਤਫ਼ਾਕ' ਦਾ ਸਮਾਜਿਕ ਸਭਿਆਚਾਰਕ ਅਧਿਐਨ ਕੀਤਾ ਹੈ। ਖੋਜਾਰਥੀ ਦੁਆਰਾ ਆਪਣੇ ਕਾਰਜ ਨੂੰ ਪੰਜ ਅਧਿਆਵਾਂ ਵਿਚ ਵੰਡਿਆ ਗਿਆ ਹੈ। ਪਹਿਲੇ ਅਧਿਆਇ ਵਿਚ ਖੋਜਾਰਥੀ ਨੇ 'ਗਾਸੋ' ਦੇ ਜੀਵਨ ਬਾਰੇ ਕੁੱਝ ਗੱਲਾਂ ਪੇਸ਼ ਕੀਤੀਆਂ ਹਨ। ਦੂਜੇ ਅਧਿਆਇ ਵਿਚ ਸਮਾਜਿਕ ਸੰਸਕ੍ਰਿਤੀ ਦੀ ਪਰਿਭਾਸ਼ਾ ਦਿੰਦੇ ਹੋਏ ਤੀਜੇ ਅਧਿਆਇ ਵਿਚ ਨਾਵਲਾਂ ਦਾ ਵਿਸ਼ੇਗਤ ਅਧਿਐਨ ਕੀਤਾ ਹੈ। ਚੌਥੇ ਅਧਿਆਇ ਵਿਚ ਨਾਵਲ ਚਿੱਤਰਾਂ-ਬਚਿੱਤਰਾਂ, ਤੁਰਦਿਆਂ-ਤੁਰਦਿਆਂ ਅਤੇ ਇਤਫ਼ਾਕ ਦੀ ਸਮਾਜਿਕ ਸੰਸਕ੍ਰਿਤੀ ਅਤੇ ਪੰਜਵੇਂ ਅਧਿਆਇ ਵਿਚ ਪੰਜਾਬੀ ਨਾਵਲ ਦੇ ਇਤਿਹਾਸ ਵਿਚ ਗਾਸੋ ਦੇ ਨਾਵਲਾਂ ਦਾ ਸਥਾਨ ਨਿਸ਼ਚਿਤ ਕੀਤਾ ਹੈ। ਆਖ਼ਿਰ ਵਿਚ ਨਿਸ਼ਕਰਸ਼ ਅਤੇ ਪੁਸਤਕ ਸੂਚੀ ਦਿੱਤੀ ਗਈ ਹੈ।

## 1.4 ਖੋਜ ਕਾਰਜ ਦੇ ਉਦੇਸ਼:

ਅਸੀਂ ਹਰੇਕ ਕਾਰਜ ਕਿਸੇ ਨਾ ਕਿਸੇ ਉਦੇਸ਼ ਨੂੰ ਧਿਆਨ ਵਿਚ ਰੱਖ ਕੇ ਹੀ ਕਰਦੇ ਹਾਂ। ਕੋਈ ਵੀ ਸਾਹਿਤਕ ਕਿਰਤ ਵੀ ਕਿਸੇ ਵਿਸ਼ੇਸ਼ ਉਦੇਸ਼ ਨੂੰ ਧਿਆਨ ਵਿਚ ਰੱਖ ਕੇ ਹੀ ਕੀਤੀ ਜਾਂਦੀ ਹੈ। ਇਸ ਪ੍ਰਕਾਰ ਮੈਂ ਵੀ ਆਪਣਾ ਖੋਜ-ਕਾਰਜ ਕੁੱਝ ਗੱਲਾਂ ਨੂੰ ਧਿਆਨ ਵਿਚ ਰੱਖ ਕੇ ਕੀਤਾ ਹੈ ਜੋ ਕਿ ਇਸ ਪ੍ਰਕਾਰ ਹਨ:

1. ਪੰਜਾਬੀ ਨਾਵਲ ਸਾਹਿਤ ਵਿਚ ਚੇਤਨਾ ਦਾ ਸਰੂਪ ਪੇਸ਼ ਕਰਨਾ।
2. ਓਮ ਪ੍ਰਕਾਸ਼ ਗਾਸੋ ਦੇ ਨਾਵਲਾਂ ਰਾਹੀਂ ਸਮਾਜਿਕ ਚੇਤਨਾ ਦੇ ਪਾਸਾਰਾਂ ਦਾ ਅਧਿਐਨ ਕਰਨਾ।
3. ਓਮ ਪ੍ਰਕਾਸ਼ ਗਾਸੋ ਦੇ ਨਾਵਲਾਂ ਰਾਹੀਂ ਸਭਿਆਚਾਰਕ ਚੇਤਨਾ ਦੇ ਪਾਸਾਰਾਂ ਦਾ ਅਧਿਐਨ ਕਰਨਾ।
4. ਓਮ ਪ੍ਰਕਾਸ਼ ਗਾਸੋ ਦੇ ਨਾਵਲਾਂ ਰਾਹੀਂ ਰਾਜਨੀਤਕ ਚੇਤਨਾ ਦੇ ਪਾਸਾਰਾਂ ਦਾ ਅਧਿਐਨ ਕਰਨਾ।
5. ਓਮ ਪ੍ਰਕਾਸ਼ ਗਾਸੋ ਦੇ ਨਾਵਲਾਂ ਵਿਚੋਂ ਪ੍ਰਾਪਤ ਦੇ ਪਾਸਾਰਾਂ ਰਾਹੀਂ ਸਮਾਜਿਕ, ਸਭਿਆਚਾਰਕ ਅਤੇ ਰਾਜਨੀਤਕ ਲੋਕਾਂ ਨੂੰ ਸੁਚਾਰੂ ਸੇਧ ਦੇਣੀ।

## 1.5 ਖੋਜ ਵਿਧੀ:

ਖੋਜ-ਕਾਰਜ ਨੂੰ ਨੇਪੜੇ ਚਾੜ੍ਹਨ ਵਿਚ ਖੋਜ ਵਿਧੀ ਦੀ ਮਹੱਤਤਾ ਨੂੰ ਧਿਆਨ ਵਿਚ ਰੱਖਦੇ ਹੋਏ ਮੈਂ ਆਪਣੇ ਖੋਜ-ਕਾਰਜ ਵਿਚ ਤਰਕਵਾਦੀ ਵਿਧੀ, ਸੁਹਜ ਸ਼ਾਸਤਰ ਵਿਧੀ ਅਤੇ ਸਮਾਜ ਵਿਗਿਆਨਕ ਵਿਧੀ ਦੀ ਵਰਤੋਂ ਕੀਤੀ ਹੈ।

**ਤਰਕਵਾਦੀ ਵਿਧੀ:**

ਤਰਕ ਵਿਧੀ ਵਿਚ ਤਰਕ ਪ੍ਰਧਾਨ ਹੁੰਦਾ ਹੈ ਭਾਵ ਕਿ ਤਰਕ ਦੇ ਆਸਰੇ ਚਲਦੀ ਹੈ। ਇੱਕ ਜਾਂ ਇੱਕ ਤੋਂ ਵੱਧ ਸਿੱਟਿਆਂ ਤੱਕ ਅਪੜਨ ਨੂੰ ਹੀ ਤਰਕਵਾਦੀ ਵਿਧੀ ਕਿਹਾ ਜਾਂਦਾ ਹੈ। ਇਸ ਵਿਧੀ ਦੇ ਅੱਗਿਓਂ ਦੋ ਭਾਗ ਹਨ- ਨਿਗਮਨਾਤਮਕ ਵਿਧੀ ਅਤੇ ਆਗਮਨਾਤਮਕ ਵਿਧੀ।

**ਨਿਗਮਨਾਤਮਕ ਵਿਧੀ:**

ਤਰਕ ਵਿਧੀ ਦੇ ਅਧੀਨ ਆਉਂਦੀ ਨਿਗਮਨਾਤਮਕ ਵਿਧੀ ਵਿਚ ਵਿਆਪਕ ਸਥਿਤੀ ਤੋਂ ਵਿਸ਼ੇਸ਼ ਸਥਿਤੀ ਤੱਕ ਪਹੁੰਚਣ ਦਾ ਵਿਧਾਨ ਸ਼ਾਮਿਲ ਹੁੰਦਾ ਹੈ।

**ਆਗਮਨਾਤਮਕ:**

ਤਰਕ-ਸ਼ਾਸਤਰ ਵਿਚ ਆਗਮਨਾਤਮਕ ਦੂਜੀ ਪੱਧਤੀ ਹੈ। ਇਸ ਦੇ ਵਿਚ ਵਿਸ਼ੇਸ਼ ਸਥਿਤੀ ਤੋਂ ਸਰਬ-ਸਾਧਾਰਨ ਸਥਿਤੀ ਵੱਲ ਪਹੁੰਚਣ ਦਾ ਵਿਧਾਨ ਹੁੰਦਾ ਹੈ।

**ਸੁਹਜ-ਸ਼ਾਸਤਰੀ ਵਿਧੀ:**

## OM PARKASH GASSO DE NAVALAN VICH SAMAAJ-SABHYACHARAK ATE RAJNITAK CHETNA

ਸਾਹਿਤ ਦੀ ਰਚਨਾ-ਪ੍ਰਕਿਰਿਆ ਅਤੇ ਸਾਹਿਤ ਵਿਚਲੇ ਸਮਾਜ-ਸਭਿਆਚਾਰਕ ਪ੍ਰਕਾਰਜਾਂ ਨੂੰ ਘੋਖਣ-ਪਰਖਣ ਦੇ ਲਈ ਜਿਹੜੀ ਵਿਧੀ ਸਾਰਥਿਕ ਮੰਨੀ ਗਈ ਹੈ ਉਸ ਨੂੰ ਸੁਹਜ-ਸ਼ਾਸਤਰੀ ਵਿਧੀ ਕਿਹਾ ਜਾਂਦਾ ਹੈ। ਸ਼ੁਰੂ-ਸ਼ੁਰੂ ਵਿਚ ਇਸ ਵਿਧੀ ਪ੍ਰਤੀ ਪੰਜਾਬੀ ਆਲੋਚਕਾਂ ਦੀ ਘੱਟ ਰੁਚੀ ਸੀ ਪਰ ਹੌਲੀ-ਹੌਲੀ ਉਨ੍ਹਾਂ ਨੇ ਇਸ ਦੀ ਮਹੱਤਤਾ ਨੂੰ ਸਮਝਦੇ ਹੋਏ ਸਾਹਿਤ ਦੇ ਅਧਿਐਨ ਲਈ ਸੁਹਜ-ਸ਼ਾਸਤਰੀ ਵਿਧੀ ਦਾ ਪ੍ਰਯੋਗ ਕਰਨਾ ਸ਼ੁਰੂ ਕੀਤਾ।

**OM PARKASH GASSO DE NAVALAN VICH SAMAAJ-SABHYACHARAK ATE RAJNITAK CHETNA**

**ਸਮਾਜ ਵਿਗਿਆਨਿਕ ਵਿਧੀ:**

ਸਮਾਜ ਦਾ ਅਧਿਐਨ ਕਰਨ ਦੇ ਲਈ ਜਦੋਂ ਵਿਗਿਆਨਿਕ ਢੰਗ ਦੀ ਵਰਤੋਂ ਕੀਤੀ ਜਾਵੇ ਤਾਂ ਉਸ ਨੂੰ ਸਮਾਜ ਵਿਗਿਆਨਿਕ ਵਿਧੀ ਕਿਹਾ ਜਾਂਦਾ ਹੈ। ਸਮਾਜ ਵਿਗਿਆਨਿਕ ਵਿਧੀ ਵਿਚ ਸਮਾਜ, ਸਮੂਹ, ਸੰਸਥਾਵਾਂ, ਸਮਾਜਿਕ ਸੰਬੰਧਾਂ, ਅੰਤਰ-ਕ੍ਰਿਆਵਾਂ ਤੇ ਸਮਾਜਿਕ ਵਿਵਸਥਾ ਆਦਿ ਸੰਕਲਪਾਂ ਦਾ ਅਧਿਐਨ ਕੀਤਾ ਜਾਂਦਾ ਹੈ। ਸਮਾਜ ਵਿਗਿਆਨਿਕ ਵਿਧੀ ਰਾਹੀਂ ਸਮਾਜਿਕ ਵਤੀਰੇ ਨੂੰ ਸਪਸ਼ਟ ਰੂਪ ਵਿਚ ਸਮਝਿਆ ਜਾਂਦਾ ਹੈ ਤੇ ਇਸ ਦੇ ਸਰੂਪ ਅਤੇ ਸਿੱਟਿਆਂ ਦੀ ਵੀ ਵਿਆਖਿਆ ਕੀਤੀ ਜਾਂਦੀ ਹੈ।

## 1.6 ਓਮ ਪ੍ਰਕਾਸ਼ ਗਾਸੋ ਦਾ ਜੀਵਨ, ਰਚਨਾ ਅਤੇ ਸਾਹਿਤਕ ਪਿਛੋਕੜ:

ਓਮ ਪ੍ਰਕਾਸ਼ ਗਾਸੋ ਦਾ ਜਨਮ 9 ਅਪ੍ਰੈਲ 1933 ਨੂੰ ਸ਼ਹਿਰ ਬਰਨਾਲਾ ਵਿਖੇ ਹੋਇਆ। ਉਨ੍ਹਾਂ ਦੇ ਮਾਤਾ ਦਾ ਨਾਮ ਸ੍ਰੀਮਤੀ ਉਤੱਮੀ ਦੇਵੀ ਤੇ ਪਿਤਾ ਦਾ ਨਾਮ ਪੰਡਤ ਸ੍ਰੀ ਗੋਪਾਲ ਦਾਸ ਹੈ। ਉਨ੍ਹਾਂ ਦਾ ਜਨਮ ਬ੍ਰਾਹਮਣ ਪਰਿਵਾਰ ਵਿਚ ਹੋਇਆ। ਉਨ੍ਹਾਂ ਨੇ ਬਚਪਨ ਤੋਂ ਹੀ ਡੇਰਿਆਂ ਦੀਆਂ ਪਰੰਪਰਾਵਾਂ ਨੂੰ ਦੇਖਿਆ ਸੀ ਜਿਨ੍ਹਾਂ ਨੇ ਉਨ੍ਹਾਂ ਅੰਦਰ ਚੇਤਨਾ ਪੈਦਾ ਕੀਤੀ। ਓਮ ਪ੍ਰਕਾਸ਼ ਗਾਸੋ ਜੀ ਦੇ ਪਿਤਾ ਉਨ੍ਹਾਂ ਨੂੰ ਪਾਂਧਾ ਬਣਾਉਣਾ ਚਾਹੁੰਦੇ ਸਨ ਪਰ ਉਨ੍ਹਾਂ ਦੀ ਰੁਚੀ ਅਧਿਆਪਨ ਵੱਲ ਹੀ ਰਹੀ। ਓਮ ਪ੍ਰਕਾਸ਼ ਗਾਸੋ ਦਾ ਬਚਪਨ ਸੁੰਨਾ, ਸੁਖਾਲਾ ਅਤੇ ਸਾਧਾਰਨ ਕਿਸਮ ਦਾ ਸੀ। ਘਰ ਵਿਚ ਉਹ ਸਭ ਤੋਂ ਛੋਟੇ ਸਨ। ਉਨ੍ਹਾਂ ਦਾ ਬਚਪਨ ਉਨ੍ਹਾਂ ਦੇ ਘਰਵਾਲਿਆਂ ਵੱਲੋਂ ਅਣਗੌਲਿਆ ਜਿਹਾ ਹੀ ਰਿਹਾ ਤੇ ਕਿਸੇ ਨੂੰ ਵੀ ਉਨ੍ਹਾਂ ਵਿਚ ਰੁਚੀ ਨਹੀਂ ਸੀ ਪਰ ਇਹੋ ਜਿਹਾ ਬਚਪਨ ਉਨ੍ਹਾਂ ਨੂੰ ਸੁਤੰਤਰਤਾ ਦਾ ਸੁੱਖ ਪ੍ਰਦਾਨ ਕਰਦਾ ਰਿਹਾ ਤੇ ਉਨ੍ਹਾਂ ਵਿਚ ਅਪਣੱਤ ਭਰਿਆ ਲਹਿਜ਼ਾ ਆਉਂਦਾ ਗਿਆ। ਇਸ ਤਰ੍ਹਾਂ ਦੇ ਸੌਖੇ ਤੇ ਸੁਖਾਲੇ ਵਾਤਾਵਰਨ ਵਿਚ ਉਨ੍ਹਾਂ ਨੇ ਦਿਲ ਖੋਲ੍ਹ ਕੇ ਗੱਲਾਂ ਕੀਤੀਆਂ। ਉਨ੍ਹਾਂ ਨੇ ਵਿੱਦਿਆ ਵੀ ਵਡੇਰੀ ਉਮਰ ਵਿਚ ਜਾ ਕੇ ਆਰੰਭ ਕੀਤੀ ਪਰ ਉਨ੍ਹਾਂ ਦੀ ਮਿਹਨਤ ਅਤੇ ਰੁਚੀ ਸਦਕਾ ਉਨ੍ਹਾਂ ਨੇ ਐੱਮ. ਏ ਪੰਜਾਬੀ, ਹਿੰਦੀ ਅਤੇ ਐਮ.ਫ਼ਿਲ ਪੰਜਾਬੀ ਕੀਤੀ ਅਤੇ ਲੰਬੇ ਸਮੇਂ ਤੱਕ ਵਿਦਿਆਰਥੀਆਂ ਨੂੰ ਇੱਕ ਅਧਿਆਪਕ ਦੇ ਤੌਰ 'ਤੇ ਸਿਖਲਾਈ ਦਿੰਦੇ ਰਹੇ। ਜਿਹੋ ਜਿਹਾ ਸਾਦਾਪਣ ਸਾਨੂੰ ਉਨ੍ਹਾਂ ਦੇ ਨਾਵਲਾਂ ਦੇ ਪਾਤਰਾਂ ਵਿਚ ਨਜ਼ਰ ਆਉਂਦਾ ਹੈ ਅਸਲ ਜ਼ਿੰਦਗੀ ਵਿਚ ਵੀ ਗਾਸੋ ਜੀ ਇਹੋ ਜਿਹਾ ਜੀਵਨ ਬਤੀਤ ਕਰਦੇ ਹਨ। ਉਹ ਸਦਾ ਸਾਦੇ ਸੁਭਾਅ, ਸਾਦੇ ਜੀਵਨ ਅਤੇ ਸਾਦੇ ਲਿਬਾਸ ਵਿਚ ਹੀ ਨਜ਼ਰ ਆਏ ਹਨ। ਉਹ ਬਚਪਨ ਤੋਂ ਹੀ ਤਕੜੀ ਸਿਹਤ ਦੇ ਮਾਲਕ ਰਹੇ ਹਨ। ਓਮ ਪ੍ਰਕਾਸ਼ ਗਾਸੋ ਆਪਣੇ ਅਧਿਆਪਣ ਦੌਰਾਨ ਪੀ. ਟੀ. ਮਾਸਟਰ ਵੀ ਰਹੇ ਹਨ ਤੇ ਆਪਣੇ ਵਿਦਿਆਰਥੀਆਂ ਤੋਂ ਅਨੇਕਾਂ ਪ੍ਰਕਾਰ ਦੀਆਂ ਖੇਡਾਂ ਖਿਡਾਉਂਦੇ ਤੇ ਉਨ੍ਹਾਂ ਨਾਲ ਆਪ ਵੀ ਖੇਡਾਂ ਵਿਚ ਹਿੱਸਾ ਲੈਂਦੇ। ਉਨ੍ਹਾਂ ਦੇ ਨਾਵਲ ਪਾਤਰਾਂ ਵਿਚ ਵੀ ਅਸੀਂ ਅਜਿਹੇ ਤੰਦਰੁਸਤ ਪਾਤਰਾਂ ਦਾ ਜ਼ਿਕਰ ਹੋਇਆ ਦੇਖਦੇ ਹਾਂ। ਬਚਪਨ ਤੋਂ ਹੀ ਗਾਸੋ ਆਪਣੇ ਆਲੇ-ਦੁਆਲੇ ਪ੍ਰਤੀ ਹੋ ਰਹੀਆਂ ਗੱਲਾਂ ਵਿਚ ਰੁਚੀ ਰੱਖਦੇ ਰਹਿੰਦੇ ਅਤੇ ਇਸ ਤਰ੍ਹਾਂ ਦੀ ਰੁਚੀ ਉਨ੍ਹਾਂ ਅੰਦਰ ਜਾਗਰੂਕਤਾ ਪੈਦਾ ਕਰਦੀ ਗਈ ਤੇ ਉਹ ਇੱਕ ਜਗਿਆਸੂ ਕਿਸਮ ਦੇ ਵਿਅਕਤੀ ਬਣਦੇ ਗਏ ਜਿਸ ਸਦਕਾ ਉਨ੍ਹਾਂ ਨੇ ਜ਼ਿੰਦਗੀ ਦੇ ਹਰ ਪਹਿਲੂ ਨੂੰ ਛੂੰਹਣ ਦੀ ਕੋਸ਼ਿਸ਼ ਕੀਤੀ

ਭਾਵੇਂ ਉਹ ਸਮਾਜਿਕ ਹੋਵੇ, ਰਾਜਨੀਤਿਕ ਹੋਵੇ ਜਾਂ ਫਿਰ ਸਭਿਆਚਾਰਕ। ਅਧਿਆਪਕ ਜੀਵਨ ਵਿਚ ਉਨ੍ਹਾਂ ਨੇ ਆਪਣੇ ਵਿਦਿਆਰਥੀਆਂ ਅੰਦਰ ਵਿਸ਼ੇਸ਼ ਕਿਸਮ ਦੀ ਚਿਣਗ ਨੂੰ ਪੈਦਾ ਕਰਦੇ ਰਹੇ ਹਨ ਤੇ ਜਿਸ ਸਦਕਾ ਉਨ੍ਹਾਂ ਦੇ ਵਿਦਿਆਰਥੀਆਂ ਨੇ ਵੀ ਜੀਵਨ ਦੀਆਂ ਉਚਾਈਆਂ ਨੂੰ ਛੂਹਿਆਂ ਹੈ। ਵਿਦਿਆਰਥੀ ਜੀਵਨ ਤੋ ਇਲਾਵਾ ਉਨ੍ਹਾਂ ਦੀ ਆਪਣੇ ਪਾਠਕਾਂ ਦੇ ਲਈ ਵੀ ਮਹਾਨ ਦੇਣ ਹੈ। ਸਿੱਖਿਆ ਦੀ ਮਹੱਤਤਾ ਦਾ ਪਤਾ ਸਾਨੂੰ ਉਨ੍ਹਾਂ ਦੁਆਰਾ ਰਚਿਤ ਨਾਵਲਾਂ ਦੇ ਪੜ੍ਹੇ-ਲਿਖੇ ਪਾਤਰਾਂ ਤੋਂ ਪਤਾ ਲੱਗ ਜਾਂਦਾ ਹੈ। ਗਾਸੋ ਜੀ ਸਦਾ ਨੇਕੀ ਦੇ ਰਾਹ ਤੇ ਹੀ ਚੱਲੇ ਹਨ ਤੇ ਉਨ੍ਹਾਂ ਨੇ ਸਮਾਜ ਦੀ ਅਸਲੀਅਤ ਨੂੰ ਹੀ ਸਦਾ ਪੇਸ਼ ਕੀਤਾ ਹੈ ਜੋ ਕਿ ਉਨ੍ਹਾਂ ਦੇ ਆਪੇ ਦਾ ਸਭ ਤੋਂ ਵੱਡਾ ਗੁਣ ਹੈ। ਉਨ੍ਹਾਂ ਦੀ ਸ਼ਖ਼ਸੀਅਤ ਦਾ ਵਰਣਨ ਗੁਰਪਾਲ ਸਿੰਘ ਨੂਰ ਇਸ ਪ੍ਰਕਾਰ ਕਰਦਾ ਹੈ:-

"ਹੌਸਲੇ ਦੀ ਉੱਚੀ ਉਡਾਨ ਹੈ ਗਾਸੋ
ਸਾਗਰ ਦੀ ਗਹਿਰਾਈ ਤੇ ਅਸਮਾਨ ਹੈ ਗਾਸੋ।"[12]

**ਰਚਨਾ**

ਓਮ ਪ੍ਰਕਾਸ਼ ਗਾਸੋ ਨੇ ਜਦੋਂ ਸਾਹਿਤਕ ਖੇਤਰ ਵਿਚ ਜਦੋਂ ਤੋਂ ਪੈਰ ਰੱਖਿਆ ਉਦੋਂ ਤੋਂ ਹੀ ਉਹ ਲਗਾਤਾਰ ਲਿਖਦੇ ਆ ਰਹੇ ਹਨ। ਉਨ੍ਹਾਂ ਦੁਆਰਾ ਰਚਿਤ ਰਚਨਾਵਾਂ ਸਦਾ ਜ਼ਿੰਦਗੀ ਨੂੰ ਸੇਧ ਦੇਣ ਵਾਲੀਆਂ ਹੁੰਦੀਆਂ ਹਨ। ਉਨ੍ਹਾਂ ਨੇ ਲਗਭਗ ਸਾਹਿਤ ਦੇ ਹਰ ਰੂਪ ਵਿਚ ਸਾਹਿਤਕ ਰਚਨਾ ਕੀਤੀ ਹੈ ਜਿਵੇਂ ਕਵਿਤਾ, ਵਾਰਤਕ, ਬਾਲ ਸਾਹਿਤ, ਆਲੋਚਨਾ, ਪੰਜਾਬੀ ਸਭਿਆਚਾਰ, ਖੋਜ ਪੱਤਰ ਆਦਿ। ਉਨ੍ਹਾਂ ਨੇ ਮਨੁੱਖੀ ਜ਼ਿੰਦਗੀ ਦੇ ਹਰ ਪਹਿਲੂ ਨੂੰ ਬਾਖ਼ੂਬੀ ਪੇਸ਼ ਕੀਤਾ ਹੈ।ਉਨ੍ਹਾਂ ਦੀ ਰਚਨਾ ਪਾਠਕਾਂ ਅੰਦਰ ਇੱਕ ਵਿਸ਼ੇਸ਼ ਕਿਸਮ ਦੀ ਚਿਣਗ ਪੈਦਾ ਕਰਦੀ ਹੈ। ਓਮ ਪ੍ਰਕਾਸ਼ ਗਾਸੋ ਇੱਕ ਚਿੰਤਨਸ਼ੀਲ ਅਤੇ ਸੰਵੇਦਨਸ਼ੀਲ ਕਿਸਮ ਦੇ ਸਾਹਿਤਕਾਰ ਰਹੇ ਹਨ। ਪੰਜਾਬੀ ਸਾਹਿਤ ਤੋਂ ਇਲਾਵਾ ਉਨ੍ਹਾਂ ਨੇ ਹਿੰਦੀ ਸਾਹਿਤ ਵਿਚ ਵੀ ਰਚਨਾਵਾਂ ਲਿਖੀਆਂ ਹਨ। ਉਨ੍ਹਾਂ ਦੀਆਂ ਰਚਨਾਵਾਂ ਮਨੁੱਖੀ ਜ਼ਿੰਦਗੀ ਦੇ ਬਹੁਤ ਨੇੜੇ ਹੋ ਕੇ ਵਿਚਰਦੀਆਂ ਹਨ। ਆਪਣੇ ਸਭਿਆਚਾਰ ਪ੍ਰਤੀ ਉਨ੍ਹਾਂ ਅੰਦਰ ਅਥਾਹ ਪਿਆਰ ਹੈ ਜਿਸ ਦਾ ਜ਼ਿਕਰ ਅਸੀਂ ਉਨ੍ਹਾਂ ਦੀਆਂ ਰਚਨਾਵਾਂ ਵਿਚ ਦੇਖ ਸਕਦੇ ਹਾਂ। ਉਨ੍ਹਾਂ ਦਾ ਜਨਮ ਮਾਲਵੇ ਇਲਾਕੇ ਵਿਚ ਹੋਇਆ ਹੈ, ਇਸ ਦੇ ਲਈ ਉਨ੍ਹਾਂ ਨੇ ਇੱਕ ਰਚਨਾ 'ਮਲਵਈ ਸਭਿਆਚਾਰ' ਆਪਣੇ ਪਾਠਕਾਂ ਦੇ ਸਾਹਮਣੇ ਪੇਸ਼ ਕੀਤੀ ਹੈ। ਇਸ ਤੋਂ ਇਲਾਵਾ ਉਨ੍ਹਾਂ ਦੀਆਂ ਅਨੇਕਾਂ ਸਭਿਆਚਾਰਕ ਕਿਰਤਾਂ ਛਪੀਆਂ ਹਨ ਜੋ ਕਿ ਪਾਠਕਾਂ ਨੂੰ ਆਪਣੇ ਸਭਿਆਚਾਰ ਪ੍ਰਤੀ ਜਾਗਰੂਕ ਕਰਦੀਆਂ ਹਨ। ਓਮ ਪ੍ਰਕਾਸ਼ ਗਾਸੋ ਦੇ ਜੀਵਨ ਦੇ ਮੁੱਢਲੇ ਦੌਰ ਵਿਚ ਵਾਪਰੀ ਸੰਨ ਸੰਤਾਲੀ ਦੀ ਦੁਰਘਟਨਾ ਦੇ ਦੁਖਾਂਤ ਨੇ ਉਨ੍ਹਾਂ ਤੇ ਬਹੁਤ ਡੂੰਘਾ ਪ੍ਰਭਾਵ ਪਾਇਆ। ਇਹ ਅਸਰ ਹਜੇ ਤੱਕ ਦੇਖਿਆ ਜਾ ਸਕਦਾ ਹੈ। ਉਨ੍ਹਾਂ ਦੀਆ ਰਚਨਾਵਾਂ ਵਿਚ ਇਸ ਦੁਖਾਂਤ ਦਾ ਅਕਸਰ ਵਰਣਨ ਹੋਇਆ ਮਿਲਦਾ ਹੈ। ਉਨ੍ਹਾਂ ਨੇ ਆਪਣੇ ਆਲੇ-ਦੁਆਲੇ ਜੋ ਰੌਲਾ, ਅਵਿਸ਼ਵਾਸ, ਬਨਾਵਟ, ਝੂਠ, ਧੋਖਾ, ਕਠੋਰਤਾ, ਸਮੱਸਿਆਵਾਂ, ਔਕੜਾਂ, ਹੋਛੇਪਣ ਅਤੇ ਵਧੀਕੀਆਂ ਨੂੰ ਹੁੰਦੇ ਦੇਖਿਆ ਤਾਂ ਇਸ ਸਭ ਨੂੰ ਆਪਣੀ ਰਚਨਾ ਦਾ ਅੰਗ ਬਣਾਇਆ।

**OM PARKASH GASSO DE NAVALAN VICH SAMAAJ-SABHYACHARAK**

**ATE RAJNITAK CHETNA**

ਓਮ ਪ੍ਰਕਾਸ਼ ਗਾਸੋ ਜੀ ਦੀਆਂ ਰਚਨਾਵਾਂ ਦੀ ਖ਼ਾਸੀਅਤ ਦੀ ਗੱਲ ਕਰੀਏ ਤਾਂ ਉਨ੍ਹਾਂ ਨੇ ਕਦੇ ਬਾਹਰਲੀਆਂ ਘਟਨਾਵਾਂ ਦੇ ਬਾਹਰਲੇਪਣ ਨੂੰ ਕਦੇ ਵੀ ਓਪਰਿਆਂ ਦੀ ਤਰ੍ਹਾਂ ਕਬੂਲ ਨਹੀਂ ਕੀਤਾ ਸਗੋਂ ਉਨ੍ਹਾਂ ਨੇ ਇਨ੍ਹਾਂ ਘਟਨਾਵਾਂ ਦੇ ਅਰਥਾਂ ਦੇ ਸਮਰੱਥ ਹੋ ਕੇ ਤੁਰਨਾ ਸ਼ੁਰੂ ਕੀਤਾ ਤੇ ਆਪਣੀਆਂ ਰਚਨਾਵਾਂ ਦੀ ਰਚਨਾ ਪ੍ਰਕਿਰਿਆ ਦਾ ਅਟੁੱਟ ਅੰਗ ਬਣਨ ਦੀ ਕੋਸ਼ਿਸ਼ ਕੀਤੀ ਹੈ।

## ਓਮ ਪ੍ਰਕਾਸ਼ ਗਾਸੋ ਦੀਆਂ ਰਚਨਾਵਾਂ

**ਨਾਵਲ:**

- ਸੁਪਨੇ ਤੇ ਸੰਸਕਾਰ
- ਕੱਪੜਵਾਸ
- ਆਸ ਅੱਥਰੂ
- ਪੰਚਨਾਦ
- ਮਿੱਟੀ ਦਾ ਮੁੱਲ
- ਲੋਹੇ ਲਾਖੇ
- ਘਰਕੀਣ
- ਤੱਤੀ ਹਵਾ
- ਮੌਤ ਦਰ ਮੌਤ
- ਅਧੂਰੇ ਖਤ ਦੀ ਇਬਾਰਤ
- ਬੁੱਝ ਰਹੀ ਬੱਤੀ ਦਾ ਚਾਨਣ
- ਬੰਦ ਗਲੀ ਦੇ ਬਾਸ਼ਿੰਦੇ
- ਤਾਂਬੇ ਦਾ ਰੰਗ
- ਤੁਰਦਿਆਂ-ਤੁਰਦਿਆਂ
- ਚਿੱਤਰਾ-ਬਚਿੱਤਰਾ
- ਇਤਫ਼ਾਕ
- ਜਵਾਬਦੇਹ ਕੌਣ
- ਇਤਿਹਾਸ ਦੀ ਆਵਾਜ਼
- ਤੂੰ ਕੌਣ ਸੀ?
- ਦਰ-ਕਿਨਾਰ

OM PARKASH GASSO DE NAVALAN VICH SAMAAJ-SABHYACHARAK

ATE RAJNITAK CHETNA

- ਰੱਤਾ-ਥੇਹ

**ਸੰਸਕ੍ਰਿਤੀ ਤੇ ਸਭਿਆਚਾਰ:**

- ਪੰਜਾਬੀ ਸਭਿਆਚਾਰ
- ਪੰਜਾਬੀ ਦਿੱਖ ਤੇ ਦਰਸ਼ਨ
- ਜ਼ਿੰਦਗੀ ਦੀ ਸੌਗਾਤ
- ਅਰਥਾਤ
- ਜ਼ਿੰਦਗੀ ਦੇ ਹਰਫ਼
- ਲੋਕਯਾਨਿਕ-ਸੰਵਾਦ
- ਤਲਖ਼ੀਆਂ ਦੇ ਰੂ-ਬ-ਰੂ
- ਦਰਵੇਸ਼ ਦੀ ਫ਼ਕੀਰੀ (ਭਗਤ ਪੂਰਨ ਸਿੰਘ ਬਾਰੇ)
- ਮਲਵਈ ਸਭਿਆਚਾਰ
- ਪੰਜਾਬੀ ਸਭਿਆਚਾਰ, ਸੌਂਦਰਯ ਸ਼ਾਸਤਰ

**ਬਾਲ-ਸਾਹਿਤ:**

- ਫਲੋਰੰਜਨੀ ਦੇ ਫੁੱਲ
- ਸਿੱਖਿਆ ਤੇ ਸਬਕ

**ਆਲੋਚਨਾ:**

- ਪਵਿੱਤਰ ਪਾਪੀ (ਆਲੋਚਨਾਤਮਕ ਅਧਿਐਨ)
- ਸੂਫ਼ੀ ਖਾਨਾ (ਆਲੋਚਨਾਤਮਕ ਅਧਿਐਨ)

**ਪੰਜਾਬੀ ਕਵਿਤਾ:**

- ਕਿੱਥੇ ਹੈ ਆਦਮੀ?

**ਹਿੰਦੀ ਨਾਵਲ:**

- ਮਨੁਸ਼ਯ ਕੀ ਆਂਖੇ
- ਬਿਖਰੀ ਬਿਖਰੀ ਬਾਤੇਂ

**ਹਿੰਦੀ ਕਵਿਤਾ:**

- ਨੀਮ ਕੀ ਛਾਇਆ ਤਲੇ
- ਪੂਰਵਿਕਾ

- ਰਾਜ ਮਾਰਗ
- ਭੀਗੀ ਗਲੀਆਂ ਬਿਖਰਾ ਕਾਂਚ

**ਹਿੰਦੀ ਤੋਂ ਪੰਜਾਬੀ ਵਿਚ ਅਨੁਵਾਦਿਤ ਅਨੁਵਾਦ:**

- ਸ਼ਿਕਾਰੀ (ਨਾਟਕ)
- ਝਰੋਖੇ (ਭੀਸ਼ਮ ਸਾਹਨੀ ਦਾ ਨਾਵਲ)
- ਯਸ਼ਪਾਲ ਦੀਆਂ ਪ੍ਰਤੀਨਿਧ ਕਹਾਣੀਆਂ
- ਓਸਦਾ ਬਚਪਨ (ਬਲਦੇਵ ਕ੍ਰਿਸ਼ਨ ਵੈਦ ਦਾ ਨਾਵਲ)
- ਯਾਦਾਂ ਦੇ ਪੰਛੀ (ਪ੍ਰਾ. ਈ. ਸੋਨਕਾਂਬਲੇ ਦੀ ਰਚਨਾ)
- ਸੁਨੀਤਾ (ਨਾਵਲ–ਜੈਨੇਂਰਦ) ਆਦਿ।

**ਵਿਸ਼ੇਸ਼ ਪੁਰਸਕਾਰਾਂ ਦੀ ਸੂਚੀ:**

- ਪੰਜਾਬੀ ਸਾਹਿਤ ਸ਼੍ਰੋਮਣੀ ਪੁਰਸਕਾਰ
- ਭਾਈ ਮੋਹਨ ਸਿੰਘ ਵੈਦ ਪੁਰਸਕਾਰ
- ਬਲਰਾਜ ਸਾਹਨੀ ਪੁਰਸਕਾਰ
- ਕਹਾਣੀਕਾਰ ਸੁਦਰਸ਼ਨ ਪੁਰਸਕਾਰ
- ਨਾਵਲ ਨਾਨਕ ਸਿੰਘ ਪੁਰਸਕਾਰ
- ਇੱਕੀ ਹਜ਼ਾਰ ਦਾ ਧਾਲੀਵਾਲ ਪੁਰਸਕਾਰ
- ਪ੍ਰੋ. ਮੋਹਨ ਸਿੰਘ ਪੁਰਸਕਾਰ
- ਭਾਈ ਕਾਨ੍ਹ ਸਿੰਘ ਪੁਰਸਕਾਰ
- ਸੰਤ ਅਤਰ ਸਿੰਘ ਘੁੰਨਸ ਪੁਰਸਕਾਰ
- ਸਾਹਿਤ ਅਚਾਰੀਯ ਪੁਰਸਕਾਰ
- ਇੱਕੀ ਹਜ਼ਾਰ ਦਾ ਸਾਹਿਤ ਸੰਗਮ ਦਿੱਲੀ ਪੁਰਸਕਾਰ
- ਸਤਿਗੁਰੂ ਜਗਜੀਤ ਸਿੰਘ ਜੀ ਦੁਆਰਾ ਪੁਰਸਕਾਰ
- ਗਿਆਰਾਂ ਹਜ਼ਾਰ ਦਾ ਪੰਜਾਬ ਕਲਾ ਪ੍ਰੀਸ਼ਦ ਵੱਲੋਂ ਪੰਜਾਬੀ ਸਾਹਿਤ ਅਕਾਦਮੀ ਦੇ ਮੰਚ ਤੋਂ ਚੰਡੀਗੜ੍ਹ ਵਿਖੇ 28 ਅਪ੍ਰੈਲ, 2012

**ਵਿਸ਼ੇਸ਼ ਲੱਭਤ :**

**OM PARKASH GASSO DE NAVALAN VICH SAMAAJ-SABHYACHARAK ATE RAJNITAK CHETNA**

- ਓਮ ਪ੍ਰਕਾਸ਼ ਗਾਸੋ ਦੇ ਨਾਵਲ 'ਬੁਝ ਰਹੀ ਬੱਤੀ ਦਾ ਚਾਨਣ' 'ਤੇ ਆਧਾਰਿਤ 'ਪਰਛਾਵੇਂ' ਸੀਰੀਅਲ ਦੂਰਦਰਸ਼ਨ ਜਲੰਧਰ ਤੋਂ ਲਗਾਤਾਰ ਪ੍ਰਸਾਰਿਤ ਹੁੰਦਾ ਰਿਹਾ।
- ਉਨ੍ਹਾਂ ਦੇ ਨਾਵਲ 'ਮਿੱਟੀ ਦਾ ਮੁੱਲ' ਅਤੇ 'ਮੌਤ ਦਰ ਮੌਤ' ਦਾ ਨਾਟਕੀ ਰੂਪ ਇੰਗਲੈਂਡ, ਕੈਨੇਡਾ ਤੇ ਅਮਰੀਕਾ ਵਿਚ ਖੇਡਿਆ ਗਿਆ।

**OM PARKASH GASSO DE NAVALAN VICH SAMAAJ-SABHYACHARAK ATE RAJNITAK CHETNA**

## ਓਮ ਪ੍ਰਕਾਸ਼ ਗਾਸੋ ਦਾ ਸਾਹਿਤਕ ਪਿਛੋਕੜ

ਜੇਕਰ ਅਸੀਂ ਗੱਲ ਕਰੀਏ ਕਿ ਸਾਹਿਤਕ ਰਚਨਾ ਲਈ ਕੀ ਗੱਲਾਂ ਪ੍ਰੇਰਨਾ ਸ੍ਰੋਤ ਬਣਦੀਆਂ ਹਨ ਭਾਵ ਕਿਸੇ ਅੰਦਰ ਸਾਹਿਤ ਰਚਨਾ ਦੀ ਚਿਣਗ ਕਿਵੇਂ ਪੈਂਦਾ ਹੋਈ ਤਾਂ ਸਾਧਾਰਨ ਗੱਲ ਹੈ ਕਿ ਹਰ ਵਿਅਕਤੀ ਅੰਦਰ ਕੁੱਝ ਨਾ ਕੁੱਝ ਭਖਦਾ ਰਹਿੰਦਾ ਹੈ, ਜੇਕਰ ਵਿਅਕਤੀ ਆਪਣੇ ਅੰਦਰ ਭਖਦੇ ਭਖਾਅ ਨੂੰ ਅਣਗੌਲਿਆ ਕਰ ਦਿੰਦਾ ਹੈ ਤਾਂ ਉਹ ਕਦੇ ਵੀ ਸੰਵੇਦਨਸ਼ੀਲ ਚੇਤਨਾ ਦੇ ਅਰਥ ਨੂੰ ਨਹੀਂ ਸਮਝ ਸਕਦਾ ਪਰ ਜਦ ਉਹ ਸੰਵੇਦਨਸ਼ੀਲ ਚੇਤਨਾ ਦੇ ਅੰਗ ਸੰਗ ਚਲਦਾ ਹੈ ਤੇ ਸਮਾਜ ਨਾਲ ਜੁੜ ਕੇ ਜ਼ਿੰਦਗੀ ਵਿਚ ਗ੍ਰਹਿਣ ਜਾਂ ਪ੍ਰਾਪਤ ਕੀਤੀਆਂ ਕਹਾਣੀਆਂ ਨੂੰ ਜ਼ਿੰਦਗੀ ਦੇ ਭੇਂਟ ਕਰਦਾ ਹੈ। ਇਸ ਪ੍ਰਕਾਰ ਓਮ ਪ੍ਰਕਾਸ਼ ਗਾਸੋ ਦੁਆਰਾ ਬਚਪਨ ਤੋਂ ਹੀ ਆਪਣੇ ਆਲੇ-ਦੁਆਲੇ ਦੇ ਵਰਤਾਰੇ ਦੀ ਰੁਚੀ ਨੇ ਉਨ੍ਹਾਂ ਨੂੰ ਸਦਾ ਚੇਤੰਨ ਬਣਾਈ ਰੱਖਿਆ ਜੋ ਕਿ ਇੱਕ ਲੇਖਕ ਦਾ ਖ਼ਾਸ ਗੁਣ ਹੈ ਕਿ ਉਸ ਦੇ ਆਲੇ-ਦੁਆਲੇ ਵਿਚ ਜੋ ਕੁੱਝ ਵਾਪਰ ਰਿਹਾ ਹੈ ਉਹ ਉਸ ਪ੍ਰਤੀ ਸੁਚੇਤ ਰਹੇ। ਉਨ੍ਹਾਂ ਦੇ ਬਚਪਨ ਵਿਚ ਵਾਪਰੀ ਸੰਨ ਸੰਤਾਲੀ ਦੀ ਦੁਰਘਟਨਾ ਨੇ ਉਨ੍ਹਾਂ ਦੇ ਜੀਵਨ ਤੇ ਬਹੁਤ ਡੂੰਘਾ ਪ੍ਰਭਾਵ ਪਾਇਆ। ਜਿੱਥੇ ਉਨ੍ਹਾਂ ਨੇ ਪੰਜਾਬ ਦੇ ਪਾਣੀ ਦੀ ਪਵਿੱਤਰਤਾ ਨੂੰ ਭੰਗ ਹੁੰਦੇ ਦੇਖਿਆ। ਅਜਿਹੀਆਂ ਸਥਿਤੀਆਂ ਨੇ ਉਨ੍ਹਾਂ ਅੰਦਰ ਵਿਸ਼ੇਸ਼ ਕਿਸਮ ਦੀ ਚਿਣਗ ਪੈਂਦਾ ਕੀਤੀ ਤੇ ਉਨ੍ਹਾਂ ਦੇ ਵੱਡੇ ਭਰਾ ਜਗਨਨਾਥ ਦੀਆਂ ਸਾਹਿਤਕ ਅਤੇ ਸੰਵੇਦਨਸ਼ੀਲ ਰੁਚੀਆਂ ਨੇ ਵੀ ਉਨ੍ਹਾਂ ਨੂੰ ਸਾਹਿਤ ਪ੍ਰਤੀ ਸੰਬੋਧਨ ਕੀਤਾ। ਇਸ ਪ੍ਰਕਾਰ ਉਨ੍ਹਾਂ ਅੰਦਰ ਪੈਦਾ ਹੋਈ ਚੇਤਨਾ ਅਤੇ ਚਿਣਗ ਨੇ ਜ਼ਿੰਦਗੀ ਦੇ ਸਹੀ ਅਰਥਾਂ ਨੂੰ ਸਮਝਣਾ ਸ਼ੁਰੂ ਕਰ ਦਿੱਤਾ। ਆਪਣੀਆਂ ਅੱਖਾਂ ਸਾਹਮਣੇ ਜੋ ਮਨੁੱਖਤਾ ਦਾ ਘਾਣ ਹੁੰਦਿਆਂ ਉਨ੍ਹਾਂ ਨੇ ਦੇਖਿਆ ਤਦ ਉਨ੍ਹਾਂ ਨੇ ਇਨਸਾਨੀਅਤ ਦੀ ਪਹਿਚਾਣ ਵੱਲ ਕਦਮ ਪੁੱਟਣੇ ਸ਼ੁਰੂ ਕਰ ਦਿੱਤੇ ਅਤੇ ਅਜਿਹੀਆਂ ਸਥਿਤੀਆਂ ਹੀ ਉਨ੍ਹਾਂ ਦੀਆਂ ਦੀ ਰਚਨਾ ਦਾ ਪ੍ਰੇਰਨਾ ਸ੍ਰੋਤ ਬਣਦੀਆਂ ਗਈਆਂ।ਓਮ ਪ੍ਰਕਾਸ਼ ਗਾਸੋ ਜੀ ਦੀ ਵਾਤਾਵਰਨ ਪ੍ਰਤੀ ਖਿੱਚ ਵੀ ਉਨ੍ਹਾਂ ਦੀ ਸਾਹਿਤਕ ਰਚਨਾ ਦਾ ਕਾਰਨ ਬਣਦੀ ਰਹੀ। ਗਾਸੋ ਜੀ ਦੀਆ ਸਿਰਜਣਾਤਮਕ ਅਤੇ ਮੌਲਿਕ ਰੁਚੀਆਂ ਨੇ ਉਨ੍ਹਾਂ ਨੂੰ ਸਾਹਿਤ ਪ੍ਰਤੀ ਆਕਰਸ਼ਿਤ ਕੀਤਾ। ਓਮ ਪ੍ਰਕਾਸ਼ ਗਾਸੋ ਦੀ ਚਿੰਤਨ ਸ਼ੈਲੀ ਭਾਵ ਇੱਕ ਸਾਧਾਰਨ ਵਿਅਕਤੀ ਤੋਂ ਅਲੱਗ ਹੋ ਕੇ ਸੋਚਣਾ ਜੋ ਵੀ ਉਨ੍ਹਾਂ ਦੇ ਵਰਤਾਰੇ 'ਚ ਬੀਤਦਾ ਰਿਹਾ ਨੇ ਵੀ ਉਨ੍ਹਾਂ ਨੂੰ ਸਾਹਿਤਕ ਰਚਨਾ ਪ੍ਰਤੀ ਪ੍ਰੇਰਿਆ। ਗਾਸੋ ਜੀ ਆਪ ਸਮਾਜ ਦੀ ਸਥਿਤੀਆਂ ਨੂੰ ਸਮਝਣ ਵਿਚ ਸੰਵੇਦਨਸ਼ੀਲ ਕੋਸ਼ਿਸ਼ ਕਰਦੇ ਰਹੇ ਜਿਸ ਸਦਕਾ ਉਹ ਸਾਹਿਤਕ ਰਚਨਾ ਕਰਦੇ ਰਹੇ ਹਨ। ਸਮਾਜ ਨੂੰ ਲੈ ਕੇ ਉਨ੍ਹਾਂ ਅੰਦਰ ਪੈਂਦਾ ਹੋਏ ਜਜ਼ਬਾਤ ਵੀ ਸੰਦੇਸ਼ਵਾਹਕ ਕੰਮ ਕਰਦੇ ਰਹੇ ਕਿਉਂ ਕਿ ਇਹੀ ਜਜ਼ਬਾਤ ਸਮਾਜ ਵਾਸਤੇ ਸਿਰਜਣਾਤਮਕ ਭੂਮਿਕਾ ਨਿਭਾਉਂਦੇ ਰਹਿੰਦੇ ਹਨ। ਸਮੇਂ-ਸਮੇਂ ਤੇ ਹੋਈਆ ਸਮਾਜਿਕ, ਆਰਥਿਕ, ਰਾਜਨੀਤਿਕ ਅਤੇ ਕਲਾਤਮਿਕ ਘਟਨਾਵਾਂ ਉਨ੍ਹਾਂ ਲਈ ਪ੍ਰੇਰਨਾ ਸ੍ਰੋਤ ਬਣਦੀਆਂ ਗਈਆਂ। ਗਾਸੋ ਜੀ ਇੱਕ ਜਗ੍ਹਾ ਲਿਖਦੇ ਹਨ ਕਿ ਲੇਖਕ ਦੀ ਸੂਖਮ ਚੇਤਨਾ ਜਦੋਂ ਆਪਣੇ ਸੰਸਾਰਿਕ ਸੰਕਲਪ ਨਾਲ ਧੱਕਾ ਹੁੰਦਾ ਦੇਖਦੀ ਹੈ ਤਦ ਉਹ ਤੜਫਣ ਲੱਗ ਪੈਂਦਾ ਹੈ ਅਤੇ ਇਸ ਤੜਪ ਨੂੰ ਹੀ ਉਹ ਆਪਣੀ ਸਾਹਿਤਕ ਸਿਰਜਣਾ ਦਾ ਪ੍ਰੇਰਣਾ ਸ੍ਰੋਤ ਮੰਨਦੇ ਰਹੇ ਹਨ।

**OM PARKASH GASSO DE NAVALAN VICH SAMAAJ-SABHYACHARAK ATE RAJNITAK CHETNA**

ਇੱਕ ਸਾਧਾਰਨ ਵਿਅਕਤੀ ਅਤੇ ਲੇਖਕ ਵਿਚ ਅੰਤਰ ਹੁੰਦਾ ਹੈ। ਇੱਕ ਆਮ ਵਿਅਕਤੀ ਆਪਣੀ ਜ਼ਿੰਦਗੀ ਸਾਧਾਰਨ ਤਰੀਕੇ ਨਾਲ ਜਿਊਂਦਾ ਹੈ ਭਾਵ ਕਿ ਉਸ ਦੇ ਆਲੇ-ਦੁਆਲੇ ਜੋ ਕੁੱਝ ਵਾਪਰ ਰਿਹਾ ਹੁੰਦਾ ਹੈ ਉਸ ਪ੍ਰਤੀ ਜ਼ਿਆਦਾ ਜਾਗਰੂਕ ਨਹੀਂ ਹੁੰਦਾ ਪਰ ਜਦੋਂ ਉਸ ਅੰਦਰ ਇਹ ਜਾਗਰੂਕਤਾ ਆ ਜਾਂਦੀ ਹੈ ਤੇ ਉਹ ਸੋਚਣਾ-ਵਿਚਾਰਨਾ ਸ਼ੁਰੂ ਕਰ ਦਿੰਦਾ ਹੈ ਤਾਂ ਉਹ ਸਾਧਾਰਨ ਵਿਅਕਤੀ ਤੋਂ ਅੱਗੇ ਦੇ ਜੀਵਨ ਵੱਲ ਤੁਰ ਪੈਂਦਾ ਹੈ। ਫਿਰ ਉਹ ਜੋ ਕੁੱਝ ਵੀ ਗ੍ਰਹਿਣ ਕਰਦਾ ਹੈ ਉਸ ਨੂੰ ਬਾਕੀਆਂ ਤੱਕ ਪਹੁੰਚਾਉਣ ਦੀ ਕੋਸ਼ਿਸ਼ ਕਰਦਾ ਹੈ ਭਾਵ ਕਿ ਜਾਗਰੂਕਤਾ ਦਾ ਫੈਲਾਅ ਕਰਨਾ ਲੋਚਦਾ ਹੈ। ਜਿਸ ਤੋਂ ਉਸ ਦੇ ਸਾਹਿਤਕ ਸਫ਼ਰ ਦਾ ਆਰੰਭ ਹੁੰਦਾ ਹੈ। ਇਸ ਤਰ੍ਹਾਂ ਓਮ ਪ੍ਰਕਾਸ਼ ਗਾਸੋ ਦੀ ਸ਼ੁਰੂ ਤੋਂ ਹੀ ਆਪਣੇ ਆਲੇ-ਦੁਆਲੇ ਦੀ ਖਿੱਚ ਨੇ ਉਨ੍ਹਾਂ ਨੂੰ ਸਾਹਿਤ ਪ੍ਰਤੀ ਪ੍ਰੇਰਿਆ ਹੈ।

ਕਿਰਤ ਨੂੰ ਕਲਾ ਕਿਹਾ ਜਾ ਸਕਦਾ ਹੈ। ਕਲਾ ਅਤੇ ਸਾਹਿਤ ਦਾ ਆਪਸ ਵਿਚ ਡੂੰਘਾ ਸੰਬੰਧ ਹੁੰਦਾ ਹੈ। ਇਸ ਤਰ੍ਹਾਂ ਦਾ ਗਾਸੋ ਜੀ ਦਾ ਕਿਰਤੀ ਸੁਭਾਅ ਉਨ੍ਹਾਂ ਨੂੰ ਸਾਹਿਤ ਦੇ ਪ੍ਰਤੀ ਆਕਰਸ਼ਿਤ ਕਰਦਾ ਰਿਹਾ ਹੈ। ਓਮ ਪ੍ਰਕਾਸ਼ ਗਾਸੋ ਜੀ ਦਾ ਸਾਹਿਤ ਦੇ ਨਾਲ ਅਥਾਹ ਪਿਆਰ ਹੈ ਜਿਸ ਦਾ ਪਤਾ ਇਸ ਕਥਨ ਤੋਂ ਹੁੰਦਾ ਹੈ:- ਕਿ ਜਿਹੜੀਆਂ ਕੌਮਾਂ ਸਾਹਿਤ ਨਹੀਂ ਪੜ੍ਹਦੀਆਂ ਉਹ ਬਾਹਰ ਦੀ ਅੰਦਰਲੀ-ਆਂਤਰਿਕਤਾ ਤੋਂ ਅਣਜਾਣ ਬਣੀਆਂ ਰਹਿੰਦੀਆਂ ਹਨ।

ਇਸ ਪ੍ਰਕਾਰ ਗਾਸੋ ਦੀ ਸਾਹਿਤਕ ਰਚਨਾ ਦੇ ਪਿਛੋਕੜ ਵਿਚ ਅਨੇਕਾਂ ਹੀ ਕਾਰਨ ਆਪਣੀ ਕਾਰਗੁਜ਼ਾਰੀ ਕਰਦੇ ਆ ਰਹੇ ਹਨ।

## 1.7 ਚੇਤਨਾ ਦਾ ਸਮਾਜ-ਸਭਿਆਚਾਰਕ ਅਤੇ ਰਾਜਨੀਤਕ ਸਰੂਪ

### ਚੇਤਨਾ ਕੀ ਹੈ?

ਚੇਤਨਾ ਅੰਗਰੇਜ਼ੀ ਭਾਸ਼ਾ ਦੇ ਸ਼ਬਦ 'consciousness' ਦਾ ਪੰਜਾਬੀ ਰੂਪ ਹੈ। ਪੰਜਾਬੀ ਦੇ ਵਿਚ ਇਸ ਦੇ ਅਰਥ ਸਮਝ ਅਤੇ ਅਹਿਸਾਸ ਲਏ ਜਾਂਦੇ ਹਨ। ਮਨੁੱਖ ਨੂੰ ਇੱਕ ਚਿੰਤਨਸ਼ੀਲ ਪ੍ਰਾਣੀ ਕਿਹਾ ਜਾਂਦਾ ਹੈ ਤੇ ਇੱਥੇ ਚਿੰਤਨਸ਼ੀਲ ਤੋਂ ਭਾਵ ਮਨੁੱਖੀ ਚੇਤਨਾ ਤੋਂ ਹੈ। ਚੇਤਨਾ ਦਾ ਸਿੱਧਾ ਸੰਬੰਧ ਮਨੁੱਖ ਦੇ ਮਨ ਅਤੇ ਉਸ ਦੇ ਸਰੀਰ ਦਾ ਨਾਲ ਹੁੰਦਾ ਹੈ ਪਰ ਚੇਤਨਾ ਕੋਈ ਸਰੀਰਕ ਅੰਗ ਨਹੀਂ ਹੈ ਇਸ ਨੂੰ ਸਿਰਫ਼ ਮਹਿਸੂਸ ਕੀਤਾ ਜਾ ਸਕਦਾ ਹੈ। ਮਨੁੱਖ ਮਾਨਸਿਕ ਤੌਰ 'ਤੇ ਚੇਤੰਨ ਹੁੰਦਾ ਹੈ ਜਿਸ ਵਜ੍ਹਾ ਕਰ ਕੇ ਉਸ ਨੂੰ ਆਪਣੇ ਆਲੇ-ਦੁਆਲੇ ਦੀ ਸਮਝ ਹੁੰਦੀ ਹੈ ਕਿ ਉਸ ਦੇ ਇਰਦ-ਗਿਰਦ ਕੀ ਵਾਪਰ ਰਿਹਾ ਹੈ, ਕਿਸ ਸਮੇਂ ਉਸ ਨੇ ਕੀ ਕੰਮ ਕਰਨਾ ਹੈ, ਉਸ ਦੇ ਆਲੇ-ਦੁਆਲੇ ਕੀ ਘਟਨਾਵਾਂ ਵਾਪਰ ਰਹੀਆਂ ਹਨ। ਇਹ ਸਭ ਉਸ ਦੀ ਚੇਤੰਨ ਪ੍ਰਕਿਰਿਆ ਤੇ ਨਿਰਭਰ ਕਰਦਾ ਹੈ। ਸੋ, ਚੇਤਨਾ ਦਾ ਸੰਬੰਧ ਮਨੁੱਖ ਦੇ ਦਿਮਾਗ਼ ਵਿਚ ਬਾਹਰਵਰਤੀ ਵਰਤਾਰਿਆਂ ਦੇ ਪ੍ਰਤੀਬਿੰਬ ਅਤੇ ਉਸ ਪ੍ਰਤੀਬਿੰਬ ਦੀ ਅੰਦਰਲੀ ਗੁੰਝਲਦਾਰ ਪ੍ਰਕਿਰਿਆ ਨਾਲ ਹੈ।

## OM PARKASH GASSO DE NAVALAN VICH SAMAAJ-SABHYACHARAK ATE RAJNITAK CHETNA

ਚੇਤਨਾ ਦਾ ਵਿਸ਼ਾ ਬਹੁਤ ਹੀ ਗੁੰਝਲਦਾਰ ਹੈ। ਪਰ ਫਿਰ ਵੀ ਇਸ ਨੂੰ ਵੱਖ-ਵੱਖ ਵਿਦਵਾਨਾਂ ਦੁਆਰਾ ਪਰਿਭਾਸ਼ਿਤ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ, ਜੋ ਕਿ ਇਸ ਪ੍ਰਕਾਰ ਹੈ:-

ਆਕਸਫੋਰਡ ਡਿਕਸ਼ਨਰੀ ਅਨੁਸਾਰ,

> "ਚੇਤਨਾ ਦਾ ਅਰਥ ਹੈ ਭਾਵਾਂ, ਵਿਚਾਰਾਂ ਅਤੇ ਸ਼ਬਦਾਂ ਦੀ ਸਮੁੱਚਤਾ ਜੋ ਵਿਅਕਤੀ ਨੂੰ ਚੇਤਨ ਬਣਾਉਂਦੇ ਹਨ।"[13]

ਡਾ. ਅਰਮਸਟਰਾਂਗ ਆਪਣੀ ਪੁਸਤਕ 'ਦ ਕਰੈਕਟਰ ਆਫ਼ ਮਾਈਂਡ' ਵਿਚ ਲਿਖਦੇ ਹਨ ਕਿ,

> "ਚੇਤਨਾ ਦੀ ਪ੍ਰਕਿਰਤੀ ਇੱਕ 'ਰਹੱਸ' ਹੈ, ਭਾਵ ਇਹ ਕਿ ਇਸ ਬਾਰੇ ਕੋਈ ਸਿਧਾਂਤ ਘੜਨਾ ਮਨੁੱਖੀ ਸ਼ਕਤੀਆਂ ਤੋਂ ਪਰੇ ਦੀ ਗੱਲ ਹੈ। ਪਰ ਇਹ ਗੱਲ ਵੀ ਨਹੀਂ ਕਿ ਇਹ ਆਪਣੇ ਆਪ ਵਿਚ ਕੋਈ ਕਰਾਮਾਤ ਹੈ। ਇਹ ਸਥਿਤੀ ਗਿਆਨ-ਵਿਗਿਆਨਿਕ (epistemological) ਅਤੇ ਤੱਤ-ਸ਼ਾਸਤਰੀ (ontological) ਪ੍ਰਸ਼ਨ ਦੇ ਸਪਸ਼ਟ ਵਖਰੇਵੇਂ 'ਤੇ ਆਧਾਰਿਤ ਹੈ। ਗਿਆਨ-ਵਿਗਿਆਨਕ ਪੱਖ ਤੋਂ ਚੇਤਨਾ ਸਾਡੀ ਸਮਝ ਤੋਂ ਬਾਹਰ ਦੀ ਚੀਜ਼ ਹੈ।"[14]
>
> "ਮਨੁੱਖੀ ਚੇਤਨਾ ਦਾ ਸੰਬੰਧ ਪਦਾਰਥਕ ਆਲੇ-ਦੁਆਲੇ ਨਾਲੋਂ ਅਟੁੱਟ ਹੈ। ਚੇਤਨਾ ਦੇ ਗੁਣ ਇੰਦਰੀਆਂ ਉੱਤੇ ਅਮਲ ਕਰਦੇ ਹਨ, ਜਿਸ ਦੇ ਸਿੱਟੇ ਵਜੋਂ ਪੈਦਾ ਹੋਈ ਉਤੇਜਨਾ ਤੰਤੂਆਂ ਦੇ ਸਾਧਨ ਰਾਹੀਂ ਸੈਰੀਬਰਮ ਦੇ ਅੱਧ ਗੋਲਿਆਂ ਦੇ ਬਰਾਬਰ ਪੁੜ ਤੱਕ ਪਹੁੰਚਦੀ ਹੈ, ਜਿੱਥੇ ਅਨੁਸਾਰੀ ਅਨੁਭਵ ਉੱਭਰਦੇ ਹਨ।"[15]
>
> "ਇਹ ਭੌਤਿਕ ਸੰਸਾਰ ਦਾ ਮਨ ਅਤੇ ਅਕਸ ਹੈ। ਇਸ ਵਿਚ ਮਾਨਸਿਕ ਗਤੀਵਿਧੀ ਦੀਆਂ ਬਹੁਤ ਸਾਰੀਆਂ ਕਿਸਮਾਂ ਸ਼ਾਮਿਲ ਹਨ, ਜਿਵੇਂ ਕਿ ਸੰਵੇਦਨਾ, ਅਨੁਭਵ, ਧਾਰਨਾ, ਵਿਚਾਰ-ਭਾਵਨਾ ਅਤੇ ਇੱਛਾ।"[16]

ਜਦੋਂ ਵਿਅਕਤੀ ਦੇ ਮਨ ਅੰਦਰ ਆਪਣੇ ਆਲੇ-ਦੁਆਲੇ ਭਾਵ ਸਮਾਜਿਕ, ਰਾਜਨੀਤਿਕ, ਧਾਰਮਿਕ ਅਤੇ ਆਰਥਿਕ ਆਦਿ ਵਰਤਾਰਿਆਂ ਵਿਚ ਹੋ ਰਹੀ ਤਬਦੀਲੀ ਨੂੰ ਲੈ ਕੇ ਮਨ ਵਿਚ ਸਵਾਲ ਪੈਦਾ ਹੋਣ ਤੇ ਉਹ ਇਹਨਾਂ ਬਾਰੇ ਸੋਚਣਾ, ਵਿਚਾਰਨਾ ਆਰੰਭ ਕਰੇ ਤਾਂ ਉਹ ਚੇਤਨਤਾ ਦੇ ਰਾਹ ਤੇ ਤੁਰਨ ਲੱਗਦਾ ਹੈ ਤੇ ਚੇਤਨਾ ਦਾ ਵਿਸਥਾਰ ਹਮੇਸ਼ਾ ਗਿਆਨ ਹੁੰਦਾ ਹੈ। ਚੇਤਨਾ ਨੂੰ ਮਾਨਸਿਕ ਪ੍ਰਕਿਰਿਆ ਕਿਹਾ ਜਾਂਦਾ ਹੈ ਜਿਹੜੀ ਕਿ ਮਨੁੱਖ ਨੂੰ ਦੂਜੇ ਜੀਵਾਂ ਅਤੇ ਜਾਨਵਰਾਂ ਤੋਂ ਵੱਖ ਕਰਦੀ ਹੈ। ਚੇਤਨਾ ਅਜਿਹੀ ਨਿਰੰਤਰ ਗਤੀਸ਼ੀਲ ਪ੍ਰਕਿਰਿਆ ਹੈ ਜੋ ਕਿ ਮਨੁੱਖੀ ਜੀਵਨ ਵਿਚ ਬਦਲ ਰਹੀਆਂ ਅਵਸਥਾਵਾਂ ਦੇ ਬਦਲਦੇ ਰੂਪ ਵਿਚ ਪੇਸ਼ ਹੁੰਦੀ ਹੈ। ਚੇਤਨਾ ਨੂੰ ਇੱਕ ਅਨੁਭਵਸ਼ੀਲ ਵਰਤਾਰਾ ਕਿਹਾ ਜਾ ਸਕਦਾ ਹੈ ਜਿਸ ਨੂੰ ਨਾ ਵੇਖਿਆ ਜਾ ਸਕਦਾ ਹੈ ਤੇ ਨਾ ਹੀ ਛੂੰਹਿਆਂ ਜਾ ਸਕਦਾ ਹੈ ਪਰੰਤੂ ਇਸ ਵਰਤਾਰੇ ਨੂੰ ਸਮਝਿਆਂ ਅਤੇ ਇਸ ਦੇ ਸਿੱਟਿਆਂ ਦਾ ਅਧਿਐਨ ਜ਼ਰੂਰ ਕੀਤਾ ਜਾ ਸਕਦਾ ਹੈ।

ਚੇਤਨਾ ਸੰਬੰਧੀ ਜਿਹੜੀਆਂ ਗੱਲਾਂ ਉੱਭਰ ਕੇ ਸਾਹਮਣੇ ਆਉਂਦੀਆਂ ਹਨ ਉਹ ਇਸ ਪ੍ਰਕਾਰ ਹੈ ਕਿ:-

## OM PARKASH GASSO DE NAVALAN VICH SAMAAJ-SABHYACHARAK ATE RAJNITAK CHETNA

- ਚੇਤਨਾ ਨੂੰ ਗਿਆਨ ਕਿਹਾ ਜਾ ਸਕਦਾ ਹੈ।
- ਚੇਤਨਾ ਨੂੰ ਵਿੱਦਿਆ ਕਿਹਾ ਜਾ ਸਕਦਾ ਹੈ।
- ਚੇਤਨਾ ਨੂੰ ਵਿਵੇਕ ਕਿਹਾ ਜਾ ਸਕਦਾ ਹੈ।
- ਚੇਤਨਾ ਨੂੰ ਪਾਠ ਕਿਹਾ ਜਾ ਸਕਦਾ ਹੈ।
- ਚੇਤਨਾ ਨੂੰ ਗੁਰੂ ਕਿਹਾ ਜਾ ਸਕਦਾ ਹੈ।

ਚੇਤਨਾ ਨੂੰ ਸਮਾਜ ਵਿਚ ਵਾਪਰਨ ਵਾਲੀ ਕਿਸੇ ਵੀ ਵਰਤਾਰੇ ਸੰਬੰਧੀ ਮਨੁੱਖੀ ਮਨ ਦੀ ਪ੍ਰਤੀਕਿਰਿਆ ਕਿਹਾ ਜਾ ਸਕਦਾ ਹੈ। ਮਨੁੱਖੀ ਮਨ ਆਪਣੇ ਆਲੇ-ਦੁਆਲੇ ਵਾਪਰੀ ਹਰੇਕ ਘਟਨਾ ਦੇ ਨਾਲ ਸੰਵਾਦ ਰਚਾਉਂਦਾ ਹੈ ਅਤੇ ਉਸ ਦਾ ਆਪਣੇ ਆਲੇ-ਦੁਆਲੇ ਵਾਪਰੀ ਘਟਨਾ ਪ੍ਰਤੀ ਦ੍ਰਿਸ਼ਟੀਕੋਣ ਚੇਤਨਾ ਦੇ ਘੇਰੇ ਅੰਦਰ ਹੀ ਆਉਂਦਾ ਹੈ।

ਚੇਤਨਾ ਦੇ ਸੰਕਲਪ ਦੇ ਮੂੰਹ-ਮੁਹਾਂਦਰੇ ਦੀ ਗੱਲ ਕਰੀਏ ਤਾਂ ਇਸ ਦਾਰਸ਼ਨਿਕ ਸਵਾਲਾਂ ਦੇ ਹੱਲ ਵਿਚੋਂ ਪਰਿਭਾਸ਼ਿਤ ਕੀਤਾ ਜਾ ਸਕਦਾ ਹੈ। ਇਸ ਸੰਬੰਧੀ ਮਨੁੱਖੀ ਪ੍ਰਕਿਰਤੀ ਦੀ ਹੋਂਦ, ਇਸ ਦੇ ਪਿੱਛੇ ਕਾਰਨ ਅਤੇ ਕਾਰਜ ਦਾ ਸਵਾਲ, ਚੇਤਨਤਾ ਕੀ ਹੈ?, ਪਦਾਰਥ ਦੀ ਇਸ ਰਚਨਾ ਵਿਚ ਭੂਮਿਕਾ ਕੀ ਹੈ?, ਇਹ ਹੋਂਦ ਵਿਚ ਕਿਵੇਂ ਆਈ? ਅਤੇ ਚੇਤਨਾ ਦਾ ਕ੍ਰਮ ਅਨੁਸਾਰ ਵਿਕਾਸ ਕਿਵੇਂ ਹੋਇਆ ਆਦਿ ਸਵਾਲ ਉੱਭਰ ਕੇ ਸਾਹਮਣੇ ਆਉਂਦੇ ਹਨ।

ਜੇਕਰ ਆਦਰਸ਼ਵਾਦੀ ਨਜ਼ਰੀਏ ਦੀ ਗੱਲ ਕਰੀਏ ਤਾਂ ਰੱਬ ਦੁਆਰਾ ਦੁਨੀਆ ਰਚਣ ਤੋਂ ਪਹਿਲਾ ਇਸ ਦੀ ਕੋਈ ਹੋਂਦ ਨਹੀਂ ਸੀ। ਇਸ ਧਾਰਨਾ ਤੋਂ ਇਹ ਗੱਲ ਉੱਭਰ ਕੇ ਸਾਹਮਣੇ ਆਉਂਦੀ ਹੈ ਕਿ ਪ੍ਰਕਿਰਤੀ ਤੇ ਮਨੁੱਖ ਦੀ ਹੋਂਦ ਆਤਮ-ਕੇਂਦਰਿਤ ਹੈ। ਜਿਸ ਦੀ ਹੋਂਦ ਪਦਾਰਥ ਤੋਂ ਪਹਿਲਾ ਮੰਨੀ ਗਈ ਹੈ ਅਤੇ ਇਸ ਧਾਰਨਾ ਦੇ ਅਨੁਸਾਰ ਚੇਤਨਾ ਇੱਕ ਸੁਤੰਤਰ, ਨਿਰਪੇਖ ਤੇ ਮਨੁੱਖੀ ਬਾਹਰੀ ਅਮਲ ਦਾ ਨਾਮ ਹੈ। ਆਦਰਸ਼ਵਾਦੀਆਂ ਦੀ ਇੱਕ ਧਾਰਨਾ ਇਹ ਵੀ ਹੈ ਕਿ ਚੇਤਨਾ ਇੱਕ ਇਲਹਾਮੀ ਸਰੂਪ ਹੈ ਜਿਸ ਰਾਹੀ ਕੁਦਰਤੀ ਜੀਵਾਂ ਦੀ ਰਚਨਾ ਕੀਤੀ ਗਈ ਹੈ। ਆਦਰਸ਼ਵਾਦੀ ਚੇਤਨਾ ਨੂੰ ਹੀ ਮੂਲ ਅਵਸਥਾ ਮੰਨਦੇ ਹਨ ਅਤੇ ਉਨ੍ਹਾਂ ਅਨੁਸਾਰ ਪਦਾਰਥ ਦੀ ਹੋਂਦ ਦਾ ਆਧਾਰ ਵੀ ਚੇਤਨਾ ਹੈ। ਇਸ ਪ੍ਰਕਾਰ ਆਦਰਸ਼ਵਾਦੀ ਚੇਤਨਾ ਦੇ ਪਦਾਰਥਕ ਹੋਂਦ ਦੀ ਥਾਂ ਤੇ ਪਰਾਭੌਤਿਕ ਆਧਾਰ ਦੇ ਵਿਚ ਯਕੀਨ ਰੱਖਦੇ ਹਨ।

ਪਦਾਰਥਵਾਦ ਨੂੰ ਇੱਕ ਵਿਗਿਆਨਕ ਦ੍ਰਿਸ਼ਟੀਕੋਣ ਕਿਹਾ ਜਾਂਦਾ ਹੈ। ਜਿਸ ਦਾ ਵਿਕਾਸ ਆਦਰਸ਼ਵਾਦ ਦੇ ਵਿਰੋਧ ਵਿਚ ਹੋਇਆ ਹੈ। ਜਿਨ੍ਹਾਂ ਚਿੰਤਕਾਂ ਦੇ ਅਨੁਸਾਰ ਚੇਤਨਾ ਦਾ ਮੂਲ ਆਧਾਰ ਪਦਾਰਥ ਹੈ ਭਾਵ ਕਿ ਚੇਤਨਾ ਪਦਾਰਥ ਤੋਂ ਵਿਕਸਿਤ ਹੋਈ ਹੈ ਉਹ ਪਦਾਰਥਵਾਦੀ ਰੁਚੀ ਦੇ ਚਿੰਤਕ ਹਨ। ਪਦਾਰਥਵਾਦ ਦਾ ਮੂਲ ਆਧਾਰ ਦਵੰਦਵਾਦੀ ਪਦਾਰਥਵਾਦ ਤੋਂ ਹੈ ਅਤੇ ਜਿਸ ਦਾ ਅਰਥ ਵਿਰੋਧੀ ਦੀਆਂ ਦਲੀਲਾਂ ਵਿਚ ਵਿਰੋਧ ਨੂੰ ਪ੍ਰਗਟ ਕਰਨਾ ਅਤੇ ਸੱਚ ਨੂੰ ਸਾਹਮਣੇ ਲਿਆਉਣ ਦੀ ਯੋਗਤਾ ਤੋਂ ਹੈ। ਸੋ, ਇਸ ਕਰ ਕੇ ਪਦਾਰਥਵਾਦੀਆਂ ਨੇ ਚੇਤਨਾ ਨੂੰ ਖਾਰਿਜ਼ ਨਹੀਂ ਕੀਤਾ ਸਗੋਂ ਇਸ ਦੀ ਹੋਂਦ ਨੂੰ ਵਿਸ਼ੇਸ਼ਤਾ ਪ੍ਰਧਾਨ ਕੀਤੀ ਹੈ। ਉਨ੍ਹਾਂ ਅਨੁਸਾਰ ਚੇਤਨਾ ਪਦਾਰਥ ਤੋਂ ਉੱਚੀ ਨਹੀਂ ਹੈ ਸਗੋਂ ਇਸ ਦਾ ਵਿਕਾਸ ਪਦਾਰਥ ਵਿਚੋਂ ਹੀ ਹੋਇਆ ਹੈ। ਇਉਂ ਪਦਾਰਥਵਾਦੀਆਂ ਦੁਆਰਾ ਦੈਵੀ ਸੱਤਾ ਦੇ

ਅਮਲ ਨੂੰ ਨਹੀਂ ਸਗੋਂ ਪਦਾਰਥ ਦੀ ਪ੍ਰਾਥਮਿਕਤਾ ਨੂੰ ਹੀ ਪ੍ਰਵਾਨ ਕੀਤਾ ਜਾਂਦਾ ਹੈ। ਉਨ੍ਹਾਂ ਅਨੁਸਾਰ ਚੇਤਨਾ ਸੁਤੰਤਰ ਨਹੀਂ ਸਗੋਂ ਕਿ ਇਹ ਮਨੁੱਖੀ ਦਿਮਾਗ਼ ਦਾ ਹੀ ਇੱਕ ਕਾਰਜ ਹੈ।

## ਚੇਤਨਾ: ਇੱਕ ਇਤਿਹਾਸਕ ਕ੍ਰਮ ਦੇ ਪ੍ਰਸੰਗ ਵਿਚ

ਚੇਤਨਾ ਦੀ ਹੋਂਦ ਮਨੁੱਖੀ ਹੋਂਦ ਜਿੰਨੀ ਪੁਰਾਣੀ ਸਵੀਕਾਰ ਕੀਤਾ ਗਿਆ ਹੈ। ਜਿਸ ਤਰ੍ਹਾਂ ਮਨੁੱਖ ਇੱਕ ਜੰਗਲੀ ਜੀਵ ਤੋਂ ਇੱਕ ਬੌਧਿਕ ਪ੍ਰਾਣੀ ਦੇ ਰੂਪ ਵਿਚ ਵਿਕਾਸ ਕਰਦਾ ਗਿਆ ਉਸ ਤਰ੍ਹਾਂ ਹੀ ਉਸ ਦੇ ਵਿਚ ਹੌਲੀ-ਹੌਲੀ ਚੇਤਨਾ ਦਾ ਵੀ ਵਿਕਾਸ ਹੁੰਦਾ ਗਿਆ। ਸ਼ੁਰੂ-ਸ਼ੁਰੂ ਵਿਚ ਪ੍ਰਕਿਰਤਕ ਸਾਧਨਾਂ ਤੋਂ ਅਗਿਆਨ ਹੋਣ ਦੇ ਕਰ ਕੇ ਉਨ੍ਹਾਂ ਤੋਂ ਭੈਅ ਖਾਂਦਾ ਸੀ ਤੇ ਇਸੇ ਭੈਅ ਵਾਲੀ ਸਥਿਤੀ ਨੇ ਉਸ ਦੇ ਅੰਦਰ ਈਸ਼ਵਰਵਾਦ ਦੇ ਸੰਕਲਪ ਨੂੰ ਜਨਮ ਦਿੱਤਾ ਤੇ ਜਿਸ ਤੋਂ ਹੀ ਧਰਮ ਚੇਤਨਾ ਦਾ ਆਰੰਭ ਹੋਇਆ ਅਤੇ ਉਸ ਨੇ ਧਰਮ ਨੂੰ ਇੱਕ ਸ਼ਕਤੀ ਵਜੋਂ ਸਵੀਕਾਰ ਕਰ ਕੇ ਆਪਣੇ ਮਨ ਵਿਚਲੇ ਡਰ ਨੂੰ ਦੂਰ ਕੀਤਾ।

ਵਿਗਿਆਨਿਕ ਤਰੱਕੀ ਦੇ ਸਦਕਾ ਚੇਤਨਾ ਦੇ ਅਗਲੇ ਪੜਾਅ ਦਾ ਜਨਮ ਹੋਇਆ। ਜਿਨ੍ਹਾਂ ਪ੍ਰਕਿਰਤਕ ਸ਼ਕਤੀਆਂ ਦੇ ਡਰ ਤੋਂ ਧਰਮ ਦਾ ਜਨਮ ਹੋਇਆ ਸੀ ਉਨ੍ਹਾਂ ਦੈਵੀ ਸ਼ਕਤੀਆਂ ਦੀ ਬਣਤਰ ਸੰਬੰਧੀ ਮਨੁੱਖ ਦੇ ਕੋਲ ਵਿਗਿਆਨਕ ਦ੍ਰਿਸ਼ਟੀਕੋਣ ਆ ਗਿਆ। ਇਸ ਨਵੇਂ ਦੌਰ ਵਿਚ ਅਜਿਹੀ ਚੇਤਨਾ ਦਾ ਵਿਕਾਸ ਹੋਇਆ ਜੋ ਕਿ ਬਾਹਰਮੁਖੀ ਤਾਂ ਸੀ ਹੀ ਪਰ ਨਾਲ ਦੀ ਨਾਲ ਤਰਕ ਵਿਵੇਕ ਦੀ ਧਾਰਨੀ ਵੀ ਸੀ।

ਚੇਤਨਾ ਦੇ ਵਿਕਾਸ ਦੇ ਦੌਰ ਵਿਚ ਅਗਲਾ ਪੜਾਅ ਬ੍ਰਹਿਮੰਡੀ ਚੇਤਨਾ ਦਾ ਆਇਆ ਜਿਸ ਸਦਕਾ ਸਾਰੀਆਂ ਕੁਦਰਤੀ ਸ਼ਕਤੀਆਂ ਦਾ ਰਹੱਸ ਆਮ ਲੋਕਾਂ ਤੱਕ ਪਹੁੰਚ ਗਿਆ। ਭਾਵੇਂ ਚੇਤਨਾ ਦੇ ਵਿਚ ਲਗਾਤਾਰ ਬਦਲਾਅ ਆਉਂਦਾ ਰਿਹਾ ਹੈ ਪਰ ਫਿਰ ਵੀ ਕੁੱਝ ਅਜਿਹੇ ਸੰਕਲਪ ਹਨ ਜੋ ਕਿ ਜਿਉਂ ਦੀ ਤਿਉਂ ਬਣੇ ਰਹੇ। ਇਸ ਪ੍ਰਕਾਰ ਮਨੁੱਖ ਨੇ ਜਾਦੂ ਚੇਤਨਾ ਤੋਂ ਲੈ ਕੇ ਬ੍ਰਹਿਮੰਡੀ ਚੇਤਨਾ ਤੱਕ ਦਾ ਆਪਣਾ ਸਫ਼ਰ ਪੂਰਾ ਕੀਤਾ।

ਮਾਰਕਸਵਾਦੀ ਚਿੰਤਨ ਦੇ ਅਨੁਸਾਰ ਚੇਤਨਾ ਪਦਾਰਥਕ ਸਰਗਰਮੀਆਂ ਦੇ ਨਾਲ ਸੰਬੰਧਿਤ ਹੁੰਦੀ ਹੈ। ਕਬੀਲਾ ਯੁੱਗ ਦੇ ਸਮੇਂ ਕਿਸੇ ਵੀ ਪ੍ਰਕਾਰ ਦੀ ਨਿੱਜੀ ਮਾਲਕੀ ਨਹੀਂ ਸੀ ਪਰ ਜਿਉਂ ਹੀ ਜਮਾਤੀ ਸਮਾਜ ਦੀ ਸ਼ੁਰੂਆਤ ਹੋਈ ਤਿਉਂ ਹੀ ਨਵੀਆਂ ਸੰਸਥਾਵਾਂ ਰਾਜ ਤੇ ਕਾਨੂੰਨ ਹੋਂਦ ਵਿਚ ਆਈਆਂ। ਇਨ੍ਹਾਂ ਦੇ ਹੋਂਦ ਵਿਚ ਆ ਜਾਣ ਨਾਲ ਰਾਜਨੀਤਕ ਅਤੇ ਕਾਨੂੰਨੀ ਚੇਤਨਾ ਦਾ ਵੀ ਆਰੰਭ ਹੋਇਆ ਅਤੇ ਇਸੇ ਪ੍ਰਕਾਰ ਸਮਾਜ ਵਿਚ ਰਹਿੰਦੇ ਹੋਏ ਸਮਾਜ ਦੇ ਕਿਸੇ ਹਿੱਸੇ ਬਾਰੇ ਚੇਤੰਨ ਹੋਣਾ ਹੀ ਸਮਾਜ-ਸਭਿਆਚਾਰਕ ਚੇਤਨਾ ਹੈ।

ਚੇਤਨਾ ਦੇ ਲਗਾਤਾਰ ਵਿਕਾਸ ਵਿਚ ਕਿਰਤ ਨੇ ਅਹਿਮ ਭੂਮਿਕਾ ਨਿਭਾਈ ਹੈ। ਸ਼ੁਰੂ ਵਿਚ ਮਨੁੱਖ ਇੱਕ ਜੰਗਲੀ ਪ੍ਰਾਣੀ ਸੀ ਤੇ ਉਸ ਦੀਆਂ ਲੋੜਾਂ ਖਾਣ-ਪੀਣ ਅਤੇ ਜਿਊਣ ਤੱਕ ਹੀ ਸੀਮਿਤ ਸੀ। ਪਰ ਕਿਰਤ ਨੇ ਉਸ ਨੂੰ ਇੱਕ ਜੰਗਲੀ ਜੀਵ ਤੋਂ ਇੱਕ ਸਭਿਅਕ ਮਨੁੱਖ ਵੱਲ ਤੋਰਿਆ। ਜਿਸ ਤਰ੍ਹਾਂ ਹੀ ਉਸ ਦੇ ਸਭਿਅਕ ਦੌਰ ਦਾ ਆਰੰਭ ਹੋਇਆ ਤੇ ਉਸੇ ਤਰ੍ਹਾਂ ਹੀ ਚੇਤਨਾ ਦਾ ਵਿਕਾਸ ਹੁੰਦਾ ਗਿਆ। ਇਸ ਪ੍ਰਕਾਰ ਉਹ ਸਿਰਫ਼ ਜਿਊਂਦੇ ਰਹਿਣ ਯੋਗ ਹੀ ਨਹੀਂ ਸਗੋਂ ਕਿ ਇੱਕ ਸਮਾਜਿਕ ਪ੍ਰਾਣੀ ਬਣ ਗਿਆ।

**OM PARKASH GASSO DE NAVALAN VICH SAMAAJ-SABHYACHARAK ATE RAJNITAK CHETNA**

ਚੇਤਨਾ ਦੀ ਉਮਰ ਮਨੁੱਖੀ ਉਮਰ ਜਿੰਨੀ ਹੀ ਪੁਰਾਣੀ ਹੈ। ਜਦੋਂ ਮਨੁੱਖ ਆਪਣੀ ਆਦਿ ਦੀ ਅਵਸਥਾ ਵਿਚ ਸੀ ਤਾਂ ਉਦੋਂ ਚੇਤਨਾ ਦੀ ਵੀ ਇਹੀ ਅਵਸਥਾ ਸੀ। ਕਿਰਤ ਦੇ ਸੰਦਾਂ ਦੇ ਵਿਕਾਸ ਦੇ ਨਾਲ-ਨਾਲ ਚੇਤਨਾ ਦਾ ਵੀ ਵਿਕਾਸ ਹੁੰਦਾ ਗਿਆ। ਸੋ, ਇਸ ਤਰ੍ਹਾਂ ਚੇਤਨਾ ਦਾ ਰੂਪ ਨਿਧਾਰਣ ਕਰਨ ਵਿਚ ਕਿਰਤ ਦੀ ਅਹਿਮ ਭੂਮਿਕਾ ਹੈ।

## ਚੇਤਨਾ ਅਤੇ ਭਾਸ਼ਾ:

ਕਿਰਤ ਨੂੰ ਹੀ ਚੇਤਨਾ ਦੇ ਵਿਕਾਸ ਦਾ ਸਿੱਟਾ ਕਿਹਾ ਜਾਂਦਾ ਹੈ। ਮਨੁੱਖੀ ਵਿਕਾਸ ਦੇ ਲਈ ਭਾਸ਼ਾ ਦਾ ਹੋਣਾ ਬਹੁਤ ਜ਼ਰੂਰੀ ਸੀ। ਇਸ ਦੇ ਲਈ ਜਿਉਂ ਹੀ ਭਾਸ਼ਾ ਦਾ ਵਿਕਾਸ ਹੁੰਦਾ ਗਿਆ ਮਨੁੱਖ ਦੇ ਸਭਿਅਕ ਜੀਵ ਬਣਨ ਦੀ ਮੰਜ਼ਿਲ ਵੀ ਪੂਰੀ ਹੋ ਗਈ। ਚੇਤਨਾ ਦੇ ਵਿਕਾਸ ਦੇ ਲਈ ਵੀ ਭਾਸ਼ਾ ਦੀ ਅਤਿਅੰਤ ਲੋੜ ਸੀ। ਵੇਖਿਆ ਜਾਵੇ ਤਾਂ ਚੇਤਨਾ ਅਤੇ ਭਾਸ਼ਾ ਦੋਹਾਂ ਦੇ ਵਿਕਾਸ ਦੇ ਪਿੱਛੇ ਕਿਰਤ ਹੀ ਕਾਰਗਰ ਰਹੀ ਹੈ। ਭਾਸ਼ਾ ਇੱਕ ਜ਼ਰੀਆ ਬਣੀ ਜਿਸ ਨੇ ਮਨੁੱਖੀ ਦਿਮਾਗ਼ ਵਿਚ ਚਲਦੇ ਵਿਚਾਰਾਂ ਨੂੰ ਬਾਹਰ ਕੱਢਿਆ। ਭਾਸ਼ਾ ਦਾ ਸਥਾਨ ਚੇਤਨਾ ਤੋਂ ਬਾਅਦ ਆਇਆ ਕਿਉਂਕਿ ਭਾਸ਼ਾ ਇੱਕ ਮਾਤਰ ਜ਼ਰੀਆ ਸੀ ਮਨੁੱਖੀ ਭਾਵਾਂ ਨੂੰ ਉਜਾਗਰ ਕਰਨ ਦਾ ਤੇ ਇਸ ਨੇ ਚੇਤਨਾ ਦੀ ਤਰ੍ਹਾਂ ਮਨੁੱਖੀ ਸੋਚ ਨੂੰ ਨਹੀਂ ਸੀ ਪ੍ਰਭਾਵਿਤ ਕਰਨਾ।

## ਚੇਤਨਾ: ਵਿਗਿਆਨਕ ਦ੍ਰਿਸ਼ਟੀਕੋਣ

ਵਿਗਿਆਨਕ ਵਿਧੀ ਦੀ ਵਰਤੋਂ ਚੇਤਨਾ ਦੀ ਹੋਂਦ ਨੂੰ ਦਿਮਾਗ਼ੀ ਪੱਧਰ 'ਤੇ ਜਾਣਨ ਦੇ ਲਈ ਕੀਤੀ ਗਈ। ਮਨੋਵਿਗਿਆਨੀਆਂ ਨੇ ਚੇਤਨਾ ਨੂੰ ਨਿਰੋਲ ਦਿਮਾਗ਼ੀ ਤਜ਼ਰਬਿਆਂ ਦੇ ਆਧਾਰ 'ਤੇ ਸਮਝਣ ਵਿਚ ਕੋਸ਼ਿਸ਼ ਕੀਤੀ। ਅਸਲ ਦੇ ਵਿਚ ਚੇਤਨ ਮਨ ਦਿਮਾਗ਼ ਦਾ ਬਹੁਤ ਛੋਟਾ ਜਿਹਾ ਹਿੱਸਾ ਹੈ ਜਦ ਕਿ ਜ਼ਿਆਦਾਤਰ ਸਾਡੇ ਅਚੇਤ ਮਨ ਦੇ ਵਿਚ ਛੁਪਿਆ ਹੋਇਆ ਹੈ। ਜਿਸ ਵਜ੍ਹਾ ਕਰ ਕੇ ਚੇਤਨਾ ਨੂੰ ਪਰਿਭਾਸ਼ਿਤ ਕਰਨ ਦੇ ਵਿਚ ਸਮੱਸਿਆ ਪੈਦਾ ਹੁੰਦੀ ਹੈ। ਵਿਗਿਆਨੀਆਂ ਨੇ ਇਸ ਨੂੰ ਤਿੰਨ ਖੰਡਾਂ ਵਿਚ ਵੰਡ ਕੇ ਸਮਝਣ ਦੀ ਕੋਸ਼ਿਸ਼ ਕੀਤੀ ਹੈ ਤੇ ਇਹ ਤਿੰਨ ਖੰਡ ਹਨ- ਚੇਤਨ, ਅਵਚੇਤਨ ਅਤੇ ਅਚੇਤਨ। ਚੇਤਨਾ ਨੂੰ ਸਾਡੀ ਸੋਚਣ-ਸਮਝਣ ਅਤੇ ਕੰਮ ਕਰਨ ਵਾਲੀ ਪ੍ਰੇਰਕ ਸ਼ਕਤੀ ਦੇ ਵਜੋਂ ਸਵੀਕਾਰ ਕੀਤਾ ਗਿਆ ਹੈ। ਅਵਚੇਤਨ ਦੇ ਵਿਚ ਸਾਡੀਆਂ ਯਾਦਾਂ ਸਮਾਈਆਂ ਹੁੰਦੀਆਂ ਹਨ ਅਤੇ ਇਹ ਯਾਦਾਂ ਸਾਡੇ ਅਤੀਤ ਦਾ ਹਿੱਸਾ ਹੁੰਦੀਆਂ ਹਨ ਤੇ ਸਾਡੇ ਦਿਮਾਗ਼ ਦੇ ਉੱਪਰ ਭਾਰੂ ਹੁੰਦੀਆਂ ਹਨ। ਅਚੇਤਨ ਵੀ ਅਵਚੇਤਨ ਦੀ ਤਰ੍ਹਾਂ ਹੀ ਹੈ ਪਰ ਇਸ ਵਿਚ ਕੁੱਝ ਯਾਦ ਆਉਣ ਵਾਲੀ ਗੱਲ ਨਹੀਂ ਹੁੰਦੀ। ਕੁੱਝ ਖ਼ਾਸ ਕਿਸਮ ਦੀ ਪ੍ਰਕਿਰਿਆ ਦੁਆਰਾ ਹੀ ਇਸ ਨੂੰ ਸਿਮ੍ਰਤੀ ਵਿਚ ਲਿਆਂਦਾ ਜਾਂਦਾ ਹੈ। ਜਿਵੇਂ ਕਿ ਅੱਜ ਕੱਲ੍ਹ ਇੱਕ ਨਵੀਂ ਤਕਨੀਕ ਦੀ ਵਰਤੋਂ ਕੀਤੀ ਜਾਂਦੀ ਹੈ। ਜਿਸ ਨੂੰ ਕਿ ਸੰਮੋਹਕ (ਹਿਪਨੋਟਿਜ਼ਮ) ਕਿਹਾ ਜਾਂਦਾ ਹੈ। ਜਿਸ ਨਾਲ ਵਿਅਕਤੀ ਨੂੰ ਨੀਂਦ ਵਿਚ ਲਿਆ ਕੇ ਅੰਤਰਮਨ ਦੀ ਦਸ਼ਾ ਜਾਣਨ ਵਿਚ ਮਦਦ ਕਰਦੀ ਹੈ। ਮਨੋਵਿਗਿਆਨੀ ਫਰਾਇਡ ਦੇ ਅਨੁਸਾਰ ਇਹ ਚੇਤਨਾ ਦਾ ਇੱਕ ਮਨੋਵਿਗਿਆਨੀ ਸਰੂਪ ਹੈ।

ਚੇਤਨਾ ਦਾ ਵਿਸ਼ਾ ਬਹੁਤ ਗੰਭੀਰ ਰੂਪ ਧਾਰਨ ਕਰਨ ਦੇ ਨਾਲ-ਨਾਲ ਸੂਖਮ ਵੀ ਹੁੰਦਾ ਜਾ ਰਿਹਾ ਹੈ। ਚੇਤਨਾ ਦੇ ਸੰਕਲਪ ਬਾਹਰੀ ਵਰਤਾਰਿਆਂ ਦੇ ਅੰਦਰੂਨੀ ਗਿਆਨ ਦੇ ਨਾਲ ਸਮਝਣਾ ਜ਼ਿਆਦਾ ਆਸਾਨ ਹੈ।

**OM PARKASH GASSO DE NAVALAN VICH SAMAAJ-SABHYACHARAK ATE RAJNITAK CHETNA**

ਚੇਤਨਾ ਦਾ ਸਿੱਧਾ ਸੰਬੰਧ ਬੁੱਧੀ ਦੇ ਨਾਲ ਜਾ ਕੇ ਜੁੜਦਾ ਹੈ।

ਬਾਹਰਮੁਖੀ ਵਰਤਾਰਿਆਂ ਨਾਲ ਮਨੁੱਖ ਦੀ ਚੇਤਨਾ ਦਾ ਅਨਿੱਖੜਵਾਂ ਸੰਬੰਧ ਹੈ। ਚੇਤਨਾ ਦੁਆਰਾ ਆਪਣਾ ਕਾਰਜ ਇਨ੍ਹਾਂ ਵਰਤਾਰਿਆਂ ਦੇ ਨਾਲ ਸੰਬੰਧ ਸਥਾਪਤ ਕਰਨ ਤੋਂ ਬਾਅਦ ਹੀ ਹੁੰਦਾ ਹੈ। ਮਨੁੱਖੀ ਦਿਮਾਗ਼ ਇਨ੍ਹਾਂ ਵਰਤਾਰਿਆਂ ਨੂੰ ਸੁਣਦਾ, ਵੇਖਦਾ ਅਤੇ ਪਰਖਦਾ ਹੈ ਅਤੇ ਬਾਅਦ ਵਿਚ ਉਹ ਨਿਰਣੈ ਉੱਪਰ ਪੁੱਜਦਾ ਹੈ। ਇਸ ਪ੍ਰਕਾਰ ਮਨੁੱਖ ਦੀਆਂ ਗਿਆਨ ਇੰਦਰੀਆਂ ਵੀ ਮਨੁੱਖੀ ਚੇਤਨਾ ਦੇ ਨਾਲ ਰਿਸ਼ਤਾ ਸਥਾਪਿਤ ਕਰਦੀਆਂ ਹਨ। ਮਨੁੱਖੀ ਚੇਤਨਾ ਕੇਵਲ ਇਸ ਦੇ ਵਰਤਾਰਿਆਂ ਬਾਰੇ ਹੀ ਨਹੀਂ ਸਗੋਂ ਕਿ ਅਣਦਿਸਦੇ ਵਰਤਾਰਿਆਂ ਸੰਬੰਧੀ ਵੀ ਨਿਰਣੈ ਪੇਸ਼ ਕਰਦੀ ਹੈ। ਜਦੋਂ ਅਸੀਂ ਭਵਿੱਖ ਦੇ ਬਾਰੇ ਕੋਈ ਅਨੁਮਾਨ ਲਗਾਉਂਦੇ ਹਾਂ ਤਾਂ ਸਾਡੀ ਚੇਤਨਾ ਵਿਚ ਅਜਿਹੇ ਵਰਤਾਰੇ ਵੀ ਹੁੰਦੇ ਹਨ ਜਿਨ੍ਹਾਂ ਦੀ ਕੋਈ ਹੋਂਦ ਵੀ ਨਹੀਂ ਹੁੰਦੀ।

ਚੇਤਨਾ ਮਨੁੱਖੀ ਜੀਵਨ ਜਿੰਨੀ ਹੀ ਪੁਰਾਣੀ ਹੈ। ਇਸ ਦਾ ਰੂਪ ਉਦੋਂ ਤੋਂ ਲੈ ਕੇ ਹੁਣ ਤੱਕ ਨਿੱਖਰਦਾ ਚੱਲਿਆ ਆ ਰਿਹਾ ਹੈ। ਮਨੁੱਖੀ ਵਿਕਾਸ ਦੇ ਪੜਾਅ-ਦਰ-ਪੜਾਅ ਦੇ ਨਾਲ ਚੇਤਨਾ ਦਾ ਵੀ ਵਿਕਾਸ ਹੁੰਦਾ ਆ ਰਿਹਾ ਹੈ। ਜਿਵੇਂ- ਜਿਵੇਂ ਮਨੁੱਖ ਨੇ ਸਮਾਜਿਕ, ਸਭਿਆਚਾਰਕ ਅਤੇ ਰਾਜਨੀਤਕ ਹੋਂਦ ਦੇ ਵਿਚ ਪ੍ਰਵੇਸ਼ ਕੀਤਾ ਹੈ ਉਸੇ ਤਰ੍ਹਾਂ ਹੀ ਚੇਤਨਾ ਨੇ ਵੀ ਸਮਾਜਿਕ, ਸਭਿਆਚਾਰਕ ਅਤੇ ਰਾਜਨੀਤਕ ਚੇਤਨਾ ਦੇ ਸੰਕਲਪ ਦੇ ਤੌਰ 'ਤੇ ਉੱਭਰ ਕੇ ਆਈ ਹੈ। ਇਸ ਲਈ ਉਹ ਚੇਤਨਾ ਹੀ ਹੈ ਜੋ ਕਿਸੇ ਕੁਦਰਤੀ ਵਰਤਾਰੇ ਨੂੰ ਸਭਿਆਚਾਰਕ ਰੂਪ ਵਿਚ ਰੂਪਾਂਤਰਿਤ ਕਰਦੀ ਹੋਈ ਉਸ ਨੂੰ ਰਾਜਨੀਤਕ ਸਮਾਜ ਦਾ ਅੰਗ ਬਣਾਉਂਦੀ ਹੈ।

## ਸਮਾਜ-ਸਭਿਆਚਾਰਕ ਚੇਤਨਾ

### ਚੇਤਨਾ ਇੱਕ ਸਮਾਜਿਕ ਅਮਲ:

ਚੇਤਨਾ ਨੂੰ ਇੱਕ ਸਮਾਜੀ ਅਮਲ ਵੀ ਕਿਹਾ ਜਾਂਦਾ ਹੈ। ਜੇਕਰ ਚੇਤਨਾ ਦਾ ਸਥਾਨ ਮਨੁੱਖੀ ਇਤਿਹਾਸ ਵਿਚ ਨਿਸ਼ਚਿਤ ਕਰਨਾ ਹੋਵੇ ਤਾਂ ਮਨੁੱਖ ਦਾ ਇੱਕ ਜੰਗਲੀ ਜੀਵ ਤੋਂ ਸਮਾਜਿਕ ਪ੍ਰਾਣੀ ਵੱਲ ਪੁੱਟਿਆ ਕਦਮ ਹੀ ਚੇਤਨਾ ਦੀ ਸ਼ੁਰੂਆਤ ਬਣਦਾ ਹੈ ਜਾਂ ਫਿਰ ਇਹ ਵੀ ਕਿਹਾ ਜਾ ਸਕਦਾ ਹੈ ਚੇਤਨਾ ਦਾ ਪਹਿਲਾ ਪੜਾਅ ਉਹ ਸੀ ਜਦੋਂ ਮਨੁੱਖ ਨੇ ਕਿਰਤ ਦੇ ਪਹਿਲੇ ਸੰਦ ਬਣਾਉਣੇ ਸ਼ੁਰੂ ਕੀਤੇ।

ਸਮਾਜਿਕ ਚੇਤਨਾ ਨੂੰ ਆਪਣੇ ਸਮੇਂ ਦਾ ਸ਼ੀਸ਼ਾ ਕਿਹਾ ਜਾ ਸਕਦਾ ਹੈ। ਇਸ ਦਾ ਆਧਾਰ ਸਮਾਜ ਦੇ ਤਾਣੇ-ਬਾਣੇ ਨਾਲ ਜੁੜਿਆ ਹੁੰਦਾ ਹੈ। ਜਿਹੜਾ ਕਿ ਸਮਾਜ ਵਿਚ ਵਾਪਰੀਆਂ ਘਟਨਾਵਾਂ ਸੰਬੰਧੀ ਵਿਅਕਤੀਗਤ ਚੇਤਨਾ ਨੂੰ ਜਨਮ ਦਿੰਦਾ ਹੈ। ਇਹ 'ਵਿਅਕਤੀਗਤ ਚੇਤਨਾ' ਸਮੂਹਿਕ ਰੂਪ ਵਿਚ ਇਕੱਤਰ ਹੋ ਕੇ ਇੱਕ ਵਿਚਾਰਧਾਰਾ ਦਾ ਆਧਾਰ ਬਣਦੀ ਹੈ ਅਤੇ ਸਮਾਜ ਵਿਚਲੀ ਇਹ ਵਿਚਾਰਧਾਰਾ ਅੱਗੇ ਜਾ ਕੇ ਸਮਾਜ ਚੇਤਨਾ ਦਾ ਮੁਹਾਂਦਰਾ ਨਿਸ਼ਚਿਤ ਕਰਦੀ ਹੈ। ਸਮਾਜਿਕ ਚੇਤਨਾ ਦਾ ਆਧਾਰ ਜਿੱਥੇ ਭੂਤਕਾਲ ਵਿਚ ਪਈਆਂ ਘਟਨਾਵਾਂ, ਅਨੁਭਵ ਤੇ ਵਿਚਾਰਧਾਰਾਵਾਂ ਹੁੰਦੀਆਂ ਹਨ, ਉੱਥੇ ਹੀ ਇਹ ਵਰਤਮਾਨ ਵਿਚਲੀਆਂ ਪ੍ਰਸਥਿਤੀਆਂ ਵਿਚ ਆਪਣਾ ਰੂਪ ਨਿਸ਼ਚਿਤ ਕਰ ਕੇ ਉਨ੍ਹਾਂ ਨੂੰ

ਪ੍ਰਭਾਵਿਤ ਵੀ ਕਰਦੀ ਹੈ ਤੇ ਇਸ ਤੋਂ ਅੱਗੇ ਜਾ ਕੇ ਭਵਿੱਖ ਦੀਆਂ ਯੋਜਨਾਵਾਂ ਪ੍ਰਤੀ ਆਧਾਰ ਰੂਪ ਵੀ ਤਿਆਰ ਕਰਦੀ ਹੈ।

ਸਮਾਜਿਕ ਚੇਤਨਾ ਵਿਚ ਸਮਾਜ ਵਿਚਲੀਆਂ ਘਟਨਾਵਾਂ ਹੀ ਨਹੀਂ ਸਗੋਂ ਕਿ ਇਸ ਦੇ ਘੇਰੇ ਵਿਚ ਰਾਸ਼ਟਰੀ ਤੇ ਅੰਤਰਰਾਸ਼ਟਰੀ ਘਟਨਾਵਾਂ ਵੀ ਆਉਂਦੀਆਂ ਹਨ। ਸਮਾਜਿਕ ਚੇਤਨਾ ਇੱਕ ਪਾਸੇ ਸਮਾਜਿਕ ਪ੍ਰਬੰਧ ਨਾਲ ਜੁੜੀ ਹੁੰਦੀ ਹੈ ਤੇ ਦੂਜਾ ਸਿਰਾ ਅੰਤਰਰਾਸ਼ਟਰੀ ਪ੍ਰਬੰਧ ਨਾਲ ਜੁੜਿਆ ਹੁੰਦਾ ਹੈ। ਜਿਹੜਾ ਤੱਤ ਸਮਾਜਿਕ ਵਿਵਸਥਾ ਨੂੰ ਪ੍ਰਭਾਵਿਤ ਕਰੇ ਉਹੀ ਤੱਤ ਸਮਾਜਿਕ ਚੇਤਨਾ ਨੂੰ ਵੀ ਪ੍ਰਭਾਵਿਤ ਕਰਦਾ ਹੈ। ਅਜੋਕੇ ਸਮੇਂ ਵਿਚ ਸਾਇੰਸ ਤੇ ਟੈਕਨਾਲੋਜੀ ਯੁੱਗ ਆਉਣ ਕਰ ਕੇ ਦੂਰ-ਦੁਰਾਡੇ ਦੇਸ਼ਾਂ ਵਿਚਲੀ ਦੂਰੀ ਨੂੰ ਘਟਾ ਦਿੱਤਾ ਹੈ। ਜਿਸ ਕਰ ਕੇ ਕਿਸੇ ਇੱਕ ਦੇਸ਼ ਵਿਚ ਵਾਪਰੀ ਘਟਨਾ ਦਾ ਅਸਰ ਦੂਜੇ ਦੇਸ਼ 'ਤੇ ਪ੍ਰਤੱਖ ਨਜ਼ਰ ਆਉਂਦਾ ਹੈ, ਜਿਸ ਕਰ ਕੇ ਹੀ ਸਮਾਜ ਦਾ ਮੁਹਾਂਦਰਾ ਹੁਣ ਸਿਰਫ਼ ਉਸ ਦੀਆਂ ਸਮਾਜਿਕ ਪ੍ਰਸਥਿਤੀਆਂ ਹੀ ਨਹੀਂ ਸਗੋਂ ਕਿ ਰਾਸ਼ਟਰੀ ਤੇ ਅੰਤਰਰਾਸ਼ਟਰੀ ਪੱਧਰ ਦੀਆਂ ਪ੍ਰਸਥਿਤੀਆਂ ਵੀ ਨਿਸ਼ਚਿਤ ਕਰਦਾ ਹੈ ਤੇ ਅਜਿਹੀਆਂ ਪ੍ਰਸਥਿਤੀਆਂ ਸਮਾਜਿਕ ਚੇਤਨਾ ਦੇ ਸੰਕਲਪ ਨੂੰ ਵੀ ਪ੍ਰਭਾਵਿਤ ਕਰਦੀਆਂ ਹਨ।

ਸਮਾਜਿਕ ਚੇਤਨਾ ਦਾ ਸਭ ਤੋਂ ਨੇੜੇ ਦਾ ਰਿਸ਼ਤਾ ਤਾਂ ਸਮਾਜ ਨਾਲ ਹੀ ਹੁੰਦਾ ਹੈ। ਸਮਾਜ ਵਿਚਲੀ ਵਿਚਾਰਧਾਰਾ, ਭਾਵਨਾਵਾਂ, ਆਦਤਾਂ, ਰੂੜੀਆਂ, ਸਿਧਾਂਤ, ਪਰੰਪਰਾਵਾਂ ਤੇ ਸਮਾਜ ਵਿਚਲੇ ਹਰ ਵਿਸ਼ੇ ਬਾਰੇ ਜਾਗਰੂਕਤਾ ਹੀ ਸਮਾਜਿਕ ਚੇਤਨਾ ਦਾ ਹਿੱਸਾ ਹੈ।

ਜਦੋਂ ਸਮਾਜ ਦੇ ਵਿਚ ਨਕਾਰਾਤਮਕ ਕਿਸਮ ਦੀ ਵਿਚਾਰਧਾਰਾ ਪ੍ਰਵੇਸ਼ ਕਰਦੀ ਹੈ ਤਾਂ ਸਮਾਜਿਕ ਚੇਤਨਾ ਦਾ ਜਨਮ ਹੁੰਦਾ ਹੈ ਜੋ ਕਿ ਇਸ ਨਕਾਰਾਤਮਕ ਚੇਤਨਾ ਨੂੰ ਸਕਾਰਾਤਮਕ ਰੂਪ ਵਿਚ ਬਦਲਦੀ ਹੈ। ਵਿਅਕਤੀ ਦਾ ਸਮਾਜਿਕ ਚਰਿੱਤਰ ਉਸ ਦੀ ਸਮਾਜਿਕ ਚੇਤਨਾ 'ਤੇ ਅੰਤਰ ਸੰਬੰਧਿਤ ਹੁੰਦਾ ਹੈ। ਹਰ ਇੱਕ ਵਿਅਕਤੀ ਆਪਣੀ ਅੰਤਰ ਆਤਮਾ ਤੋਂ ਪ੍ਰੇਰਿਤ ਹੁੰਦਾ ਹੈ ਤੇ ਪ੍ਰੇਰਿਤ ਹੋ ਕੇ ਹੀ ਕੋਈ ਕੰਮ ਕਰਦਾ ਹੈ। ਜਿਵੇਂ ਕਿ ਕੋਈ ਸਾਹਿਤਕਾਰ ਕਿਸੇ ਕਿਰਤ ਦੀ ਰਚਨਾ ਕਰਦਾ ਹੈ ਤਾਂ ਉਸ ਦਾ ਸਮਾਜਿਕ ਚਰਿੱਤਰ ਉਸ ਦੁਆਰਾ ਰਚਿਤ ਕਿਰਤ ਵਿਚ ਦਿੱਖ ਜਾਂ ਅਦਿੱਖ ਰੂਪ ਵਿਚ ਜ਼ਰੂਰ ਨਜ਼ਰ ਆਉਂਦਾ ਹੈ ਅਤੇ ਬਾਅਦ ਵਿਚ ਇਹੀ ਸਾਹਿਤ ਸਮਾਜਿਕ ਚਰਿੱਤਰ ਦੇ ਰੂਪ ਨੂੰ ਨਿਰਧਾਰਿਤ ਕਰਨ ਵਿਚ ਮਦਦ ਕਰਦਾ ਹੈ।

**ਸਮਾਜ:**

ਸਮਾਜ ਲੋਕਾਂ ਦਾ ਸਮੁਦਾਇ ਹੁੰਦਾ ਹੈ। ਜਿਸ ਵਿਚ ਰਹਿਣ ਵਾਲੇ ਸਾਰੇ ਵਿਅਕਤੀ ਆਪਸ ਵਿਚ ਵਰਤੋਂ ਵਿਹਾਰ ਕਰਦੇ ਹਨ। ਇਹ ਸਮੁਦਾਇ ਜਾਂ ਸਮੂਹ ਇੱਕੋ ਭੂਗੋਲਿਕ ਇਲਾਕੇ, ਰਾਜਨੀਤਕ ਸੰਗਠਨਾਂ ਅਤੇ ਸਮਾਜਿਕ ਖੇਤਰ ਤਹਿਤ ਜੁੜੇ ਹੁੰਦੇ ਹਨ। ਇਹ ਅਜਿਹਾ ਸਮੂਹ ਹੁੰਦਾ ਹੈ ਜੋ ਆਪਣੇ ਅੰਦਰਲੇ ਲੋਕਾਂ ਦੇ ਮੁਕਾਬਲੇ ਹੋਰਨਾਂ ਸਮੂਹਾਂ ਦੇ ਲੋਕਾਂ ਨਾਲ ਜ਼ਿਆਦਾ ਮੇਲ ਮਿਲਾਪ ਨਹੀਂ ਰੱਖਦਾ। ਹਰੇਕ ਸਮਾਜ ਦੇ ਕੁੱਝ ਆਦਰਸ਼ ਹੁੰਦੇ ਹਨ ਜੋ ਉਸ ਸਮਾਜ ਵਿਚ ਰਹਿੰਦੇ ਵਿਅਕਤੀਆਂ ਨੂੰ ਮੰਨਣੇ ਪੈਂਦੇ ਹਨ।

## OM PARKASH GASSO DE NAVALAN VICH SAMAAJ-SABHYACHARAK ATE RAJNITAK CHETNA

ਮਨੁੱਖ ਨੂੰ ਇੱਕ ਸਮਾਜਿਕ ਪ੍ਰਾਣੀ ਕਿਹਾ ਜਾਂਦਾ ਹੈ। ਸਮਾਜ ਦੇ ਸਰੂਪ ਨੂੰ ਸਮਝਣ ਦੇ ਲਈ ਸਮਾਜਿਕ ਜੀਵਨ ਦੇ ਭਿੰਨ-ਭਿੰਨ ਪੱਖਾਂ ਦਾ ਅਧਿਐਨ ਕਰਨਾ ਜ਼ਰੂਰੀ ਹੈ। ਸਮਾਜ, ਸਮਾਜਿਕ ਚੇਤਨਾ ਦੇ ਸੰਕਲਪ ਵਿਚ ਸਭ ਤੋਂ ਅਹਿਮ ਭੂਮਿਕਾ ਨਿਭਾਉਂਦਾ ਹੈ। ਇਸ ਲਈ ਸਮਾਜਿਕ ਚੇਤਨਾ ਨੂੰ ਸਮਝਣ ਤੋਂ ਪਹਿਲਾ ਸਮਾਜ ਨੂੰ ਸਮਝ ਲੈਣਾ ਜ਼ਰੂਰੀ ਹੈ। ਸਮਾਜ ਨੂੰ ਮਨੁੱਖੀ ਸੰਬੰਧਾਂ ਦਾ ਇੱਕ ਜਾਲ ਕਿਹਾ ਜਾਂਦਾ ਹੈ। ਇਸ ਦੇ ਦੋ ਜ਼ਰੂਰੀ ਤੱਤ ਹੁੰਦੇ ਹਨ। ਪਹਿਲਾ ਸਮਾਜਿਕਤਾ ਤੇ ਦੂਜਾ ਸੰਬੰਧ। ਸਮਾਜ ਵਿਚ ਰਹਿੰਦੇ ਲੋਕਾਂ ਅੰਦਰ ਸਮਾਜਿਕਤਾ ਦੀ ਭਾਵਨਾ ਦਾ ਹੋਣਾ ਬਹੁਤ ਜ਼ਰੂਰੀ ਹੈ। ਜਦੋਂ ਲੋਕਾਂ ਅੰਦਰ ਸਮਾਜਿਕਤਾ ਪ੍ਰਤੀ ਚੇਤਨਤਾ ਆਉਂਦੀ ਹੈ ਤਾਂ ਉਹ ਆਪਸੀ ਸੰਬੰਧਾਂ ਦੇ ਵਿਚ ਬੱਝਦੇ ਜਾਂਦੇ ਹਨ ਅਤੇ ਇਨ੍ਹਾਂ ਸੰਬੰਧਾਂ ਦੇ ਨਿਰਮਾਣ ਦੇ ਨਾਲ ਹੀ ਸਮਾਜ ਦਾ ਜਨਮ ਹੁੰਦਾ ਹੈ।

ਸਮਾਜ ਇੱਕ ਜਟਿਲ ਕਿਸਮ ਦਾ ਪ੍ਰਬੰਧ ਹੈ। ਜਿਸ ਵਿਚ ਅਨੇਕਾਂ ਸਮੂਹ, ਜਾਤਾਂ, ਅਲੱਗ-ਅਲੱਗ ਜਮਾਤਾਂ ਦੇ ਵਿਚਾਰ ਅਤੇ ਭਾਈਚਾਰੇ ਮੌਜੂਦ ਹੁੰਦੇ ਹਨ। ਜਿਸ ਤਰ੍ਹਾਂ ਹੀ ਇਨ੍ਹਾਂ ਅੰਦਰ ਪਦਾਰਥਕ ਆਧਾਰ 'ਤੇ ਤਬਦੀਲੀ ਆਉਂਦੀ ਹੈ ਉਸੇ ਨਾਲ ਚੇਤਨਤਾ ਦੇ ਵਿਚ ਵੀ ਤਬਦੀਲੀ ਆਉਣ ਲੱਗ ਪੈਂਦੀ ਹੈ।

ਜੇਕਰ ਸਾਧਾਰਨ ਸ਼ਬਦਾਂ ਵਿਚ ਸਮਾਜ ਦੀ ਗੱਲ ਕਰੀਏ ਤਾਂ ਇਹ ਵਿਅਕਤੀਆਂ ਦਾ ਸਮੂਹ ਹੈ। ਪਰ ਇਸ ਦੇ ਸਹੀ ਅਰਥ ਨੂੰ ਉਦੋਂ ਹੀ ਸਮਝਿਆ ਜਾ ਸਕਦਾ ਹੈ ਜਦੋਂ ਇਸ ਦੀ ਵਰਤੋਂ ਵਿਸ਼ਲੇਸ਼ਣ ਦੇ ਨਾਲ ਕੀਤੀ ਜਾਂਦੀ ਹੈ। ਜਦੋਂ ਅਸੀਂ ਰਾਜਨੀਤਕ ਸਮਾਜ ਜਾਂ ਫਿਰ ਮੁਸਲਿਮ ਸਮਾਜ ਆਦਿ ਸ਼ਬਦਾਂ ਦਾ ਇਸਤੇਮਾਲ ਕਰਦੇ ਹਾਂ ਤਾਂ ਸਾਨੂੰ ਇਸ ਦੇ ਸਹੀ ਅਰਥ ਸਪਸ਼ਟ ਹੁੰਦੇ ਹਨ ਕਿ ਸਮਾਜ ਕਿਨ੍ਹਾਂ ਵਿਸ਼ੇਸ਼ ਵਿਅਕਤੀਆਂ ਦਾ ਸਮੂਹ ਕਿਹਾ ਜਾਂਦਾ ਹੈ। ਜੇਕਰ ਅਸੀਂ ਸਮਾਜ ਤੇ ਅੰਤਰ ਸੰਬੰਧਿਤ ਹਨ। ਸਾਹਿਤ ਦਾ ਮੁੱਖ ਆਧਾਰ ਮਨੁੱਖੀ ਸਮਾਜ ਹੀ ਹੁੰਦਾ ਹੈ। ਸਾਹਿਤ ਦਾ ਜਨਮ ਸਮਾਜ ਦੇ ਲਈ ਹੀ ਹੁੰਦਾ ਹੈ ਤੇ ਇਹ ਸਮਾਜ ਵਿਚੋਂ ਹੀ ਪੈਦਾ ਹੁੰਦਾ ਹੈ।

ਸਮਾਜ ਦੇ ਵਿਚ ਵਿਭਿੰਨ ਵਖਰੇਵੇਂ ਪਾਏ ਜਾਂਦੇ ਹਨ। ਜਿਸ ਵਜ੍ਹਾ ਕਰ ਕੇ ਸਮਾਜਿਕ ਚੇਤਨਾ ਦਾ ਵੀ ਇੱਕ ਰੂਪ ਨਹੀਂ ਵਿਭਿੰਨ ਰੂਪ ਹਨ ਤੇ ਹਰ ਇੱਕ ਰੂਪ ਦਾ ਆਪਣਾ ਖ਼ਾਸਾ ਹੁੰਦਾ ਹੈ ਜਿਹੜੇ ਕਿ ਆਪਣੇ ਢੰਗ ਨਾਲ ਉੱਭਰਦੇ ਤੇ ਕਾਰਜ ਕਰਦੇ ਹਨ। ਜਿਉਂ-ਜਿਉਂ ਹੀ ਸਮਾਜਿਕ ਹੋਂਦ ਵਿਚ ਤਬਦੀਲੀ ਆਉਂਦੀ ਹੈ ਤਿਉਂ-ਤਿਉਂ ਚੇਤਨਾ ਵਿਚ ਵੀ ਤਬਦੀਲੀ ਆਉਣੀ ਲਾਜ਼ਮੀ ਹੈ। ਸਮਾਜ ਦੇ ਵਿਚ ਵਿਭਿੰਨ-ਵਿਭਿੰਨ ਸੰਸਥਾਵਾਂ ਪਾਈਆ ਜਾਂਦੀਆਂ ਹਨ ਜੋ ਕਿ ਆਪਣੇ ਰੂਪ ਅਤੇ ਕਾਰਜ ਵਿਚ ਪਰਿਵਰਤਨ ਕਰਦੀਆਂ ਰਹਿੰਦੀਆਂ ਹਨ। ਇਨ੍ਹਾਂ ਦੇ ਕਾਰਜ ਦਾ ਆਧਾਰ ਵੀ ਇਨ੍ਹਾਂ ਸੰਸਥਾਵਾਂ ਤੇ ਅਧਿਕਾਰਤ ਜਮਾਤ ਦੇ ਉੱਪਰ ਹੀ ਨਿਰਭਰ ਕਰਦਾ ਹੈ। ਸੱਤਾ ਦੇ ਵਿਚ ਆਏ ਪਰਿਵਰਤਨ ਦਾ ਪ੍ਰਭਾਵ ਇਨ੍ਹਾਂ ਸੰਸਥਾਵਾਂ ਦੇ ਕਾਰਜ ਤੇ ਵੀ ਪੈਦਾ ਹੈ ਤੇ ਨਾਲ ਦੀ ਨਾਲ ਸਮਾਜਿਕ ਚੇਤਨਾ ਨੂੰ ਵੀ ਪ੍ਰਭਾਵਿਤ ਵੀ ਕਰਦਾ ਹੈ।

ਜਿਸ ਤਰ੍ਹਾਂ ਸਰਮਾਏਦਾਰੀ ਸਮਾਜ ਅਤੇ ਸੋਸ਼ਲਿਸਟ ਸਮਾਜ ਵਿਚ ਅੰਤਰ ਪਾਇਆ ਜਾਂਦਾ ਹੈ ਉਸੇ ਤਰ੍ਹਾਂ ਹੀ ਇਸ ਦੇ ਅਧੀਨ ਕਾਰਜ ਕਰ ਰਹੀਆਂ ਸੰਸਥਾਵਾਂ ਦੇ ਵਿਚ ਵੀ ਅੰਤਰ ਹੋਵੇਗਾ ਅਤੇ ਇਸ ਦੇ ਅਧੀਨ ਪੈਦਾ ਹੋਣ ਵਾਲੀ ਜਾਂ ਫਿਰ ਪੈਦਾ ਹੋਈ ਚੇਤਨਾ ਦੇ ਵਿਚ ਵੀ ਅੰਤਰ ਹੋਵੇਗਾ। ਸਮਾਜੀ ਚੇਤਨਾ ਦੀ ਹੋਂਦ ਸਮਾਜੀ ਚੇਤਨਾ ਤੋਂ

ਬਾਅਦ ਹੀ ਹੈ। ਇਸ ਪ੍ਰਕਾਰ ਸਮਾਜਿਕ ਚੇਤਨਾ ਵਿਚ ਤਦ ਹੀ ਤਬਦੀਲੀ ਆਵੇਗੀ ਜਦੋਂ ਸਮਾਜੀ ਹੋਂਦ ਦੇ ਵਿਚ ਇਹ ਤਬਦੀਲੀ ਹੋਵੇਗੀ।

**ਸਮਾਜਿਕ ਚੇਤਨਾ ਦੇ ਵਿਭਿੰਨ ਰੂਪ:**

ਜਿਵੇਂ ਕਿ ਮਨੁੱਖ ਦਾ ਸੁਭਾਅ ਪਰਿਵਰਤਨਸ਼ੀਲ ਹੁੰਦਾ ਹੈ ਉਸੇ ਪ੍ਰਕਾਰ ਸਮਾਜਿਕ ਵਰਤਾਰਾ ਵੀ ਪਰਿਵਰਤਨਸ਼ੀਲ ਹੁੰਦਾ ਹੈ। ਬਦਲਦੀ ਦੁਨੀਆ ਦੇ ਵਿਚ ਮਨੁੱਖੀ ਦੁਨੀਆ ਦੇ ਵਿਚ ਬਹੁਤ ਕੁੱਝ ਟੁੱਟਦਾ-ਭੱਜਦਾ ਰਹਿੰਦਾ ਹੈ ਤੇ ਹਰ ਰੋਜ਼ ਬਹੁਤ ਕੁੱਝ ਨਵਾਂ ਵੀ ਜੁੜਦਾ ਰਹਿੰਦਾ ਹੈ। ਜ਼ਿੰਦਗੀ ਵਿਚ ਆਏ ਇਸੇ ਬਦਲਾਅ ਵਾਲੇ ਵਰਤਾਰੇ ਸਦਕਾ ਹੀ ਸਮਾਜਿਕ ਢਾਂਚੇ ਦੇ ਵਿਚ ਤਬਦੀਲੀ ਆਉਂਦੀ ਹੀ ਰਹਿੰਦੀ ਹੈ। ਦਿਨ ਪ੍ਰਤੀ ਦਿਨ ਹੋ ਰਹੀ ਤਰੱਕੀ, ਸੂਚਨਾ ਕ੍ਰਾਂਤੀ ਤੇ ਵਿਗਿਆਨਕ ਕਾਢਾਂ ਮਨੁੱਖੀ ਸੋਚ ਨੂੰ ਤਬਦੀਲ ਕਰਦੀਆਂ ਹੀ ਰਹਿੰਦੀਆਂ ਹਨ। ਚੇਤਨਾ ਦੇ ਵਿਚ ਤਾਂ ਲਗਾਤਾਰ ਪਰਿਵਰਤਨ ਆਉਂਦਾ ਹੀ ਰਹਿੰਦਾ ਹੈ ਪਰ ਚੇਤਨਾ ਦੇ ਸੰਕਲਪ ਨੂੰ ਸਥਾਪਤ ਕਰਨ ਦੇ ਵਿਚ ਇਸ ਦੇ ਵਿਭਿੰਨ ਰੂਪ ਆਪਣਾ ਰੋਲ ਅਦਾ ਕਰਦੇ ਹਨ। ਇਸ ਨੂੰ ਸਮਝਣ ਦੇ ਲਈ ਇਸ ਦੇ ਵਿਭਿੰਨ ਰੂਪਾਂ ਨੂੰ ਸਮਝਣਾ ਬਹੁਤ ਜ਼ਰੂਰੀ ਹੈ ਜੋ ਕਿ ਇਸ ਪ੍ਰਕਾਰ ਹਨ-

**ਧਾਰਮਿਕ ਚੇਤਨਾ:**

ਮਨੁੱਖ ਦੀ ਮਾਨਸਿਕ ਸੁਰੱਖਿਆ ਦੇ ਲਈ ਧਰਮ ਦੀ ਉਤਪਤੀ ਹੋਈ ਸੀ। ਧਾਰਮਿਕ ਚੇਤਨਾ ਤੋਂ ਭਾਵ ਅਜਿਹੀ ਚੇਤਨਾ ਤੋਂ ਹੈ ਜੋ ਧਰਮ ਦੀ ਸਥਿਤੀ ਨੂੰ ਸਮਾਜ ਦੇ ਵਿਚ ਪੇਸ਼ ਕਰਦੀ ਹੈ। ਧਰਮ ਕੀ ਹੈ? ਕਿਸੇ ਧਰਮ ਦੇ ਉਥਾਨ ਪਿੱਛੇ ਕੀ ਪ੍ਰਸਥਿਤੀਆਂ ਸਨ? ਆਦਿ ਸੰਬੰਧੀ ਨਿਰਣੈ ਪੇਸ਼ ਕਰਨ ਨੂੰ ਹੀ ਧਾਰਮਿਕ ਚੇਤਨਾ ਕਿਹਾ ਜਾਂਦਾ ਹੈ।

**ਨੈਤਿਕ ਚੇਤਨਾ:**

ਨੈਤਿਕਤਾ ਭਾਵ ਵਿਅਕਤੀਗਤ ਵਿਚ ਅਜਿਹੇ ਗੁਣਾਂ (ਚੰਗਿਆਈ, ਕਰਤੱਵ, ਫ਼ਰਜ਼) ਦਾ ਹੋਣਾ ਹੈ ਜੋ ਕਿ ਉਸ ਨੂੰ ਸਮਾਜ ਦੇ ਵਿਚ ਇੱਕ ਮਾਨਯੋਗ ਸਥਾਨ ਪ੍ਰਦਾਨ ਕਰਦੇ ਹਨ। ਹਰ ਇੱਕ ਵਿਅਕਤੀ ਦੀ ਸ਼੍ਰੇਣਿਕ ਸਥਿਤੀ ਹੀ ਉਸ ਦੇ ਨੈਤਿਕ ਪ੍ਰਤੀਮਾਨਾ ਨੂੰ ਨਿਰਧਾਰਿਤ ਕਰਦੀ ਹੈ। ਇੱਕ ਸ਼ੇਣੀ ਦੇ ਮੁੱਲ ਦੂਜੇ ਲਈ ਬੇਮੁੱਲੇ ਹੋ ਸਕਦੇ ਹਨ ਜਿਵੇਂ ਕਿ ਪ੍ਰੋਲੋਤਾਰੀ ਸ਼ੇਣੀ ਦੇ ਨੈਤਿਕ ਪ੍ਰਤੀਮਾਨ ਹੋਰ ਹੋਣਗੇ ਅਤੇ ਬੁਰਜ਼ੂਆ ਸ਼੍ਰੇਣੀ ਦੇ ਹੋਰ ਹੋਣਗੇ।

ਵਿਅਕਤੀ ਜਦੋਂ ਕਿਸੇ ਸਮਾਜ ਦੇ ਵਿਚ ਵਿਚਰਦਾ ਹੈ ਤਾਂ ਉਸ ਦੇ ਸਮਾਜਿਕ-ਸੰਬੰਧਾਂ ਦੇ ਕਾਰਜਾਂ ਨੂੰ ਸਹੀ/ਗ਼ਲਤ ਦੇ ਪੈਮਾਨੇ ਵਿਚ ਮਾਪਿਆ ਜਾਂਦਾ ਹੈ। ਨੈਤਿਕਤਾ ਦੇ ਆਧਾਰ ਵੀ ਇਸੇ ਪੈਮਾਨੇ ਵਿਚੋਂ ਨਿਸ਼ਚਿਤ ਕੀਤੇ ਜਾਂਦੇ ਹਨ। ਮਨੁੱਖੀ ਜੀਵਨ ਤੇ ਸਮਾਜੀ ਵਿਕਾਸ ਦੇ ਸਾਵੇਂਪਣ ਦੇ ਰੂਪ ਵਿਚ ਪੇਸ਼ ਕਰਨ ਦਾ ਕੰਮ ਨੈਤਿਕਤਾ ਹੀ ਕਰਦੀ ਹੈ ਅਤੇ ਉਸ ਦੇ ਆਦਰਸ਼ਾਂ ਤੇ ਵਰਤਾਓ ਦੇ ਨੇਮਾਂ ਨੂੰ ਵੀ ਮਿਥਦੀ ਹੈ। ਨੈਤਿਕਤਾ ਦੀ ਪਰਖ ਦੀ ਕਸਵੱਟੀ ਲੋਕ ਰਾਇ ਹੁੰਦੀ ਹੈ। ਸਮਾਜਿਕ ਪ੍ਰਸਥਿਤੀਆਂ ਦੇ ਸੰਦਰਭ ਵਿਚ ਇਹ ਲੋਕ ਰਾਇ ਬਦਲਦੀ ਰਹਿੰਦੀ ਹੈ। ਜਿਸ ਕਰਕੇ ਨੈਤਿਕ ਪ੍ਰਤੀਮਾਨ ਵੀ ਕਦੀ ਸਥਿਰ ਨਹੀਂ ਰਹਿੰਦੇ, ਇਨ੍ਹਾਂ ਵਿਚ ਵੀ ਤਬਦੀਲੀ ਆਉਂਦੀ ਰਹਿੰਦੀ ਹੈ ਤੇ ਇਸ

ਤਬਦੀਲੀ ਦਾ ਆਧਾਰ ਆਰਥਿਕਤਾ ਹੈ। ਆਰਥਿਕਤਾ ਸਮਾਜਿਕ ਹਿਤਾਂ ਨੂੰ ਪ੍ਰਭਾਵਿਤ ਕਰਨ ਦੇ ਨਾਲ ਨੈਤਿਕ ਪ੍ਰਤੀਮਾਨਾਂ ਦੇ ਵਿਚ ਵੀ ਪਰਿਵਰਤਨ ਲਿਆਉਂਦੀ ਹੈ। ਇਸ ਪ੍ਰਕਾਰ ਨੈਤਿਕਤਾ ਪੜਾਅ-ਦਰ-ਪੜਾਅ ਆਪਣਾ ਪੈਂਡਾ ਤੈਅ ਕਰਦੀ ਹੈ ਤੇ ਸਮਾਜਿਕ ਚੇਤਨਾ 'ਤੇ ਆਪਣਾ ਪ੍ਰਭਾਵ ਪਾਉਂਦੀ ਹੈ।

**ਕਾਨੂੰਨੀ ਚੇਤਨਾ:**

ਸ਼੍ਰੇਣਿਕ ਨਜ਼ਰੀਏ ਤੋਂ ਵੀ ਕਾਨੂੰਨੀ ਚੇਤਨਾ ਪ੍ਰਤੀ ਨਜ਼ਰੀਆ ਅਲੱਗ-ਅਲੱਗ ਹੈ। ਮੱਧ-ਵਰਗ ਤੇ ਉੱਚ ਵਰਗ ਦੇ ਲਈ ਕਾਨੂੰਨ ਦੀ ਧਾਰਨਾ ਹੋਰ ਤੇ ਮਜ਼ਦੂਰ ਵਰਗ ਦੇ ਲਈ ਹੋਰ ਹੁੰਦੀ ਹੈ। ਇੱਕ ਧਿਰ ਲਈ ਆਪਣੇ ਹੱਕਾਂ ਦੇ ਲਈ ਕੀਤੀ ਜੱਦੋ-ਜਹਿਦ ਦਾ ਸੰਘਰਸ਼ ਅਤੇ ਦੂਜੇ ਧਿਰ ਦੇ ਲਈ ਇਹ ਕਾਨੂੰਨ ਦੀ ਉਲੰਘਣਾ ਹੁੰਦਾ ਹੈ।

ਰਾਜਸੀ ਸ਼ਕਤੀਆਂ ਦੇ ਦੁਆਰਾ ਕਾਨੂੰਨ ਨੂੰ ਨਿਰਧਾਰਤ ਕੀਤਾ ਜਾਂਦਾ ਹੈ। ਰਾਜ ਸੱਤਾ 'ਤੇ ਜਿਹੜੀ ਧਿਰ ਕਾਬਜ਼ ਹੁੰਦੀ ਹੈ ਉਸ ਨੂੰ ਕਾਨੂੰਨ ਦੁਆਰਾ ਨਿਰਧਾਰਤ ਕੀਤਾ ਜਾਂਦਾ ਹੈ। ਅਜਿਹੀ ਸਥਿਤੀ ਵਿਚ ਬਣੇ ਕਾਨੂੰਨ ਸੱਤਾ 'ਤੇ ਕਾਬਜ਼ ਧਿਰ ਦੇ ਹੱਕ ਵਿਚ ਹੀ ਭੁਗਤਦੇ ਹਨ। ਫਿਰ ਕੇਵਲ ਆਪਣੇ ਹਿਤ ਵਿਚ ਕਾਨੂੰਨ ਬਣਾਏ ਹੀ ਨਹੀਂ ਸਗੋਂ ਉਨ੍ਹਾਂ ਨੂੰ ਲਾਗੂ ਵੀ ਕੀਤਾ ਜਾਂਦਾ ਹੈ। ਕਈ ਵਾਰ ਰਾਜ ਦੁਆਰਾ ਅਜਿਹਾ ਕਰਨ ਵਿਚ ਜ਼ਬਰਦਸਤੀ ਵੀ ਕੀਤੀ ਜਾਂਦੀ ਹੈ। ਇਸ ਪ੍ਰਕਾਰ ਕਾਨੂੰਨੀ ਸੰਕਲਪਾਂ ਦੀ ਆਪਣੀ ਜਮਾਤੀ ਵੇਗ ਹੁੰਦੀ ਹੈ ਜਿਸ ਨੂੰ ਬੰਧਨਾਂ ਦੇ ਵਿਚ ਬੱਝ ਕੇ ਹੀ ਵਿਚਰਨਾ ਪੈਂਦਾ ਹੈ।

**ਸੁਹਜਾਤਮਿਕ ਚੇਤਨਾ:**

ਜਦੋਂ ਹਕੀਕਤ ਨੂੰ ਸੁਹਜਾਤਮਿਕ ਢੰਗ ਦੇ ਨਾਲ ਸਮਝਿਆ ਜਾਂਦਾ ਹੈ ਤਾਂ ਉਹ ਸੁਹਜਾਤਮਿਕ ਚੇਤਨਾ ਅਖਵਾਉਂਦੀ ਹੈ। ਇਸ ਤਰ੍ਹਾਂ ਸੰਗੀਤ, ਨਾਟ, ਨਾਚ ਅਤੇ ਆਦਿ ਸਭ ਪ੍ਰਗਟਾਅ ਦੇ ਹੀ ਮਾਧਿਅਮ ਹਨ। ਜੋ ਕਲਾ ਇਨ੍ਹਾਂ ਮਾਧਿਅਮਾਂ ਰਾਹੀਂ ਪੇਸ਼ ਹੁੰਦੀ ਹੈ, ਉਸ ਵਿਚ ਕਲਾਕਾਰ ਦੇ ਵਿਅਕਤੀਤਵ ਭਾਵ ਦਾ ਹੀ ਪਰਛਾਵਾਂ ਹੁੰਦਾ ਹੈ। ਅਜਿਹੀਆਂ ਕਲਾਕ੍ਰਿਤਾਂ ਕਲਾਕਾਰ ਦੀ ਸੋਚ ਵਿਚ ਹੀ ਜਨਮਦੀਆਂ ਹਨ ਅਤੇ ਕਲਾਕਾਰ ਦੇ ਅੰਦਰਲੇ ਸੱਚ ਤੇ ਕਲਾਕ੍ਰਿਤਾਂ ਦੀ ਪੇਸ਼ਕਾਰੀ ਅੰਦਰ ਜੋ ਚੇਤਨਾ ਆਪਣਾ ਰੋਲ ਅਦਾ ਕਰ ਰਹੀ ਹੈ ਉਸ ਨੂੰ ਹੀ ਸੁਹਜਾਤਮਿਕ ਚੇਤਨਾ ਦਾ ਨਾਮ ਦਿੱਤਾ ਜਾਂਦਾ ਹੈ।

ਕਲਾ ਸਦਾ ਹੀ ਭਾਵਨਾਤਮਿਕ ਤੌਰ 'ਤੇ ਸੱਚ ਦੀ ਪੇਸ਼ਕਾਰੀ ਕਰਨ ਵਾਲੀ ਹੁੰਦੀ ਹੈ। ਸਾਹਿਤ ਤੇ ਕਲਾ ਸਮਾਜ ਦੇ ਯਥਾਰਥ ਨੂੰ ਸਿੱਧੇ ਰੂਪ ਵਿਚ ਪੇਸ਼ ਨਹੀਂ ਕਰ ਸਕਦੇ ਜਿਸ ਵਜ੍ਹਾ ਕਰ ਕੇ ਇਹ ਸਿਰਜਣਾਤਮਕ ਅਤੇ ਕਲਾਤਮਕ ਰੂਪ ਦਾ ਆਸਰਾ ਲੈਂਦੇ ਹਨ। ਸਮਾਜਿਕ ਚੇਤਨਾ ਦੇ ਰੂਪ ਵਜੋਂ, ਸੁਹਜਾਤਮਕ ਚੇਤਨਾ ਦਾ ਕਾਰਜ ਇਹ ਹੁੰਦਾ ਹੈ ਕਿ ਇਸ ਵਿਚ ਯਥਾਰਥ ਦੀ ਪੇਸ਼ਕਾਰੀ ਕਿਵੇਂ ਹੋਈ ਤੇ ਇਸ ਦਾ ਸਮਾਜਿਕ ਜੀਵਨ ਵਿਚ ਕੀ ਸਥਾਨ ਹੈ। ਜਿੱਥੇ ਵੀ ਸੁਹਜਾਤਮਿਕ ਚੇਤਨਾ ਦੁਆਰਾ ਯਥਾਰਥ ਦੀ ਪੇਸ਼ਕਾਰੀ ਕੀਤੀ ਜਾਂਦੀ ਹੈ ਉੱਥੇ ਸਾਰਥਿਕ ਪਹਿਲੂਆਂ ਦਾ ਮੁਲਾਂਕਣ ਕਰ ਕੇ ਚੇਤਨਾ ਦੇ ਵਿਕਾਸ ਵਿਚ ਮਹੱਤਵਪੂਰਨ ਰੋਲ ਅਦਾ ਕੀਤਾ ਜਾਂਦਾ ਹੈ। ਸਾਹਿਤਕ ਸਿਰਜਣਾ ਦੁਆਰਾ ਕਿਸੇ ਵਿਚਾਰਧਾਰਾ ਦਾ ਪੱਖ ਪੂਰਿਆ ਜਾਂਦਾ ਹੈ। ਜਿੱਥੇ ਕਿਸੇ ਵਿਚਾਰਧਾਰਾ ਤੋਂ ਸਾਹਿਤਕ ਸਿਰਜਣਾਵਾਂ

ਪ੍ਰਭਾਵਿਤ ਹੁੰਦੀਆਂ ਹਨ ਉੱਥੇ ਇਨ੍ਹਾਂ ਦੁਆਰਾ ਵਿਚਾਰਧਾਰਾ ਨੂੰ ਵੀ ਪ੍ਰਭਾਵਿਤ ਕੀਤਾ ਜਾਂਦਾ ਹੈ। ਜਿਸ ਵਜ੍ਹਾ ਕਰ ਕੇ ਸੁਹਜਾਤਮਿਕ ਚੇਤਨਾ ਦਾ ਸਮਾਜਿਕ ਚੇਤਨਾ ਦੇ ਰੂਪ ਵਿਚ ਅਹਿਮ ਸਥਾਨ ਉੱਭਰ ਕੇ ਸਾਹਮਣੇ ਆਉਂਦਾ ਹੈ।

**ਵਿਗਿਆਨਕ ਚੇਤਨਾ:**

ਸੱਚ ਦੀ ਪਰਖ ਵਿਗਿਆਨ ਵਿਚ ਅਸਲੀ ਤਜਰਬਿਆਂ ਨਾਲ ਹੁੰਦੀ ਹੈ। ਵਿਗਿਆਨਕ ਚੇਤਨਾ, ਸਮਾਜਿਕ ਚੇਤਨਾ ਦਾ ਅਜਿਹਾ ਰੂਪ ਹੈ ਜਿਸ ਦਾ ਆਧਾਰ ਮਨੁੱਖੀ ਗਿਆਨ ਹੁੰਦਾ ਹੈ ਭਾਵ ਕਿ ਇਸ ਦਾ ਆਧਾਰ ਤਰਕ ਹੈ। ਮਨੁੱਖ ਦੀ ਚੇਤਨਾ ਨੂੰ ਸਮਝਣ ਦਾ ਵਿਗਿਆਨਕ ਆਧਾਰ ਵੀ ਵਿਗਿਆਨ ਤੋਂ ਹੀ ਆਇਆ ਹੋਇਆ ਹੈ। ਵਿਗਿਆਨਕ ਪੱਖ ਤੋਂ ਆਈ ਤਰੱਕੀ ਨੇ ਆਦਰਸ਼ਵਾਦ ਦੁਆਰਾ ਦਿੱਤੇ ਮੱਤ ਨੂੰ ਬਹੁਤ ਹੀ ਪਿੱਛੇ ਧਕੇਲ ਦਿੱਤਾ ਹੈ ਕਿਉਂਕਿ ਆਦਰਸ਼ਵਾਦ ਦੇ ਬੁਨਿਆਦੀ ਸਿਧਾਂਤਾਂ ਦੇ ਪ੍ਰਤੀ ਵਿਗਿਆਨ ਨੇ ਆਪਣੇ ਤਰਕਪੂਰਨ ਨਿਰਣੈ ਕੱਢੇ। ਜਿਸ ਵਜ੍ਹਾ ਕਰ ਕੇ ਹੀ ਜੀਵਨ ਵਰਤਾਰੇ ਨੂੰ ਪਦਾਰਥਵਾਦ ਦੀ ਤਰਕ ਦੀ ਦ੍ਰਿਸ਼ਟੀ ਤੋਂ ਸਮਝ ਕੇ ਆਦਰਸ਼ਵਾਦ ਦੀ ਜਗ੍ਹਾ 'ਤੇ ਪਦਾਰਥਵਾਦ ਦੇ ਸਿਧਾਂਤ ਨੂੰ ਪੇਸ਼ ਕੀਤਾ।

**ਸਮਾਜਿਕ ਚੇਤਨਾ ਅਤੇ ਆਰਥਿਕਤਾ:**

ਸਮਾਜਿਕ ਚੇਤਨਾ ਦੀ ਪ੍ਰਤੀਬਿੰਬਤ ਲਈ ਸਮਾਜ ਦੇ ਕੁੱਝ ਮੁੱਖ ਆਸ਼ਿਆਂ ਜਿਵੇਂ ਧਾਰਮਿਕ, ਸਾਹਿਤਕ, ਸਿਆਸੀ, ਦਾਰਸ਼ਨਿਕ ਅਤੇ ਕਲਾਤਮਿਕ ਸਭ ਦਾ ਗਿਆਨ ਹੋਣਾ ਅਤਿਅੰਤ ਜ਼ਰੂਰੀ ਹੈ। ਇਨ੍ਹਾਂ ਸਭ ਸਰੋਕਾਰਾਂ ਦਾ ਕਿਤੇ ਨਾ ਕਿਤੇ ਆਰਥਿਕਤਾ ਦੇ ਨਾਲ ਜ਼ਰੂਰ ਸੰਬੰਧ ਹੁੰਦਾ ਹੈ। ਕਿਸੇ ਵੀ ਸਮਾਜ ਵਿਚ ਧਰਮ ਦਾ, ਸਾਹਿਤ ਦਾ ਅਤੇ ਸਿਆਸਤ ਦਾ ਸਥਾਨ ਆਰਥਿਕ ਵਸੀਲਿਆਂ 'ਤੇ ਹੀ ਨਿਰਭਰ ਕਰਦਾ ਹੈ। ਜਿਸ ਕੋਲ ਆਰਥਿਕ ਵਸੀਲੇ ਹੋਣਗੇ ਉਸ ਕੋਲ ਸ਼ਕਤੀ ਜ਼ਰੂਰ ਹੋਵੇਗੀ। ਆਰਥਿਕਤਾ ਦੁਆਰਾ ਦੋ ਧਿਰਾਂ ਨੂੰ ਜਨਮ ਦਿੱਤਾ ਜਾਂਦਾ ਹੈ। ਜਿਨ੍ਹਾਂ ਵਿਚੋਂ ਇੱਕ ਸਾਧਨਹੀਣ ਅਤੇ ਦੂਜੀ ਸਾਧਨ-ਸੰਪੰਨ ਹੁੰਦੀ ਹੈ। ਇਨ੍ਹਾਂ ਦੋਹਾਂ ਹੀ ਧਿਰਾਂ ਦੀ ਚੇਤਨਾ ਵਿਚ ਅੰਤਰ ਹੁੰਦਾ ਹੈ। ਦੋਵੇਂ ਧਿਰਾਂ ਦੀ ਮਾਨਸਿਕਤਾ ਆਪਣੀ-ਆਪਣੀ ਸ਼੍ਰੇਣੀ ਦੇ ਹੱਕ ਵਿਚ ਭੁਗਤਦੀ ਹੈ ਤੇ ਇਸ ਲਈ ਆਰਥਿਕਤਾ ਦਾ ਸਮਾਜਿਕ ਚੇਤਨਾ ਤੇ ਸਿੱਧਾ ਪ੍ਰਭਾਵ ਹੀ ਨਹੀਂ ਪੈਂਦਾ ਸਗੋਂ ਕਿ ਇਸ ਦੁਆਰਾ ਸਮਾਜਿਕ ਚੇਤਨਾ ਨੂੰ ਨਿਰਧਾਰਿਤ ਵੀ ਕੀਤਾ ਜਾਂਦਾ ਹੈ।

**ਸਮਾਜਿਕ ਚੇਤਨਾ ਤੇ ਵਿਚਾਰਧਾਰਾ:**

ਸਮਾਜ ਦੇ ਰੂਪ ਨੂੰ ਨਿਰਧਾਰਿਤ ਕਰਨ ਦੇ ਵਿਚ ਉੱਥੋਂ ਦੀ ਵਿਚਾਰਧਾਰਾ ਅਹਿਮ ਭੂਮਿਕਾ ਅਦਾ ਕਰਦੀ ਹੈ। ਜੇ ਸਮਾਜ ਵਿਚਲੀ ਵਿਚਾਰਧਾਰਾ ਅੱਗੇ-ਵਧੂ ਖ਼ਿਆਲਾਂ ਵਾਲੀ ਹੋਵੇਗੀ ਤਾਂ ਉਹ ਸਮਾਜ ਨੂੰ ਅੱਗੇ ਲੈ ਕੇ ਜਾਵੇਗੀ ਨਹੀਂ ਤਾਂ ਸਮਾਜ ਦੇ ਵਿਚ ਸੌੜੀ ਵਿਚਾਰਧਾਰਾ ਦੇ ਕਰ ਕੇ ਨਿਘਾਰ ਦੀ ਸਥਿਤੀ ਆਵੇਗੀ। ਕਿਸੇ ਸਮਾਜ ਦੇ ਵਿਚ ਵਿਚਾਰਧਾਰਾ ਦਾ ਜਨਮ ਉੱਥੋਂ ਹੋ ਰਹੀਆਂ ਤਬਦੀਲੀਆਂ ਸਦਕਾ ਹੀ ਹੁੰਦਾ ਹੈ। ਵਿਚਾਰਧਾਰਾ ਦਾ ਜਨਮ ਸਮਾਜ ਵਿਚੋਂ ਹੁੰਦਾ ਹੈ ਤੇ ਇਹ ਸਮਾਜ ਦੇ ਮੁਹਾਂਦਰੇ ਨੂੰ ਵੀ ਨਿਰਧਾਰਿਤ ਕਰਦੀ ਹੈ। ਕਿਸੇ ਵਿਚਾਰਧਾਰਾ ਦਾ ਸਰੂਪ ਵੀ

ਉਸ ਨਾਲ ਸੰਬੰਧਿਤ ਸ਼੍ਰੇਣੀ ਦੀ ਇਤਿਹਾਸਕ ਭੂਮਿਕਾ 'ਤੇ ਹੀ ਨਿਰਭਰ ਕਰਦਾ ਹੈ। ਕਿਤੇ ਨਾ ਕਿਤੇ ਆਰਥਿਕ ਵਸੀਲਿਆਂ ਉੱਪਰ ਹੀ ਵਿਚਾਰਧਾਰਾ ਦਾ ਜਨਮ ਨਿਰਭਰ ਕਰਦਾ ਹੈ। ਆਰਥਿਕ ਵਸੀਲਿਆਂ ਸਦਕਾ ਸਮਾਜ ਨੂੰ ਦੋ ਭਾਗਾਂ ਵਿਚ ਵੰਡਿਆ ਜਾਂਦਾ ਹੈ। ਇੱਕ ਬੁਰਜ਼ੂਆ ਅਤੇ ਦੂਜੀ ਪ੍ਰੋਲੋਤਾਰੀ। ਬੁਰਜ਼ੂਆ ਲੋਕਾਂ ਦੇ ਸਮਾਜ ਦੁਆਰਾ ਜੋ ਵਿਚਾਰਧਾਰਾ ਨਿਰਧਾਰਿਤ ਕੀਤੀ ਜਾਂਦੀ ਹੈ ਉਹ ਇਹ ਹੈ ਕਿ ਅਮੀਰ ਵਰਗ ਦੇ ਦੁਆਰਾ ਆਪਣੇ ਹਿਤਾਂ ਦੇ ਲਈ ਜੋ ਵੀ ਕਾਰਜ ਕੀਤੇ ਜਾਣਗੇ ਉਹ ਹਮੇਸ਼ਾ ਸਹੀ ਹਨ। ਭਾਵੇਂ ਕਿ ਉਹ ਭਾਵ ਵਿਰੋਧ ਕੀਤਾ ਜਾਂਦਾ ਹੈ। ਸਮਾਜਵਾਦੀ ਵਿਚਾਰਧਾਰਾ ਸਭ ਤੋਂ ਵੱਧ ਮਾਨਵ ਹਿਤੈਸ਼ੀ ਪਾਈ ਗਈ ਹੈ। ਜਿਸ ਕਰ ਕੇ ਸਮਾਜ ਵਿਚਾਰਧਾਰਾ ਨੂੰ ਅਤੇ ਵਿਚਾਰਧਾਰਾ ਦੁਆਰਾ ਸਮਾਜ ਨੂੰ ਸਿੱਧੇ ਰੂਪ ਵਿਚ ਪ੍ਰਭਾਵਿਤ ਕਰਦੀ ਰਹਿੰਦੀ ਹੈ।

ਸਮਾਜਿਕ ਚੇਤਨਾ, ਸਮਾਜ ਦੇ ਵਿਕਾਸ ਦੇ ਨਾਲ ਚਲਦੀ ਆ ਰਹੀ ਹੈ। ਜਦੋਂ ਸਮਾਜ ਦੁਆਰਾ ਸੰਗਠਿਤ ਰੂਪ ਵਿਚ ਵੱਖ-ਵੱਖ ਸੰਸਥਾਵਾਂ ਦਾ ਰੂਪ ਧਾਰਿਆ ਜਾਂਦਾ ਹੈ ਤਾਂ ਫਿਰ ਇਨ੍ਹਾਂ ਸੰਸਥਾਵਾਂ ਦੁਆਰਾ ਆਪਣੇ ਹੱਕਾਂ ਪ੍ਰਤੀ ਹੋਰ ਸੰਸਥਾਵਾਂ ਤੇ ਦੇਸ਼ ਪ੍ਰਤੀ ਜੋ ਵੀ ਰਵੱਈਆ ਅਖ਼ਤਿਆਰ ਕੀਤਾ ਜਾਂਦਾ ਹੈ, ਉਨ੍ਹਾਂ ਵਿਚੋਂ ਹੀ ਸਮਾਜਿਕ ਚੇਤਨਾ ਦਾ ਜਨਮ ਹੁੰਦਾ ਹੈ ਭਾਵ ਕਿ ਉਹ ਕਿ ਉਹ ਆਪਣਾ ਰਸਤਾ ਨਿਰਧਾਰਿਤ ਕਰਦੀ ਹੈ।

## ਸਭਿਆਚਾਰ

ਕਿਸੇ ਖ਼ਿੱਤੇ, ਕੌਮ ਜਾਂ ਜਾਤੀ ਸਮੂਹ ਦੀ ਜੀਵੰਤ ਜੀਵਨ ਜਾਂਚ ਨੂੰ ਹੀ ਸਭਿਆਚਾਰ ਕਿਹਾ ਜਾਂਦਾ ਹੈ।

> "ਇਹ ਸਭਿਅਕ ਮਨੁੱਖ ਦੀ ਬਾਹਰੀ ਅਤੇ ਅੰਦਰੂਨੀ ਸਮਰੱਥਾ/ਉਸਾਰੂ ਸ਼ਕਤੀ ਦਾ ਪ੍ਰਤੀਕ ਵੀ ਹੈ ਅਤੇ ਇਸ (ਮਨੁੱਖ) ਦੀਆਂ ਬਹੁ-ਮੁਖੀ ਸੰਭਾਵਨਾ ਦਾ ਚਿੱਤਰਪਟ ਵੀ ਹੈ।"[17]

ਮਨੁੱਖ ਜਨਮ ਤੋਂ ਲੈ ਕੇ ਮੌਤ ਤੱਕ ਅਨੇਕਾਂ ਪ੍ਰਕਾਰ ਦੇ ਬੰਧਨਾਂ ਅਤੇ ਰੀਤੀ-ਰਿਵਾਜ਼ਾਂ ਵਿਚ ਬੱਝਿਆ ਰਹਿੰਦਾ ਹੈ ਤੇ ਇਹੀ ਬੰਧਨ ਅਤੇ ਰੀਤੀ-ਰਿਵਾਜ ਉਸ ਦਾ ਸਭਿਆਚਾਰ ਕਹਿਲਾਉਂਦੇ ਹਨ। ਬਰਤਾਨੀਆ ਦੇ ਮਸ਼ਹੂਰ ਮਾਨਵ-ਵਿਗਿਆਨੀ ਗਰਾਹਮ ਕਲਾਰਕ ਦਾ ਕਥਨ ਹੈ ਕਿ

> "ਮਨੁੱਖ ਨੇ ਆਪਣਾ ਮੌਜੂਦਾ ਰੁਤਬਾ ਆਪਣੇ ਸਭਿਆਚਾਰ ਦੇ ਮਾਧਿਅਮ ਰਾਹੀਂ ਹਾਸਲ ਕੀਤਾ ਹੈ।"[18]

ਵੱਖ-ਵੱਖ ਭਾਸ਼ਾ ਦੇ ਵਿਚ ਸਭਿਆਚਾਰ ਸ਼ਬਦ ਦੇ ਵੱਖ-ਵੱਖ ਅਰਥ ਉੱਭਰ ਕੇ ਸਾਹਮਣੇ ਆਉਂਦੇ ਹਨ। ਪੰਜਾਬੀ ਭਾਸ਼ਾ ਵਿਚ ਪ੍ਰਚਲਿਤ ਸ਼ਬਦ 'ਸਭਿਆਚਾਰ' ਨੂੰ ਸਾਊ ਜਾਂ ਸੁਥਰੇ ਵਿਹਾਰ ਆਦਿ ਦੇ ਅਰਥਾਂ ਵਿਚ ਲਿਆ ਜਾਂਦਾ ਹੈ। ਹਿੰਦੀ ਭਾਸ਼ਾ ਵਿਚ ਸਭਿਆਚਾਰ ਦੇ ਸਮਾਨਾਰਥੀ ਸ਼ਬਦ 'ਸਾਂਸਕ੍ਰਿਤੀ' ਦਾ ਸ਼ਬਦ ਅਰਥ ਪਰਿਸ਼ਕਾਰ, ਤਿਆਗੀ, ਪੂਰਨਤਾ ਤੇ ਮਨੋਵਿਕਾਸ ਗ੍ਰਹਿਣ ਕੀਤੇ ਗਏ ਹਨ। ਅੰਗਰੇਜ਼ੀ ਭਾਸ਼ਾ ਦਾ 'ਕਲਚਰ' ਸ਼ਬਦ ਸਭਿਆਚਾਰ ਦਾ ਸਮਾਨਾਰਥੀ ਰੂਪ ਹੈ ਜਿਸ ਦੇ ਅਰਥ ਫਲਣਾ-ਫੁੱਲਣਾ ਜਾਂ ਵਿਕਾਸ ਦੇ ਵੱਲ ਵਧਣਾ ਤੋਂ ਹੈ। ਉਰਦੂ-ਫ਼ਾਰਸੀ ਭਾਸ਼ਾ ਦੇ ਵਿਚ ਇਸ ਦੇ ਲਈ ਸਕਾਫ਼ਤ, ਤਰਬੀਅਤ ਅਤੇ ਤਹਿਜ਼ੀਬ ਆਦਿ ਸ਼ਬਦਾਂ ਦੀ ਵਰਤੋਂ ਕੀਤੀ ਜਾਂਦੀ ਹੈ।

> "ਮਨੁੱਖ ਵਾਸਤੇ ਸਭਿਆਚਾਰ ਇੱਕ ਕੁਦਰਤੀ ਵਰਤਾਰਾ ਹੈ। ਉਹ ਸਹਿਜ ਸੁਭਾਵਕ ਇਸ ਵਿਚ ਪ੍ਰਵੇਸ਼ ਕਰਦਾ ਹੈ ਅਤੇ ਸਮਾਜਿਕ ਪ੍ਰਾਣੀ ਹੁੰਦਿਆਂ ਹੋਇਆ ਆਪਣਾ ਵਰਤੋਂ-ਵਿਹਾਰ, ਰਹਿਣ-ਸਹਿਣ, ਖਾਣ-ਪੀਣ ਅਤੇ ਹੋਰ ਜੁੱਲੀ, ਕੁੱਲੀ ਅਤੇ ਗੁੱਲੀ ਨਾਲ ਜੁੜੇ ਸਰੋਕਾਰਾਂ ਸਦਕਾ ਆਪਣੀ ਵੱਖਰੀ ਪਛਾਣ ਬਣਾ ਲੈਂਦਾ ਹੈ।"[19]

- "ਸਭਿਆਚਾਰ ਨੂੰ ਸਮਾਜਿਕ ਵਿਧੀ ਵਿਧਾਨ ਦੀ ਵਿਧਾਇਕ ਕਲਾ ਕਿਹਾ ਜਾ ਸਕਦਾ ਹੈ।
- ਸਭਿਆਚਾਰ ਨੂੰ ਸਮਾਜਿਕ ਪ੍ਰਕਰਣ ਦੀ ਪਵਿੱਤਰਤਾ ਕਿਹਾ ਜਾ ਸਕਦਾ ਹੈ।
- ਸਭਿਆਚਾਰ ਨੂੰ ਸੁਹਜ-ਸੁਆਦ ਦਾ ਉਤਸਵ ਆਖਿਆ ਜਾ ਸਕਦਾ ਹੈ।
- ਸਭਿਆਚਾਰ ਨੂੰ ਸਮਾਜਿਕ-ਆਨੰਦ ਆਖਿਆ ਜਾ ਸਕਦਾ ਹੈ।"[20]

ਸਭਿਆਚਾਰ ਨੂੰ ਵੱਖ-ਵੱਖ ਵਿਦਵਾਨਾਂ ਦੇ ਦੁਆਰਾ ਪਰਿਭਾਸ਼ਿਤ ਕੀਤਾ ਗਿਆ ਹੈ:

ਡਾ. ਗੁਰਬਖ਼ਸ਼ ਸਿੰਘ ਫਰੈਂਕ ਦੇ ਅਨੁਸਾਰ, "ਸਭਿਆਚਾਰ ਇੱਕ ਜੁੱਟ ਅਤੇ ਜਟਿਲ ਸਿਸਟਮ ਹੈ, ਜਿਸ ਵਿਚ ਕਿਸੇ ਮਨੁੱਖੀ ਸਮਾਜ ਦੇ ਨਿਸ਼ਚਿਤ ਇਤਿਹਾਸਕ ਪੜਾਅ ਉੱਤੇ ਪ੍ਰਚਲਿਤ ਕਦਰਾਂ-ਕੀਮਤਾਂ ਅਤੇ ਉਨ੍ਹਾਂ ਨੂੰ ਪ੍ਰਗਟ ਕਰਦੇ ਮਨੁੱਖੀ ਵਿਹਾਰ ਦੇ ਪੈਟਰਨ ਅਤੇ ਪਦਾਰਥਕ ਤੇ ਬੌਧਿਕ ਵਰਤਾਰੇ ਸ਼ਾਮਲ ਹੁੰਦੇ ਹਨ।"[21]

ਐਨਸਾਈਕਲੋਪੀਡੀਆ ਅਮੈਰਿਕਾਨਾ ਅਨੁਸਾਰ, "ਸਾਰੇ ਮਾਨਵ ਵਿਗਿਆਨੀ ਮੰਨਦੇ ਹਨ ਕਿ ਸਭਿਆਚਾਰ ਵਿਰਸੇ ਤੋਂ ਪ੍ਰਾਪਤ ਸੁਭਾਅ ਦੇ ਸਾਂਝੇ ਤੇ ਆਦਿਮ ਪ੍ਰਵਿਰਤੀਆਂ ਤੋਂ ਉਲਟ ਵਤੀਰੇ ਦੇ ਢੰਗ ਗ੍ਰਹਿਣ ਕਰਨ ਨਾਲ ਹੀ ਬਣਦਾ ਹੈ।"[22]

ਈ. ਬੀ. ਟਾਇਲਰ ਅਨੁਸਾਰ, "ਸਭਿਆਚਾਰ ਇੱਕ ਅਜਿਹਾ ਜਟਿਲ ਸਮੂਹ ਹੈ, ਜਿਸ ਵਿਚ ਗਿਆਨ, ਵਿਸ਼ਵਾਸ, ਕਲਾ, ਨੈਤਿਕਤਾ, ਕਾਨੂੰਨ, ਰੀਤੀ-ਰਿਵਾਜਾਂ ਅਤੇ ਹੋਰ ਸਭ ਸਮਰੱਥਾਵਾਂ ਅਤੇ ਆਦਤਾਂ ਆ ਜਾਂਦੀਆਂ, ਜਿਹੜੀਆਂ ਮਨੁੱਖ ਸਮਾਜ ਦਾ ਮੈਂਬਰ ਹੋਣ ਦੇ ਨਾਤੇ ਗ੍ਰਹਿਣ ਕਰਦਾ ਹੈ।"[23]

ਮੈਲਿਨੋਵਸਕੀ, "ਸਭਿਆਚਾਰ ਨੂੰ ਵਿਉਂਤਪਣ ਲੋੜਾਂ ਦੀ ਵਿਵਸਥਾ ਅਤੇ ਉਦੇਸ਼ਪੂਰਨ ਕਿਰਿਆਵਾਂ ਦੀ ਇੱਕ ਸੰਗਠਿਤ ਵਿਵਸਥਾ ਮੰਨਦਾ ਹੈ।"[24]

ਉਪਰੋਕਤ ਪਰਿਭਾਸ਼ਾਵਾਂ ਦੇ ਆਧਾਰ ਤੇ ਇਹੀ ਉੱਭਰ ਕੇ ਸਾਹਮਣੇ ਆਉਂਦਾ ਹੈ ਕਿ ਸਭਿਆਚਾਰ ਇੱਕ ਅਜਿਹਾ ਜਟਿਲ ਵਿਸ਼ਾ ਹੈ ਜਿਸ ਦੇ ਕਲਾਵੇ ਵਿਚ ਮਨੁੱਖੀ ਜੀਵਨ ਦੇ ਸਮੂਹਿਕ ਪਹਿਲੂ ਆ ਜਾਂਦੇ ਹਨ। ਸਭਿਆਚਾਰ ਦੇ ਇੱਕ ਵਿਸ਼ਾਲ ਅਤੇ ਜਟਿਲ ਵਰਤਾਰਾ ਹੋਣ ਦੇ ਕਰ ਕੇ ਇਸ ਨੂੰ ਪਰਿਭਾਸ਼ਿਤ ਕਰਨਾ ਬਹੁਤ ਹੀ ਮੁਸ਼ਕਿਲ ਹੈ ਪਰ ਫਿਰ ਵਿਦਵਾਨਾਂ ਦੇ ਦੁਆਰਾ ਸਭਿਆਚਾਰ ਨੂੰ ਬਹੁਤ ਵਧੀਆ ਢੰਗ ਦੇ ਨਾਲ ਪਰਿਭਾਸ਼ਿਤ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ।

**ਸਭਿਆਚਾਰ ਦੇ ਮੁੱਖ ਅੰਗ:**

**OM PARKASH GASSO DE NAVALAN VICH SAMAAJ-SABHYACHARAK ATE RAJNITAK CHETNA**

ਸਭਿਆਚਾਰ ਨੂੰ ਵਧੀਆ ਢੰਗ ਨਾਲ ਸਮਝਣ ਦੇ ਵਿਚ ਇਸ ਦੇ ਅੰਗ ਮਹੱਤਵਪੂਰਨ ਰੌਲ ਅਦਾ ਕਰਦੇ ਹਨ। ਜਿਸ ਕਰਕੇ ਸਭ ਤੋਂ ਪਹਿਲਾ ਇਸ ਦੇ ਅੰਗਾਂ ਨੂੰ ਸਮਝਣਾ ਜ਼ਰੂਰੀ ਹੈ। ਇਸ ਸੰਬੰਧੀ ਬਲਬੀਰ ਸਿੰਘ ਪੂਨੀ ਲਿਖਦੇ ਹਨ ਕਿ, "ਸਭਿਆਚਾਰ ਇੱਕ ਜਟਿਲ ਅਤੇ ਜੁੱਟ ਸਿਸਟਮ ਹੈ। ਇਸ ਦੇ ਅੰਗਾਂ ਦਾ ਪਰਸਪਰ ਸੰਬੰਧ ਹੈ। ਇੱਕ ਅੰਗ ਵਿਚ ਤਬਦੀਲੀ ਦੂਜੇ ਅੰਗਾਂ ਨੂੰ ਪ੍ਰਭਾਵਿਤ ਕਰਦੀ ਹੈ। ਸੰਸਾਰ ਦੇ ਵੱਖੋ ਵੱਖ ਸਭਿਆਚਾਰ ਦੇ ਮੁੱਖ ਅੰਗ ਲਗਭਗ ਇੱਕੋ ਜਿਹੇ ਹੀ ਹੁੰਦੇ ਹਨ। ਵਿਅਕਤੀ ਭਾਵੇਂ ਕਿਸੇ ਵੀ ਥਾਂ ਵੀ ਰਹਿੰਦਾ ਹੋਵੇ ਉਸ ਦੀਆਂ ਮੂਲ ਲੋੜਾਂ ਸਾਂਝੀਆਂ ਹੁੰਦੀਆਂ ਹਨ। ਕੁੱਲੀ, ਗੁੱਲੀ ਤੇ ਜੁੱਲੀ ਦੀ ਲੋੜ ਸਰਬ ਮਨੁੱਖਾਂ ਦੀ ਲੋੜ ਹੈ। ਹਰ ਮਨੁੱਖ ਆਪਣੇ-ਆਪਣੇ ਸਭਿਆਚਾਰ ਅਨੁਸਾਰ ਇਨ੍ਹਾਂ ਲੋੜਾਂ ਦੀ ਪੂਰਤੀ ਕਰਦਾ ਹੈ।"[25]

ਸਭਿਆਚਾਰ ਦੇ ਮੁੱਖ ਅੰਗ ਇਸ ਪ੍ਰਕਾਰ ਹਨ:

1. ਪਦਾਰਥਕ ਸਭਿਆਚਾਰ
2. ਪ੍ਰਤਿਮਾਨਿਕ ਸਭਿਆਚਾਰ
3. ਬੋਧਾਤਮਿਕ ਸਭਿਆਚਾਰ

**OM PARKASH GASSO DE NAVALAN VICH SAMAAJ-SABHYACHARAK ATE RAJNITAK CHETNA**

**1. ਪਦਾਰਥਕ ਸਭਿਆਚਾਰ**

ਉਹ ਸਾਰੀਆਂ ਵਸਤਾਂ ਪਦਾਰਥਕ ਸਭਿਆਚਾਰ ਵਿਚ ਆ ਜਾਂਦੀਆਂ ਹਨ ਜਿਹੜੀਆਂ ਕਿ ਮਨੁੱਖ ਦੁਆਰਾ ਸਿਰਜੀਆਂ ਜਾਂਦੀਆਂ ਹਨ। ਇਸ ਵਿਚ ਕੰਮ ਧੰਦੇ, ਸੰਦਾਂ ਦੀ ਤਿਆਰੀ, ਪਹਿਰਾਵਾ, ਗਹਿਣੇ, ਰਿਹਾਇਸ਼ ਅਤੇ ਖਾਣ-ਪੀਣ ਆਦਿ ਸ਼ਾਮਿਲ ਹੁੰਦਾ ਹੈ।

> "ਸਭਿਆਚਾਰ ਦੇ ਪਦਾਰਥਕ ਅੰਗ ਸਭਿਆਚਾਰ ਦੀ ਪਹਿਚਾਣ ਲਈ ਬਹੁਤ ਹੀ ਮਹੱਤਵਪੂਰਨ ਮਾਧਿਅਮ ਹਨ।"[26]

**3. ਪ੍ਰਤਿਮਾਨਿਕ ਸਭਿਆਚਾਰ**

ਪ੍ਰਤਿਮਾਨਿਕ ਸਭਿਆਚਾਰ, ਸਭਿਆਚਾਰ ਦਾ ਉਹ ਅੰਗ ਹੈ ਜਿਸ ਵਿਚ ਮਨੁੱਖੀ ਵਿਵਹਾਰ ਨੂੰ ਕੰਟਰੋਲ ਕਰਨ ਦੇ ਲਈ ਨਿਯਮਾਂ ਦੀ ਸਥਾਪਨਾ ਕੀਤੀ ਜਾਂਦੀ ਹੈ।ਗੁਰਬਖ਼ਸ਼ ਸਿੰਘ ਫ਼ਰੈਂਕ ਅਨੁਸਾਰ, "ਪ੍ਰਤਿਮਾਨਿਕ ਸਭਿਆਚਾਰ, ਸਭਿਆਚਾਰ ਦਾ ਉਹ ਅੰਗ ਹੈ, ਜਿਹੜਾ ਮਨੁੱਖੀ ਵਿਹਾਰ ਲਈ ਪ੍ਰਤਿਮਾਨ ਜਾਂ ਨਿਯਮ ਸਥਾਪਤ ਕਰਦਾ ਹੈ ਅਤੇ ਇਸ ਤਰ੍ਹਾਂ ਮਨੁੱਖੀ ਵਿਹਾਰ ਨੂੰ ਨਿਯਮਿਤ ਕਰਦਾ ਹੈ ਅਤੇ ਅਗਵਾਈ ਦੇਂਦਾ ਹੈ।"[27]

ਦੋ ਪ੍ਰਕਾਰ ਦੇ ਨਿਯਮ ਹੁੰਦੇ ਹਨ:

1. ਨਿਰਦੇਸ਼ਾਤਮਕ ਨਿਯਮ: ਇਹ ਕਰੋ
2. ਨਿਸ਼ੇਧਾਤਮਕ ਨਿਯਮ: ਇਹ ਨਾ ਕਰੋ

ਕਾਨੂੰਨੀ ਨਿਯਮ ਅਤੇ ਆਦਰਸ਼ਕ ਅਤੇ ਵਿਆਪਕ ਨਿਯਮ ਇਸ ਅੰਦਰ ਆ ਜਾਂਦੇ ਹਨ।

**3. ਬੌਧਾਤਮਿਕ ਸਭਿਆਚਾਰ**

ਵਿਚਾਰ, ਵਤੀਰੇ ਅਤੇ ਵਿਸ਼ਵਾਸ ਆਦਿ ਬੌਧਾਤਮਿਕ ਸਭਿਆਚਾਰ ਵਿਚ ਆ ਜਾਂਦਾ ਹੈ। ਸਾਹਿਤ, ਕਲਾ, ਧਰਮ, ਮਿਥਿਹਾਸ, ਫ਼ਲਸਫ਼ਾ ਆਦਿ ਸਭ ਇਸ ਦੇ ਅੰਗ ਹਨ।

## ਸਭਿਆਚਾਰਕ ਚੇਤਨਾ

ਮਨੁੱਖ ਇੱਕ ਸਮਾਜਿਕ ਪ੍ਰਾਣੀ ਹੋਣ ਦੇ ਨਾਤੇ ਜਿਵੇਂ ਸਮਾਜ ਤੋਂ ਬਿਨਾਂ ਨਹੀਂ ਰਹਿ ਸਕਦਾ ਉਸੇ ਤਰ੍ਹਾਂ ਹੀ ਸਭਿਆਚਾਰ ਮਨੁੱਖੀ ਜ਼ਿੰਦਗੀ ਦਾ ਇੱਕ ਜ਼ਰੂਰੀ ਅੰਗ ਹੈ ਤੇ ਸਭਿਆਚਾਰ ਬਿਨਾਂ ਵੀ ਉਸ ਦਾ ਜੀਵਨ ਗੁਜ਼ਾਰਾ ਨਹੀਂ ਹੋ ਸਕਦਾ। ਆਪਣੇ ਜਨਮ ਤੋਂ ਤੁਰੰਤ ਬਾਅਦ ਹੀ ਬੱਚਾ ਆਪਣੇ ਮਾਤਾ-ਪਿਤਾ ਦੇ ਸਭਿਆਚਾਰ ਨੂੰ ਅਪਣਾ ਲੈਂਦਾ ਹੈ। ਇਸ ਪ੍ਰਕਾਰ ਸਭਿਆਚਾਰ ਉਸ ਦੀ ਜ਼ਿੰਦਗੀ ਦਾ ਪ੍ਰਮੁੱਖ ਵਰਤਾਰਾ ਹੈ। ਸਭਿਆਚਾਰ ਸੰਬੰਧੀ ਉਸ ਅੰਦਰ ਚੇਤਨਤਾ ਭਾਵ ਜਾਗਰੂਕਤਾ ਦਾ ਹੋਣਾ ਵੀ ਬਹੁਤ ਜ਼ਰੂਰੀ ਹੈ। ਕਿਉਂਕਿ ਉਹ ਸਭਿਆਚਾਰ ਹੀ ਹੈ ਜੋ:

- ਮਨੁੱਖੀ ਜ਼ਿੰਦਗੀ ਨੂੰ ਸੇਧ ਦਿੰਦਾ ਹੈ।
- ਸਭਿਆਚਾਰ ਨੂੰ ਸਿੱਖਿਆ ਕਿਹਾ ਜਾ ਸਕਦਾ ਹੈ।

- ਸਭਿਆਚਾਰ ਨੂੰ ਪਾਠਸ਼ਾਲਾ ਕਿਹਾ ਜਾ ਸਕਦਾ ਹੈ।
- ਸਭਿਆਚਾਰ ਮਨੁੱਖੀ ਜ਼ਿੰਦਗੀ ਵਿਚ ਸੰਵੇਦਨਾ ਦਾ ਕੰਮ ਕਰਦਾ ਹੈ।

ਜਦੋਂ ਕੋਈ ਸਮਾਜ ਆਪਣੇ- ਆਪ ਨੂੰ ਆਰਥਿਕ, ਧਾਰਮਿਕ ਅਤੇ ਰਾਜਨੀਤਕ ਆਦਿ ਧੰਦੂਕਾਰਿਆਂ ਵਿਚ ਫਸਿਆ ਮਹਿਸੂਸ ਕਰੇ ਤਾਂ ਉਨ੍ਹਾਂ ਨੂੰ ਸਮਝ ਲੈਣਾ ਚਾਹੀਦਾ ਹੈ ਕਿ ਉੱਥੇ ਦੇ ਸਮਾਜ ਵਿਚ ਸਭਿਆਚਾਰਕ ਚੇਤਨਾ ਦੀ ਘਾਟ ਆ ਗਈ ਹੈ। ਕਿਉਂਕਿ ਸਭਿਆਚਾਰਕ ਚਿੰਤਨ ਦੀ ਸੂਖਮਤਾ ਦੇ ਨਾਲ ਹੀ ਸਭਿਆਚਾਰਕ-ਸੁੰਦਰਤਾ ਬਣੀ ਰਹਿੰਦੀ ਹੈ ਤੇ ਜੇਕਰ ਅਜਿਹਾ ਨਹੀਂ ਹੁੰਦਾ ਤਾਂ ਸਭਿਆਚਾਰਕ ਸਿਫ਼ਤਾਂ ਵਿਚ ਕਮੀ ਆ ਜਾਂਦੀ ਹੈ ਜੋ ਕਿ ਸਮਾਜ ਦੇ ਲਈ ਘਾਤਕ ਸਾਬਿਤ ਹੁੰਦੀ ਹੈ। ਸਭਿਆਚਾਰਕ ਭਾਵਨਾ ਨੂੰ ਭੌਤਿਕਵਾਦੀ ਆਡੰਬਰ, ਸੁਆਰਥ ਅਤੇ ਵਿਓਪਾਰਕ ਰਿਸ਼ਤੇ ਘਟਾਉਂਦੇ ਰਹਿੰਦੇ ਹਨ ਤੇ ਜਿਸ ਸਦਕਾ ਸਮਾਜ ਵਿਚ ਅਤ੍ਰਿਪਤੀ ਬਣੀ ਰਹਿੰਦੀ ਹੈ।

ਅੱਜ-ਕੱਲ੍ਹ ਸਮਾਜ-ਸਭਿਆਚਾਰਕ ਕਦਰਾਂ-ਕੀਮਤਾਂ ਵਿਚ ਦਿਨ ਪ੍ਰਤੀ ਦਿਨ ਅਸੀਂ ਕਮੀ ਜਾਂ ਗਿਰਾਵਟ ਆਉਂਦੀ ਹੋਈ ਦੇਖ ਰਹੇ ਹਾਂ ਜਿਸ ਦੇ ਲਈ ਲੋਕਾਂ ਦੀ ਸਭਿਆਚਾਰਕ ਚੇਤਨਹੀਣਤਾ ਹੀ ਜ਼ਿੰਮੇਵਾਰ ਹੈ ਇਸ ਚੇਤਨਹੀਣਤਾ ਕਰ ਕੇ ਮਨੁੱਖ ਦਿਨ ਪ੍ਰਤੀ ਦਿਨ ਹਨੇਰਾ ਬਣਦਾ ਜਾ ਰਿਹਾ ਹੈ ਤੇ ਇਹ ਹਨੇਰਾ ਉਸ ਨੂੰ ਕੁਰਾਹੇ ਪਾ ਰਿਹਾ ਹੈ। ਸਭਿਆਚਾਰਕ ਚੇਤਨਾ ਦੀ ਜੋਤ ਸਦਕਾ ਹੀ ਮਨੁੱਖ ਇਸ ਹਨੇਰੇ ਵਿਚੋਂ ਬਾਹਰ ਆ ਸਕਦਾ ਹੈ। ਕਿਉਂਕਿ ਸਭਿਆਚਾਰ ਮਨੁੱਖ ਨੂੰ ਸੁਚੇਤ ਕਰਨ ਦਾ ਕੰਮ ਕਰਦਾ ਹੈ।

ਇੰਝ ਜ਼ਿੰਦਗੀ ਜਿਊਣ ਦੇ ਕਰਾਮਾਤੀ ਕਰਮ ਦੇ ਵਿਧਾਨ ਨੂੰ ਸਭਿਆਚਾਰ ਆਖਿਆ ਜਾ ਸਕਦਾ ਹੈ। ਜਿਵੇਂ ਕਿ:

- "ਸਮਾਜਿਕ-ਕ੍ਰਿਆ ਕਲਾਪ ਦੇ ਰਚਨਾਤਮਿਕ ਰੂਪ ਨੂੰ ਸਭਿਆਚਾਰ ਕਿਹਾ ਜਾ ਸਕਦਾ ਹੈ।
- ਸਮਾਜਿਕ ਉਮੰਗ ਦੇ ਉਤਸਵ ਨੂੰ ਸਭਿਆਚਾਰ ਕਿਹਾ ਜਾ ਸਕਦਾ ਹੈ।
- ਸਮਾਜਿਕ ਰਹਿਤਲ ਦੀ ਸਿਰਜਣਾਤਮਿਕਤਾ ਨੂੰ ਸਭਿਆਚਾਰ ਕਿਹਾ ਜਾ ਸਕਦਾ ਹੈ।
- ਸਮਾਜਿਕ ਕਦਰਾਂ-ਕੀਮਤਾਂ ਦੇ ਨਾਦ ਨੂੰ ਸਭਿਆਚਾਰ ਕਿਹਾ ਜਾ ਸਕਦਾ ਹੈ।
- ਸਮਾਜਿਕ ਵਿਵੇਕ ਨੂੰ ਸਭਿਆਚਾਰ ਕਿਹਾ ਜਾ ਸਕਦਾ ਹੈ।
- ਸਮਾਜਿਕ ਪ੍ਰਕਰਣ ਦੀ ਵਿਧਾਇਕ ਵਿਧੀ ਨੂੰ ਸਭਿਆਚਾਰ ਕਿਹਾ ਜਾ ਸਕਦਾ ਹੈ।
- ਸਭਿਆਚਾਰ ਨੂੰ ਸਮਾਜ ਦਾ ਵੇਦ ਕਿਹਾ ਜਾ ਸਕਦਾ ਹੈ।"[28]

ਸਭਿਆਚਾਰਕ-ਸੰਤੁਲਨ ਵਿਚ ਉਦੋਂ ਵਿਗਾੜ ਆਉਣ ਲਗਦਾ ਹੈ ਜਦੋਂ ਸਮਾਜ ਸਭਿਆਚਾਰਕ ਚੇਤਨਾ ਤੋਂ ਮਨਫ਼ੀ ਹੋਣ ਲਗਦਾ ਹੈ ਤੇ ਮਨਫ਼ੀ ਕਿਸਮ ਮੁਨਾਫ਼ੇ ਕਦੇ ਵੀ ਲਾਭਦਾਇਕ ਨਹੀਂ ਹੁੰਦੇ ਤੇ ਇਸ ਗੱਲ ਨੂੰ ਸਮਝ ਜਾਣਾ ਚਾਹੀਦਾ ਹੈ ਕਿ ਮਨਫ਼ੀ ਕਿਸਮ ਦਾ ਸਭਿਆਚਾਰ ਕਦੇ ਵੀ ਸੰਤੁਸ਼ਟਤਾ ਪ੍ਰਦਾਨ ਨਹੀਂ ਕਰ ਸਕਦਾ। ਸਭਿਆਚਾਰਕ ਚੇਤਨਾ ਸਾਤਵਿਕਤਾ, ਸਾਰਥਿਕਤਾ, ਵਿੱਦਿਆ, ਵਿਵੇਕ, ਸਿਰਜਣਾ ਅਤੇ ਪਵਿੱਤਰਤਾ ਨੂੰ ਬਣਾਈ ਰੱਖਦੀ ਹੈ ਜੇਕਰ

ਸਭਿਆਚਾਰ ਵਿਚ ਚੇਤਨਹੀਣਤਾ ਆ ਜਾਵੇ ਤਾਂ ਸਭਿਆਚਾਰ ਪ੍ਰਦੂਸ਼ਿਤ ਹੋਣ ਲਗਦਾ ਹੈ ਤੇ ਪ੍ਰਦੂਸ਼ਿਤ ਸਭਿਆਚਾਰ ਸਮਾਜ ਦੇ ਲਈ ਘਾਤਕ ਹੁੰਦਾ ਹੈ ਕਿਉਂਕਿ:

- "ਪ੍ਰਦੂਸ਼ਿਤ-ਸਭਿਆਚਾਰ ਦਵੰਦਵਾਦੀ ਹੁੰਦਾ ਹੈ।
- ਪ੍ਰਦੂਸ਼ਿਤ-ਸਭਿਆਚਾਰ ਚਰਿੱਤਰਹੀਣ ਹੁੰਦਾ ਹੈ।
- ਪ੍ਰਦੂਸ਼ਿਤ-ਸਭਿਆਚਾਰ ਨਿੱਜਵਾਦੀ ਹੁੰਦਾ ਹੈ।
- ਪ੍ਰਦੂਸ਼ਿਤ-ਸਭਿਆਚਾਰ ਪਾਪੀ ਹੁੰਦਾ ਹੈ।
- ਪ੍ਰਦੂਸ਼ਿਤ-ਸਭਿਆਚਾਰ ਅਪਵਿੱਤਰ ਹੁੰਦਾ ਹੈ।"[29]

ਸਮਾਜ ਵਿਚ ਆਈਆਂ ਗ਼ਲਤ ਕਦਰਾਂ-ਕੀਮਤਾਂ ਸਦਕਾ ਸਭਿਆਚਾਰ ਵਿਚ ਬੇਚੈਨੀ ਆ ਜਾਂਦੀ ਹੈ ਤੇ ਇਸ ਬੇਚੈਨੀ ਨੂੰ ਵਿੱਦਿਆ, ਵਿਵੇਕ, ਵਿਵਸਥਾ, ਚਿੰਤਨ, ਸੂਝ-ਸਿਆਣਪ, ਸੰਜਮ, ਤਿਆਗ, ਤਪੱਸਿਆ, ਮਿਹਨਤ, ਸੰਘਰਸ਼, ਸਮਰੱਥਾ, ਨੀਤੀ ਅਤੇ ਨਿਆਂਸ਼ੀਲ ਨਾਲ ਦੂਰ ਕੀਤਾ ਜਾ ਸਕਦਾ ਹੈ ਜੋ ਕਿ ਸਭਿਆਚਾਰਕ ਚੇਤਨਾ ਦੇ ਜ਼ਰੀਏ ਹੀ ਸੰਭਵ ਹੋ ਸਕਦਾ ਹੈ। ਡਾ. ਗੁਰਚਰਨ ਸਿੰਘ ਅਰਸ਼ੀ ਅਨੁਸਾਰ,

> "ਸਾਂਸਕ੍ਰਿਤਿਕ ਦ੍ਰਿਸ਼ਟੀ ਤੋਂ ਮਨੁੱਖ ਦੀ ਹਉਂ(self) ਦਾ ਵਿਕਾਸ ਡੂੰਘਾਈ ਦੀ ਅਨੁਭੂਤੀ ਦਾ ਵਿਕਾਸ ਹੈ। ਜਿਵੇਂ-ਜਿਵੇਂ ਸੰਸਕ੍ਰਿਤੀ ਅੱਗੇ ਵਧਦੀ ਹੈ, ਯਥਾਰਥ ਦੀ ਪਾਸ਼ਵਿਕ ਸ਼ਕਤੀ ਵਿਚ ਚੇਤਨਾ ਰੂਪੀ ਗੁਣ ਵਧਦਾ ਜਾਂਦਾ ਹੈ ਅਤੇ ਮਨੁੱਖ ਨੂੰ ਆਪਣੇ ਸਵੈਤਵ ਵਿਚ ਨਵੇਂ ਹੱਦ ਬੰਨੇ ਬਣਦੇ ਮਹਿਸੂਸ ਹੁੰਦੇ ਹਨ। ਨਾਵਲ ਦੇ ਰੂਪ ਵਿਧਾਨ ਵਿਚ ਜੋ ਵਿਕਾਸ ਹੋਇਆ ਹੈ ਉਸ ਦੇ ਪਿੱਛੇ ਸਵੈ ਦੇ ਪ੍ਰਤੀ ਡੂੰਘਾਈ ਦੀਆਂ ਫੈਲਦੀਆਂ ਹੋਈਆਂ ਸੀਮਾਵਾਂ ਦੇ ਰੂਪ ਵਿਚ ਇਸ ਵਧਦੀ ਚੇਤਨਾ ਨੂੰ ਅਭਿਵਿਅਕਤ ਕਰਨ ਦਾ ਪ੍ਰਯਤਨ ਕੀਤਾ ਗਿਆ ਹੈ।"[30]

ਪਸ਼ੂਆਂ ਤੋਂ ਇੱਕ ਸਭਿਆਚਾਰਕ ਮਨੁੱਖ ਬਣਨ ਵਿਚ ਚੇਤਨਤਾ ਨੇ ਮਹੱਤਵਪੂਰਨ ਭੂਮਿਕਾ ਨਿਭਾਈ ਹੈ। ਮੈਲਿਨੋਵਸਕੀ ਨੇ ਸਭਿਆਚਾਰ ਦੇ ਵਿਕਾਸ ਬਾਰੇ ਦੱਸਦੇ ਹੋਏ ਲਿਖਿਆ ਹੈ ਕਿ, "ਮਨੁੱਖ ਦੀ ਪਸ਼ੂ ਜਗਤ ਤੋਂ ਵੱਖਰੇ ਦੋ ਲੱਤਾਂ ਤੇ ਖੜ੍ਹਨ ਤੇ ਦੋ ਨੂੰ ਆਜ਼ਾਦ ਕਰ ਕੇ ਹੱਥ ਬਣਾ ਸਕਣ ਦੀ ਸਮਰੱਥਾ ਨੇ ਨਾ ਸਿਰਫ਼ ਉਸ ਦੀ ਸਰੀਰਕ ਮੁਦਰਾ ਵਿਚ ਹੀ ਸਗੋਂ ਜੀਵ ਵਿਗਿਆਨ ਸੰਗਠਨ ਅਤੇ ਸਿਰਜਣਾਤਮਕ ਤੌਰ 'ਤੇ ਸਿੱਧਾ ਖੜ੍ਹ ਸਕਣ ਨਾਲ ਦੋ ਹੱਥ ਸੁਤੰਤਰ ਹੋ ਗਏ ਜਿਨ੍ਹਾਂ ਨਾਲ ਉਹ ਇਨ੍ਹਾਂ ਕਾਰਜਾਂ ਲਈ ਵਰਤੋਂ ਕਰਨ ਦੇ ਸਮਰੱਥ ਹੋਇਆ ਤੇ ਕਿਰਤ-ਵਸੀਲਿਆਂ ਸੰਦਾਂ ਅਤੇ ਵਿਆਪਕ ਕਾਰੋਬਾਰ ਵੱਲ ਪੁਲਾਂਘਾਂ ਪੁੱਟਦਾ ਗਿਆ। ਸਿੱਧੇ ਸ਼ਤੀਰ ਵਾਂਗ ਖੜ੍ਹਨ ਦੀ ਸਰੀਰਕ ਮੁਦਰਾ ਕਾਰਨ ਨਜ਼ਰ ਵੱਧ ਪਾਸਿਆਂ ਤੇ ਵਧੇਰੇ ਟਿਕਵੀਂ ਬਣੀ, ਦਿਮਾਗ਼ੀ ਆਕਾਰ ਤੇ ਕੁਸ਼ਲਤਾ ਵਧੀ, ਰਹਿਣ-ਸਹਿਣ, ਖਾਣ-ਪੀਣ ਢੰਗ ਬਦਲਿਆ। ਇਹ ਸੱਚ ਹੈ ਕਿ ਹੱਥ ਨੇ ਮਨੁੱਖੀ ਤਰਕ ਜਾਰੀ ਕੀਤਾ ਅਤੇ ਮਨੁੱਖੀ ਚੇਤਨਤਾ ਪੈਦਾ ਕੀਤੀ।"[31]

ਉਪਰੋਕਤ ਪਰਿਭਾਸ਼ਾ ਤੋਂ ਜੋ ਗੱਲ ਉੱਭਰ ਕੇ ਸਾਹਮਣੇ ਆਉਂਦੀ ਹੈ ਉਹ ਇਹੀ ਹੈ ਕਿ ਸਭਿਆਚਾਰ ਅਸਲ ਵਿਚ ਮਨੁੱਖੀ ਚੇਤਨਾ ਦਾ ਹੀ ਸਿੱਟਾ ਹੈ। ਜੰਗਲਾਂ ਵਿਚ ਰਹਿੰਦੇ ਮਨੁੱਖ ਅੰਦਰ ਜਿਉਂ-ਜਿਉਂ ਚੇਤਨਤਾ ਆਉਂਦੀ ਗਈ ਤਾਂ ਉਹ ਇੱਕ ਸਭਿਅਕ ਪ੍ਰਾਣੀ ਬਣਦਾ ਗਿਆ। ਚੇਤਨਾ ਸਦਕਾ ਹੀ ਉਸ ਨੂੰ ਰਿਸ਼ਤੇ-ਨਾਤਿਆਂ ਦੀ ਸਮਝ ਆਈ ਤੇ ਅਸਭਿਆ ਤੋਂ ਸਭਿਆ ਦਾ ਰਸਤਾ ਫੜਦਾ ਗਿਆ।

## ਰਾਜਨੀਤਕ ਚੇਤਨਾ:

### ਰਾਜਨੀਤੀ:-

ਰਾਜਨੀਤੀ ਸ਼ਬਦ ਅੰਗਰੇਜ਼ੀ ਭਾਸ਼ਾ ਦੇ ਸ਼ਬਦ 'ਪੋਲੀਟਿਕਸ' ਦਾ ਸਮਾਨਾਰਥੀ ਸ਼ਬਦ ਹੈ। ਰਾਜਨੀਤੀ, ਨਿੱਜੀ ਜਾਂ ਸਮੂਹਿਕ ਪੱਧਰ ਤੇ ਲੋਕਾਂ ਨੂੰ ਪ੍ਰਭਾਵਿਤ ਕਰਨ ਵਾਲਾ ਸਿਧਾਂਤ ਜਾਂ ਅਮਲ ਹੈ। ਰਾਜਨੀਤੀ ਦਾ ਸਾਧਾਰਨ ਅਰਥਾਂ ਵਿਚ ਮਤਲਬ ਰਾਜ ਜਾਂ ਸਮਾਜ ਵਿਚ ਲੋਕਾਂ ਉੱਪਰ ਰਾਜ ਕਰਨਾ ਹੈ। ਰਾਜਨੀਤੀ ਵਿਚ, ਦੂਜੇ ਲੋਕਾਂ ਵਿਚ ਸਿਆਸੀ ਵਿਚਾਰਾਂ ਨੂੰ ਪ੍ਰਫੁਲਿਤ ਕਰਨਾ, ਦੂਜੇ ਸਿਆਸੀ ਤੱਤਾਂ ਨਾਲ ਗੱਲਬਾਤ, ਸਮਝੌਤਾ ਕਰਨਾ, ਕਾਨੂੰਨ ਬਣਾਉਣਾ ਅਤੇ ਵਿਰੋਧੀਆਂ ਖ਼ਿਲਾਫ਼ ਜੰਗ ਸਮੇਤ ਬਲ ਦੀ ਵਰਤੋਂ ਕਰਨਾ ਆਦਿ ਸ਼ਾਮਿਲ ਕੀਤਾ ਜਾਂਦਾ ਹੈ। ਸਿਆਸਤ ਕਈ ਤਰ੍ਹਾਂ ਦੇ ਸਮਾਜਿਕ ਪੱਧਰਾਂ ਤੇ ਅਮਲ ਵਿਚ ਆਉਂਦੀ ਹੈ ਜਿਵੇਂ ਕਿ ਰਵਾਇਤੀ ਸਮਾਜ ਦੇ ਟੱਬਰ ਅਤੇ ਕਬੀਲਿਆਂ ਤੋ ਲੈ ਕੇ ਆਧੁਨਿਕ ਸਥਾਨਕ ਸਰਕਾਰਾਂ, ਕੰਪਨੀਆਂ ਅਤੇ ਅਦਾਰਿਆਂ ਸਮੇਤ ਪ੍ਰਭੁਸੱਤਾ ਰਾਜ ਅਤੇ ਕੌਮਾਂਤਰੀ ਪੱਧਰ ਤੱਕ। ਅਸਲ ਵਿਚ ਰਾਜਨੀਤੀ ਦਾ ਉਦੇਸ਼ ਦੇਸ਼ ਦੀ ਰੱਖਿਆ ਕਰਨਾ ਅਤੇ ਦੇਸ਼ ਦੀ ਅਖੰਡਤਾ ਨੂੰ ਕਾਇਮ ਰੱਖਣਾ ਹੁੰਦਾ ਹੈ। ਇਸ ਲਈ ਰਾਜਨੀਤੀ ਵਿਅਕਤੀ ਨੂੰ ਦੇਸ਼ ਪਿਆਰ ਦੀ ਸਿੱਖਿਆ ਪ੍ਰਦਾਨ ਕਰਦੀ ਹੈ।

### ਪਰਿਭਾਸ਼ਾ:-

ਰਾਜਨੀਤੀ ਨੂੰ ਵੱਖ-ਵੱਖ ਵਿਦਵਾਨਾਂ ਦੁਆਰਾ ਪਰਿਭਾਸ਼ਿਤ ਕੀਤਾ ਗਿਆ ਹੈ ਜਿਵੇਂ ਕਿ-

ਮਾਰਕਸ ਦੇ ਅਨੁਸਾਰ, "ਰਾਜ ਜਮਾਤੀ ਸਮਾਜ ਦਾ ਇੱਕ ਅਜਿਹਾ ਅਦਾਰਾ ਹੈ ਜੋ ਇੱਕ ਜਮਾਤ ਹੱਥੀਂ ਦੂਸਰੀ ਜਮਾਤ ਉੱਪਰ ਅਨਰਥ ਢਾਹੁੰਦਾ ਹੈ। ਰਾਜ ਜਮਾਤਾਂ ਵਿਚਕਾਰ ਟੱਕਰ ਨੂੰ ਮੱਧਮ ਕਰਦਾ ਹੋਇਆ ਅੱਤਿਆਚਾਰ ਨੂੰ ਕਾਨੂੰਨੀ ਸ਼ਕਲ ਦੇ ਕੇ ਅਮਨ-ਅਮਾਨ ਰੱਖਦਾ ਹੈ।"[32]

ਲੈਨਿਨ ਅਨੁਸਾਰ, "ਰਾਜ ਕਿਸੇ ਤਰ੍ਹਾਂ ਸਮਾਜ ਉੱਪਰ ਬਾਹਰੋਂ ਥੋਪੀ ਗਈ ਸ਼ਕਤੀ ਨਹੀਂ ਹੈ ਬਲਕਿ ਮਨੁੱਖੀ ਸਮਾਜ ਦੇ ਵਿਕਾਸ ਦੇ ਇੱਕ ਖ਼ਾਸ ਪੜਾਅ ਦੀ ਹੀ ਉਪਜ ਹੈ।"[33]

ਉਪਰੋਕਤ ਪਰਿਭਾਸ਼ਾਵਾਂ ਤੋਂ ਇਹੀ ਸਪਸ਼ਟ ਹੁੰਦਾ ਹੈ ਕਿ ਰਾਜਨੀਤੀ ਦਾ ਸੰਬੰਧ ਰਾਜ ਸਰਕਾਰ ਅਤੇ ਕਾਨੂੰਨ ਨਾਲ ਹੈ। ਇਸ ਵਿਚ ਮਨੁੱਖ ਦੀਆਂ ਸਾਰੀਆਂ ਰਾਜਨੀਤਕ ਗਤੀਵਿਧੀਆਂ ਆ ਜਾਂਦੀਆਂ ਹਨ।

ਰਾਜਨੀਤਕ ਚੇਤਨਾ ਤੋਂ ਭਾਵ ਅਜਿਹੀ ਚੇਤਨਾ ਤੋਂ ਹੈ ਜਿਹੜੀ ਕਿ ਸਮਾਜ ਵਿਚ ਪਾਈ ਜਾਂਦੀ ਹਰ ਇੱਕ ਸੰਸਥਾ 'ਤੇ ਆਪਣਾ ਪ੍ਰਭਾਵ ਪਾਉਂਦੀ ਹੈ। ਰਾਜਨੀਤਕ ਚੇਤਨਾ ਦੀ ਸਿਰਜਣਾ ਸਮਾਜ ਵਿਚਲੇ ਬੁਨਿਆਦੀ ਹਿਤਾਂ ਦੇ

ਅਨੁਸਾਰ ਹੁੰਦੀ ਹੈ। ਸਮਾਜ ਵਿਚਲੇ ਆਧਾਰ ਪ੍ਰਬੰਧ ਦੀ ਗੱਲ ਕਰੀਏ ਤਾਂ ਉਸ ਵਿਚ ਸਭ ਤੋਂ ਅਹਿਮ ਰੋਲ ਆਰਥਿਕਤਾ ਦਾ ਹੁੰਦਾ ਹੈ। ਕਿਤੇ ਨਾ ਕਿਤੇ ਰਾਜਨੀਤਕ ਚੇਤਨਾ ਸਮਾਜਿਕ ਚੇਤਨਾ ਦਾ ਹੀ ਅਭਿੰਨ ਅੰਗ ਹੁੰਦੀ ਹੈ, ਇਸ ਕਰ ਕੇ ਹੀ ਰਾਜਨੀਤਕ ਚੇਤਨਾ ਦੇ ਦੁਆਰਾ ਇੱਕ ਪਾਸੇ ਤੋਂ ਅਸਿੱਧੇ ਰੂਪ ਵਿਚ ਆਰਥਿਕਤਾ ਨੂੰ ਪ੍ਰਭਾਵਿਤ ਕੀਤਾ ਜਾਂਦਾ ਹੈ ਤੇ ਦੂਜੇ ਪਾਸੇ ਹੀ ਇਹ ਸਮਾਜਿਕ ਸੰਸਥਾਵਾਂ ਨਾਲ ਵੀ ਰਿਸ਼ਤਾ ਕਾਇਮ ਰੱਖਦੀ ਹੈ। ਰਾਜਨੀਤਕ ਚੇਤਨਾ ਦੇ ਵਿਚ ਵਿਚਾਰਧਾਰਾ ਦਾ ਅਹਿਮ ਰੋਲ ਹੁੰਦਾ ਹੈ।

ਇਤਿਹਾਸ ਦੀ ਦੇਣ ਸਦਕਾ ਹਰ ਨਵੀਂ ਪੀੜੀ ਕੋਲ ਰਾਜਨੀਤਕ ਮਾਹੌਲ ਹੁੰਦਾ ਹੈ। ਰਾਜਨੀਤਕ ਵਾਤਾਵਰਨ, ਸਮਾਜਿਕ ਰਿਸ਼ਤਿਆਂ ਦੇ ਤਾਣੇ-ਬਾਣੇ ਨਾਲ ਜੁੜ ਕੇ ਹੀ ਬਣਿਆ ਹੁੰਦਾ ਹੈ ਅਤੇ ਇਸ ਤਾਣੇ-ਬਾਣੇ ਦੇ ਅੰਦਰ ਰਾਜਾਂ, ਸੰਸਥਾਵਾਂ ਅਤੇ ਸ਼੍ਰੇਣੀਆਂ ਵਿਚਕਾਰ ਕਈ ਤਰ੍ਹਾਂ ਦੇ ਵਿਰੋਧ ਪਾਏ ਜਾਂਦੇ ਹਨ। ਰਾਜ ਦੀਆਂ ਸੰਸਥਾਵਾਂ ਅਤੇ ਰਾਜਨੀਤਕ ਪ੍ਰਣਾਲੀਆਂ ਆਪਸ ਵਿਚ ਮਿਲ ਕੇ ਕੰਮ ਕਰਦੀਆਂ ਹਨ।

ਸਮਾਜ ਵਿਚੋਂ ਹੀ ਰਾਜਨੀਤਕ ਚੇਤਨਾ ਦਾ ਜਨਮ ਹੁੰਦਾ ਹੈ। ਸਮਾਜ ਨੂੰ ਹਮੇਸ਼ਾ ਸ਼੍ਰੇਣੀਆਂ ਦੇ ਵਿਚ ਵੰਡਿਆ ਜਾਂਦਾ ਹੈ ਅਤੇ ਇਹ ਸ਼੍ਰੇਣੀ ਵੰਡ ਦਾ ਆਧਾਰ ਵੀ ਆਰਥਿਕਤਾ ਹੀ ਹੁੰਦੀ ਹੈ। ਆਰਥਿਕਤਾ ਵਿਚੋਂ ਹੀ ਰਾਜਨੀਤਕਤਾ ਦਾ ਜਨਮ ਹੁੰਦਾ ਹੈ ਤੇ ਇਸ ਸੰਕਲਪ ਦੁਆਰਾ ਆਰਥਿਕਤਾ ਅਤੇ ਸਮਾਜੀ ਵਿਕਾਸ ਦੋਵੇਂ ਪ੍ਰਭਾਵਿਤ ਹੁੰਦੇ ਹਨ। ਸਮਾਜਿਕ ਵਿਕਾਸ ਦੀ ਪਹਿਲੀ ਸ਼ਰਤ ਆਰਥਿਕਤਾ ਦਾ ਵਿਕਾਸ ਹੀ ਹੁੰਦੀ ਹੈ ਜੋ ਕਿ ਚੇਤੰਨ ਲੋਕਾਂ ਦੀ ਤਵੱਜੋ ਕਰ ਕੇ ਹੀ ਹੋ ਸਕਦਾ ਹੈ। ਰਾਜਨੀਤੀ ਦੇ ਜ਼ਰੀਏ ਸਮਾਜੀ ਵਿਕਾਸ ਨਾਲ ਲੋਕਾਂ ਨੂੰ ਚੇਤੰਨ ਤੌਰ 'ਤੇ ਜੀਵਿਆ ਜਾਂਦਾ ਹੈ। ਭਾਵੇਂ ਆਰਥਿਕਤਾ ਵਿਚੋਂ ਹੀ ਰਾਜਨੀਤੀ ਦਾ ਜਨਮ ਹੋਇਆ ਹੈ ਪਰ ਆਰਥਿਕਤਾ ਉੱਪਰ ਰਾਜਨੀਤਕਤਾ ਦਾ ਕਾਬਜ਼ ਹੋਣਾ ਪਹਿਲੀ ਸ਼ਰਤ ਹੈ।

ਰਾਜਨੀਤੀ ਪ੍ਰਤੀ ਲੋਕਾਂ ਦੀ ਸੋਚ ਅਤੇ ਉਨ੍ਹਾਂ ਦੇ ਰਾਜਸੀ ਵਿਚਾਰਾਂ ਦਾ ਰਾਜਨੀਤਕ ਚੇਤਨਾ ਨਾਲ ਬਹੁਤ ਗੂੜ੍ਹਾ ਰਿਸ਼ਤਾ ਹੈ। ਅਜਿਹੇ ਰਾਜਸੀ ਵਿਚਾਰ ਹੀ ਰਾਜਾਂ ਦੇ ਆਪਸੀ ਤੇ ਬਾਹਰੀ ਸੰਬੰਧਾਂ ਨੂੰ ਪ੍ਰਭਾਵਿਤ ਕਰਦੇ ਹਨ। ਵਿਰੋਧੀ ਸ਼੍ਰੇਣੀਆਂ ਵਾਲੇ ਸਮਾਜ ਵਿਚ ਉਨ੍ਹਾਂ ਦੇ ਵਿਚਾਰ ਸਦਾ ਹੀ ਆਪਣੀ ਸ਼੍ਰੇਣੀ ਦੇ ਹਿਤਾਂ ਉੱਪਰ ਨਿਰਭਰ ਕਰਦੇ ਹਨ। ਉਨ੍ਹਾਂ ਦੀ ਸੋਚ ਆਰਥਿਕ ਵਸੀਲਿਆਂ ਨੂੰ ਸਦਾ ਹੀ ਆਪਣੇ ਹੱਕਾਂ ਵਿਚ ਭੁਗਤਾਉਣ ਦੀ ਹੁੰਦੀ ਹੈ। ਦੂਜੇ ਪਾਸੇ ਵਾਲੀ ਧਿਰ ਦੀ ਵਿਚਾਰਧਾਰਾ ਸੋਚ ਵਿਚ ਪਰਿਵਰਤਨ ਲਿਆਉਣ ਵਾਲੀ ਹੁੰਦੀ ਹੈ ਜਿੱਥੇ ਕੋਈ ਲੁੱਟ-ਖਸੁੱਟ ਨਾ ਹੋਵੇ ਅਤੇ ਸ਼੍ਰੇਣੀ ਰਹਿਤ ਸਮਾਜ ਸਥਾਪਤ ਹੋਵੇ। ਇਸ ਤਰ੍ਹਾਂ ਦੀਆਂ ਦੋ ਰਾਜਸੀ ਵਿਚਾਰਧਾਰਾਵਾਂ ਨਾਲੋਂ-ਨਾਲ ਚਲਦੀਆਂ ਹਨ। ਜਿਸ ਵਿਚ ਇੱਕ ਮਜ਼ਦੂਰ ਸ਼੍ਰੇਣੀ ਤੇ ਦੂਜੀ ਮਾਲਕ ਸ਼੍ਰੇਣੀ ਹੁੰਦੀ ਹੈ ਪਰ ਭਾਰੂ ਵਿਚਾਰਧਾਰਾ ਸਦਾ ਹੀ ਮਾਲਕ ਸ਼੍ਰੇਣੀ ਦੀ ਬਣੀ ਰਹਿੰਦੀ ਹੈ।

ਬੁਰਜ਼ੂਆ ਸ਼੍ਰੇਣੀ ਦੇ ਦੁਆਰਾ ਸਦਾ ਹੀ ਰਾਜਸੀ ਵਿਚਾਰ ਸਰਮਾਏਦਾਰੀ ਨੂੰ ਆਪਣੇ ਹੱਕ ਵਿਚ ਭੁਗਤਾਉਣ ਦੇ ਲਈ ਖੋਲ੍ਹਦੇ ਹਨ। ਇਸ ਵਿਚਾਰਧਾਰਾ ਸਦਕਾ ਕਿਰਤੀ ਸ਼੍ਰੇਣੀ ਦੇ ਘੋਲ ਨੂੰ ਕੁਚਲਿਆਂ ਹੀ ਜਾਂਦਾ ਹੈ। ਇਸ ਵਜ੍ਹਾ ਕਰ ਕੇ ਹੀ ਸਮਾਜੀ ਚੇਤਨਤਾ ਦੇ ਵਿਚ ਰਾਜਨੀਤੀ ਦੇ ਵਿਚਾਰਧਾਰਾਈ ਆਧਾਰ ਕਿਸੇ ਵੀ ਸ਼੍ਰੇਣੀ ਦੇ ਹੋਣ ਪਰ ਇਸ

ਦੀ ਨਿਰਭਰਤਾ ਆਰਥਿਕਤਾ ਉੱਪਰ ਹੀ ਹੁੰਦੀ ਹੈ ਕਿਉਂਕਿ ਰਾਜਨੀਤਕ ਚੇਤਨਾ ਦੇ ਕੰਮ ਕਰ ਰਹੇ ਆਧਾਰ ਹਮੇਸ਼ਾ ਸਮਾਜ ਨਾਲ ਹੀ ਜੁੜੇ ਹੁੰਦੇ ਹਨ।

## ਰਾਜਨੀਤਕ ਚੇਤਨਾ: ਸਰੂਪ

ਮਨੁੱਖ ਨੂੰ ਇੱਕ ਸੁਚੇਤ ਪ੍ਰਾਣੀ ਕਿਹਾ ਜਾਂਦਾ ਹੈ। ਜਿਸ ਨੂੰ ਕਿ ਆਪਣੇ ਨਾਲ ਜੁੜੇ ਸਮਾਜਿਕ ਵਰਤਾਰੇ ਸੰਬੰਧੀ ਸੋਝੀ ਹੁੰਦੀ ਹੈ।

ਇਸ ਸਮਾਜ ਨੂੰ ਸਮਝਣ, ਪਰਖਣ ਅਤੇ ਇਸ ਵਿਚ ਵਧੀਆ ਤਰੀਕੇ ਨਾਲ ਵਿਚਰਨ ਦੇ ਲਈ ਰਾਜਨੀਤਕ ਚੇਤਨਾ ਇੱਕ ਵਧੀਆ ਜ਼ਰ੍ਹੀਆ ਹੈ। ਰਾਜਨੀਤਕ ਚੇਤਨਾ ਸਾਨੂੰ ਆਪਣੇ ਹੱਕਾਂ ਦੇ ਲਈ ਲੜਨ ਅਤੇ ਨਿਆਂ ਦਾ ਭਰੋਸਾ ਦਿਵਾਉਂਦੀ ਹੈ।

ਜਦੋਂ ਵੀ ਅਸੀਂ ਰਾਜਨੀਤਕ ਸੰਬੰਧਾਂ ਦੀ ਗੱਲ ਕਰਦੇ ਹਾਂ ਤਾਂ ਸਾਡੇ ਦਿਮਾਗ਼ ਵਿਚ ਹਮੇਸ਼ਾ ਹੀ ਨਾਂਹਵਾਦੀ ਵਿਚਾਰ ਪੈਦਾ ਹੁੰਦੇ ਹਨ। ਪਰ ਜੇਕਰ ਅਸੀਂ ਇਸ ਗੱਲ ਦੀ ਪੜਤਾਲ ਕਰੀਏ ਤਾਂ ਪਤਾ ਲਗਦਾ ਹੈ ਕਿ ‘Political’ ਸ਼ਬਦ ਦੇ ਵਿਚਲਾ ਧਾਤੂ 'ਪੋਲਸਿ' ਭਾਵ ਉਸਾਰੂ ਸਮਾਜ ਸਥਾਪਿਤ ਕਰਨ ਦੀ ਸੇਧ ਦਿੰਦਾ ਹੈ। ਰਾਜਸੀ ਚੇਤਨਾ ਦੇ ਅਰਥ ਇੱਥੇ ਆਮ ਜਨਤਾ ਨੂੰ ਇਸ ਪ੍ਰਤੀ ਜਾਗਰੂਕ ਕਰਨਾ ਤੇ ਸਾਂਝੇ ਹਿਤਾਂ ਪ੍ਰਤੀ ਕਦਮ ਪੁੱਟਣ ਤੋਂ ਹੈ। ਰਾਜਨੀਤਕ ਚੇਤਨਾ ਸਾਨੂੰ ਸਮਾਜ ਦੇ ਸਾਂਝੇ ਹਿਤਾਂ ਅਤੇ ਮਨੁੱਖਤਾ ਦੀ ਭਲਾਈ ਸੰਬੰਧੀ ਪ੍ਰੇਰਿਤ ਕਰਦੀ ਹੈ।

ਰਾਜਨੀਤਕ ਚੇਤਨਾ ਤੋਂ ਭਾਵ ਅਜਿਹੀ ਸੂਝ ਅਤੇ ਸਮਝ ਤੋਂ ਹੈ ਜੋ ਸਾਨੂੰ ਦੱਸਦੀ ਹੈ ਕਿ ਅਸੀਂ ਕੌਣ ਹੈ? ਅਸੀਂ ਸਮਾਜ ਵਿਚ ਕਿਸ ਤਰ੍ਹਾਂ ਵਿਚਰਨਾ ਹੈ? ਸਾਡੀਆਂ ਕਦਰਾਂ-ਕੀਮਤਾਂ ਕੀ ਹੈ? ਇਸ ਦਾ ਰਸਤਾ ਲੰਬਾ ਅਤੇ ਸੰਘਰਸ਼ਮਈ ਹੈ। ਰਾਜਨੀਤਕ ਚੇਤਨਾ ਕੋਈ ਸਵਾਲ ਕਰਨ ਜਾਂ ਫਿਰ ਰਾਜਨੀਤਕ ਮੁਲਾਂਕਣ ਕਰਨ ਦਾ ਜ਼ਰ੍ਹੀਆ ਹੀ ਨਹੀਂ ਬਲਕਿ ਇਹ ਸਾਡੇ ਸਿਸਟਮ ਨੂੰ ਪਾਰਦਰਸ਼ੀ ਵੀ ਪ੍ਰਦਾਨ ਕਰਦੀ ਹੈ।

ਰਾਜਨੀਤਕ ਚੇਤਨਾ ਦੇ ਸੰਕਲਪ ਨੂੰ ਸਮਝਣ ਦੇ ਲਈ ਰਾਜ ਅਤੇ ਰਾਜਨੀਤੀ ਦੇ ਅੰਤਰ ਸੰਬੰਧਾਂ ਨੂੰ ਪਹਿਲਾ ਸਮਝਣਾ ਪਵੇਗਾ ਕਿਉਂਕਿ ਚੇਤਨਾ ਇਨ੍ਹਾਂ ਦੁਆਰਾ ਪੇਸ਼ ਪ੍ਰਸਥਿਤੀਆਂ ਦੀ ਹੀ ਪੈਦਾਵਾਰ ਹੁੰਦੀ ਹੈ। ਚੇਤਨਾ ਦਾ ਸੰਬੰਧ ਰਾਜਨੀਤਕ ਢਾਂਚੇ ਨਾਲ ਜੁੜਿਆ ਹੋਇਆ ਹੈ। ਜਿਸ ਲਈ ਸਭ ਤੋਂ ਪਹਿਲਾ ਰਾਜਨੀਤਕ ਢਾਂਚੇ ਦੇ ਅਰਥਾਂ ਨੂੰ ਸਮਝਣਾ ਜ਼ਰੂਰੀ ਹੈ, ਰਾਜਨੀਤਕ ਢਾਂਚਾ ਸ਼ਕਤੀ ਦੀ ਇੱਕ ਅਜਿਹੀ ਸੰਸਥਾ ਹੈ ਜਿਸ ਦੀਆਂ ਬਹੁਤ ਸਾਰੀਆਂ ਸੰਸਥਾਵਾਂ ਕੰਮ ਕਰ ਰਹੀਆਂ ਹੁੰਦੀਆਂ ਹਨ। ਇਹ ਸੰਸਥਾਵਾਂ ਸ਼ਕਤੀ ਦੀਆਂ ਪ੍ਰਤੀਤ ਹੁੰਦੀਆਂ ਹਨ ਤੇ ਰਾਜ ਦੀ ਸ਼ਕਤੀ ਇਨ੍ਹਾਂ ਤੇ ਹੀ ਨਿਰਭਰ ਕਰਦੀ ਹੈ। ਸਮਾਜ ਦੀਆਂ ਇਨ੍ਹਾਂ ਸੰਸਥਾਵਾਂ ਪ੍ਰਤੀ ਵਿਚਾਰ ਅਤੇ ਆਦਰਸ਼ ਆਦਿ ਰਾਜਨੀਤਕ ਚੇਤਨਾ ਦੇ ਰੂਪ ਵਿਚ ਪ੍ਰਗਟ ਹੁੰਦੇ ਹਨ। ਇਸ ਦੁਆਰਾ ਇਨ੍ਹਾਂ ਸੰਸਥਾਵਾਂ ਦੇ ਹੱਕ ਵਿਚ ਭੁਗਤਿਆ ਜਾਂਦਾ ਹੈ ਜਾਂ ਫਿਰ ਇਹ ਤਬਦੀਲੀ ਦੇ ਵਾਹਕ ਬਣਦੇ ਹਨ। ਚੇਤਨਾ ਨੂੰ ਆਪਣੇ ਹੱਕ ਦੇ ਵਿਚ ਕਰਨ ਦੇ ਲਈ ਸੱਤਾ 'ਤੇ ਕਾਬਜ਼ ਧਿਰ ਆਪਣੇ ਵਿਸ਼ੇਸ਼ ਅਧਿਕਾਰਾਂ ਦੀ ਵਰਤੋਂ ਕਰਦੀ ਹੈ। ਇਸ ਦੇ ਲਈ ਇਹ ਧਿਰ ਰਾਜ ਦੀਆਂ

ਸ਼ਕਤੀਸ਼ਾਲੀ ਸੰਸਥਾਵਾਂ 'ਤੇ ਅਧਿਕਾਰ ਸਥਾਪਿਤ ਕਰਦੀ ਹੈ, ਭਾਵੇਂ ਉਹ ਧਰਮ ਹੋਵੇ ਜਾਂ ਫਿਰ ਕਾਨੂੰਨ। ਅਜਿਹਾ ਕਰਨ ਨਾਲ ਜੋ ਵਿਚਾਰਧਾਰਾ ਪੈਦਾ ਹੁੰਦੀ ਹੈ, ਉਹ ਸੱਤਾਧਾਰੀ ਧਿਰ ਦੇ ਵੱਲ ਹੀ ਹੁੰਦੀ ਹੈ ਅਤੇ ਅੱਗੇ ਜਾ ਕੇ ਇਹ ਰਾਜਨੀਤਕ ਚੇਤਨਾ ਨੂੰ ਪ੍ਰਭਾਵਿਤ ਕਰਦੀ ਹੈ। ਮਜ਼ਦੂਰ ਜਮਾਤ ਸਦਾ ਇਸ ਵਰਤਾਰੇ ਵਿਚ ਪਿਸਦੀ ਰਹਿੰਦੀ ਹੈ।

ਰਾਜਨੀਤਕ ਚੇਤਨਾ ਦਾ ਸਭ ਤੋਂ ਨੇੜਿਓ ਸੰਬੰਧ ਕਾਨੂੰਨੀ ਚੇਤਨਾ ਨਾਲ ਹੁੰਦਾ ਹੈ ਕਿਉਂਕਿ ਸਮਾਜ ਨੂੰ ਭਾਵ ਕਿ ਸਮਾਜ ਦੀਆਂ ਸੰਸਥਾਵਾਂ ਨੂੰ ਆਪਣੇ ਹੱਕ ਵਿਚ ਕਰਨ ਵਾਲੀ ਸਭ ਤੋਂ ਸ਼ਕਤੀਸ਼ਾਲੀ ਤਾਕਤ ਕਾਨੂੰਨੀ ਤਾਕਤ ਹੀ ਹੈ। ਜਿਸ ਵਜ੍ਹਾ ਕਰ ਕੇ ਸੱਤਾਧਾਰੀ ਧਿਰ ਅਜਿਹੇ ਕਾਨੂੰਨਾਂ ਦਾ ਨਿਰਮਾਣ ਕਰਦੀ ਹੈ ਜੋ ਕਿ ਉਨ੍ਹਾਂ ਦੇ ਕਾਰਜਾਂ ਨੂੰ ਸਹੀ ਸਾਬਿਤ ਕਰ ਕੇ ਨਿਮਨ ਵਰਗ ਦੀ ਲੁੱਟ-ਖਸੁੱਟ ਨੂੰ ਸਹੀ ਠਹਿਰਾਏ ਅਤੇ ਦੂਜਾ ਕੰਮ ਕਾਨੂੰਨਾਂ ਨੂੰ ਲਾਗੂ ਕਰਨਾ ਹੈ। ਇਨ੍ਹਾਂ ਕਾਨੂੰਨਾਂ ਨੂੰ ਲਾਗੂ ਕਰਨ ਦੇ ਵਿਚ ਸੱਤਾਧਾਰੀ ਧਿਰ ਆਪਣੀ ਸ਼ਕਤੀ ਦਾ ਇਸਤੇਮਾਲ ਕਰਦੀ ਹੈ। ਇਨ੍ਹਾਂ ਕਾਨੂੰਨਾਂ ਨੂੰ ਵੱਖ-ਵੱਖ ਸੰਸਥਾਵਾਂ ਦੀ ਮਦਦ ਨਾਲ ਲਾਗੂ ਕੀਤਾ ਜਾਂਦਾ ਹੈ। ਇਸ ਸਾਰੇ ਵਰਤਾਰੇ ਵਿਚ ਬੁਰਜ਼ੂਆ ਸ਼੍ਰੇਣੀ ਦੇ ਹੱਕਾਂ ਨੂੰ ਹੀ ਅੱਵਲ ਰੱਖਿਆ ਜਾਂਦਾ ਹੈ। ਇਸ ਕਿਸਮ ਦੀ ਚੇਤਨਾ ਹੋਣ ਕਰ ਕੇ ਪ੍ਰੋਲੋਤਾਰੀ ਅਤੇ ਬੁਰਜ਼ੂਆ ਸ਼੍ਰੇਣੀ ਵਿਚ ਫ਼ਾਸਲਾ ਵਧਦਾ ਜਾਂਦਾ ਹੈ ਤੇ ਇਨ੍ਹਾਂ ਵਿਚਲੀ ਟੱਕਰ ਤੇਜ਼ ਹੁੰਦੀ ਜਾਂਦੀ ਹੈ। ਇਸ ਪ੍ਰਕਾਰ ਰਾਜਨੀਤਕ ਚੇਤਨਾ ਦੋਵੇਂ ਸ਼੍ਰੇਣੀਆਂ ਦੇ ਹਿਤਾਂ ਨੂੰ ਨਿਰਧਾਰਨ ਹੀ ਨਹੀਂ ਕਰਦੀ ਸਗੋਂ ਇਨ੍ਹਾਂ ਵਿਚ ਵਿਰੋਧਾਂ ਅਤੇ ਹੋਰ ਜਮਾਤੀ ਹਿਤਾਂ ਦੀ ਵਕਾਲਤ ਵੀ ਕਰਦੀ ਹੈ।

ਧਰਮ ਅਤੇ ਰਾਜਨੀਤਕ ਚੇਤਨਾ ਦਾ ਆਪਸ ਵਿਚ ਗੂੜ੍ਹਾ ਸੰਬੰਧ ਹੈ। ਧਰਮ ਸਮਾਜਿਕ ਚੇਤਨਾ ਦਾ ਰੂਪ ਹੋਣ ਦੇ ਨਾਲ-ਨਾਲ ਆਪਣੇ ਆਪ ਵਿਚ ਇੱਕ ਸ਼ਕਤੀਸ਼ਾਲੀ ਵਿਸ਼ਵ ਦ੍ਰਿਸ਼ਟੀਕੋਣ ਵੀ ਹੈ। ਧਰਮ ਆਪਣੇ ਆਪ ਵਿਚ ਇੰਨਾ ਕੁ ਸਮਰੱਥ ਦ੍ਰਿਸ਼ਟੀਕੋਣ ਹੈ ਜੋ ਕਿ ਸਮਾਜ ਵਿਚ ਪਾਈ ਜਾਂਦੀ ਹਰ ਸੰਸਥਾ ਨੂੰ ਪ੍ਰਭਾਵਿਤ ਕਰਨ ਵਿਚ ਆਪਣਾ ਰੋਲ ਅਦਾ ਕਰਦਾ ਹੈ। ਧਾਰਮਿਕ ਚੇਤਨਾ ਦੁਆਰਾ ਰਾਜ ਨੂੰ ਫ਼ਾਇਦਾ ਦੇਣ ਦੇ ਨਾਲ-ਨਾਲ ਕਈ ਮੁਸ਼ਕਿਲਾਂ ਵੀ ਖੜੀਆਂ ਕਰਦਾ ਹੈ। ਰਾਜਨੀਤੀ ਤੇ ਧਰਮ ਦਾ ਸ਼ੁਰੂ ਤੋਂ ਹੀ ਬਹੁਤ ਗਹਿਰਾ ਰਿਸ਼ਤਾ ਹੈ। ਰਾਜਨੀਤੀ ਦੀ ਦਿਸ਼ਾ ਨਿਰਧਾਰਿਤ ਕਰਨ ਵਿਚ ਧਰਮ ਨੇ ਹਮੇਸ਼ਾ ਹੀ ਮਦਦ ਕੀਤੀ ਹੈ। ਧਰਮ ਦੇ ਪ੍ਰਤੀ ਧਾਰਮਿਕ ਆਗੂਆਂ, ਸ਼ਾਸਕ ਜਮਾਤ ਅਤੇ ਆਮ ਜਨਤਾ ਦੀ ਸੋਚ ਵਿਚ ਬਹੁਤ ਅੰਤਰ ਹੁੰਦਾ ਹੈ। ਸੱਤਾਧਾਰੀ ਧਿਰ ਦੇ ਦੁਆਰਾ ਧਰਮ ਨੂੰ ਆਪਣੇ ਨਾਲ ਜੋੜ ਕੇ ਇਸ ਦੇ ਮਾਨਵ ਹਿਤੈਸ਼ੀ ਹੋਣ ਦੇ ਮੁੱਖ ਉਦੇਸ਼ ਨੂੰ ਅੱਖੋਂ ਓਹਲੇ ਕਰ ਦਿੱਤਾ ਜਾਂਦਾ ਹੈ। ਰਾਜਨੀਤੀ ਦੇ ਲਈ ਅਜਿਹੇ ਗੱਠਜੋੜ ਹਮੇਸ਼ਾ ਹੀ ਫ਼ਾਇਦੇਮੰਦ ਸਾਬਿਤ ਹੁੰਦੇ ਹਨ। ਆਪਣੇ ਧਿਰ ਦੇ ਹਿਤਾਂ ਦੀ ਰੱਖਿਆ ਕਰਨਾ ਇਨ੍ਹਾਂ ਦਾ ਮੁੱਖ ਮਕਸਦ ਹੁੰਦਾ ਹੈ। ਲੋਕਾਂ ਨੂੰ ਵਰਗਲਾਉਣ ਦਾ ਸਭ ਤੋਂ ਆਸਾਨ ਤਰੀਕਾ ਧਰਮ ਹੀ ਹੈ ਕਿਉਂਕਿ ਇਸ ਪ੍ਰਤੀ ਲੋਕਾਂ ਦਾ ਦ੍ਰਿਸ਼ਟੀਕੋਣ ਬਹੁਤ ਹੀ ਸ਼ਰਧਾਮਈ ਹੁੰਦਾ ਹੈ। ਰਾਜਨੀਤੀ ਅਤੇ ਧਰਮ ਦੇ ਗੱਠਜੋੜ ਲੋਕਾਂ ਦੀ ਚੇਤਨਤਾ ਨੂੰ ਕੁਰਾਹੇ ਪਾਉਣ ਵਿਚ ਹਮੇਸ਼ਾ ਹੀ ਕਾਮਯਾਬ ਹੁੰਦੇ ਹਨ। ਧਰਮ ਦੁਆਰਾ ਜ਼ਿੰਦਗੀ ਵਿਚ ਸਾਰਥਿਕ ਰੋਲ ਅਦਾ ਕੀਤਾ ਜਾਂਦਾ ਹੈ। ਧਰਮ ਦੇ ਪ੍ਰਯੋਗ ਰਾਹੀਂ ਇੱਕ ਚੰਗੇ ਸਮਾਜ ਦਾ ਨਿਰਮਾਣ ਕੀਤਾ ਜਾ ਸਕਦਾ ਹੈ। ਸੁਹਜ ਅਤੇ ਕਲਾ ਵੀ ਰਾਜਨੀਤਕ ਚੇਤਨਾ ਦਾ ਅਨਿੱਖੜਵਾਂ ਅੰਗ ਹੈ। ਜੋ ਕਿ ਸਮਾਜਕ ਵਿਕਾਸ ਵਿਚ ਸਹਾਇਕ ਹੁੰਦਾ ਹੈ।

ਇਹ ਮਨੁੱਖੀ ਭਾਵਾਂ ਦੀ ਪੇਸ਼ਕਾਰੀ ਕਰਦਾ ਹੈ। ਸੁਹਜਾਤਮਿਕ ਚੇਤਨਾ ਦਾ ਰਾਜਸੀ ਚੇਤਨਾ ਵਿਚ ਬਹੁਤ ਵੱਡਾ ਯੋਗਦਾਨ ਹੈ ਕਿਉਂਕਿ ਕਲਾ ਦੁਆਰਾ ਹੀ ਸਮਾਜ ਦੀ ਪੇਸ਼ਕਾਰੀ ਹੁੰਦੀ ਹੈ ਤੇ ਇਹ ਕਲਾ ਲੋਕਾਂ ਦੀ ਸੋਚ ਨੂੰ ਨਿਰਧਾਰਿਤ ਕਰਦੀ ਹੈ। ਰਾਜ ਦੁਆਰਾ ਜਦੋਂ ਇਸ ਕਲਾ ਨੂੰ ਆਪਣੇ ਹਿਤਾਂ ਦੇ ਲਈ ਵਰਤਿਆ ਜਾਂਦਾ ਹੈ ਤਾਂ ਸੁਹਜ-ਸੁਆਦ ਵਿਚ ਘਾਟ ਆ ਜਾਂਦੀ ਹੈ। ਪ੍ਰੋਲੇਤਾਰੀ ਸ਼੍ਰੇਣੀ ਲਈ ਸੁਹਜਾਤਮਿਕ ਚੇਤਨਾ ਬਹੁਤ ਵੱਡਾ ਹਥਿਆਰ ਹੁੰਦੀ ਹੈ ਕਿਉਂਕਿ ਇਸ ਰਾਹੀਂ ਉਹ ਆਪਣੀ ਵਿਚਾਰਧਾਰਾ ਨੂੰ ਪੇਸ਼ ਕਰ ਸਕਦੇ ਹਨ।

ਵਿਗਿਆਨ ਦੇ ਦੁਆਰਾ ਪ੍ਰਕਿਰਤਕ ਵਰਤਾਰਿਆਂ ਸੰਬੰਧੀ ਤੱਥਾਤਮਕ ਜਾਣਕਾਰੀ ਪੇਸ਼ ਕੀਤੀ ਜਾਂਦੀ ਹੈ। ਰਾਜਨੀਤਕ ਚੇਤਨਾ ਦਾ ਸੰਬੰਧ ਵਿਗਿਆਨ ਨਾਲ ਸਿੱਧਾ ਨਹੀਂ ਹੈ। ਪਰ ਜਦੋਂ ਸ਼ਾਸਕ ਵਰਗ ਦੁਆਰਾ ਵਿਗਿਆਨਕ ਕਾਢਾਂ ਨੂੰ ਸਿਰਫ਼ ਆਪਣੇ ਹਿਤਾਂ ਦੇ ਲਈ ਵਰਤਣਾ ਸ਼ੁਰੂ ਕਰ ਦਿੱਤਾ ਜਾਂਦਾ ਹੈ ਤਾਂ ਵਿਗਿਆਨ ਦਾ ਰਾਜਸੀ ਵਿਚਾਰਧਾਰਾ ਤੇ ਪ੍ਰਭਾਵ ਪੈਣਾ ਸ਼ੁਰੂ ਹੋ ਜਾਂਦਾ ਹੈ।

ਵਿਗਿਆਨ ਕਿਸੇ ਸਮਾਜ ਦੀ ਤਰੱਕੀ ਦਾ ਕਾਰਨ ਤਾਂ ਬਣਦੀ ਹੀ ਹੈ ਪਰ ਨਾਲ ਦੀ ਨਾਲ ਉਸ ਦੀ ਲੁੱਟ-ਖਸੁੱਟ ਦਾ ਕਾਰਨ ਵੀ ਬਣਦੀ ਹੈ। ਇੱਥੇ ਆ ਕੇ ਰਾਜਨੀਤਕ ਚੇਤਨਾ ਦਾ ਕੰਮ ਮਨੁੱਖ ਨਾਲ ਹੋ ਰਹੀ ਵਧੀਕੀ ਨੂੰ ਰੋਕ ਕੇ ਉਸ ਨੂੰ ਮਨੁੱਖਾਂ ਦੇ ਹਿਤਾਂ ਦੇ ਲਈ ਲਾਭਕਾਰੀ ਬਣਾਉਣਾ ਹੈ।

## ਰਾਜ- ਰਾਜਨੀਤਕ ਚੇਤਨਾ ਦੇ ਆਧਾਰ ਰੂਪ ਵਜੋਂ:

ਰਾਜ ਨੂੰ ਹੀ ਰਾਜਨੀਤਕ ਚੇਤਨਾ ਦੇ ਮੁਹਾਂਦਰੇ ਨੂੰ ਨਿਸ਼ਚਿਤ ਕਰਨ ਦੇ ਵਿਚ ਸਭ ਤੋਂ ਜ਼ਿਆਦਾ ਪ੍ਰਭਾਵਸ਼ਾਲੀ ਸੰਸਥਾ ਗਿਣਿਆ ਜਾਂਦਾ ਹੈ। ਪਿਛਲੇ ਸਮੇਂ ਤੋਂ ਇੱਕ ਸੰਸਥਾ ਦੇ ਰੂਪ ਵਿਚ 'ਰਾਜ' ਦੇ ਵਿਚ ਬਹੁਤ ਤਬਦੀਲੀਆਂ ਆਈਆਂ ਹਨ। ਸ਼ੁਰੂ-ਸ਼ੁਰੂ ਵਿਚ ਰਾਜ ਹੀ ਇੱਕ ਮਾਤਰ ਸ਼ਕਤੀਸ਼ਾਲੀ ਸੰਸਥਾ ਸੀ। ਪਰ ਹੁਣ ਇਸ ਦੇ ਬਰਾਬਰ ਬਹੁਤ ਸਾਰੀਆਂ ਸ਼ਕਤੀਸ਼ਾਲੀ ਸੰਸਥਾਵਾਂ ਦਾ ਜਨਮ ਹੋ ਗਿਆ ਹੈ।

ਰਾਜ ਕੋਈ ਸਦੀਵੀ ਹੋਂਦ ਨਹੀਂ ਹੈ। ਆਦਿ ਕਾਲ ਦੇ ਵਿਚ ਰਾਜ ਦੀ ਕੋਈ ਹੋਂਦ ਨਹੀਂ ਸੀ। ਜਿਸ ਤਰ੍ਹਾਂ ਹੀ ਮਨੁੱਖ ਤਰੱਕੀ ਕਰਦਾ ਗਿਆ ਮਨੁੱਖ ਦੇ ਉਤਪਾਦਨ ਸਾਧਨਾਂ ਵਿਚ ਵੀ ਲਗਾਤਾਰ ਵਾਧਾ ਹੋਇਆ ਤੇ ਇਸ ਵਧਦੇ ਸਾਧਨਾਂ ਨੇ ਨਿੱਜੀ ਮਾਲਕੀ ਨੂੰ ਜਨਮ ਦਿੱਤਾ। ਇਸ ਨਿੱਜੀ ਮਾਲਕੀ ਦੇ ਹੋਂਦ ਦੇ ਵਿਚ ਆਉਣ ਸਦਕਾ ਮਨੁੱਖ ਨੇ ਆਪਣੇ ਲਈ ਤੇ ਆਪਣੇ ਹਿਤਾਂ ਲਈ ਹੌਲੀ-ਹੌਲੀ ਸੋਚਣਾ ਸ਼ੁਰੂ ਕਰ ਦਿੱਤਾ ਤੇ ਦੂਜਿਆਂ ਤੋਂ ਫ਼ਾਇਦਾ ਲੈਣਾ ਵੀ ਸ਼ੁਰੂ ਕਰ ਦਿੱਤਾ। ਨਿੱਜੀ ਮਾਲਕੀ ਨੇ ਸ਼੍ਰੇਣੀਆਂ ਨੂੰ ਜਨਮ ਦਿੱਤਾ। ਇੱਕ ਮਾਲਕ ਸ਼੍ਰੇਣੀ ਵਣ ਗਈ ਤੇ ਦੂਜੀ ਗ਼ੁਲਾਮ ਜਾਂ ਮਜ਼ਦੂਰ ਸ਼੍ਰੇਣੀ। ਇਨ੍ਹਾਂ ਦੋਹਾਂ ਸ਼੍ਰੇਣੀਆਂ ਦੇ ਹਿਤਾਂ ਵਿਚ ਵੱਖਰਤਾ ਸੀ ਤੇ ਇਨ੍ਹਾਂ ਨੇ ਆਪਣੇ-ਆਪਣੇ ਹਿਤਾਂ ਨੂੰ ਸੁਰੱਖਿਅਤ ਕਰਨ ਦੀ ਕੋਸ਼ਿਸ਼ ਕਰਨੀ ਸ਼ੁਰੂ ਕਰ ਦਿੱਤੀ। ਇਸ ਸੁਰੱਖਿਆ ਵਾਲੇ ਸੰਕਲਪ ਸਦਕਾ ਹੀ ਰਾਜ ਦਾ ਜਨਮ ਹੋਇਆ। ਜਿਸ ਸਦਕਾ ਸ਼੍ਰੇਣੀ ਸਮਾਜ ਵਿਚੋਂ ਹੀ ਰਾਜ ਦਾ ਜਨਮ ਹੋਇਆ।

ਰਾਜ ਲੋਕਾਂ ਨੂੰ ਸੁਰੱਖਿਆ ਪ੍ਰਦਾਨ ਕਰਨ ਦਾ ਕਾਰਜ ਕਰਦਾ ਹੈ। ਪਰ ਜਿੱਥੇ ਵਿਰੋਧੀ ਸ਼੍ਰੇਣੀਆਂ ਪਾਈਆਂ ਜਾਂਦੀਆਂ ਹਨ ਉੱਥੇ ਰਾਜ ਦੁਆਰਾ ਅਜਿਹਾ ਕਾਰਜ ਨਿਰਪੱਖ ਹੋ ਕੇ ਕਰਨਾ ਮੁਸ਼ਕਿਲ ਹੁੰਦਾ ਹੈ। ਕਾਬਜ਼ ਧਿਰ

ਦੁਆਰਾ ਰਾਜ ਨੂੰ ਸਦਾ ਆਪਣੇ ਹਿਤਾਂ ਵਿਚ ਭੁਗਤਣ ਦੇ ਲਈ ਜ਼ੋਰ ਪਾਇਆ ਜਾਂਦਾ ਹੈ। ਰਾਜ ਦੁਆਰਾ ਸਦਾ ਆਪਣੀ ਸ਼ਕਤੀ ਨੂੰ ਵਧਾਉਣ ਦੀ ਕੋਸ਼ਿਸ਼ ਰਹਿੰਦੀ ਹੈ। ਪਰ ਜਦੋਂ ਹੀ ਰਾਜ ਦੀ ਸ਼ਕਤੀ ਵਧਦੀ ਹੈ ਲੋਕਾਂ ਦੀ ਰਾਜ ਦੇ ਨਾਲ ਨੇੜਤਾ ਘਟਦੀ ਜਾਂਦੀ ਹੈ। ਰਾਜ ਦਾ ਇੱਕ ਪਾਸੇ ਸਮਾਜਿਕ ਜੀਵਨ ਤੇ ਪੂਰੀ ਤਰ੍ਹਾਂ ਨਾਲ ਕਬਜ਼ਾ ਹੈ ਤੇ ਦੂਜੇ ਪਾਸੇ ਹੀ ਇਹ ਉਸ ਨਾਲ ਟੁੱਟਦਾ ਜਾ ਰਿਹਾ ਹੈ ਤੇ ਆਪਣੀ ਵੱਖਰੀ ਸਵੈ ਕੇਂਦਰਿਤ ਹੋਂਦ ਕਾਇਮ ਕਰਦਾ ਜਾ ਰਿਹਾ ਹੈ ਜਾਂ ਫਿਰ ਕਰ ਚੁੱਕਾ ਹੈ।

ਰਾਜ ਨੂੰ ਇੱਕ ਸ਼ਕਤੀਸ਼ਾਲੀ ਸੰਸਥਾ ਕਿਹਾ ਜਾਂਦਾ ਹੈ ਕਿਉਂਕਿ ਇਸ ਦੇ ਅਧਿਕਾਰ ਖੇਤਰ ਵਿਚ ਸਾਰੀਆਂ ਪ੍ਰਤੀਨਿਧ ਸੰਸਥਾਵਾਂ ਜਿਵੇਂ ਕਾਨੂੰਨ, ਅਦਾਲਤਾਂ, ਸਮੁੱਚਾ ਪ੍ਰਬੰਧਕੀ ਢਾਂਚਾ ਆਦਿ ਆ ਜਾਂਦਾ ਹੈ। ਜਿਸ ਵਜ੍ਹਾ ਕਰ ਕੇ ਸੱਤਾ ਤੇ ਕਾਬਜ਼ ਧਿਰ ਦੁਆਰਾ ਇਨ੍ਹਾਂ ਸਾਰੀਆਂ ਸੰਸਥਾਵਾਂ ਦਾ ਪ੍ਰਯੋਗ ਆਪਣੇ ਹਿਤਾਂ ਦੀ ਪੂਰਤੀ ਲਈ ਕੀਤਾ ਜਾਂਦਾ ਹੈ।

ਸਾਧਾਰਨ ਜਿਹੀ ਗੱਲ ਹੈ ਕਿ ਜਦੋਂ ਰਾਜ ਦਾ ਜਨਮ ਹੀ ਸ਼੍ਰੇਣਿਕ ਸਮਾਜ ਵਿਚੋਂ ਹੋਇਆ ਹੈ ਤਾਂ ਇਹ ਉੱਚ ਸ਼੍ਰੇਣੀ ਦੇ ਹਿਤਾਂ ਦੀ ਪੂਰਤੀ ਲਈ ਭੁਗਤਦੀ ਹੈ ਤੇ ਦੂਜੀ ਸ਼੍ਰੇਣੀ ਜਿਹੜੀ ਕਿ ਸੱਤਾ 'ਤੇ ਕਾਬਜ਼ ਨਹੀਂ ਹੈ ਉਹ ਲਗਾਤਾਰ ਆਪਣੇ ਹਿਤਾਂ ਦੀ ਸੁਰੱਖਿਆ ਦੇ ਲਈ ਯਤਨ ਕਰਦੀ ਰਹਿੰਦੀ ਹੈ ਭਾਵੇਂ ਕਿ ਰਾਜ ਦਾ ਸਾਰੀਆਂ ਸੰਸਥਾਵਾਂ ਤੇ ਅਧਿਕਾਰ ਹੁੰਦਾ ਹੈ ਪਰ ਵਿਰੋਧੀ ਧਿਰ ਦੇ ਕੋਲ ਸਭ ਤੋਂ ਤੇਜ਼ਧਾਰ ਹਥਿਆਰ ਬੋਲਣ ਦਾ ਜਾਂ ਲਿਖਣ ਦਾ ਹੁੰਦਾ ਹੈ ਤੇ ਜੋ ਕਿ ਇਸ ਦੀ ਵਰਤੋਂ ਆਪਣੇ ਹਿਤਾਂ ਦੀ ਪੂਰਤੀ ਦੀ ਮੰਗ ਲਈ ਕਰਦੇ ਹਨ।

ਜਿਵੇਂ ਰਾਜ ਤੇ ਅਧਿਕਾਰ ਕਰਨ ਦੇ ਲਈ ਦੋ ਸ਼੍ਰੇਣੀਆਂ ਹੁੰਦੀਆਂ ਹਨ, ਉਸ ਪ੍ਰਕਾਰ ਹੀ ਦੋ ਵਿਚਾਰਧਾਰਾਵਾਂ ਦਾ ਵੀ ਜਨਮ ਹੁੰਦਾ ਹੈ। ਇੱਕ ਵਿਚਾਰਧਾਰਾ ਸੱਤਾਧਾਰੀ ਧਿਰ ਵਾਲੀ ਹੁੰਦੀ ਹੈ ਤੇ ਦੂਜੀ ਸੱਤਾ ਤੋਂ ਵਾਂਝੀ ਵਿਚਾਰਧਾਰਾ ਵਾਲੀ ਧਿਰ ਹੁੰਦੀ ਹੈ। ਜੇਕਰ ਸੱਤਾਧਾਰੀ ਧਿਰ ਦੇ ਦੁਆਰਾ ਆਪਣਾ ਪ੍ਰਚਾਰ ਸਰਕਾਰੀ ਵਸੀਲਿਆਂ ਦੁਆਰਾ ਹੁੰਦਾ ਹੈ ਤਾਂ ਦੂਜੀ ਧਿਰ ਦੁਆਰਾ ਵੀ ਆਪਣੇ ਢੰਗ ਦੇ ਨਾਲ ਆਪਣੀ ਵਿਚਾਰਧਾਰਾ ਦਾ ਪ੍ਰਚਾਰ ਕੀਤਾ ਜਾਂਦਾ ਹੈ। ਜਿਸ ਸਦਕਾ ਦੋ ਤਰ੍ਹਾਂ ਦੀਆਂ ਵਿਚਾਰਧਾਰਾਵਾਂ ਦੋ ਪ੍ਰਕਾਰ ਦੀ ਚੇਤਨਾ ਨੂੰ ਵੀ ਜਨਮ ਦਿੰਦੀਆਂ ਹਨ।

ਰਾਜ ਦਾ ਭਾਵੇਂ ਕੋਈ ਵੀ ਰੂਪ ਕਿਉਂ ਨਾ ਹੋਵੇ ਇਸ ਦਾ ਕਾਰਜ ਸਿਰਫ਼ ਧਿਰ ਦੇ ਹਿਤਾਂ ਦੀ ਰੱਖਿਆ ਕਰਨਾ ਹੀ ਹੁੰਦਾ ਹੈ।

**ਰਾਜਸੀ ਅਵਚੇਤਨ:**

ਰਾਜਨੀਤਕ ਚੇਤਨਾ ਨੂੰ ਸਹੀ ਤਰੀਕੇ ਦਾ ਨਾਲ ਸਮਝਣ ਅਤੇ ਇਸ ਨੂੰ ਸਿਧਾਂਤਬੱਧ ਕਰਨ ਦੇ ਲਈ ਅਵਚੇਤਨ ਦੇ ਸੰਕਲਪ ਦੀ ਸਾਰਥਿਕਤਾ ਨੂੰ ਸਮਝਣਾ ਵੀ ਬਹੁਤ ਜ਼ਰੂਰੀ ਹੈ। 'ਅਵਚੇਤਨ' ਵੀ ਸਮਾਜਿਕ ਪ੍ਰਸਥਿਤੀਆਂ ਦੁਆਰਾ ਨਿਰਧਾਰਿਤ ਕੀਤਾ ਗਿਆ ਮਨੁੱਖੀ ਮਨ ਦਾ ਹੀ ਅੰਗ ਹੈ। ਇਹ ਸਮੇਂ ਤੋਂ ਮੁਕਤ ਹੋ ਕੇ ਚਲਦਾ ਹੈ ਤੇ ਇਹ ਕਦੇ ਵੀ ਕਿਸੇ ਤਰਤੀਬ ਵਿਚ ਨਹੀਂ ਵਾਪਰਦਾ। ਮਨੁੱਖੀ ਦਿਮਾਗ਼ ਦੇ ਵਿਚ ਬਹੁਤ ਕੁੱਝ ਯਾਦਾਂ ਦੇ ਰੂਪ ਵਿਚ ਛੁਪਿਆ ਰਹਿੰਦਾ ਹੈ। ਇਹ ਯਾਦਾਂ ਸਾਡੇ ਅਵਚੇਤਨ ਦਾ ਹੀ ਅੰਗ ਹਨ। ਸਾਡੇ ਦੁਆਰਾ ਉਚਾਰਿਆਂ

ਗਿਆ ਕੋਈ ਵੀ ਸ਼ਬਦ ਸਿਰਫ਼ ਸਾਡੀ ਸ਼ਬਦ ਦੀ ਸੰਰਚਨਾ ਨੂੰ ਵੀ ਨਿਭਾਅ ਕਰ ਰਿਹਾ ਹੁੰਦਾ ਹੈ ਜਦ ਕਿ ਉਸ ਦੇ ਅਰਥ ਸੰਕਲਪਾਤਮਿਕ ਰੂਪ ਵਿਚ ਸਾਡੇ ਅਵਚੇਤਨ ਦੇ ਵਿਚ ਹਾਜ਼ਿਰ ਭਾਵ ਕਿ ਮੌਜੂਦ ਹੁੰਦੇ ਹਨ।

ਰਾਜਸੀ ਅਵਚੇਤਨ ਦੇ ਅਰਥਾਂ ਨੂੰ ਨਿਸ਼ਚਿਤ ਕਰਨਾ ਇੱਥੇ ਕੋਈ ਮੂਲ ਸਮੱਸਿਆ ਨਹੀਂ ਹੈ ਸਗੋਂ ਸਮੱਸਿਆ ਇਹ ਹੈ ਕਿ ਇਸ ਨੂੰ ਰਚਨਾ ਦੇ ਵਿਚ ਕਿਸ ਪ੍ਰਕਾਰ ਵੇਖਿਆ ਜਾਵੇ। ਇਸ ਦੁਆਰਾ ਕਿਸੇ ਦੀ ਨੁਮਾਇੰਦੇ ਤਾਂ ਨਹੀਂ ਹੁੰਦੀ ਪਰ ਸਿਰਜਿਆ ਜ਼ਰੂਰ ਜਾਂਦਾ ਹੈ। ਇਸ ਦਾ ਕੋਈ ਅਰਥ ਤਾਂ ਨਹੀਂ ਹੁੰਦਾ ਪਰ ਇਹ ਕਾਰਜਸ਼ੀਲ ਜ਼ਰੂਰ ਹੁੰਦਾ ਹੈ। ਰਾਜਨੀਤੀ ਅਵਚੇਤਨ ਦੀ ਧਾਰਨਾ ਕਈ ਵਾਰ ਤਾਂ ਆਪਣੇ-ਆਪ ਵਿਚ ਹੀ ਵਿਰੋਧੀ ਪ੍ਰਤੀਤ ਹੋਣ ਲੱਗ ਪੈਂਦੀ ਹੈ ਪਰ ਫਿਰ ਵੀ ਰਾਜਨੀਤਕ ਅਵਚੇਤਨ ਭਾਵੇਂ ਕਿਸੇ ਰਚਨਾ ਵਿਚ ਹਾਜ਼ਿਰ ਰੂਪ ਵਿਚ ਨਹੀਂ ਹੁੰਦੀ ਪਰ ਕਾਰਜ ਵਿਧੀ ਵਿਚ ਇਸ ਦਾ ਪ੍ਰਭਾਵ ਜ਼ਰੂਰ ਹੁੰਦਾ ਹੈ। ਇਸ ਦਾ ਗੈਰ-ਹਾਜ਼ਰ ਹੋਣ ਦੇ ਬਾਵਜੂਦ ਵੀ ਕਾਰਜ ਹੁੰਦਾ ਰਹਿੰਦਾ ਹੈ ਤੇ ਇਸ ਨੂੰ ਕੇਵਲ ਪ੍ਰਭਾਵ ਵਿਚੋਂ ਹੀ ਵੇਖਿਆ ਜਾ ਸਕਦਾ ਹੈ।

ਰਚਨਾ ਭਾਵੇਂ ਕੋਈ ਵੀ ਹੋਵੇ ਉਸ ਵਿਚ ਰਾਜਨੀਤਕ ਅੰਸ਼ ਜ਼ਰੂਰ ਵੇਖੇ ਜਾ ਸਕਦੇ ਹਨ। ਇਸ ਲਈ ਰਾਜਨੀਤਕ ਚੇਤਨਾ ਰਚਨਾ ਵਿਚ ਜ਼ਰੂਰ ਮੌਜੂਦ ਹੁੰਦੀ ਹੈ। ਭਾਵੇਂ ਕਿ ਇਹ ਸਿੱਧੇ ਰੂਪ ਵਿਚ ਕਿਸੇ ਰਾਜਨੀਤਕ ਸਮੱਸਿਆ ਦੇ ਨਾਲ ਚਾਹੇ ਨਾ ਜੁੜੀ ਹੋਵੇ।

**OM PARKASH GASSO DE NAVALAN VICH SAMAAJ-SABHYACHARAK**

**ATE RAJNITAK CHETNA**

**ਹਵਾਲੇ ਅਤੇ ਟਿੱਪਣੀਆਂ:-**

1. ਓਮ ਪ੍ਰਕਾਸ਼ ਗਾਸੋ, ਸਾਹਿਤ, ਸਭਿਆਚਾਰ ਤੇ ਸੰਸਕ੍ਰਿਤੀ, ਪੰਨਾ-46
2. ਉਹੀ, ਪੰਨਾ-47
3. ਡਾ. ਜੀਤ ਸਿੰਘ ਜੋਸ਼ੀ, ਪੰਜਾਬੀ ਅਧਿਐਨ ਤੇ ਅਧਿਆਪਨ ਬਦਲਦੇ ਪਰਿਪੇਖ, ਪੰਨਾ-35
4. ਪ੍ਰੋ. ਪਿਆਰਾ ਸਿੰਘ, ਮੱਧਕਾਲੀਨ ਪੰਜਾਬੀ ਕਵਿਤਾ: ਸਿਧਾਂਤ, ਇਤਿਹਾਸ ਤੇ ਪ੍ਰਵਿਰਤੀਆਂ, ਪੰਨਾ-1
5. ਪ੍ਰੋ. ਪਿਆਰਾ ਸਿੰਘ, ਪੰਜਾਬੀ ਗਲਪ ਸਿਧਾਂਤ, ਇਤਿਹਾਸ ਤੇ ਪ੍ਰਵਿਰਤੀਆਂ, ਪੰਨਾ-1
6. ਜੋਗਿੰਦਰ ਸਿੰਘ ਰਾਹੀ, ਮਸਲੇ ਗਲਪ ਦੇ, ਪੰਨਾ-10
7. ਉਧਰਿਤ, ਪ੍ਰੋ. ਪਿਆਰਾ ਸਿੰਘ, ਪੰਜਾਬੀ ਗਲਪ ਸਿਧਾਂਤ, ਇਤਿਹਾਸ ਤੇ ਪ੍ਰਵਿਰਤੀਆਂ, ਪੰਨਾ-14
8. ਉਹੀ,ਪੰਨਾ-39
9. ਉਧਰਿਤ, ਡਾ. ਲੱਕੀ ਸ਼ਰਮਾ, ਪ੍ਰਮੁੱਖ ਪੰਜਾਬੀ ਨਾਵਲ, ਸਿਧਾਂਤ ਤੇ ਚਿੰਤਨ, ਪੰਨਾ-14
10. ਡਾ. ਜੋਗਿੰਦਰ ਸਿੰਘ ਰਾਹੀ, ਮਸਲੇ ਗਪਲ ਦੇ, ਪੰਨਾ-14
11. ਡਾ. ਲੱਕੀ ਸ਼ਰਮਾ,ਪ੍ਰਮੁੱਖ ਪੰਜਾਬੀ ਨਾਵਲ, ਸਿਧਾਂਤ ਤੇ ਚਿੰਤਨ, ਪੰਨਾ-15
12. ਓਮ ਪ੍ਰਕਾਸ਼ ਗਾਸੋ ਬਿੰਬ ਪ੍ਰਤੀਬਿੰਬ, ਪੰਨਾ-76
13. ਸਰਬਜੀਤ ਕੌਰ, ਰਵਿੰਦਰ ਰਵੀ ਕਾਵਿ,ਸਭਿਆਚਾਰਕ ਤਣਾਓ: ਪਰਵਾਸੀ ਸੰਦਰਭ, ਪੰਨਾ-44
14. ਉਧਰਿਤ, ਡਾ. ਭੀਮ ਇੰਦਰ ਸਿੰਘ, ਆਧੁਨਿਕ ਪੰਜਾਬੀ ਕਹਾਣੀ ਸਿਆਸੀ ਪਰਿਪੇਖ, ਪੰਨਾ-33
15. ਉਹੀ, ਪੰਨਾ-34
16. ਉਹੀ, ਪੰਨਾ-35
17. ਡਾ. ਜਗੀਰ ਸਿੰਘ ਨੂਰ, ਪੰਜਾਬੀ ਸਭਿਆਚਾਰ: ਮੂਲ ਪਛਾਣ, ਪੰਨਾ-VII
18. ਉਹੀ, ਪੰਨਾ-1
19. ਉਹੀ, ਪੰਨਾ-VII
20. ਓਮ ਪ੍ਰਕਾਸ਼ ਗਾਸੋ, ਸਾਹਿਤ, ਸਭਿਆਚਾਰ ਤੇ ਸੰਸਕ੍ਰਿਤੀ, ਪੰਨਾ-8
21. ਉਧਰਿਤ, ਪਰਮਜੀਤ ਕੌਰ, ਗੁਰਦਿਆਲ ਸਿੰਘ ਦੀ ਸਭਿਆਚਾਰਕ ਚੇਤਨਾ, ਪੰਨਾ-25
22. ਉਧਰਿਤ, ਬਲਬੀਰ ਸਿੰਘ ਪੂਨੀ, ਪੰਜਾਬੀ ਸਭਿਆਚਾਰ ਸਿਧਾਂਤ ਤੇ ਵਿਹਾਰ, ਪੰਨਾ-13
23. ਉਧਰਿਤ, ਪਰਮਜੀਤ ਕੌਰ, ਗੁਰਦਿਆਲ ਸਿੰਘ ਦੀ ਸਭਿਆਚਾਰਕ ਚੇਤਨਾ, ਪੰਨਾ-24
24. ਉਹੀ
25. ਬਲਵੀਰ ਸਿੰਘ ਪੂਨੀ, ਪੰਜਾਬੀ ਸਭਿਆਚਾਰ ਸਿਧਾਂਤ ਤੇ ਵਿਹਾਰ, ਪੰਨਾ-18
26. ਉਹੀ

27. ਉਧਰਿਤ,ਬਲਵੀਰ ਸਿੰਘ ਪੂਨੀ, ਪੰਜਾਬੀ ਸਭਿਆਚਾਰ ਸਿਧਾਂਤ ਤੇ ਵਿਹਾਰ, ਪੰਨਾ-20
28. ਓਮ ਪ੍ਰਕਾਸ਼ ਗਾਸੋ, ਸਾਹਿਤ, ਸਭਿਆਚਾਰ ਤੇ ਸੰਸਕ੍ਰਿਤੀ, ਪੰਨਾ-18
29. ਓਮ ਪ੍ਰਕਾਸ਼ ਗਾਸੋ, ਸਾਂਸਕ੍ਰਿਤਿਕ ਚਿੰਤਨ, ਪੰਨਾ-23
30. ਉਧਰਿਤ, ਪਰਮਜੀਤ ਕੌਰ, ਗੁਰਦਿਆਲ ਸਿੰਘ ਦੀ ਸਭਿਆਚਾਰਕ ਚੇਤਨਾ, ਪੰਨਾ-16
31. ਉਹੀ, ਪੰਨਾ-21
32. ਉਧਰਿਤ, ਭੀਮ ਇੰਦਰ ਸਿੰਘ, ਸਮਾਜ, ਸਿਆਸਤ ਤੇ ਸਾਹਿਤ, ਪੰਨਾ-5
33. ਉਹੀ

# ਅਧਿਆਇ ਦੂਜਾ

## ਨਾਵਲ 'ਆਖ਼ਰੀ ਮੁਕਾਮ' ਅਤੇ 'ਤੂੰ ਕੌਣ ਸੀ?' ਵਿਚ ਸਮਾਜ-ਸਭਿਆਚਾਰਕ ਚੇਤਨਾ

ਓਮ ਪ੍ਰਕਾਸ਼ ਗਾਸੋ ਇੱਕ ਚੇਤਨਸ਼ੀਲ ਨਾਵਲਕਾਰ ਹੈ ਤੇ ਉਨ੍ਹਾਂ ਦੀ ਰਚਨਾ ਚੇਤਨਮਈ ਸਮਾਜ ਦੀ ਅਗਵਾਈ ਕਰਨ ਵਾਲੀ ਹੈ। ਚੇਤਨਮਈ ਸਮਾਜ, ਸਮਾਜਿਕ ਵਿਕਾਸ ਦੀਆਂ ਰਾਹਾਂ 'ਤੇ ਅੱਗੇ ਵਧਦਾ ਰਹਿੰਦਾ ਹੈ। ਮਨੁੱਖੀ ਜ਼ਿੰਦਗੀ ਵਿਚ ਅਗਿਆਤ ਰੂਪੀ ਹਨੇਰਾ ਚੇਤਨਮਈ ਗਿਆਨ ਦੁਆਰਾ ਚਾਨਣ ਵਾਲੀ ਸੁਗਾਤ ਵਿਚ ਤਬਦੀਲ ਹੁੰਦਾ ਰਹਿੰਦਾ ਹੈ। ਜਦਕਿ ਚੇਤਨਹੀਣ ਸਮਾਜ ਹਮੇਸ਼ਾ ਹਨੇਰਿਆਂ ਵੱਲ ਕਦਮ ਪੁੱਟਦਾ ਰਹਿੰਦਾ ਹੈ।

> "ਲੋਕ-ਚੇਤਨਾ ਜੀਵਨ ਧਾਰਾ ਲਈ ਵਿਵੇਕ ਬਣੀ ਰਹਿੰਦੀ ਹੈ। ਵਿਵੇਕਹੀਣ ਸਮਾਜ, ਸਿਆਸੀ, ਧਾਰਮਿਕ ਅਤੇ ਆਰਥਿਕ ਤਮਾਸ਼ਿਆਂ ਦੇ ਨਾਲ-ਨਾਲ ਸਾਂਸਕ੍ਰਿਤਿਕ ਅਤੇ ਸਭਿਆਚਾਰਕ ਤਮਾਸ਼ਿਆਂ ਲਈ ਤਮਾਸ਼ਬੀਨ ਬਣਿਆ ਰਹਿੰਦਾ ਹੈ ਜਦਕਿ ਵਿਵੇਕਸ਼ੀਲ ਸਮਾਜ ਸੁਚੱਜੇ ਅਤੇ ਸਿਹਤਮੰਦ ਸਮੇਂ ਦੀ ਸਿਰਜਣਾ ਦਾ ਸਿਰਜਕ ਹੁੰਦਾ ਹੈ।"[1]

ਇਸ ਤਰ੍ਹਾਂ ਦਾ ਵਿਵੇਕ ਪੈਦਾ ਕਰਨ ਦੇ ਵਿਚ ਸਮਾਜਿਕ ਚੇਤਨਾ ਮਹੱਤਵਪੂਰਨ ਰੋਲ ਅਦਾ ਕਰਦੀ ਹੈ।

ਸਾਹਿਤਕਾਰ ਸਭ ਤੋਂ ਪਹਿਲਾ ਇੱਕ ਸਮਾਜਿਕ ਪ੍ਰਾਣੀ ਹੁੰਦਾ ਹੈ ਤੇ ਸਮਾਜ ਦੇ ਨਾਲ ਉਸ ਦੀ ਸਾਂਝ ਸਦਾ ਹੀ ਬਣੀ ਰਹਿੰਦੀ ਹੈ ਤੇ ਉਹ ਸਮਾਜ ਵਿਚ ਜਨਮਦਾ, ਪਲਦਾ ਅਤੇ ਵਿਚਰਦਾ ਹੈ। ਸਮਾਜ ਦੇ ਵਿਚ ਰਹਿੰਦੇ ਹੋਏ ਹੀ ਉਹ ਜੋ ਵੀ ਗ੍ਰਹਿਣ ਕਰਦਾ ਭਾਵ ਜਿਹੜਾ ਵੀ ਨਿਆਂ ਜਾਂ ਅਨਿਆਂ ਹੁੰਦਾ ਵੇਖਦਾ ਹੈ ਉਸ ਨੂੰ ਹੀ ਆਪਣੀ ਕਿਰਤ ਦਾ ਅੰਗ ਬਣਾਉਂਦਾ ਹੈ ਤੇ ਇਸ ਸੰਬੰਧੀ ਸਮਾਜ ਨੂੰ ਸੁਚੇਤ ਕਰਦਾ ਰਹਿੰਦਾ ਹੈ।

ਸਾਹਿਤਕਾਰ ਦੀ ਚੇਤਨਸ਼ੀਲ ਸੋਚ ਸਮਾਜ ਵਿਚ ਵਾਪਰ ਰਹੀਆਂ ਹਾਨੀਕਾਰਕ ਘਟਨਾਵਾਂ ਸੰਬੰਧੀ ਪਾਠਕਾਂ ਨੂੰ ਸੁਚੇਤ ਕਰਦੀ ਰਹਿੰਦੀ ਹੈ। ਇਸ ਪ੍ਰਕਾਰ ਸਪਸ਼ਟ ਅਤੇ ਸਾਰਥਿਕ ਸੋਚ ਇੱਕ ਸਿਰਜਣਾਤਮਕ ਸਮਾਜ ਦੀ ਸਥਾਪਨਾ ਕਰਦੀ ਹੈ। ਇਸ ਦਾ ਅਰਥ ਇਹ ਨਿਕਲਦਾ ਹੈ ਕਿ ਸੁੰਦਰ ਸੋਚ ਸਦਕਾ ਹੀ ਸੁਚਾਰੂ ਸਮਾਜ ਦੀ ਬਰਕਰਾਰੀ ਬਣੀ ਰਹਿ ਸਕਦੀ ਹੈ ਅਤੇ ਇਸ ਕਿਸਮ ਦੀ ਸਾਰਥਿਕ ਸੋਚ ਪੈਦਾ ਕਰਨ ਵਿਚ ਸਾਹਿਤਕਾਰ ਉੱਘੀ ਭੂਮਿਕਾ ਅਦਾ ਕਰਦਾ ਹੈ ਕਿਉਂਕਿ ਸਾਹਿਤ ਦਾ ਉਦੇਸ਼ ਹੀ ਇੱਕ ਤੰਦਰੁਸਤ ਸਮਾਜ ਦੀ ਰਹਿਨੁਮਾਈ ਕਰਨਾ ਹੈ।

ਓਮ ਪ੍ਰਕਾਸ਼ ਗਾਸੋ ਅਜਿਹੇ ਸਾਹਿਤਕਾਰ ਹਨ ਜਿਹੜੇ ਕਿ ਆਪਣੇ ਨਾਵਲ ਰਚਨਾ ਦੇ ਰਾਹੀਂ ਪਾਠਕਾਂ ਨੂੰ ਸਮਾਜਿਕ ਤੌਰ 'ਤੇ ਸੁਚੇਤ ਕਰਦੇ ਰਹਿੰਦੇ ਹਨ। ਉਨ੍ਹਾਂ ਦੀਆਂ ਨਾਵਲ ਰਚਨਾਵਾਂ ਇੱਕ ਚੇਤਨਸ਼ੀਲ ਅਤੇ ਜਾਗਰੂਕ ਸਮਾਜ ਪੈਦਾ ਕਰਨ ਦੇ ਕਾਬਿਲ ਹਨ।

### ਨਾਵਲ 'ਆਖ਼ਰੀ ਮੁਕਾਮ' ਵਿਚ ਸਮਾਜਿਕ ਚੇਤਨਾ:

ਓਮ ਪ੍ਰਕਾਸ਼ ਗਾਸੋ ਦਾ ਨਾਵਲ 'ਆਖ਼ਰੀ ਮੁਕਾਮ' ਸਮਾਜਿਕ ਤੌਰ 'ਤੇ ਪਾਠਕਾਂ ਦੇ ਅੰਦਰ ਇੱਕ ਚਿਣਗ ਪੈਦਾ ਕਰਨ ਵਾਲਾ ਨਾਵਲ ਹੈ ਜੋ ਕਿ ਸੁਚੇਤਤਾ ਤੇ ਚੇਤਨਤਾ ਦਾ ਪੂਰਾ-ਪੂਰਾ ਧਾਰਨੀ ਹੈ।

**OM PARKASH GASSO DE NAVALAN VICH SAMAAJ-SABHYACHARAK ATE RAJNITAK CHETNA**

ਸਮਾਜਿਕ ਚੇਤਨਾ ਦੇ ਅੰਤਰਗਤ ਆਉਂਦੇ ਨੈਤਿਕ, ਧਾਰਮਿਕ, ਆਰਥਿਕ, ਵਿਚਾਰਧਾਰਾ, ਸੁਹਜਾਤਮਿਕ ਅਤੇ ਵਿਗਿਆਨਕ ਆਦਿ ਸਭ ਰੂਪਾਂ ਦਾ ਜ਼ਿਕਰ ਓਮ ਪ੍ਰਕਾਸ਼ ਗਾਸੋ ਦੇ ਨਾਵਲ 'ਆਖ਼ਰੀ ਮੁਕਾਮ' ਵਿਚ ਮਿਲਦਾ ਹੈ ਤੇ ਜਿਸ ਦਾ ਵਿਸਥਾਰਪੂਰਵਕ ਵਰਣਨ ਇਸ ਪ੍ਰਕਾਰ ਹੈ:

ਸਮਾਜਿਕ ਚੇਤਨਾ ਦਾ ਸਭ ਤੋਂ ਨੇੜੇ ਦਾ ਰਿਸ਼ਤਾ ਸਮਾਜ ਨਾਲ ਹੁੰਦਾ ਹੈ ਤੇ ਸਮਾਜ ਵਿਚ ਵੱਸਦੇ ਲੋਕਾਂ ਦੇ ਵਿਚ ਧਰਮ ਦਾ ਆਪਣਾ ਹੀ ਇੱਕ ਵਿਸ਼ੇਸ਼ ਸਥਾਨ ਹੈ। ਜਿਵੇਂ ਕਿ ਅਸੀਂ ਜਾਣਦੇ ਹੀ ਹਾਂ ਕਿ ਮਨੁੱਖ ਪਹਿਲਾ ਇੱਕ ਜੰਗਲੀ ਪ੍ਰਾਣੀ ਸੀ ਤੇ ਪ੍ਰਕਿਰਤੀ ਤੋਂ ਡਰਦਾ ਹੁੰਦਾ ਸੀ ਤੇ ਇਸ ਡਰ ਜਾਂ ਭੈਅ ਨੇ ਹੀ ਉਸ ਦੇ ਅੰਦਰ ਧਰਮ ਨੂੰ ਜਨਮ ਦਿੱਤਾ ਹੈ। ਹੌਲੀ-ਹੌਲੀ ਉਹ ਕੁਦਰਤੀ ਸ਼ਕਤੀਆਂ ਦੀ ਪੂਜਾ ਕਰਨ ਲੱਗਾ। ਜਿਵੇਂ-ਜਿਵੇਂ ਹੀ ਉਹ ਸੁਚੇਤ ਹੁੰਦਾ ਗਿਆ ਭਾਵ ਉਸ ਅੰਦਰ ਚੇਤਨਾ ਆਉਂਦੀ ਗਈ ਉਹ ਜੰਗਲੀ ਜੀਵ ਤੋਂ ਸਮਾਜਿਕ ਮਨੁੱਖ ਬਣਦਾ ਗਿਆ ਤੇ ਸਮਾਜ ਦੀ ਹੋਂਦ ਸਥਾਪਿਤ ਕਰਦਾ ਗਿਆ। ਇਸ ਚੇਤਨਾ ਨੇ ਹੀ ਉਸ ਦਾ ਸਮਾਜਿਕ ਵਿਕਾਸ ਕਰਨਾ ਸ਼ੁਰੂ ਕੀਤਾ ਤੇ ਉਹ ਇੱਕ ਵਧੀਆ ਮਨੁੱਖ ਬਣਦਾ ਗਿਆ ਪਰ ਫਿਰ ਵੀ ਉਸ ਨੇ ਧਰਮ ਦਾ ਆਸਰਾ ਛੱਡਿਆ ਨਹੀਂ ਕਿਉਂਕਿ ਧਰਮ ਨੇ ਹੀ ਉਸ ਨੂੰ ਮਾਨਸਿਕ ਪੱਖ ਤੋਂ ਸੁਰੱਖਿਆ ਪ੍ਰਦਾਨ ਕੀਤੀ ਤੇ ਜੀਵਨ ਦੇ ਵਿਚ ਚੰਗੇ ਰਾਹ 'ਤੇ ਚੱਲ ਕੇ ਸਮਾਜਿਕ ਉੱਨਤੀ ਦਾ ਰਾਹ ਵੀ ਵਿਖਾਇਆ। ਇਸੇ ਪ੍ਰਕਾਰ ਹੀ ਨਾਵਲ 'ਆਖ਼ਰੀ ਮੁਕਾਮ' ਦੇ ਵਿਚ ਬਾਬਾ ਘੁੰਮਣ ਦਾਸ 'ਤਿਆਗੀ' ਜੋ ਕਿ ਪਿੰਡ ਸ਼ੇਰਗੜ੍ਹ ਰਾਣੀਆਂ ਦੇ ਵਿਚ ਸਥਿਤ ਡੇਰੇ ਦਾ ਪ੍ਰਧਾਨ ਹੈ ਤੇ ਉਸ ਦੇ ਹੇਠਾਂ ਕਈ ਚੇਲੇ ਉਨ੍ਹਾਂ ਦੀ ਸੇਵਾ ਕਰਦੇ ਹਨ ਜਿਨ੍ਹਾਂ ਵਿਚ ਉਹ ਸੰਤਾ ਸਿੰਘ ਰਾਮਦਾਸੀਆ ਤੇ ਮਾਸਟਰ ਜੋਤੀ ਪ੍ਰਸ਼ਾਦ ਦੇ ਬਹੁਤ ਨੇੜੇ ਹਨ। ਬਾਬਾ ਘੁੰਮਣ ਦਾਸ ਧਰਮ ਨੂੰ ਲੋਕ-ਕਲਿਆਣੀ ਮੰਨਦਾ ਹੈ ਕਿ ਧਰਮ ਦਾ ਜਨਮ ਹੀ ਲੋਕਾਂ ਦੀ ਭਲਾਈ ਕਰਨ ਦੇ ਲਈ ਹੋਇਆ ਹੈ ਤੇ ਉਨ੍ਹਾਂ ਨੇ ਧਾਰਮਿਕ ਵਿਚਾਰਾਂ ਨੂੰ ਆਪਣੇ ਅੰਦਰ ਪੂਰੀ ਤਰ੍ਹਾਂ ਦੇ ਨਾਲ ਵਸਾ ਰੱਖਿਆ ਹੈ। ਉਨ੍ਹਾਂ ਦੇ ਲਈ ਜਾਤ-ਪਾਤ ਦਾ ਕੋਈ ਅਰਥ ਨਹੀਂ ਤੇ ਸੰਤਾ ਸਿੰਘ ਜੋ ਜਾਤ ਦਾ ਰਾਮਦਾਸੀਆ ਹੈ ਉਸ ਨਾਲ ਉਨ੍ਹਾਂ ਦੀ ਬਹੁਤ ਨੇੜਤਾ ਹੈ ਕਿਉਂਕਿ ਉਨ੍ਹਾਂ ਅਨੁਸਾਰ ਇਨਸਾਨ ਦੀ ਪਹਿਚਾਣ ਉਸ ਦੀ ਸੋਚ ਤੇ ਵਿਚਾਰਧਾਰਾ ਤੋਂ ਹੁੰਦੀ ਹੈ ਨਾ ਕਿ ਉਸ ਦੀ ਜਾਤ ਤੋਂ। ਘੁੰਮਣ ਦਾਸ, ਸੰਤਾ ਸਿੰਘ ਦੇ ਕਿਰਤੀ ਸੁਭਾਅ ਅਤੇ ਉੱਚ ਸੋਚ ਕਰਕੇ ਉਸ ਦੀ ਬਹੁਤ ਇੱਜ਼ਤ ਕਰਦੇ ਹਨ ਕਿਉਂਕਿ ਕਿਰਤੀ ਅਤੇ ਮਿਹਨਤੀ ਇਨਸਾਨ ਹੀ ਜੀਵਨ ਦੀ ਅਸਲ ਮਹੱਤਤਾ ਨੂੰ ਸਮਝ ਸਕਦਾ ਹੈ।

ਸਮਾਜਿਕ ਜੀਵਨ ਦੀ ਖ਼ੁਸ਼ਹਾਲੀ ਨੂੰ ਬਰਕਰਾਰ ਰੱਖਣ ਦੇ ਵਿਚ ਆਰਥਿਕਤਾ ਦੀ ਵਿਸ਼ੇਸ਼ ਮਹੱਤਤਾ ਹੁੰਦੀ ਹੈ ਸੰਤਾ ਸਿੰਘ ਨੇ ਵੀ ਜਦੋਂ ਆਪਣਾ ਪੰਜਾਹ ਵਰ੍ਹਿਆਂ ਤੋਂ ਚਲਦਾ ਆ ਰਿਹਾ ਕੰਮ ਨਵੇਂ ਯੁੱਗ ਵਿਚ ਪਿੱਛੇ ਪੈਂਦਾ ਦੇਖਿਆ ਤਾਂ ਉਸ ਨੇ ਇਹ ਕੰਮ ਛੱਡ ਦਿੱਤਾ ਅਤੇ ਆਪਣੇ ਪੁੱਤਰ ਸੁੱਚਾ ਸਿੰਘ ਨੂੰ ਪੜ੍ਹਾ ਕੇ ਕਿਸੇ ਹੋਰ ਕੰਮ-ਧੰਦੇ ਤੇ ਲਿਆਉਣ ਦੀ ਵਿਉਂਤ ਬਣਾਈ। ਸਮਾਜ ਦੇ ਵਿਕਾਸ ਵਿਚ ਸਾਹਿਤ ਤੇ ਕਲਾ ਦਾ ਸੁਚੱਜਾ ਯੋਗਦਾਨ ਹੁੰਦਾ ਹੈ ਤੇ ਇਸ ਪ੍ਰਕਾਰ ਜਦੋਂ ਸੰਤਾ ਸਿੰਘ ਦੁਆਰਾ ਆਪਣਾ ਜੱਦੀ ਕੰਮ ਛੱਡ ਕੇ ਤੇ ਸੁੱਚਾ ਸਿੰਘ ਦੁਆਰਾ ਲਿਆ ਕੇ ਦਿੱਤੇ ਗ੍ਰੰਥਾਂ ਅਤੇ ਕਿਤਾਬਾਂ ਨੂੰ ਪੜ੍ਹਨਾ ਸ਼ੁਰੂ ਕੀਤਾ ਤਾਂ ਉਹ ਆਪਣੇ ਜੀਵਨ ਵਿਚ ਚੰਗੀਆਂ ਗੱਲਾਂ ਨੂੰ ਧਾਰਦਾ ਗਿਆ ਤੇ ਸੱਥ ਵਿਚ ਬੈਠ ਕੇ ਵੀ ਆਪਣੇ ਸਾਥੀਆਂ ਨਾਲ ਵੀ ਇਨ੍ਹਾਂ ਦਾ ਵਿਚਾਰ ਵਟਾਂਦਰਾ ਕਰਦਾ ਪਰ ਜਦੋਂ ਕਿਤੇ ਉਹ ਮਾੜੀ-

ਮੰਦੀ ਗੱਲ ਸੱਥ ਵਿਚੋਂ ਸੁਣਦਾ ਤਾਂ ਉਸ ਦਾ ਮਨ ਉਦਾਸ ਹੋ ਜਾਂਦਾ ਤੇ ਉਹ ਬਾਬਾ ਘੁੰਮਣ ਦਾਸ ਨੂੰ ਮਿਲਣ ਉਨ੍ਹਾਂ ਦੇ ਡੇਰੇ ਆ ਜਾਂਦਾ। ਸਮਾਜਿਕ ਚੇਤਨਾ ਵਿਅਕਤੀ ਨੂੰ ਸਮਾਜ ਵਿਚ ਰਹਿੰਦੇ ਹੋਏ ਚੰਗੇ-ਮਾੜੇ ਦੀ ਪਰਖ ਕਰਨਾ ਚੰਗੀ ਤਰ੍ਹਾਂ ਸਿਖਾਉਂਦੀ ਹੈ।

ਸਮਾਜ ਦੇ ਸਹੀ ਵਿਕਾਸ ਵਿਚ ਨੈਤਿਕਤਾ ਦਾ ਵੀ ਆਪਣਾ ਹੀ ਸਥਾਨ ਹੈ। ਨੈਤਿਕਤਾ ਵਿਅਕਤੀ ਨੂੰ ਨਿਯਮਾਂਵਾਲਾ ਬਣਾਈ ਰੱਖਦੀ ਹੈ ਤੇ ਨੈਤਿਕਤਾ ਦੇ ਨਾਲ ਵਿਅਕਤੀ ਚੰਗੇ ਗੁਣਾਂ ਨੂੰ ਧਾਰਨ ਕਰਦਾ ਹੈ ਤੇ ਸਮਾਜ ਵਿਚ ਇੱਕ ਮਾਨਯੋਗ ਸਥਾਨ ਹਾਸਿਲ ਕਰਦਾ ਹੈ। ਸੰਤਾ ਸਿੰਘ ਨੈਤਿਕਤਾ ਦਾ ਧਾਰਨੀ ਵਿਅਕਤੀ ਹੈ।

> "ਸੰਤਾ ਸਿੰਹਾਂ ਨੂੰ ਬਾਬਾ ਘੁੰਮਣ ਦਾਸ ਦਾ ਇਹ ਕਥਨ ਹਮੇਸ਼ਾ ਹੀ ਯਾਦ ਰਹਿੰਦਾ ਸੀ ਕਿ ਭਾਈ ਬੇਨਿਯਮੀ ਅਨਿਆਂ ਦੀ ਮਾਂ ਹੁੰਦੀ ਹੈ।"[2]

ਇਸ ਲਈ ਸੰਤਾ ਸਿੰਘ ਭਾਵੇਂ ਜਿੰਨਾ ਮਰਜ਼ੀ ਬਾਬਾ ਘੁੰਮਣ ਦਾਸ ਦੇ ਨੇੜੇ ਸੀ ਪਰ ਹਮੇਸ਼ਾ ਚੇਲਿਆਂ ਦੀ ਇਜਾਜ਼ਤ ਲੈ ਕੇ ਹੀ ਉਨ੍ਹਾਂ ਨੂੰ ਮਿਲਣ ਜਾਂਦਾ ਸੀ।

ਸਮਾਜ ਦੇ ਵਿਚ ਜਦ ਬੇਅਸੂਲੀ ਆ ਜਾਂਦੀ ਹੈ ਤਾਂ ਸਭ ਕੁੱਝ ਤਹਿਸ-ਮਹਿਸ ਹੋਣ ਲੱਗ ਪੈਂਦਾ ਹੈ ਤੇ ਸਮਾਜਿਕ ਚੇਤਨਾ ਹੀ ਵਿਅਕਤੀ ਅੰਦਰ ਅਜਿਹੇ ਵਰਤਾਰੇ ਸੰਬੰਧੀ ਚਿੰਤਾ ਪੈਦਾ ਕਰਦੀ ਹੈ ਜਿਵੇਂ ਕਿ ਬਾਬਾ ਘੁੰਮਣ ਦਾਸ, ਸੰਤਾ ਸਿੰਘ ਨੂੰ ਆਪਣੀ ਉਦਾਸੀ ਦਾ ਕਾਰਨ ਦੱਸਦੇ ਹੋਏ ਕਹਿੰਦਾ ਹੈ ਕਿ

> "ਵੇਖ ਬਈ ਸੰਤਾ ਸਿੰਹਾਂ ਹੁਣ ਤਾਂ ਸਮੇਂ ਵਿਚ ਆਈ ਬੇ-ਅਸੂਲੀ ਨੂੰ ਵੇਖ ਕੇ ਮੇਰੀ ਸਰੀਰ ਛੱਡਣ ਦੀ ਇੱਛਾ ਹੈ। ਵੇਖ ਭਾਈ ਸੰਤਾ ਸਿੰਹਾ, ਮੇਰੇ ਗੁਰੂ ਜੀ ਭਾਵੇਂ ਅਨਪੜ੍ਹ ਸਨ ਪਰ ਉਨ੍ਹਾਂ ਦਾ ਬੋਲ-ਬਾਣੀ ਗਿਆਨ ਭਰਪੂਰ ਹੁੰਦਾ ਸੀ। ਉਹ ਕਹਿੰਦੇ ਹੁੰਦੇ ਸਨ, ਓਏ ਘੁੰਮਿਆ ਜਿਹੜਾ ਮਨੁੱਖ ਭਲੀ ਕਿਸਮ ਦੀ ਸੁੱਚੀ-ਸੁੱਚੀ ਇੱਛਾ ਦੀ ਇੱਜ਼ਤ ਨਹੀਂ ਕਰਦਾ ਉਸ ਨੂੰ ਬੇਇੱਜ਼ਤੀ ਦਾ ਸਾਹਮਣਾ ਕਰਨਾ ਪੈਂਦੇ। ਭਾਈ ਗੁਰਮੁਖਾ, ਆਹ ਮੇਰੇ ਹੁਣ ਇਸ ਡੇਰੇ ਦੇ ਨਾਂਅ ਲੱਗੀ ਪੰਜ ਹਾਲਾਂ ਦੀ ਜ਼ਮੀਨ ਆਹ ਆਪਣੇ ਪਿੰਡ 'ਚੋਂ ਬਣੇ ਆਪਣੇ ਐਮ. ਐਲ.ਏ. ਦੀਆਂ ਅੱਖਾਂ ਲਈ ਰੜਕ ਬਣੀ ਹੋਈ ਐ। ਉਸ ਐਮ. ਐਲ.ਏ. ਨੇ ਇੱਕ ਬਦਚਲਨ ਤ੍ਰੀਮਤ ਨੂੰ ਕਿਸੇ ਸ਼ਹਿਰ 'ਚੋਂ ਦਵਾਈ ਲੈਣ ਦੇ ਬਹਾਨੇ ਡੇਰੇ 'ਚ ਲਿਆ ਕੇ ਮੇਰੇ ਪ੍ਰਮੁੱਖ ਚੇਲੇ ਦਿਆਨੰਦ ਨੂੰ ਬਦਨਾਮ ਕਰਨਾ ਸ਼ੁਰੂ ਕਰ ਦਿੱਤਾ ਹੈ। ਦਿਆਨੰਦ ਨੇ ਦੇਸੀ ਦਵਾਈਆਂ ਦੀ ਵਿੱਦਿਆ ਦੀ ਸਿਰੇ ਤੱਕ ਪੜ੍ਹਾਈ ਕੀਤੀ ਹੈ। ਉਸ ਤਾਂ ਇਸ ਖੱਜਲ-ਖ਼ੁਆਰੀ ਨੂੰ ਵੇਖ ਕੇ ਡੇਰਾ ਹੀ ਛੱਡ ਗਿਆ ਮੈਂ ਉਸ ਨੂੰ ਗੁਰਗੱਦੀ ਸੌਂਪਣੀ ਸੀ। ਹੁਣ ਤੂੰ ਹੀ ਦੱਸ ਇਸ ਤੋਂ ਵੱਧ ਇਸ ਸਮੇਂ 'ਚ ਹਨੇਰਾ ਹੋਰ ਕੀ ਪਵੇਗਾ?"[3]

ਸਮਾਜ ਵਿਚ ਆਈ ਬੇਅਸੂਲੀ ਅਤੇ ਬੇਨਿਯਮੀ ਦੀ ਗਿਰਾਵਟ ਸਮਾਜ ਦੇ ਵਿਕਾਸ ਵਿਚ ਗਿਰਾਵਟ ਪੈਦਾ ਕਰਦੀ ਰਹਿੰਦੀ ਹੈ ਤੇ ਸਮਾਜਿਕ ਚੇਤਨਤਾ ਸਮਾਜ ਦੇ ਵਿਕਾਸ ਦੇ ਲਈ ਹਮੇਸ਼ਾ ਕਾਰਗਰ ਬਣੀ ਰਹਿੰਦੀ ਹੈ। ਸਮਾਜਕ ਚੇਤਨਤਾ ਵਿਅਕਤੀ ਨੂੰ ਜਾਤ-ਪਾਤ ਤੋਂ ਉੱਪਰ ਉਠਾ ਕੇ ਜਿਊਣਾ ਸਿਖਾਉਂਦੀ ਹੈ। ਸੰਤਾ ਸਿੰਘ ਤੇ ਭਗਵਾਨ

ਕੌਰ ਦੀ ਕੁੱਖੋਂ ਜਨਮ ਲਏ ਸੁੱਚਾ ਸਿੰਘ ਦਾ ਰੂਪ ਰਾਜਕੁਮਾਰਾਂ ਵਰਗਾ ਸੀ ਭਾਵੇਂ ਕਿ ਉਹ ਰਾਮਦਾਸੀਆ ਦੇ ਘਰ ਜਨਮਿਆ ਸੀ ਕਿਉਂਕਿ

> "ਸੁੰਦਰਤਾ ਦਾ ਜਾਤ ਦੀ ਥਾਵੇਂ ਜਨਮ ਨਾਲ ਸੰਬੰਧ ਬਣ ਸਕਦਾ ਹੈ।"[4]

ਮਨੁੱਖ ਵਿਗਿਆਨਕ ਅਤੇ ਟੈਕਨਾਲੋਜੀ ਦੇ ਪੱਖ ਤੋਂ ਤਾਂ ਤਰੱਕੀ ਕਰੀ ਜਾ ਰਿਹਾ ਹੈ ਪਰ ਸਮਾਜਿਕ ਪੱਖ ਤੋਂ ਉਸ ਦੇ ਜੀਵਨ ਵਿਚ ਲਗਾਤਾਰ ਗਿਰਾਵਟ ਆਈ ਜਾ ਰਹੀ ਹੈ ਤੇ ਜਿਸ ਦੇ ਪਿੱਛੇ ਉਸ ਦੀ ਸਮਾਜਿਕ ਚੇਤਨਹੀਣਤਾ ਜ਼ਿੰਮੇਵਾਰ ਹੈ ਕਿਉਂਕਿ ਉਸ ਨੂੰ ਇਹ ਹੀ ਸਮਝ ਨਹੀਂ ਕਿ ਸਮਾਜ ਦੇ ਵਿਚ ਕੀ ਸਹੀ ਹੈ ਤੇ ਕੀ ਚੀਜ਼ ਗ਼ਲਤ ਹੈ। ਘੁੰਮਣ ਦਾਸ ਤੇ ਸੰਤਾ ਸਿੰਘ ਆਏ ਹੋਏ ਇਨ੍ਹਾਂ ਹੀ ਬਦਲਾਵਾਂ ਦੀ ਗੱਲ ਕਰ ਕੇ ਚਿੰਤਤ ਹੁੰਦੇ ਹਨ ਕਿ

> "ਓਏ ਭਾਈ ਸੰਤਿਆ ਮੈਨੂੰ ਤਾਂ ਲਗਦੇ ਜਿਵੇਂ ਆਪਣੇ ਮੁਲਕ ਦੇ ਵਿਚ ਬਹੁਤ ਸਾਰੇ ਆਦਮੀ ਤੇ ਇਸਤਰੀਆਂ ਵੀ ਨਜ਼ਰ ਬੱਟੂ ਜਿਹੇ ਬਣਦੇ ਜਾ ਰਹੇ ਨੇ ਹੁਣ ਤਾਂ। ਮੈਨੂੰ ਲਗਦੇ ਆਪਣੇ ਸ਼ਹਿਰਾਂ ਵਿਚ ਮਰਦਾਂ ਤੇ ਜ਼ਨਾਨੀਆਂ ਨੂੰ ਨਜ਼ਰ ਬੱਟੂ ਬਣਾਉਣ ਵਾਲੀਆਂ ਦੁਕਾਨਾਂ ਵੀ ਖੁੱਲ੍ਹ ਗਈਆਂ ਹਨ। ਮੈਨੂੰ ਏਥੇ ਆਪਣੇ ਸੂਬੇ ਦੀ ਰਾਜਧਾਨੀ ਵਿਚੋਂ ਆਉਣ ਵਾਲਾ ਅੰਬੋ ਭੂਆ ਦਾ ਸ਼ਰਧਾਲੂ ਦੱਸਦਾ ਸੀ ਕਿ ਇੱਕ ਜ਼ਨਾਨੀ ਨੂੰ ਨਜ਼ਰ ਬੱਟੂ ਬਣਾਉਣ ਲਈ ਇੱਕ ਵੇਲੇ ਦੇ ਚਾਰ-ਚਾਰ ਪੰਜ-ਪੰਜ ਹਜ਼ਾਰ ਖ਼ਰਚ ਹੁੰਦੇ ਨੇ।"[5]

ਬਾਬਾ ਘੁੰਮਣ ਦਾਸ ਦੁਆਰਾ ਸੰਤਾ ਸਿੰਘ ਨਾਲ ਇੱਥੇ ਸਮੇਂ ਦੀ ਬਦਲਦੀ ਚਾਲ ਵਿਚ ਆਏ ਪਰਿਵਰਤਨ ਸਦਕਾ ਆਏ ਨਜ਼ਰ ਬੱਟੂ ਬਣਾਉਣ ਵਾਲੇ ਬਿਊਟੀ ਪਾਰਲਰਾਂ ਸੰਬੰਧੀ ਆਪਣੀ ਚਿੰਤਾ ਜ਼ਾਹਿਰ ਕਰਦਾ ਹੈ ਕਿ ਕਿਵੇਂ ਸਮਾਜ ਕੁਰਾਹੇ ਵੱਲ ਵਧਦਾ ਜਾ ਰਿਹਾ ਹੈ ਤੇ ਗ਼ਲਤ ਚੀਜ਼ਾਂ ਦਾ ਧਾਰਨੀ ਬਣਦਾ ਜਾ ਰਿਹਾ ਹੈ ਜਦ ਕਿ ਇਸ ਪੈਸੇ ਦੇ ਜ਼ਰੀਏ ਲੋੜਵੰਦਾਂ ਦੀ ਸਹਾਇਤਾ ਕੀਤੀ ਜਾ ਸਕਦੀ। ਉਨ੍ਹਾਂ ਦੀ ਚੇਤਨਹੀਣਤਾ ਹੀ ਹੈ ਜੋ ਉਨ੍ਹਾਂ ਨੂੰ ਅਸਲੀ ਸਮਾਜਿਕ ਮੁੱਲਾਂ ਭਾਵ ਸੰਦਰਭਾਂ ਦੀ ਪਹਿਚਾਣ ਹੀ ਨਹੀਂ ਹੋਣ ਦੇ ਰਹੀ ਤੇ ਇਹ ਗਲਤ ਸੋਚ ਜਾਂ ਵਿਚਾਰਧਾਰਾ ਉਨ੍ਹਾਂ ਨੂੰ ਕਿਵੇਂ ਕੁਰਾਹੇ ਪਾਈ ਜਾ ਰਹੀ ਹੈ।

ਜਦੋਂ ਗਿਆਨ ਦੀ ਥਾਂ ਅਗਿਆਨ ਪ੍ਰਧਾਨ ਹੋ ਜਾਵੇ ਤਾਂ ਸ਼ਾਂਤ ਜੀਵਨ ਵਿਚ ਅਸ਼ਾਂਤਪੁਣਾ ਆ ਜਾਂਦਾ ਹੈ ਤੇ ਜਿਸ ਦਾ ਨਤੀਜਾ ਬਹੁਤ ਹੀ ਭਿਆਨਕ ਹੁੰਦਾ ਹੈ। ਇਹ ਅਗਿਆਨ ਮਨੁੱਖਾਂ ਨੂੰ ਕਈ ਪ੍ਰਕਾਰ ਦੇ ਵਹਿਮਾਂ-ਭਰਮਾਂ ਅਤੇ ਪਾਖੰਡਾਂ ਵਿਚ ਪਾ ਦਿੰਦਾ ਹੈ। ਧਰਮ ਵਿਚ ਜਦੋਂ ਇਸ ਤਰ੍ਹਾਂ ਦਾ ਪਾਖੰਡ ਆ ਰਲਦਾ ਹੈ ਤਾਂ ਉਸ ਦਾ ਨਤੀਜਾ ਬਹੁਤ ਭਿਆਨਕ ਹੁੰਦਾ ਹੈ। ਸੰਤਾ ਸਿੰਘ ਕੱਲਾ ਬੈਠਾ ਸੋਚੀਂ ਪਿਆ ਸੀ

> "ਭਾਈ ਸੰਤਿਆ ਹੁਣ ਤਾਂ ਭਾਈ ਜੀਆਂ ਨੇ ਗੁਰਬਾਣੀ ਦੀ ਵਰਤੋਂ ਵੀ ਪਾਖੰਡ ਵਾਂਗ ਕਰਨੀ ਸ਼ੁਰੂ ਕੀਤੀ ਹੋਈ ਐ। ਵੇਖ ਨਾ ਪਾਖੰਡ ਆਪਣੇ ਆਪ ਨੂੰ ਕਾਇਮ ਰੱਖਣ ਲਈ ਰੌਲਾ ਪਾਉਂਦਾ ਰਹਿੰਦਾ ਹੈ ਤੇ ਅਪਵਿੱਤਰਤਾ ਜਿਉਂ-ਜਿਉਂ ਵਧਦੀ ਰਹਿੰਦੀ ਹੈ ਤਿਉਂ-ਤਿਉਂ ਉਹ ਆਪ ਅਸ਼ਾਂਤ ਬਣਦੀ ਹੋਈ ਸਮੇਂ ਨੂੰ ਵੀ ਅਸ਼ਾਂਤ ਬਣਾਉਣ ਲੱਗ ਪੈਂਦੀ ਹੈ। ਸੰਤਾ ਸਿੰਘ ਨੂੰ ਘੁੰਮਣ ਬਾਬੇ ਦੀ ਵਾਰ-ਵਾਰ

> ਆਖੀ ਗੱਲ ਅੱਜ ਹੁਣ ਧਰਵਾਸ ਦੇ ਰਹੀ ਸੀ ਉਏ ਸੰਤਿਆ ਜਦੋਂ ਸਮਾਂ ਅਸ਼ਾਂਤ ਹੁੰਦਾ ਹੈ ਤਦ ਉਹ ਕੁੱਤੇ ਵਾਂਗ ਭੌਂਕਦਾ ਹੀ ਰਹਿੰਦਾ ਹੈ। ਅੱਜ ਕੱਲ੍ਹ ਇਹ ਆਪਣਾ ਸਮਾਂ ਹਰ ਵੇਲੇ ਭੌਂਕਦਾ ਹੀ ਰਹਿੰਦਾ ਹੈ। ਪਾਖੰਡ ਵੀ ਪਾਗਲ ਕੁੱਤੇ ਵਰਗਾ ਹੀ ਹੁੰਦਾ ਹੈ...।"[6]

ਇਸ ਪ੍ਰਕਾਰ ਪਾਖੰਡ ਬੌਧਿਕਤਾ ਦੇ ਲਈ ਹਾਨੀਕਾਰਕ ਬਣਿਆ ਰਹਿੰਦਾ ਹੈ ਕਿਉਂਕਿ:

- "ਪਾਖੰਡ ਰਚਨਾਤਮਿਕ ਨਹੀਂ ਹੁੰਦਾ।
- ਪਾਖੰਡ ਅਸਪੱਸ਼ਟ ਹੁੰਦਾ ਹੈ।
- ਪਾਖੰਡ ਕ੍ਰਿਆਹੀਨ ਹੁੰਦਾ ਹੈ।
- ਪਾਖੰਡ ਝੂਠ, ਫ਼ਰੇਬ ਅਤੇ ਫੁਹੜ ਹੁੰਦਾ ਹੈ।"[7]

ਧਰਮ ਜਦੋਂ ਅਧਰਮ ਬਣਨ ਲੱਗਦਾ ਹੈ ਤਾਂ ਇਸ ਦਾ ਸਭ ਤੋਂ ਵੱਡਾ ਨੁਕਸਾਨ ਸਮਾਜ ਨੂੰ ਹੀ ਹੁੰਦਾ ਹੈ ਕਿਉਂਕਿ ਧਰਮ ਹੀ ਸਮਾਜਿਕ ਪੱਖ ਤੋਂ ਉਸ ਦੀ ਰੱਖਿਆ ਕਰਦਾ ਹੈ। ਸੰਤਾ ਸਿੰਘ ਚੇਤੇ ਕਰ ਰਿਹਾ ਸੀ ਕਿ ਦੁਨੀਆ ਵਿਚ ਪਾਖੰਡ ਦੇ ਪਾਗਲਪਣ ਨੂੰ ਉਤਾਰਨ ਦੇ ਲਈ ਬਾਬਾ ਨਾਨਕ ਨੇ ਚਾਰ ਉਦਾਸੀਆਂ ਦੀ ਯਾਤਰਾ ਕੀਤੀ ਪਰ ਅੱਜ ਦੇ ਸਮੇਂ ਵਿਚ ਸਮਾਜ ਫਿਰ ਉਸੇ ਪਾਖੰਡ ਵੱਲ ਵਧਦਾ ਜਾ ਰਿਹਾ ਹੈ ਤੇ ਉਸ ਨੇ ਬਾਹਰ ਕਿਸੇ ਦੀ ਕੀ ਗੱਲ ਕਰਨੀ ਹੈ ਉਸ ਦੀ ਧਰਮ ਪਤਨੀ ਹੀ ਆਪਣੇ ਪੁੱਤ ਨੂੰ ਨਜ਼ਰ ਲੱਗਣ ਤੋਂ ਬਚਾਉਣ ਦੇ ਲਈ ਨਜ਼ਰ ਬੱਟੂ ਵਰਗਾ ਬਣਾਈ ਰੱਖਦੀ ਹੈ। ਉਸ ਦੇ ਅੰਦਰ ਅਗਿਆਨਤਾ ਦਾ ਪਸਾਰਾ ਉਸ ਨੂੰ ਗਿਆਨ ਨਾਲ ਸਾਂਝ ਪਾਉਣ ਹੀ ਨਹੀਂ ਦੇ ਰਿਹਾ।

ਸਾਹਿਤ ਤੇ ਕਲਾ ਜੋ ਕਿ ਸਮਾਜ ਵਿਚ ਸੁਹਜਾਤਮਿਕਤਾ ਨੂੰ ਜਨਮ ਦਿੰਦੇ ਹਨ ਸਮਾਜਿਕ ਵਿਕਾਸ ਦੇ ਵਿਚ ਬਹੁਤ ਸਹਾਈ ਹੁੰਦੇ ਹਨ ਕਿਉਂਕਿ ਸਾਹਿਤ ਤੇ ਕਲਾ ਦਾ ਸੰਬੰਧ ਸਮਾਜਿਕ ਯਥਾਰਥ ਨਾਲ ਹੁੰਦਾ ਹੈ। ਇਹ ਸਮਾਜ ਦਾ ਸ਼ੀਸ਼ਾ ਹੀ ਹੁੰਦੇ ਹਨ। ਵਿਅਕਤੀ ਜਿਨ੍ਹਾਂ ਨੂੰ ਸਿੱਧੇ ਰੂਪ ਵਿਚ ਪ੍ਰਗਟਾਅ ਨਹੀਂ ਸਕਦਾ ਉਸ ਨੂੰ ਸਾਹਿਤ ਅਤੇ ਕਲਾ ਦੇ ਰੂਪ ਵਿਚ ਬਾਕੀਆਂ ਸਾਹਮਣੇ ਪੇਸ਼ ਕਰਦਾ ਹੈ।

- "ਕਲਾ ਨੂੰ ਸੁਕਰਮ ਕਿਹਾ ਜਾ ਸਕਦਾ ਹੈ।
- ਕਲਾ ਨੂੰ ਰਚਨਾ ਕਿਹਾ ਜਾ ਸਕਦਾ ਹੈ।
- ਕਲਾ ਕਰਤਾਰੀ ਹੁੰਦੀ ਹੈ।
- ਕਲਾ ਸੁਖਦਾਈ ਹੁੰਦੀ ਹੈ।
- ਕਲਾ ਦੁਆਰਾ ਮਾਨਸਿਕ, ਬੌਧਿਕ ਅਤੇ ਸਰੀਰਕ ਤ੍ਰਿਪਤੀ ਪ੍ਰਾਪਤ ਹੁੰਦੀ ਰਹਿੰਦੀ ਹੈ।"[8]

ਸਮਾਜ ਨੂੰ ਹਮੇਸ਼ਾ ਦੋ ਭਾਗਾਂ ਵਿਚ ਵੰਡਿਆਂ ਗਿਆ ਹੈ। ਜਿਸ ਵਿਚ ਇੱਕ ਉੱਚ ਸ਼੍ਰੇਣੀ ਤੇ ਦੂਜੀ ਨਿਮਨ ਸ਼੍ਰੇਣੀ ਹੈ। ਅਮੀਰ ਸ਼੍ਰੇਣੀ ਲਗਭਗ ਹਰ ਪ੍ਰਕਾਰ ਦੀਆਂ ਸਮਾਜਿਕ ਸਹੂਲਤਾਂ ਨੂੰ ਆਪਣੇ ਹਿਤਾਂ ਦੀ ਪੂਰਤੀ ਦੇ ਲਈ ਹੀ ਵਰਤਦੀ ਆਈ ਹੈ ਤੇ ਜਿਸ ਸਦਕਾ ਨਿਮਨ ਸ਼੍ਰੇਣੀ ਨੂੰ ਹਮੇਸ਼ਾ ਹੀ ਸਮਾਜ ਵਿਚ ਦੱਬ ਕੇ ਹੀ ਰਹਿਣਾ ਪਿਆ ਹੈ ਪਰ ਸਾਹਿਤ ਅਤੇ ਕਲਾ ਦਾ ਆਸਰਾ ਲੈ ਕੇ ਨਿਮਨ ਸ਼੍ਰੇਣੀ ਦੁਆਰਾ ਹਮੇਸ਼ਾ ਹੀ ਆਪਣੇ ਹਿਤਾਂ ਦੀ ਪੂਰਤੀ ਦੇ ਲਈ

ਸੰਘਰਸ਼ ਜਾਰੀ ਰਹਿੰਦਾ ਹੈ। ਨਿਮਨ ਸ਼੍ਰੇਣੀ ਆਪਣੀ ਕਿਰਤ ਅਤੇ ਮਿਹਨਤ ਸਦਕਾ ਅਤੇ ਸਾਹਿਤ ਤੇ ਕਲਾ ਦਾ ਆਸਰਾ ਲੈਂਦੇ ਹੋਏ ਸਮਾਜ ਦੇ ਵਿਚ ਸਮਾਜਿਕ ਚੇਤਨਾ ਪੈਦਾ ਕਰਦੀ ਹੈ ਤਾਂ ਕਿ ਉਹ ਆਪਣੇ ਹੱਕਾਂ ਦੇ ਲਈ ਜਾਗਰੂਕ ਹੋ ਸਕਣ। ਸੰਤਾ ਸਿੰਘ ਪਹਿਲਾ ਆਪ ਜੁੱਤੀਆਂ ਦਾ ਕੰਮ ਕਰਦਾ ਸੀ ਤੇ ਉਸ ਨੇ ਆਪਣੇ ਪੁੱਤ ਨੂੰ ਉੱਚ ਵਿੱਦਿਆ ਪ੍ਰਧਾਨ ਕਰਵਾਈ ਤੇ ਸੁੱਚਾ ਸਿੰਘ ਸਾਹਿਤਕ ਅਤੇ ਕਲਾ ਦੇ ਖੇਤਰ ਵਿਚ ਛੋਟੀ ਉਮਰੇ ਹੀ ਤਰਜ਼, ਸੁਰ ਅਤੇ ਬੋਲਾਂ ਦੀ ਮਿਠਾਸ ਦੇ ਅਭਿਆਸ ਦੁਆਰਾ ਸਭ ਕੁੱਝ ਆਸਾਨੀ ਦੇ ਨਾਲ ਗ੍ਰਹਿਣ ਕਰਦਾ ਗਿਆ। ਸੰਤਾ ਸਿੰਘ ਆਪਣੇ ਪੁੱਤਰ ਦਾ ਕਲਾ ਨਾਲ ਇਸ ਪ੍ਰਕਾਰ ਦਾ ਪਿਆਰ ਦੇਖ ਕੇ ਬਹੁਤ ਖੁਸ਼ ਹੁੰਦਾ। ਬਾਬਾ ਘੁੰਮਣ ਦਾਸ ਸੰਤਾ ਸਿੰਘ ਦੇ ਪੁੱਤਰ ਦੀ ਪੜ੍ਹਾਈ ਅਤੇ ਕਲਾ ਦੇ ਵਿਚ ਹਰ ਪ੍ਰਕਾਰ ਦੀ ਲੋੜਵੰਦ ਮਦਦ ਕਰਨ ਦੇ ਲਈ ਤਿਆਰ ਰਹਿੰਦਾ ਸੀ ਕਿਉਂਕਿ ਉਹ ਭਲੀਭਾਂਤ ਇਹ ਗੱਲ ਸਮਝਦੇ ਸਨ ਕਿ ਡੇਰਿਆਂ ਦਾ ਪੈਸਾ ਲੋਕਾਂ ਭਾਵ ਕਿ ਸਮਾਜ ਦੀ ਭਲਾਈ ਦੇ ਲਈ ਹੀ ਇਸਤੇਮਾਲ ਕਰਨਾ ਹੁੰਦਾ ਹੈ ਤੇ ਉਹ ਕਹਿੰਦੇ

> "ਉਂਝ ਭਾਈ ਸੰਤਿਆ ਮੇਰੇ ਹੁੰਦਿਆਂ ਤੈਨੂੰ ਤੰਗੀ ਤੁਰਸ਼ੀ ਦੀ ਪਰਵਾਹ ਨਹੀਂ ਕਰਨੀ ਚਾਹੀਦੀ। ਆਪਾਂ ਆਹ ਪੰਜ ਹਲਾਂ ਦੀ ਜ਼ਮੀਨ ਵਾਲੇ ਡੇਰੇ ਦੀ ਕਮਾਈ ਨਾਲ ਲੋੜਮੰਦਾਂ ਨੂੰ ਆਪਣੇ ਪੈਰਾਂ 'ਤੇ ਖੜੋਤ ਲਈ ਤਾਂ ਮਦਦ ਕਰਨੀ ਹੀ ਹੁੰਦੀ ਐ।"[9]

ਧਰਮ ਦਾ ਕੰਮ ਵਿਅਕਤੀ ਨੂੰ ਭਾਵ ਸਮਾਜ ਨੂੰ ਸਹੀ ਰਾਹ ਪਾਉਣਾ ਤੇ ਸੁਚੇਤ ਕਰਦੇ ਰਹਿਣਾ ਹੈ। ਪਿੰਡ ਸ਼ੇਰਗੜ੍ਹ ਰਾਣੀਆਂ ਦਾ ਮਾਸਟਰ ਇਸ ਗੱਲ ਨੂੰ ਭਲੀਭਾਂਤ ਸਮਝਦਾ ਸੀ। ਉਸ ਦੇ ਅੰਦਰ ਕਬੀਰ ਬਾਣੀ ਦੇ ਲਈ ਖ਼ਾਸ ਥਾਂ ਸੀ ਤੇ ਆਖਦਾ ਸੀ-

> "ਕਬੀਰ ਬਾਣੀ ਵਿਚ ਵਿਦਰੋਹ ਦੇ ਨਾਲ-ਨਾਲ ਵਿਸ਼ਲੇਸ਼ਣ ਵੀ ਹੈ। ਕਬੀਰ ਜੀ ਦੇ ਦੋਹੇ ਸਮਾਜ ਨੂੰ ਸੁਚੇਤ ਕਰਦੇ ਰਹਿੰਦੇ ਹਨ।"[10]

ਇਸ ਲਈ ਮਨੁੱਖਤਾ ਨੂੰ ਵੀ ਧਰਮ ਤੋਂ ਸਦਾ ਸੇਧ ਲੈਂਦੇ ਰਹਿਣਾ ਚਾਹੀਦਾ ਹੈ।

ਧਰਮ ਦਾ ਜਨਮ ਮਨੁੱਖ ਦੇ ਭਲੇ ਲਈ ਭਾਵ ਸੁਧਾਰ ਲਈ ਹੋਇਆ ਹੈ ਪਰ ਜਦੋਂ ਧਰਮ ਹੀ ਕਮਾਈ ਦਾ ਸਾਧਨ ਬਣਨ ਲੱਗ ਪਵੇ ਤਾਂ ਉਸ ਨੇ ਸਮਾਜ ਦਾ ਕੀ ਭਲਾ ਕਰਨਾ ਹੈ। ਮਾਸਟਰ ਜੋਤੀ ਪ੍ਰਸ਼ਾਦ ਤੇ ਘੁੰਮਣ ਦਾਸ ਬੈਠੇ ਧਰਮ ਦੇ ਕਾਰੋਬਾਰ ਬਣ ਜਾਣ ਦੀਆਂ ਗੱਲਾਂ ਕਰਦੇ ਹਨ ਕਿ ਸਮਾਜ ਕਿਸ ਦਿਸ਼ਾ ਵੱਲ ਜਾ ਰਿਹਾ ਹੈ। ਧਰਮ ਦਾ ਸੰਬੰਧ ਸੱਚ ਦੀ ਪੇਸ਼ਕਾਰੀ ਕਰਨਾ ਹੁੰਦਾ ਹੈ ਪਰ ਅੱਜ ਕੱਲ੍ਹ ਇਸ ਦਾ ਅਰਥ ਹੋਰ ਹੀ ਬਣਦਾ ਜਾ ਰਿਹਾ ਹੈ ਤੇ ਇਸ ਦਾ ਆਸਰਾ ਲੈ ਕੇ ਧਨ ਕਮਾਇਆ ਜਾ ਰਿਹਾ ਹੈ।

ਸੁੱਚਾ ਸਿੰਘ ਪਾਠੀ ਦੀ ਕਲਾ ਦੀ ਸ਼ੁੱਧ ਅਤੇ ਸਪਸ਼ਟ ਆਵਾਜ਼ ਨੇ ਪਿੰਡ ਵਾਸੀਆਂ ਦਾ ਦਿਲ ਮੋਹ ਲਿਆ ਸੀ। ਅਕਸਰ ਕਲਾ ਦਾ ਸਿੱਧਾ ਸੰਬੰਧ ਹੀ ਸਮਾਜ ਨਾਲ ਹੁੰਦਾ ਹੈ। ਲੋਕਾਂ ਨੂੰ ਸੁੱਚਾ ਸਿੰਘ ਦੀ ਇਹ ਕਲਾ ਪਸੰਦ ਆ ਰਹੀ ਸੀ ਤੇ ਉਹ ਉਸ ਦੀ ਜਾਤ ਨੂੰ ਭੁੱਲ ਕੇ ਉਸ ਦੀ ਕਲਾ ਨੂੰ ਅਪਣਾ ਰਹੇ ਸਨ। ਸਮਾਜਿਕ ਚੇਤਨਾ ਹੀ ਉਦੋਂ ਆਉਂਦੀ ਹੈ ਜਦੋਂ ਸਭ ਕੁੱਝ ਇੱਕ ਬਰਾਬਰ ਹੋ ਜਾਵੇ ਤੇ ਸਮਾਜਿਕ ਤੌਰ 'ਤੇ ਜਾਤ ਨੂੰ ਆਧਾਰ ਬਣਾ ਕੇ ਕੀਤੇ ਜਾਂਦੇ

ਭੇਦ-ਭਾਵ ਖ਼ਤਮ ਹੋ ਜਾਣ। ਇਸ ਸਮੇਂ ਸੁੱਚਾ ਸਿੰਘ ਕੋਈ ਨੀਵੀਂ ਜਾਤ ਦਾ ਵਿਅਕਤੀ ਨਹੀਂ ਸਗੋਂ ਸਾਰਿਆਂ ਦੀਆਂ ਨਜ਼ਰਾਂ ਵਿਚ ਆਪਣੀ ਕਲਾ ਸਦਕਾ ਇੱਕ ਸ਼ਰਧਾ ਭਾਵ ਬਣਿਆ ਹੋਇਆ ਸੀ ਤੇ ਸਾਰੇ ਪਿੰਡ ਵਿਚ ਉਸ ਦੀ ਕਲਾ ਨੂੰ ਲੈ ਕੇ ਗੱਲਾਂ ਕੀਤੀਆਂ ਜਾ ਰਹੀਆਂ ਸਨ ਕਿ

> "ਬਈ ਵੇਖ ਲਓ ਕਿੱਥੇ ਆਹ ਬਾਣੀ ਦਾ ਪਾਠ ਤੇ ਕਿੱਥੇ ਲੁੱਚੇ ਗਾਣੇ ਗਾਉਣ ਵਾਲੀ ਮੁੰਡੀਹਰ? ਕਦੇ-ਕਦੇ ਤੋਤਕੜਾ ਲਾਊਡ-ਸਪੀਕਰਾਂ 'ਤੇ ਵੀ ਆ ਟਿਕਦਾ। ਇੰਝ ਸੱਥਾਂ ਵਿਚ ਕਈ ਕਿਸਮ ਦੀਆਂ ਪੁੱਠੀਆਂ ਸਿੱਧੀਆਂ ਗੱਲਾਂ ਦੀ ਚਲੋ-ਚਾਲ ਵਿਚ ਡੇਰੇ ਦੇ ਮੁਨੀ ਬ੍ਰਹਮਾਨੰਦ ਅਤੇ ਬਾਬਾ ਘੁੰਮਣ ਦਾਸ ਦੀ ਤਿਆਗੀ ਬਾਰੇ ਵੀ ਗੱਲਾਂ ਹੋਣ ਲੱਗ ਪੈਂਦੀਆਂ ਸਨ। ਕਿੱਥੇ ਘੁੰਮਣ ਦਾਸ ਦੀ ਸੱਚਾਈ ਤੇ ਸੁੱਚ ਕਿੱਥੇ ਬ੍ਰਹਮਾਨੰਦ ਦਾ ਪਾਖੰਡ ਤੇ ਪਰਪੰਚ...?"[11]

ਇਸ ਤਰ੍ਹਾਂ ਲੋਕਾਂ ਵਿਚ ਸਹੀ ਅਤੇ ਗ਼ਲਤ ਦੀ ਪਹਿਚਾਣ ਹੋਣ ਲੱਗ ਪੈਂਦੀ ਜੋ ਕਿ ਉਨ੍ਹਾਂ ਦੀ ਸਮਾਜਿਕ ਚੇਤਨਤਾ ਦੀ ਭਾਗੀਦਾਰ ਬਣਦੀ।

ਸਮਾਜਿਕ ਚੇਤਨਾ ਸਦਕਾ ਸਮਾਜ ਵਿਕਾਸ ਦੀਆਂ ਲੀਹਾਂ ਤੇ ਆਸਾਨੀ ਨਾਲ ਅੱਗੇ ਵਧਦਾ ਰਹਿੰਦਾ ਹੈ ਤੇ ਜਿਸ ਵਿਚ ਕਿਰਤ ਤੇ ਮਿਹਨਤ ਦੀ ਆਪਣੀ ਹੀ ਖ਼ਾਸ ਮਹੱਤਤਾ ਹੁੰਦੀ ਹੈ। ਸੰਤਾ ਸਿੰਘ ਦਾ ਪੁੱਤਰ ਸੁੱਚਾ ਸਿੰਘ ਆਪਣੀ ਕਿਰਤ ਤੇ ਮਿਹਨਤ ਸਦਕਾ ਸਭ ਦੀਆਂ ਅੱਖਾਂ ਦਾ ਤਾਰਾ ਬਣਿਆ ਹੋਇਆ ਸੀ। ਗੁਣ ਅਤੇ ਗਿਆਨ ਵਿਅਕਤੀ ਨੂੰ ਕਦੇ ਵੀ ਹਾਰਨ ਨਹੀਂ ਦਿੰਦੇ ਤੇ ਸੁੱਚਾ ਸਿੰਘ ਆਪਣੇ ਇਸੇ ਗੁਣ ਅਤੇ ਕਾਬਲੀਅਤ ਦੇ ਨਾਲ ਸਰਕਾਰੀ ਨੌਕਰੀ ਹਾਸਿਲ ਕਰ ਗਿਆ।

ਜਦੋਂ ਨਿਆਂ ਨੂੰ ਅਨਿਆਂ ਭੰਗ ਕਰਨਾ ਸ਼ੁਰੂ ਕਰ ਦੇਵੇ ਤਾਂ ਇੱਕ ਅਜੀਬ ਜਿਹੀ ਬੇਤਾਬੀ ਵਿਅਕਤੀ ਦੇ ਅੰਦਰ ਜਨਮ ਲਵੇ ਤਾਂ ਅਜਿਹੀ ਬੇਤਾਬੀ ਦੇ ਪਿੱਛੇ ਵਿਅਕਤੀ ਦੀ ਸਮਾਜਿਕ ਚੇਤਨਤਾ ਹੀ ਕਾਰਗਰ ਹੁੰਦੀ ਹੈ। ਅਜਿਹਾ ਵਿਅਕਤੀ ਸਮਾਜ ਦੇ ਵਿਚ ਬੇਇਨਸਾਫ਼ੀ ਹੁੰਦੀ ਨਹੀਂ ਦੇਖ ਪਾਉਂਦਾ ਤੇ ਬਾਬਾ ਘੁੰਮਣ ਦਾਸ ਲਈ ਮੁਨੀ ਬ੍ਰਹਮ ਦਾਸ ਦੀਆਂ ਗ਼ਲਤ ਨੀਤੀਆਂ ਘਾਤਕ ਸਾਬਿਤ ਹੋ ਰਹੀਆਂ ਸਨ। ਮੁਨੀ ਬ੍ਰਹਮ ਦਾਸ ਦੀ ਚੇਤਨਹੀਣਤਾ ਉਸ ਨੂੰ ਬਾਬਾ ਘੁੰਮਣ ਦੁਆਰਾ ਗ਼ਰੀਬਾਂ ਦੀ ਮਦਦ ਹੁੰਦੇ ਦੇਖਣ ਨਹੀਂ ਸੀ ਦੇ ਰਹੀ ਜੋ ਕਿ ਹੁਣ ਬਾਬਾ ਘੁੰਮਣ ਦੇ ਲਈ ਵੀ ਅਵਿਸ਼ਵਾਸ ਦਾ ਪਾਤਰ ਬਣਿਆ ਹੋਇਆ ਸੀ। ਵਿਅਕਤੀ ਵਿਚਲਾ ਵਿਸ਼ਵਾਸ ਹੀ ਉਸ ਨੂੰ ਬਣਾਈ ਰੱਖਦਾ ਹੈ ਪਰ ਜਦੋਂ ਹੀ ਇਹ ਵਿਸ਼ਵਾਸ ਟੁੱਟਣ ਲੱਗ ਪਵੇ ਤਾਂ ਉਹ ਟੁੱਟਦਾ-ਟੁੱਟਦਾ ਆਖ਼ਿਰ ਇੱਕ ਦਿਨ ਟੁੱਟ ਹੀ ਜਾਂਦਾ ਹੈ। ਕਿਉਂਕਿ:-

- ਵਿਸ਼ਵਾਸ ਦੀ ਸਮਰੱਥਾ ਨਾਲ ਹੀ ਸਮਾਜਿਕ-ਵਿਧਾ ਤੇ ਵਿਧਾਨ ਦੀ ਵਿਕਾਸ ਪ੍ਰਕ੍ਰਿਆ ਗਤੀਸ਼ੀਲ ਬਣੀ ਰਹਿੰਦੀ ਹੈ।
- ਵਿਸ਼ਵਾਸ ਦੀ ਸਮਰੱਥਾ ਦੁਆਰਾ ਹੀ ਕਰਤਾਰੀ ਕਰਮ ਉਤਪੰਨ ਹੁੰਦੇ ਹਨ।
- ਵਿਸ਼ਵਾਸ ਦੁਆਰਾ ਜੀਵਨ ਧਾਰਾ ਕਲਾਤਮਿਕ ਬਣੀ ਰਹਿੰਦੀ ਹੈ।

- ਵਿਸ਼ਵਾਸ ਰਚਨਾਤਮਿਕਤਾ ਨੂੰ ਬਰਕਰਾਰ ਰੱਖਦਾ ਹੈ।
- ਵਿਸ਼ਵਾਸ ਨੂੰ ਕਲਾਤਮਿਕ ਕਲਾ ਦਾ ਰੁਤਬਾ ਹਾਸਿਲ ਹੁੰਦਾ ਹੈ।

ਬਾਬਾ ਘੁੰਮਣ ਦਾਸ ਦਾ ਮੁਨੀ ਬ੍ਰਹਮ ਦਾਸ ਤੋਂ ਟੁੱਟਦਾ ਵਿਸ਼ਵਾਸ ਹੁਣ ਉਨ੍ਹਾਂ ਦੇ ਮਨ 'ਤੇ ਬਹੁਤ ਹੀ ਭਾਰੀ ਬਣਿਆ ਹੋਇਆ ਸੀ ਤੇ ਉਸ ਨੇ ਅਗਲੀ ਹੀ ਸਵੇਰ ਸੰਤਾ ਸਿੰਘ ਦੇ ਨਾਲ ਸਾਰੀ ਦੀ ਸਾਰੀ ਗੱਲ ਸਾਂਝੀ ਕਰਦੇ ਹੋਏ ਆਖਦੇ ਹਨ ਕਿ-

> "ਵੇਖ ਭਾਈ ਸੰਤਿਆ ਇਹ ਡੇਰੇ ਤਾਂ ਲੋਕਾਂ ਦਾ ਵਿਸ਼ਵਾਸ ਹੁੰਦੇ ਨੇ। ਇਨ੍ਹਾਂ ਡੇਰਿਆਂ ਵਿਚ ਨਿਆਸਰਿਆਂ ਨੂੰ ਆਸਰਾ ਮਿਲਦਾ ਹੈ। ਇਹ ਡੇਰੇ ਤਾਂ ਆਲਣੇ ਸਮੇਂ ਦੇ ਬ੍ਰਿਧ-ਆਸ਼ਰਮ ਸਨ। ਰਾਹੀਂ, ਭਾਈ ਇੱਥੇ ਪ੍ਰਸ਼ਾਦ ਪਾਣੀ ਮਿਲਦਾ ਹੁੰਦਾ ਸੀ। ਇਹ ਡੇਰੇ ਤਾਂ ਕਰਮ ਤੇ ਧਰਮ ਵਾਲੇ ਅਸਥਾਨ ਹੁੰਦੇ ਹਨ। ਸੰਤਾ ਸਿੰਹਾਂ, ਮੇਰਾ ਗੁਰੂ ਜੋਧਪੁਰੀ ਤਾਂ ਆਪਣੇ ਹੱਥੀ ਭੋਜਨ ਪਾਣੀ ਤਿਆਰ ਕਰ ਕੇ ਪਾਂਧੀਆਂ ਤੇ ਪੰਖੇਰੂਆਂ ਦੀ ਸੇਵਾ ਕਰਿਆ ਕਰਦਾ ਸੀ। ਇਸ ਡੇਰੇ ਵਿਚ ਮੇਰੇ ਗੁਰੂ ਜੋਧਪੁਰੀ ਵੇਲੇ ਸਾਫ਼ ਸੁਥਰੀਆਂ ਲੋਕ ਭਲਾਈ ਦੀਆਂ ਸਾਖੀਆਂ ਤੇ ਆਖੰਡ ਪਾਠ ਹੁੰਦੇ ਰਹਿੰਦੇ ਸਨ। ਅਸਾਡੇ ਇਸ ਡੇਰੇ ਵਿਚੋਂ ਸੈਂਕੜੇ ਬਿਮਾਰਾਂ ਨੂੰ ਮੁਫ਼ਤ ਦਵਾਈ ਦਿੱਤੀ ਜਾਂਦੀ ਹੁੰਦੀ ਸੀ। ਇਸ ਡੇਰੇ ਵਿਚ ਧੀ-ਭੈਣ ਦੀ ਇੱਜ਼ਤ ਨੂੰ ਪੂਜਾ ਸਮਝਿਆ ਜਾਂਦਾ ਹੁੰਦਾ ਸੀ। ਏਨੀਆਂ ਕੁ ਗੱਲਾਂ ਕਹਿ ਕੇ ਬਾਬਾ ਘੁੰਮਣ ਦਾਸ ਤਿਆਗੀ ਦਾ ਗਲ ਭਰ ਆਇਆ।"[12]

ਇਸ ਤਰ੍ਹਾਂ ਨਿਆਂ ਕਦੇ ਵੀ ਅਨਿਆਂ ਨੂੰ ਕਬੂਲ ਨਹੀਂ ਕਰ ਸਕਦਾ ਤੇ ਸਮਾਜਿਕ ਚੇਤਨਤਾ ਹੀ ਸਮਾਜ ਵਿਚ ਹੋ ਰਹੇ ਅਜਿਹੇ ਅਨਿਆਂ ਦੇ ਖ਼ਿਲਾਫ਼ ਆਵਾਜ਼ ਉਠਾਉਂਦੀ ਹੈ।

ਸਮਾਜਿਕ ਚੇਤਨਾ ਦੇ ਅਧੀਨ ਆਉਂਦੀ ਨੈਤਿਕਤਾ ਵਿਅਕਤੀ ਦੇ ਅੰਦਰ ਹਮੇਸ਼ਾ ਚੰਗੇ ਗੁਣਾਂ ਨੂੰ ਧਾਰਨੀ ਬਣਾਉਂਦੀ ਰਹਿੰਦੀ ਹੈ।

> "ਨੈਤਿਕਤਾ ਤੋਂ ਭਾਵ ਕੁੱਝ ਅਜਿਹੇ ਨਿਯਮ ਹੁੰਦੇ ਹਨ ਜੋ ਲੋਕਾਂ ਨੂੰ ਆਪਸੀ ਸੰਬੰਧਾਂ ਅਤੇ ਸਮੁੱਚੇ ਸਮਾਜ ਨਾਲ ਸੰਬੰਧਾਂ ਨੂੰ ਬਣਾਈ ਰੱਖਣ ਦੇ ਲਈ ਸੇਧ ਦਿੰਦੇ ਹਨ।"[13]

ਅਜਿਹੇ ਗੁਣ ਬਾਬਾ ਘੁੰਮਣ ਦਾਸ ਤਿਆਗੀ ਦੀ ਤਰ੍ਹਾਂ ਜਲੰਧਰ ਵਿਚ ਰਹਿੰਦੇ ਦਿਲਾਬਰ ਸਿੰਘ ਕੋਲ ਵੀ ਸਨ। ਜਲੰਧਰ ਵਿਚ ਉਸ ਦਾ ਚੰਗਾ ਤਕੜਾ ਕਾਰੋਬਾਰ ਸੀ ਤੇ ਲੋੜਵੰਦਾਂ ਦੀ ਸਹਾਇਤਾ ਕਰਨਾ ਉਹ ਆਪਣਾ ਧਰਮ ਸਮਝਦਾ ਸੀ। ਉਸ ਨੇ ਹੀ ਘਰੋਂ ਭੱਜੇ ਮੁਦਕੀ ਨੂੰ ਸੰਭਾਲਿਆਂ ਸੀ ਤੇ ਜੋ ਕਿ ਅੱਜ ਕੱਲ੍ਹ ਆਪਣੀ ਕਿਰਤ ਸਦਕਾ ਵਧੀਆ ਮੁਕਾਮ ਤੇ ਵੀ ਪਹੁੰਚਿਆ ਸੀ। ਕਿਰਤ ਗਿਆਨ ਅਤੇ ਗਿਆਨ ਚੇਤਨਾ ਨੂੰ ਜਨਮ ਦਿੰਦਾ ਹੈ ਤੇ ਦਿਲਾਬਰ ਸਿੰਘ ਦੁਆਰਾ ਮੁਦਕੀ ਨੂੰ ਲਾਈ ਕਿਰਤ ਦੀ ਚਿਣਗ ਉਸ ਨੂੰ ਇੱਕ ਸੂਝਵਾਨ ਅਤੇ ਗਿਆਨਵਾਨ ਵਿਅਕਤੀ ਬਣਾ ਰਹੀ ਸੀ।

**OM PARKASH GASSO DE NAVALAN VICH SAMAAJ-SABHYACHARAK ATE RAJNITAK CHETNA**

ਸਮਾਜਿਕ ਵਿਕਾਸ ਦੇ ਲਈ ਸਮਾਜ ਵਿਚ ਅਪਣੱਤ ਤੇ ਪਿਆਰ ਦਾ ਹੋਣਾ ਬਹੁਤ ਲਾਜ਼ਮੀ ਹੈ। ਮੁਦਕੀ ਦੇ ਲਈ ਦਿਲਾਬਰ ਸਿੰਘ ਦੀ ਇਹ ਅਪਣੱਤ ਬਹੁਤ ਹੀ ਕਾਰਗਰ ਸਾਬਿਤ ਹੋ ਰਹੀ ਸੀ ਤੇ ਉਹ ਦਿਲਾਬਰ ਸਿੰਘ ਦੁਆਰਾ ਵਿਖਾਏ ਜਾ ਰਹੇ ਰਾਹ ਦੇ ਉੱਪਰ ਚੱਲ ਰਿਹਾ ਸੀ। ਮੁਦਕੀ ਨੂੰ ਦਿਲਾਬਰ ਸਿੰਘ ਦਾ ਰਵੱਈਆ ਆਪਣੇ ਬਾਪ ਰੌਣਕੀ ਦੇ ਰਵੱਈਏ ਨਾਲੋਂ ਸੌਂ ਗੁਣਾਂ ਚੰਗਾ ਲੱਗਾ ਤੇ ਉਸ ਨੇ ਦਿਲਾਬਰ ਸਿੰਘ ਨੂੰ ਆਪਣੇ ਬਾਪ ਦਾ ਦਰਜਾ ਦੇਣਾ ਸ਼ੁਰੂ ਕਰ ਦਿੱਤਾ।

ਸਮਾਜਿਕ ਗਿਰਾਵਟ ਸਮਾਜ ਦੇ ਰਾਹ ਲਈ ਰੌੜਾਂ ਬਣਦੀ ਹੈ। ਇਸ ਗੱਲ ਬਾਰੇ ਬਾਬਾ ਘੁੰਮਣ ਦਾਸ ਪੂਰੀ ਤਰ੍ਹਾਂ ਨਾਲ ਜਾਣੂ ਸੀ ਤੇ ਅਜਿਹੇ ਮਾਹੌਲ ਦੇ ਵਿਚ ਉਨ੍ਹਾਂ ਦਾ ਸਾਹ ਘੁੱਟਦਾ ਗਿਆ ਤੇ ਉਹ ਦੁਨੀਆ ਨੂੰ ਅਲਵਿਦਾ ਕਹਿ ਗਏ। ਅਕਸਰ ਬੇਹਲੀਮੀ ਨੂੰ ਸਹਿਣ ਦੇ ਵਿਚ ਮੁਸ਼ਕਿਲ ਆਉਂਦੀ ਹੈ।

> "ਬੜੀ ਸਾਫ਼ ਤੇ ਸਮਝ ਆਉਣ ਵਾਲੀ ਗੱਲ ਹੈ ਕਿ ਜਦੋਂ ਸਵਾਰਥ ਮਨ ਦੇ ਸਵਾਸਥ ਤੇ ਸ਼ੁੱਧ ਵਿਚਾਰਾਂ ਨੂੰ ਸਰੀਰ ਸਵੀਕਾਰ ਕਰੇ ਤਦ ਹੀ ਮਨੁੱਖ ਤੰਦਰੁਸਤ ਰਹਿ ਸਕਦਾ ਹੈ। ਘੁੰਮਣ ਦਾਸ ਦੇ ਦਿਲ ਦੀ ਧੜਕਣ ਜਿਉਂ ਹੀ ਤਾਜ਼ਗੀ ਭਰਪੂਰ ਜਜ਼ਬਿਆਂ ਨੂੰ ਅਪਣਾਉਣ ਲਗਦੀ ਤਿਉਂ ਹੀ ਉਸ ਸਾਹਮਣੇ ਉਸ ਦੇ ਪ੍ਰਮੁੱਖ ਚੇਲੇ ਬ੍ਰਹਮ ਦਾਸ ਮੁਨੀ ਦੇ ਕਾਰਨਾਮੇ ਅੱਲ-ਬਲੱਲੇ ਢੰਗਾਂ ਦੇ ਨਾਲ ਨਚਦੇ-ਨਚਦੇ ਉਸ ਨੂੰ ਟੀਸ-ਟੀਸ ਕਰ ਕੇ ਚਿੜਾਉਣ ਲਗ ਪੈਂਦੇ ਸਨ। ਤਿਲਕਦਾ ਮਨ ਤਿਲਕ ਜਾਂਦਾ ਹੈ। ਉੱਖੜਿਆਂ ਵਿਸ਼ਵਾਸ ਹਨੇਰਾ ਬਣ ਬੈਠਦਾ ਹੈ। ਪਿਛਲੇ ਵਰ੍ਹੇ ਤੋਂ ਬਾਬਾ ਘੁੰਮਣ ਦਾਸ ਤਿਆਗੀ ਹਨੇਰੇ ਤੇ ਹੁੰਮਸ ਵਾਲੇ ਵਾਤਾਵਰਨ ਨਾਲ ਦੋ ਹੱਥ ਕਰਨ ਦੀ ਥਾਵੇਂ ਹਾਰ ਕਾਰਨ ਹਾਰਦਾ ਹਾਰਦਾ ਪੂਰੀ ਤਰ੍ਹਾਂ ਹਾਰ ਰਿਹਾ ਸੀ। ਦੋਚਿੱਤੀ ਹਰ ਕਿਸਮ ਦੇ ਸੱਜਰੇਪਣ ਲਈ ਘਾਤਕ ਹੁੰਦੀ ਹੈ।"[14]

ਸਮਾਜਿਕ ਚੇਤਨਾ ਵਿਅਕਤੀ ਦੇ ਅੰਦਰ ਆਪਣੇ ਹਿਤਾਂ ਦੇ ਲਈ ਹਮੇਸ਼ਾ ਚਿਣਗ ਪੈਦਾ ਕਰਦੀ ਰਹਿੰਦੀ ਹੈ ਪਰ ਜਦੋਂ ਇਹ ਚੇਤਨਾ ਰੂਪੀ ਚਿਣਗ ਹੀ ਸਮਾਪਤ ਹੋਣ ਲੱਗ ਪਵੇ ਤਾਂ ਇਨਸਾਨ ਅੰਦਰੋਂ ਅੰਦਰੀਂ ਮਰਨ ਲੱਗਦਾ ਹੈ ਤੇ ਇੱਕ ਦਿਨ ਆਖ਼ਿਰ ਮਰਦਾ ਮਰਦਾ ਮਰ ਹੀ ਜਾਂਦਾ ਹੈ ਤੇ ਘੁੰਮਣ ਦਾਸ ਦੇ ਨਾਲ ਵੀ ਅਜਿਹਾ ਹੀ ਹੋਇਆ ਤੇ ਉਹ ਅਨਿਆਂ ਦੇ ਖ਼ਿਲਾਫ਼ ਘੋਲ ਨਹੀਂ ਲੜ ਸਕੇ।

ਜਿੱਥੇ ਸਿਆਣਪ ਹੁੰਦੀ ਹੈ ਉੱਥੇ ਹੀ ਚੇਤਨਾ ਜਨਮ ਲੈਂਦੀ ਹੈ। ਮਾਸਟਰ ਜੋਤੀ ਪ੍ਰਸ਼ਾਦ ਬਾਬਾ ਘੁੰਮਣ ਦਾਸ ਦੀ ਮੌਤ ਤੋਂ ਪਹਿਲਾ ਹੀ ਕਈ ਵਾਰ ਅਜਿਹੇ ਹਾਲਤਾਂ ਦੀ ਗੱਲ ਕਰ ਚੁੱਕਾ ਸੀ ਜਿਸ ਦੀ ਲਪੇਟ ਵਿਚ ਆ ਕੇ ਘੁੰਮਣ ਦਾਸ ਦੁਨੀਆ ਨੂੰ ਅਲਵਿਦਾ ਕਰ ਗਏ। ਮਾਸਟਰ ਜੋਤੀ ਪ੍ਰਸ਼ਾਦ ਦੇ ਗਿਆਨ ਸਦਕਾ ਹੀ ਸੁੱਚਾ ਸਿੰਘ ਅਤੇ ਮੁਦਕੀ ਆਪਣੀ ਜ਼ਿੰਦਗੀ ਵਿਚ ਤਰੱਕੀ ਦੀਆਂ ਮੰਜ਼ਿਲਾਂ ਨੂੰ ਛੂੰਹ ਰਹੇ ਸਨ।

ਸਮਾਜਿਕ ਚੇਤਨਾ ਦੇ ਲਈ ਵਿਚਾਰਧਾਰਾ ਦੀ ਬਹੁਤ ਮਹੱਤਤਾ ਹੈ। ਸਮਾਜ ਵਿਚ ਲੋਕਾਂ ਅੰਦਰ ਪਾਈ ਜਾਂਦੀ ਅੱਗੇ ਵਧੂ ਵਿਚਾਰਧਾਰਾ ਹੀ ਉਨ੍ਹਾਂ ਦੇ ਸਮਾਜਿਕ ਵਿਕਾਸ ਦਾ ਕਾਰਨ ਬਣਦੀ ਹੈ। ਨਾਵਲ 'ਆਖ਼ਰੀ ਮੁਕਾਮ' ਵਿਚ

ਬਾਬਾ ਘੁੰਮਣ ਦਾਸ, ਦਿਲਾਬਰ ਸਿੰਘ, ਸੰਤਾ ਸਿੰਘ, ਸੁੱਚਾ ਸਿੰਘ, ਮੁਦਕੀ, ਮਾਸਟਰ ਜੋਤੀ ਪ੍ਰਸ਼ਾਦ, ਸੱਤਪਾਲ ਸਭ ਹੀ ਅਗਾਂਹਵਧੂ ਵਿਚਾਰਧਾਰਾ ਦੇ ਮਾਲਕ ਹਨ। ਨਾਵਲ ਦੇ ਇਨ੍ਹਾਂ ਪਾਤਰਾਂ ਦੇ ਦੁਆਰਾ ਸਮਾਜ ਨੂੰ ਇੱਕ ਸਿੱਧੀ ਸੇਧ ਦਿੱਤੀ ਗਈ ਹੈ। ਇਸ ਦੇ ਉਲਟ ਮੁਨੀ ਬ੍ਰਹਮ ਦਾਸ, ਇਲਾਕੇ ਦਾ ਐਮ. ਐਲ.ਏ. ਏਕਮ, ਮੁਦਕੀ ਦਾ ਬਾਪ ਰੌਣਕੀ, ਦਿਲਾਬਰ ਸਿੰਘ ਦੀ ਘਰਵਾਲੀ ਤੇ ਉਸ ਦੇ ਦੋਨੋਂ ਪੁੱਤਰ ਤੇ ਇੱਕ ਧੀ ਆਦਿ ਸਭ ਪਿੱਛੇ ਖਿੱਚੂ ਵਿਚਾਰਧਾਰਾ ਦੇ ਧਾਰਨੀ ਹਨ। ਜਿਸ ਕਾਰਨ ਸਮਾਜਿਕ ਵਿਕਾਸ ਦੇ ਕਾਰਜ ਵਿਚ ਰੁਕਾਵਟ ਆਉਂਦੀ ਹੈ। ਅਗਾਂਹਵਧੂ ਸੋਚ ਜਾਂ ਵਿਚਾਰਧਾਰਾ ਦੇ ਪਿੱਛੇ ਪਾਤਰਾਂ ਦੀ ਸਮਾਜਿਕ ਚੇਤਨਾ ਕਾਰਗਰ ਸਾਬਿਤ ਹੁੰਦੀ ਹੈ ਪਰ ਜਿਹੜੇ ਕਿ ਸਮਾਜ ਨੂੰ ਅਗਾਂਹ ਦੀ ਜਗ੍ਹਾ ਪਿੱਛੇ ਵੱਲ ਨੂੰ ਧਕੇਲ ਰਹੇ ਹਨ ਉਨ੍ਹਾਂ ਦੇ ਪਿੱਛੇ ਉਨ੍ਹਾਂ ਦੀ ਸਮਾਜਿਕ ਚੇਤਨਹੀਣਤਾ ਜ਼ਿੰਮੇਵਾਰ ਹੈ ਕਿਉਂਕਿ ਉਹ ਸਿਰਫ਼ ਆਪਣੇ ਹਿਤਾਂ ਦੀ ਪੂਰਤੀ ਨੂੰ ਮੁੱਖ ਰੱਖ ਕੇ ਚਲਦੇ ਹਨ। ਉਨ੍ਹਾਂ ਦੇ ਲਈ ਸਮਾਜ ਦਾ ਦਰਜਾ ਖ਼ੁਦ ਤੋਂ ਬਾਅਦ ਆਉਂਦਾ ਹੈ। ਜਿਸ ਕਰ ਕੇ ਸਮਾਜਿਕ ਵਿਕਾਸ ਦੇ ਵਿਚ ਰੁਕਾਵਟ ਆਉਣ ਲਗਦੀ ਹੈ।

ਧਰਮ ਤੇ ਕਲਾ ਦੋਨਾਂ ਦਾ ਸੰਬੰਧ ਸਮਾਜ ਨਾਲ ਹੈ। ਦੋਨੋਂ ਸਮਾਜ ਨੂੰ ਸੇਧ ਦੇਣ ਦਾ ਕੰਮ ਕਰਦੇ ਹਨ। ਪਰ ਜਦੋਂ ਇਹ ਦੋਨੋਂ ਆਪਣਾ ਰਾਹ ਛੱਡ ਕੇ ਸਮਾਜ ਨੂੰ ਕੁਰਾਹੇ ਪਾਉਣ ਲੱਗ ਪੈਣ ਤਾਂ ਇਸ ਦਾ ਹਰਜਾਨਾ ਸਮਾਜ ਨੂੰ ਭੁਗਤਣਾ ਪੈਂਦਾ ਹੈ। ਸੁੱਚਾ ਸਿੰਘ ਜੋ ਕਿ ਕੈਨੇਡਾ ਰਾਗੀ ਜਥੇ ਨਾਲ ਗਿਆ ਹੁੰਦਾ ਹੈ, ਉੱਥੇ ਦੇਖੇ ਮਲਕੀਤ ਦਾ ਵਿਆਹ ਆਪਣੀ ਪਿੰਡ ਦੀ ਕੁੜੀ ਸੁੱਖੀ ਨਾਲ ਕਰਾ ਦਿੰਦਾ ਹੈ। ਪਰ ਬਾਅਦ ਵਿਚ ਪਤਾ ਲੱਗਦਾ ਹੈ ਕਿ ਉਹ ਚਾਰ ਸੌ ਵੀਹ ਹੈ ਤੇ ਸੁੱਖੀ ਨੂੰ ਉਸ ਦੀ ਸਚਾਈ ਦੱਸਦਾ ਹੋਇਆ ਆਖਦਾ ਹੈ ਕਿ

> "ਮੈਂ ਤਾਂ ਕੈਨੇਡਾ ਵਿਖੇ ਗੁਰ ਘਰ ਦੇ ਰਾਗ ਦਾ ਅਲਾਪ ਕਰਨ ਵਾਲਾ ਸਾਧਾਰਨ ਜਿਹਾ ਰਾਗੀ ਬਣ ਕੇ ਗਿਆ ਸਾਂ। ਮੈਂ ਤਾਂ ਹੁਣ ਵੀ ਰਾਗ ਨੂੰ ਆਪਣਾ ਮੁਰਸ਼ਦ ਸਮਝਦਾ ਹਾਂ। ਨਿਰਸੰਦੇਹ ਬਹੁਤ ਸਾਰਿਆਂ ਨੇ ਰਾਗ ਨੂੰ ਵਿਓਪਾਰ ਬਣਾ ਲਿਆ ਹੈ। ਮਲਕੀਤ ਸਿੰਘ 'ਮਾਲੀ' ਇੱਕ ਚਲਾਕ ਕਿਸਮ ਦਾ ਵਿਓਪਾਰੀ ਹੈ। ਉਹ ਜਿੱਥੇ ਵੀ ਜਾਂਦਾ ਹੈ ਧਰਮ ਤੇ ਧਾਰਮਿਕ-ਅਦਾਰਿਆਂ ਦੀ ਓਟ ਲੈ ਕੇ ਆਪਣੇ ਆਪ ਨੂੰ ਤੇ ਆਪਣੇ ਵਿਓਪਾਰ ਨੂੰ ਸਥਾਪਿਤ ਕਰ ਲੈਂਦਾ ਹੈ। ਭਾਈ ਸੁਲੱਖਣ ਕੌਰ ਅੱਜ ਕੱਲ੍ਹ ਤਾਂ ਧਰਮ ਵੀ ਇੱਕ ਵਿਓਪਾਰ ਬਣ ਰਿਹਾ ਹੈ।"[15]

ਇਸ ਦੇ ਪਿੱਛੇ ਲੋਕਾਂ ਦੀ ਚੇਤਨਹੀਣਤਾ ਹੀ ਜ਼ਿੰਮੇਵਾਰ ਹੈ ਜੋ ਕਿ ਧਰਮ ਨੂੰ ਕਾਰੋਬਾਰ ਵਿਚ ਤਬਦੀਲ ਕਰੀ ਜਾ ਰਹੀ ਹੈ ਤੇ ਲੋਕਾਂ ਨੂੰ ਲੁੱਟਦੀ ਹੈ।

ਗਿਆਨੀ ਇੰਦਰ ਸਿੰਘ, ਮੁਦਕੀ ਤੇ ਸੁੱਚਾ ਸਿੰਘ ਨੂੰ ਦਿਲਾਵਰ ਸਿੰਘ ਦੀ ਮਹਾਨਤਾ ਬਾਰੇ ਦੱਸਦਾ ਹੋਇਆ ਆਖਦਾ ਹੈ ਕਿ

> "ਵੇਖ ਭਾਈ ਮੁਦਕੀ, ਆਪਣੇ ਸਰਦਾਰ ਜੀ ਦੀ ਜਦ ਮਾਤਾ ਜੀ ਅੱਖਾਂ ਮੀਚ ਗਏ ਤਦ ਉਨ੍ਹਾਂ ਦਾ ਅੰਦਰਲਾ ਵਿਰਲਾਪ, ਕਹਿੰਦਾ ਰਿਹਾ, ਦਿਲਾਵਰ ਸਿੰਘ ਫੋਕੇ ਹੰਝੂਆਂ 'ਚ ਕੀ ਪਿਆ ਹੈ ਤੂੰ

> ਆਪਣੀ ਮਾਂ ਦੀ ਮਮਤਾ ਦੀ ਸੰਭਾਲ ਲਈ ਕੋਈ ਅਜਿਹਾ ਸਮਾਜਿਕ-ਕਾਰਨਾਮਾ ਸਰਅੰਜ਼ਾਮ ਦੇ ਜਿਸ ਨਾਲ ਰਹਿੰਦੀ ਦੁਨੀਆ ਤੱਕ ਮਾਈ ਪੁੰਨੀ ਪੂਜਨੀਕ ਬਣੀ ਰਹੇ।"[16]

ਗਿਆਨੀ ਇੰਦਰ ਸਿੰਘ ਆਪਣੇ ਮਾਲਕ ਦਿਲਾਬਰ ਸਿੰਘ ਦੀ ਮਹਾਨਤਾ ਤੇ ਉਸ ਦੀ ਘਰਵਾਲੀ ਦੀ ਨੀਵੀਂ ਸੋਚ ਬਾਰੇ ਦੱਸਦਾ ਆਖਦਾ ਹੈ ਕਿ

> "ਕਦੇ ਆਪਣਾ ਇਹ ਭਲਾਮਾਣਸ ਕਾਰੋਬਾਰੀ ਮਨੁੱਖ ਆਗਰਾ ਵਿਖੇ ਆਪਣੇ ਵਿਓਪਾਰ ਦੇ ਸਿਲਸਿਲੇ ਵਿਚ ਬਿੰਦਰਾਬਨ ਨੂੰ ਵੇਖਣ ਲਈ ਬਿੰਦਰਾਬਨ ਦੇ ਕਿਸੇ ਹੋਟਲ ਵਿਚ ਦੋ ਦਿਨ ਠਹਿਰ ਪਿਆ। ਕਦੇ ਕੀਰਤਨ ਮੰਡਲੀ ਦੁਆਰਾ ਕੀਰਤਨ ਕਰਦਿਆਂ ਇਸ ਨੇ 'ਬਿੰਦਰਾਬਨ ਕੀ ਕੁੰਜ ਗਲੀਓਂ ਮੇਂ ਕ੍ਰਿਸ਼ਨ ਬੰਸਰੀ ਬਜਾਵੇ' ਦੀ ਤਾਨ ਸੁਣੀ ਹੋਈ ਸੀ। ਉੱਥੇ ਜਦ ਇਸ ਨੇ ਨਰਕ ਭੋਗਦੀਆਂ ਵਿਧਵਾਵਾਂ ਨੂੰ ਵੇਖਿਆ ਤਦ ਇਸ ਦੇ ਮਨ ਵਿਚ ਉਸ ਵੇਲੇ ਤੋਂ ਹੀ ਅਜਿਹਾ ਵਿਧਵਾ-ਆਸ਼ਰਮ ਬਣਾਉਣ ਦੀ ਬਾਤ ਟਿਕ ਗਈ ਜਿੱਥੇ ਵਿਧਵਾਵਾਂ ਰਹਿ ਕੇ ਮੁੜ ਕੇ ਜ਼ਿੰਦਗੀ ਅਤੇ ਆਪਣੇ ਜਜ਼ਬਿਆਂ ਨੂੰ ਅਪਣਾ ਸਕਣ। ਦਿਲਾਵਰ ਸਿੰਘ ਦੇ ਮਨ ਦੀ ਵਿਉਂਤ ਸੀ ਕਿ ਮਾਤਾ ਪੁੰਨੀ ਵਿਧਵਾ ਆਸ਼ਰਮ ਵਿਚ ਪ੍ਰਵੇਸ਼ ਪਾਉਣ ਵਾਲੀਆਂ ਮਜਬੂਰ ਵਿਧਵਾਵਾਂ ਵਿੱਦਿਆ ਗ੍ਰਹਿਣ ਕਰਨ, ਮੁੜ ਵਿਆਹ ਕਰਵਾਉਣ ਲਈ ਮਾਨਸਿਕ ਤੌਰ 'ਤੇ ਤਿਆਰ ਵੀ ਹੋਣ। ਕੁਦਰਤੀ ਆਫ਼ਤ ਨੂੰ ਉਮਰ ਭਰ ਕਿਸੇ ਬੋਝ ਵਾਂਗ ਸਿਰ 'ਤੇ ਚੁੱਕੀ ਫਿਰਨ ਦੀ ਥਾਵੇਂ ਕੁਦਰਤੀ ਉਪਰਾਲਿਆਂ ਨੂੰ ਅਪਣਾਉਣ ਆਦਿ। ਪਰ ਮੁਦਕੀ ਸਿੰਹਾ ਦਿਲਾਬਰ ਦੀ ਘਰ ਵਾਲੀ ਬਚਿੰਤ ਕੌਰ ਤੇ ਦਿਲਾਬਰ ਸਿੰਘ ਦੀ ਸੰਤਾਨ ਨੇ ਇਸ ਵਿਉਂਤ ਨੂੰ ਅਫ਼ਲਾਤੂਨੀ ਖ਼ਿਆਲ ਕਹਿਕੇ ਨਿਕਾਰ ਦਿੱਤਾ ਹੈ।"[17]

ਜਾਤ-ਪਾਤ ਨੂੰ ਸਮਾਜ ਵਿਚ ਕੋਹੜ ਕਿਹਾ ਜਾ ਸਕਦਾ ਹੈ ਤੇ ਜਿੱਥੇ ਇਹ ਕੋਹੜ ਹੋਵੇ ਉਸ ਸਮਾਜ ਦਾ ਵਿਕਾਸ ਸੰਭਵ ਨਹੀਂ। ਸਮਾਜਿਕ ਚੇਤਨਾ ਵਿਅਕਤੀ ਅੰਦਰ ਇਸ ਊਚ-ਨੀਚ ਦੇ ਭੇਦ ਨੂੰ ਮਿਟਾ ਦਿੰਦੀ ਹੈ। ਸੁਲੱਖਣੀ ਨੂੰ ਆਪਣੀ ਮਾਂ ਦੀ ਅਜਿਹੀ ਸੋਚ ਰਤਾ ਪਸੰਦ ਨਹੀਂ ਸੀ

> "ਸੁਲੱਖਣੀ ਨੂੰ ਆਪਣੀ ਮਾਂ ਪੰਜਾਬ ਕੌਰ ਜਿਸ ਨੂੰ ਆਮ ਤੌਰ 'ਤੇ ਪੰਜਾਬੋ ਹੀ ਆਖਿਆ ਜਾਂਦਾ ਹੁੰਦਾ ਸੀ ਦੀ ਸੋਚ ਕੁਚੱਜੀ ਜਿਹੀ ਲੱਗੀ। ਪੰਜਾਬੋ ਨੇ ਤਾਂ ਗੱਲੀਂ ਬਾਤੀਂ ਕਈ ਵਾਰ ਸੁਲੱਖਣੀ ਆਖਿਆ ਵੀ ਸੀ, 'ਅਪਣਾ ਜੱਟਾਂ ਦਾ ਰਾਮਦਾਸੀਆ ਦੇ ਘਰ ਜਾਣਾ ਬਹੁਤਾ ਚੰਗਾ ਨਹੀਂ ਲੱਗਦਾ।' ਸੁਲੱਖਣੀ ਆਪਣੀ ਮਾਂ ਦੀ ਆਖੀ ਇਸ ਗੱਲ ਨੂੰ ਹਜ਼ਮ ਨਹੀਂ ਸੀ ਕਰ ਸਕੀ। ਇਸ ਲਈ ਉਸ ਨੇ ਸੱਤਪਾਲ ਜਿਸ ਨੂੰ ਸੱਤਾ, ਸੱਤੂ ਤੇ ਸਤੀ ਵੀ ਆਖ ਲੈਂਦੀ ਸੀ ਦੇ ਘਰ ਜਾਣ ਦੀ ਆਪਣੀ ਅੰਦਰਲੀ ਭਾਵਨਾ ਨੂੰ ਪੂਰੀ ਤਰ੍ਹਾਂ ਜਿਊਂਦਾ ਜਾਗਦਾ ਰੱਖਿਆ ਹੋਇਆ ਸੀ। ਆਖ਼ਰ ਉਹ ਆਪ ਵੀ ਤਾਂ ਐਮ.ਏ ਐਮ.ਐਂਡ ਦੀ ਵਿੱਦਿਆ ਪ੍ਰਾਪਤ ਕਰ ਕੇ ਸੂਝ ਤੇ ਸਮਝ ਵਾਲੀ ਮੁਟਿਆਰ ਬਣੀ ਹੋਈ ਸੀ।"[18]

ਵਿੱਦਿਆ ਰੂਪੀ ਗਿਆਨ ਵਿਅਕਤੀ ਅੰਦਰ ਅਜਿਹੀ ਸੂਝ ਤੇ ਸਿਆਣਪ ਭਰਦਾ ਰਹਿੰਦਾ ਹੈ ਪਰ ਪੰਜਾਬੋ ਦੀ ਅਨਪੜ੍ਹਤਾ ਉਸ ਨੂੰ ਇਹ ਗੱਲ ਸਮਝਣ ਤੋਂ ਇਨਕਾਰੀ ਸੀ। ਸੁੱਚਾ ਸਿੰਘ ਦਾ ਨੀਵੀਂ ਜਾਤ ਦਾ ਹੋਣ ਦੇ ਬਾਵਜੂਦ ਵੀ ਉਸ ਦੀ ਤਰੱਕੀ ਸੰਬੰਧੀ ਲੋਕਾਂ ਦੀ ਵੱਖ-ਵੱਖ ਰਾਇ ਸੀ ਜਿਵੇਂ

> "ਨਵੀਂ ਪੀੜ੍ਹੀ ਲਈ ਸੁੱਚਾ ਸਿੰਘ ਨਾਇਕ ਵਾਂਗ ਸੀ ਜਦਕਿ ਪਿੰਡ ਕੁੱਝ ਪੁਰਾਤਨ ਪੰਥੀ ਕੁੱਝ ਕੁ ਬੁੱਢਿਆਂ ਦੇ ਮਨ ਵਿਚ ਸੁੱਚਾ ਸਿੰਘ ਦੀ ਚੜ੍ਹਤ ਲਈ ਈਰਖਾ ਅਤੇ ਜਾਤ-ਪਾਤ ਦੀ ਜ਼ਹਿਰ ਵਸੀ ਹੋਈ ਸੀ। ਮਾਸਟਰ ਜੋਤੀ ਪ੍ਰਸ਼ਾਦ ਦਾ ਇਸ ਸਮਾਗਮ ਸਮੇਂ ਵੱਖ-ਵੱਖ ਕਿਸਮ ਦੇ ਅਸਰ ਰਸੂਖ਼ ਨੂੰ ਵੇਖ ਕੇ ਕਹਿਣਾ ਸੀ ਕਿ ਬ੍ਰਹਮ ਦਾਸ ਤਾਂ ਸੁੱਚਾ ਸਿੰਘ ਦੀ ਚੜ੍ਹਤ ਵਿਚੋਂ ਸਿਆਸੀ ਲਾਹਾ ਲੈਣਾ ਚਾਹੁੰਦਾ ਹੈ ਜਦ ਕਿ ਆਹ ਜਾਤ-ਪਾਤ ਦੀ ਜ਼ਹਿਰ ਨਾਲ ਸਦੀਆਂ ਤੋਂ ਜ਼ਹਿਰ ਘੋਲਦੇ ਦਿਲ ਤੇ ਦਿਮਾਗ਼ ਕੈਂਸਰ ਦੇ ਮਰੀਜ਼ ਬਣੇ ਹੋਏ ਹਨ।"[19]

ਮਾਸਟਰ ਜੋਤੀ ਪ੍ਰਸ਼ਾਦ ਜੋ ਕਿ ਕਾਫ਼ੀ ਸਮੇਂ ਤੋਂ ਪਿੰਡ ਦੀ ਬੌਧਿਕ ਰਹਿਨੁਮਾਈ ਕਰਦਾ ਆ ਰਿਹਾ ਸੀ ਅੱਜ ਦਿਲਾਬਰ ਸਿੰਘ ਨੂੰ ਬਾਬਾ ਘੁੰਮਣ ਦਾਸ ਦੀ ਮਹਾਨਤਾ ਬਾਰੇ ਦੱਸਦਾ ਹੋਇਆ ਆਖਦਾ ਹੈ ਕਿ ਕਿਵੇਂ ਉਹ ਗ਼ਰੀਬਾਂ ਦੇ ਸਿਰ ਦੇ ਸਾਈ ਬਣੇ ਹੋਏ ਸੀ। ਉਨ੍ਹਾਂ ਨੇ ਡੇਰੇ ਦਾ ਸਾਰਾ ਧਨ ਗ਼ਰੀਬਾਂ ਦੀ ਮਦਦ ਲਈ ਹੀ ਇਸਤੇਮਾਲ ਕੀਤਾ। ਉਸ ਦੀ ਇਹ ਗੱਲਾਂ ਸੁਣ ਕਿ

> "ਜਦ ਮੁਦਕੀ ਨੂੰ ਆਪਣੇ ਘਰੋਂ ਬੈਗ ਲੈ ਆਉਣ ਲਈ ਆਖਿਆ, ਮੁਦਕੀ ਨੇ ਦਿਲਾਬਰ ਸਿੰਘ ਦੇ ਹੁਕਮ ਅਨੁਸਾਰ ਦਿਲਾਬਰ ਸਿੰਘ ਦੁਆਰਾ ਦਿੱਤੇ ਬੈਗ ਨੂੰ ਆਪਣੀ ਮਾਂ ਦੇ ਸੰਦੂਕ ਵਿਚ ਭਲੀ ਪ੍ਰਕਾਰ ਪੁਰਾਣੀਆਂ ਦਰੀਆਂ ਹੇਠ ਸੰਭਾਲ ਕੇ ਰੱਖਿਆ ਹੋਇਆ ਸੀ। ਅੱਜ ਹੁਣ ਜਦ ਮੁਦਕੀ ਨੇ ਦਿਲਾਬਰ ਸਿੰਘ ਦੁਆਰਾ ਦਿੱਤੇ ਬੈਗ ਨੂੰ ਆਪਣੀ ਮਾਂ ਦੇ ਸੰਦੂਕ ਵਿਚੋਂ ਸੁੱਚਾ ਸਿੰਘ ਦੀ ਹਾਜ਼ਰੀ ਵਿਚ ਖੋਲ੍ਹ ਕੇ ਵੇਖਿਆ ਤਾਂ ਉਹ ਹੱਕਾ ਬੱਕਾ ਰਹਿ ਗਿਆ। ਬੈਗ ਤਾਂ ਰੁਪਿਆਂ ਦੀਆਂ ਥਹੀਆਂ ਨਾਲ ਭਰਿਆ ਹੋਇਆ ਸੀ।"[20]

ਸਮਾਜਿਕ ਜੀਵਨ ਵਿਚ ਵਿਸ਼ਵਾਸ ਤੇ ਦਾਨ ਭਾਵ ਲੋੜਵੰਦਾਂ ਦੀ ਮਦਦ ਦੋਨਾਂ ਹੀ ਕੰਮਾਂ ਦੀ ਮਹਾਨਤਾ ਹੋਵੇ ਤਾਂ ਸਮਾਜ ਹਮੇਸ਼ਾ ਅੱਗੇ ਵਧਦਾ ਰਹਿੰਦਾ ਹੈ। ਇੱਥੇ ਮੁਦਕੀ ਆਪਣੇ ਉੱਪਰ ਦਿਲਾਬਰ ਸਿੰਘ ਦੇ ਬਣੇ ਇਸ ਵਿਸ਼ਵਾਸ ਤੇ ਹੈਰਾਨ ਸੀ। ਦੂਜੇ ਪਾਸੇ ਉਸ ਨੇ ਇਹ ਸਾਰਾ ਧਨ ਮਾਸਟਰ ਜੋਤੀ ਪ੍ਰਸ਼ਾਦ ਨੂੰ ਪਿੰਡ ਵਿਚਲੇ ਭਵਨ ਦੀ ਨਿਰਮਾਣਕਾਰੀ ਸ਼ੁਰੂ ਕਰਨ ਲਈ ਕਹਿ ਦਿੱਤਾ। ਇਸ ਪ੍ਰਕਾਰ ਦਿਲਾਬਰ ਸਿੰਘ ਦੀ ਸਮਾਜਿਕ ਕਾਰਗੁਜ਼ਾਰੀ ਸਾਰੇ ਹੀ ਪਿੰਡ ਦੇ ਲਈ ਇੱਕ ਅਲੋਕਾਰ ਹੀ ਬਣੀ ਹੋਈ ਸੀ।

ਨਾਵਲ 'ਆਖ਼ਰੀ ਮੁਕਾਮ' ਸਮਾਜਿਕ ਚੇਤਨਾ ਦੇ ਪੱਖ ਤੋਂ ਪਾਠਕਾਂ ਨੂੰ ਪਾਤਰਾਂ, ਵਾਰਤਾਲਾਪ ਤੇ ਘਟਨਾਵਾਂ ਦੇ ਆਧਾਰ ਤੇ ਚੇਤੰਨ ਕਰਦਾ ਨਜ਼ਰ ਆ ਰਿਹਾ ਹੈ। ਨਾਵਲ ਵਿਚ ਹਾਂ-ਪੱਖੀ ਅਤੇ ਨਾਂਹ ਪੱਖੀ ਦੋਨੋਂ ਪ੍ਰਕਾਰ ਦੇ ਪਾਤਰਾਂ ਦਾ ਵਰਣਨ ਕਰਦੇ ਹੋਏ ਸਮਾਜਿਕ ਚੇਤਨਾ ਦੀ ਮਹੱਤਤਾ ਦਾ ਵਰਣਨ ਕੀਤਾ ਗਿਆ ਹੈ।

**OM PARKASH GASSO DE NAVALAN VICH SAMAAJ-SABHYACHARAK ATE RAJNITAK CHETNA**

## ਨਾਵਲ 'ਆਖ਼ਰੀ ਮੁਕਾਮ' ਵਿਚ ਸਭਿਆਚਾਰਕ ਚੇਤਨਾ:

ਨਾਵਲ 'ਆਖ਼ਰੀ ਮੁਕਾਮ' ਵਿਚ ਸਭਿਆਚਾਰਕ ਚੇਤਨਾ ਦੇ ਵੀ ਅੰਸ਼ ਪਾਏ ਜਾਂਦੇ ਹਨ। ਜਿੱਥੇ ਸਮਾਜ ਦੀ ਗੱਲ ਆਵੇ ਉੱਥੇ ਸਭਿਆਚਾਰ ਦਾ ਵੀ ਜ਼ਰੂਰ ਜ਼ਿਕਰ ਆਉਂਦਾ ਹੈ ਕਿਉਂਕਿ ਸਮਾਜ, ਸਭਿਆਚਾਰਕ ਕਦਰਾਂ-ਕੀਮਤਾਂ ਸਦਕਾ ਹੀ ਆਪਸ ਵਿਚ ਜੁੜਿਆ ਹੋਇਆ ਭਾਵ ਕਿ ਆਪਸ ਵਿਚ ਬੱਝਾ ਹੁੰਦਾ ਹੈ।

ਸਭਿਆਚਾਰ ਵਿਚ ਆਉਂਦੇ ਆਰਥਿਕ ਪੱਖ ਦੀ ਗੱਲ ਕਰੀਏ ਤਾਂ ਸਭਿਆਚਾਰਕ ਚੇਤਨਤਾ ਸਦਕਾ ਕੰਮ-ਧੰਦਿਆਂ ਵਿਚ ਵੀ ਪਰਿਵਰਤਨ ਦੇਖਣ ਨੂੰ ਮਿਲਿਆ ਹੈ। ਜਿੱਥੇ ਪਹਿਲਾ ਨਿਮਨ ਜਾਤੀ ਜੁੱਤੀਆਂ ਦਾ ਕੰਮ ਕਰਦੀ ਸੀ ਹੁਣ ਬਦਲਦੇ ਸਮਾਜ ਵਿਚ ਉਨ੍ਹਾਂ ਅੰਦਰ ਆਈ ਚੇਤਨਤਾ ਨੇ ਉਨ੍ਹਾਂ ਨੂੰ ਜਾਗਰੂਕ ਕਰ ਦਿੱਤਾ ਹੈ ਤੇ ਹੁਣ ਵਿੱਦਿਆ ਦਾ ਆਸਰਾ ਲੈ ਕੇ ਉੱਚ ਸਿੱਖਿਆ ਹਾਸਿਲ ਕਰ ਕੇ ਉੱਚੀਆਂ ਉਪਾਧੀਆਂ ਤੇ ਪਹੁੰਚ ਰਹੇ ਹਨ। ਨਾਵਲ 'ਆਖ਼ਰੀ ਮੁਕਾਮ' ਵਿਚ ਸੰਤਾ ਸਿੰਘ ਜੋ ਕਿ ਨਿਮਨ ਸ਼੍ਰੇਣੀ ਨਾਲ ਸੰਬੰਧ ਰੱਖਦਾ ਹੈ ਤੇ ਸਭਿਆਚਾਰਕ ਤੌਰ 'ਤੇ ਆਏ ਨਵੇਂ ਬਦਲਾਅ ਸਦਕਾ ਪੁਰਾਣੇ ਕੰਮ-ਧੰਦੇ ਨੂੰ ਛੱਡ ਕੇ ਆਪਣੇ ਪੁੱਤਰ ਸੁੱਚਾ ਸਿੰਘ ਨੂੰ ਉਚੇਰੀ ਸਿੱਖਿਆ ਪ੍ਰਧਾਨ ਕਰਾਉਂਦਾ ਹੈ। ਸੁੱਚਾ ਸਿੰਘ ਕਲਾ ਦੀ ਤਰਜਮਾਨੀ ਕਰਦਾ ਹੋਇਆ ਆਪਣੀ ਸੁੰਦਰ ਆਵਾਜ਼ ਸਦਕਾ ਪ੍ਰਸਿੱਧ ਪਾਠੀ ਅਤੇ ਰਾਗੀ ਬਣ ਜਾਂਦਾ ਹੈ ਤੇ ਬਾਹਰਲੇ ਮੁਲਕਾਂ ਵਿਚ ਜਾ ਕੇ ਲੋਕ ਪ੍ਰਸਿੱਧੀ ਹਾਸਿਲ ਕਰਦਾ ਹੈ। ਉਸ ਦੀ ਇਸ ਸੁੰਦਰ ਕਲਾ ਸਦਕਾ ਹੀ ਲੋਕ ਉਸ ਦੀ ਜਾਤ ਨੂੰ ਭੁੱਲ ਕੇ ਉਸ ਦੀ ਕਲਾ ਦੀ ਕਦਰ ਕਰਦੇ ਹਨ। ਸੁੱਚਾ ਸਿੰਘ ਦੀ ਇਸ ਕਲਾ ਦੀ ਕਦਰ ਪਈ ਤੇ ਉਸ ਨੇ ਆਰਥਿਕ ਪੱਖ ਤੋਂ ਵੀ ਤਰੱਕੀ ਕਰਨੀ ਸ਼ੁਰੂ ਕਰ ਦਿੱਤੀ-

> "ਸੁੱਚਾ ਸਿੰਘ ਦੇ ਪਾਠ ਕਰਨ ਦੇ ਸਲੀਕੇ ਕਾਰਨ ਦਿਲਾਬਰ ਸਿੰਘ ਨੂੰ ਪਿਛਲੇ ਵਰ੍ਹਿਆਂ ਨਾਲੋਂ ਇਸ ਵਰ੍ਹੇ ਵੱਧ ਆਨੰਦ ਅਤੇ ਤ੍ਰਿਪਤੀ ਪ੍ਰਾਪਤ ਹੋਈ ਸੀ। ਇਸ ਕਾਰਨ ਕਰ ਕੇ ਮੁਦਕੀ ਬੇਹੱਦ ਖ਼ੁਸ਼ ਸੀ ਅਤੇ ਸੁੱਚਾ ਸਿੰਘ ਨੂੰ ਵੀ ਆਪਣੇ ਪਿੰਡਾਂ ਵਿਚਲੇ ਪਾਠ ਕਰਨ ਬਦਲੇ ਮਿਲੀ ਸੇਵਾ ਤੋਂ ਬਹੁਤ ਵੱਧ ਧਨ ਮਿਲਿਆ ਸੀ। ਦਿਲਾਬਰ ਸਿੰਘ ਦੀ ਸਿਫ਼ਾਰਸ਼ ਕਾਰਨ ਹੀ ਸੁੱਚਾ ਸਿੰਘ ਨੂੰ ਮੰਡੀ ਦੇ ਹੋਰ ਸ਼ਰਧਾਲੂ ਪਰਿਵਾਰਾਂ ਵੱਲੋਂ ਸਹਿਜ-ਪਾਠ ਕਰਨ ਦੀ ਮੰਗ ਪ੍ਰਾਪਤ ਹੋਈ ਸੀ। ਇੰਝ ਛਿਮਾਹੀ ਕੁ ਦੇ ਇਸ ਸਿਲਸਿਲੇ ਤਹਿਤ ਹੀ ਸੁੱਚਾ ਸਿੰਘ ਨੂੰ ਮੁਦਕੀ ਦੀ ਮਦਦ ਨਾਲ ਜਲੰਧਰ ਦੀ 'ਗੰਧਰਵ ਸੰਗੀਤ ਅਕਾਡਮੀ' ਵਿਚ ਰਾਗ ਵਿੱਦਿਆ ਪ੍ਰਾਪਤ ਕਰਨ ਦੇ ਲਈ ਦਾਖ਼ਲਾ ਲੈ ਲਿਆ। 'ਗੰਧਰਵ ਸੰਗੀਤ ਅਕਾਡਮੀ' ਵਿਚਲਾ ਦਾਖ਼ਲਾ ਸੁੱਚਾ ਸਿੰਘ ਲਈ ਕੇਵਲ ਦਾਖ਼ਲਾ ਹੀ ਨਹੀਂ ਸੀ ਸਗੋਂ ਇਹ ਦਾਖ਼ਲਾ ਤਾਂ ਉਸ ਦੀ ਚਰੋਕੀ ਸੱਧਰ ਦੇ ਸੁਪਨੇ ਦੀ ਪੂਰਤੀ ਵਾਂਗ ਸੀ।"[21]

ਸਭਿਆਚਾਰਕ ਚੇਤਨਾ ਸਦਕਾ ਹੀ ਰਿਸ਼ਤਿਆਂ-ਨਾਤਿਆਂ ਵਿਚ ਅਪਣੱਤ ਬਣੀ ਰਹਿੰਦੀ ਹੈ ਤੇ ਨਾਵਲ 'ਆਖ਼ਰੀ ਮੁਕਾਮ' ਦੇ ਵਿਚ ਇਸ ਅਪਣੱਤ ਨੂੰ ਵੇਖਿਆ ਜਾ ਸਕਦਾ ਹੈ ਜਦੋਂ ਬਾਬਾ ਘੁੰਮਣ ਦਾਸ, ਸੰਤਾ ਸਿੰਘ ਦੀ ਆਰਥਿਕ ਪੱਖ ਤੋਂ ਸੁੱਚਾ ਸਿੰਘ ਦੀ ਪੜ੍ਹਾਈ ਦੇ ਲਈ ਮਦਦ ਕਰਦਾ ਹੈ। ਮੁਦਕੀ ਜਦੋਂ ਸ਼ਹਿਰ ਵਿਚ ਜਾ ਕੇ ਦਿਲਾਬਰ ਸਿੰਘ ਦੇ ਕੋਲ ਕੰਮ ਕਰਦਾ ਹੈ ਤਾਂ ਉਹ ਸੰਤਾ ਸਿੰਘ ਦੀ ਕਲਾ ਦੀ ਗੱਲ ਦਿਲਾਬਰ ਸਿੰਘ ਕੋਲ ਕਰਦਾ ਹੈ

ਤੇ ਦਿਲਾਬਰ ਸਿੰਘ ਉਸ ਦੀ ਕਲਾ ਦੀ ਕਦਰ ਕਰਦਾ ਹੋਇਆ ਉਸ ਦੇ ਰਾਗੀ ਬਣਨ ਦੇ ਸੁਪਨੇ ਨੂੰ ਸਾਕਾਰ ਕਰਨ ਵਿਚ ਉਸ ਦੀ ਮਦਦ ਕਰਦਾ ਹੈ। ਜਿਸ ਸਦਕਾ ਸਮਾਜਿਕ ਪ੍ਰਵਾਹ ਆਸਾਨੀ ਨਾਲ ਚਲਦਾ ਰਹਿੰਦਾ ਹੈ। ਪਰ ਸਭਿਆਚਾਰਕ ਚੇਤਨਹੀਣਤਾ ਇਸ ਅਪਣੱਤ ਅਤੇ ਕਲਾ ਨੂੰ ਸਵੀਕਾਰ ਨਹੀਂ ਕਰ ਸਕਦੀ। ਇਸ ਲਈ ਦਿਲਾਬਰ ਸਿੰਘ ਦੀ ਘਰਵਾਲੀ ਇਸ ਗੱਲ ਨੂੰ ਸਹਿਣ ਨਹੀਂ ਕਰਦੀ ਤੇ ਉਸ ਨੂੰ ਆਪਣੇ ਪਤੀ ਦੁਆਰਾ ਮੁਦਕੀ ਅਤੇ ਉਸ ਦੇ ਸਾਥੀ ਸੁੱਚਾ ਸਿੰਘ ਦੀ ਮਦਦ ਪਸੰਦ ਨਹੀਂ। ਇਸ ਲਈ ਉਹ ਇਸ ਗੱਲ ਤੋਂ ਚਿੜਦੀ ਰਹਿੰਦੀ ਹੈ ਤੇ ਸੁੱਚਾ ਸਿੰਘ ਨੂੰ ਘਰ ਛੱਡ ਕੇ ਜਾਣ ਦੀ ਗੱਲ ਵੀ ਕਹਿੰਦੀ ਹੈ। ਜਿਸ ਤੋਂ ਸੁੱਚਾ ਸਿੰਘ ਪਰੇਸ਼ਾਨ ਹੋ ਜਾਂਦਾ ਹੈ:

> "ਖ਼ਿਆਲਾਂ ਅਤੇ ਇਸ਼ਾਰਿਆਂ ਦੀ ਕਸ਼ਮਕਸ਼ ਤਾਂ ਕਲਾ ਦਾ ਗਲਾ ਘੁੱਟ ਦਿੰਦੀ ਹੈ। ਗਲ-ਗੋਟੂ ਵਾਤਾਵਰਨ ਕਾਰਨ ਵਿਅਕਤੀ ਕੁਮਲਾ ਜਾਂਦਾ ਹੈ। ਸੁੱਚਾ ਸਿੰਘ ਦਾ ਅਸ਼ਾਂਤ ਮਨ ਹੁਣ ਸ਼ਾਂਤ ਸੁਰ-ਧਾਰਾ ਨੂੰ ਉਤਪੰਨ ਕਰਨ ਤੋਂ ਅਸਮਰਥ ਸੀ। ਅਸਮਰਥ ਉਂਗਲਾਂ ਹਾਰਮੋਨੀਅਮ ਨੂੰ ਖੜਕਾਉਂਦੀਆਂ ਵੀ ਰਹੀਆਂ ਤੇ ਬਚਿੰਤ ਕੌਰ ਦੇ ਉੱਥੇ ਖੜ੍ਹਿਆਂ-ਖੜ੍ਹਿਆਂ ਸੁੱਚਾ ਸਿੰਘ ਨੂੰ ਬਚਿੰਤ ਕੌਰ ਦੇ ਕਦੇ ਕਹੇ ਸ਼ਬਦ ਚੇਤੇ ਵੀ ਆਉਂਦੇ ਰਹੇ ਤੂੰ ਪਾਠ ਪੂਰਾ ਕਰ ਦਿੱਤਾ ਹੈ ਹੁਣ ਤੂੰ ਆਪਣੇ ਪਿੰਡ ਜਾਹ...।"[22]

ਧਰਮ ਨੂੰ ਹੀ ਸਭਿਆਚਾਰ ਦਾ ਜਨਮਦਾਤਾ ਮੰਨਿਆ ਗਿਆ ਹੈ। ਧਰਮ ਦੁਆਰਾ ਹੀ ਸੰਸਾਰਕ ਦ੍ਰਿਸ਼ਟੀਕੋਣ ਨੂੰ ਨਿਰਧਾਰਿਤ ਕੀਤਾ ਜਾਂਦਾ ਹੈ ਅਤੇ ਇਹੀ ਦ੍ਰਿਸ਼ਟੀਕੋਣ ਸਭਿਆਚਾਰ ਅੰਦਰ ਆਉਂਦੇ ਵਿਹਾਰ ਅਤੇ ਨਿਯਮਾਂ ਨੂੰ ਘੜਦਾ ਹੈ। ਨਾਵਲ 'ਆਖ਼ਰੀ ਮੁਕਾਮ' ਵਿਚ ਧਰਮ ਸੰਬੰਧੀ ਚਰਚਾ ਕੀਤੀ ਗਈ ਹੈ ਕਿ ਕਿਵੇਂ ਬਦਲਦੇ ਯੁੱਗ ਵਿਚ ਧਰਮ ਦੇ ਅਰਥ ਵੀ ਬਦਲਦੇ ਜਾ ਰਹੇ ਹਨ। ਇਹ ਬਦਲਦੇ ਅਰਥ ਸਭਿਆਚਾਰ ਨੂੰ ਬੁਰੀ ਤਰ੍ਹਾਂ ਦੇ ਨਾਲ ਪ੍ਰਭਾਵਿਤ ਕਰ ਰਹੇ ਹਨ ਤੇ ਜਿਸ ਦਾ ਸਮਾਜ ਨੂੰ ਮੁਆਵਜ਼ਾ ਭਰਨਾ ਪਵੇਗਾ। ਘੁੰਮਣ ਦਾਸ ਤੇ ਸੰਤਾ ਸਿੰਘ ਧਰਮ ਵਿਚ ਵੱਧ ਰਹੇ ਪਾਖੰਡ ਦੀ ਗੱਲ ਕਰ ਕੇ ਆਪਣੀ ਚਿੰਤਾ ਜ਼ਾਹਿਰ ਕਰਦੇ ਹਨ। ਪਾਖੰਡ ਸਭਿਆਚਾਰ ਦੇ ਲਈ ਬਹੁਤ ਘਾਤਕ ਹੈ ਕਿਉਂਕਿ:

- "ਪਾਖੰਡ ਜ਼ਿੰਦਗੀ ਦੇ ਕੁਦਰਤੀ ਸਰੂਪ ਨੂੰ ਮਿਟਾਉਂਦਾ ਰਹਿੰਦਾ ਹੈ।
- ਪਾਖੰਡ ਵਰਤਮਾਨ ਕਾਲ ਦੀ ਥਾਵੇਂ ਭੂਤ-ਕਾਲ ਦੀ ਪ੍ਰਸ਼ੰਸਾ ਕਰਦਾ ਰਹਿੰਦਾ ਹੈ।
- ਪਾਖੰਡ ਅਸਲੀਅਤ ਤੋਂ ਅਣਜਾਣ ਬਣਿਆ ਰਹਿੰਦਾ ਹੈ।
- ਪਾਖੰਡ ਪ੍ਰਕ੍ਰਿਤੀ ਦਾ ਵਿਰੋਧ ਕਰਨ ਲੱਗ ਪੈਂਦਾ ਹੈ।
- ਪਾਖੰਡ ਪ੍ਰਕਰਣਹੀਣ ਹਾਦਸਿਆਂ ਦੀ ਮਕਬੂਲੀਅਤ ਲਈ ਪ੍ਰਯਤਨਸ਼ੀਲ ਬਣ ਬੈਠਦਾ ਹੈ।"[23]

ਇਸ ਪ੍ਰਕਾਰ ਚੇਤਨਹੀਣਤਾ ਹੀ ਵਿਅਕਤੀ ਨੂੰ ਅਗਿਆਨੀ ਬਣਾ ਕੇ ਧਾਰਮਿਕ ਕਦਰਾਂ-ਕੀਮਤਾਂ ਦੀ ਅਸਲ ਪਹਿਚਾਣ ਨੂੰ ਅਣਗੌਲਿਆ ਬਣਾਈ ਰੱਖਦੀ ਹੈ ਤੇ ਵਿਅਕਤੀ ਦੀ ਸਭਿਆਚਾਰਕ ਚੇਤਨਾ ਹੀ ਉਸ ਨੂੰ ਇਨ੍ਹਾਂ ਦੀ ਅਸਲ ਪਹਿਚਾਣ ਕਰਨਾ ਸਿਖਾਉਂਦੀ ਹੈ। ਬਾਬਾ ਘੁੰਮਣ ਦਾਸ ਇਸ ਗੱਲ ਨੂੰ ਸਮਝਦਾ ਹੈ ਜਦਕਿ ਮੁਨੀ ਬ੍ਰਹਮ ਦਾਸ

ਧਰਮ ਦੀ ਵਰਤੋਂ ਆਪਣੇ ਹਿਤਾਂ ਦੀ ਪੂਰਤੀ ਲਈ ਕਰਦਾ ਹੈ। ਜਿਸ ਪਿੱਛੇ ਉਸ ਦਾ ਅਗਿਆਨ ਜ਼ਿੰਮੇਵਾਰ ਹੈ। ਸਭਿਆਚਾਰਕ ਚੇਤਨਾ ਇਸ ਅਗਿਆਨ ਨੂੰ ਗਿਆਨ ਵਿਚ ਬਦਲਦੀ ਹੈ।

ਵਿਗਿਆਨਕ ਯੁੱਗ ਵਿਚ ਹਰ ਖੇਤਰ ਵਿਚ ਵੀ ਬਦਲਾਓ ਦੇਖਣ ਨੂੰ ਮਿਲਦੇ ਹਨ ਤੇ ਇਸ ਦਾ ਸਿੱਧਾ ਅਸਰ ਸਭਿਆਚਾਰ ਤੇ ਪੈਂਦਾ ਹੈ। ਸਭਿਆਚਾਰਕ ਰਿਸ਼ਤਿਆਂ ਵਿਚ ਬਨਾਵਟ ਆ ਰਹੀ ਹੈ ਪਰ ਫਿਰ ਵੀ ਸਭਿਆਚਾਰਕ ਚੇਤਨਾ ਵੀ ਉਨ੍ਹਾਂ ਦੇ ਅੰਦਰ ਇਸ ਮੋਹ-ਪਿਆਰ ਨੂੰ ਬਣਾਈ ਰੱਖਦੀ ਹੈ। ਸੱਤਪਾਲ ਦੀ ਧੀ ਨਰਵਿੰਦਰ ਜੋ ਕਿ ਆਪਣੇ ਕੰਮਕਾਰ ਲਈ ਘਰ ਤੋਂ ਦੂਰ ਬਾਹਰਲੇ ਦੇਸ਼ ਵਿਚ ਗਈ ਹੈ ਪਰ ਆਪਣੇ ਪਿਤਾ ਦੀ ਨਾਜ਼ੁਕ ਹਾਲਤ ਦੇਖ ਕੇ ਸਭ ਛੱਡ ਕੇ ਘਰ ਆ ਜਾਂਦੀ ਹੈ। ਸੱਤਪਾਲ ਸਿੰਘ ਦੁਆਰਾ ਆਪਣੀ ਘਰਵਾਲੀ ਦੁਆਰਾ ਉਸ ਦੀ ਜਾਤ ਨੂੰ ਲੈ ਕੇ ਕਹੇ ਗਏ ਸ਼ਬਦ "ਅਜੇ ਵੀ ਤੂੰ ਉਹ ਹੀ ਰਿਹਾ ਨਾ"[24] ਨੇ ਸਰੀਰਕ ਸੱਟ ਦੀ ਜਗ੍ਹਾ ਮਾਨਸਿਕ ਸੱਟ ਮਾਰੀ ਜੋ ਕਿ ਜ਼ਿਆਦਾ ਦੁਖਦਾਈ ਹੁੰਦੀ ਹੈ ਤੇ ਨਰਵਿੰਦਰ ਨੂੰ ਪਤਾ ਹੈ ਕਿ ਉਸ ਦਾ ਪਿਤਾ ਬਹੁਤ ਹੀ ਸੂਖਮ ਕਿਸਮ ਦਾ ਇਨਸਾਨ ਹੈ। ਉਸ ਦੀ ਮਾਂ ਵਿਚ ਅਗਿਆਨਤਾ ਸਦਕਾ ਇਸ ਸੂਖਮਤਾ ਦੀ ਕੋਈ ਥਾਂ ਨਹੀਂ ਤੇ ਉਹ ਆਪਣੇ ਪਿਤਾ ਦੁਆਰਾ ਮਾਨਸਿਕ ਸੱਟ ਤੋਂ ਉਪਜੀ ਆਤਮ-ਹੱਤਿਆ ਦੀ ਕੁਚੱਜੀ ਸੋਚ ਦੇ ਖ਼ਿਲਾਫ਼ ਹੈ ਤੇ ਉਹ ਆਪਣੇ ਪਿਤਾ ਨੂੰ ਅਜਿਹਾ ਕਰਨ ਤੋਂ ਰੋਕਣ ਦੇ ਲਈ ਉਨ੍ਹਾਂ ਨਾਲ ਇੰਟਰਨੈੱਟ ਤੇ ਚੈਟਿੰਗ ਕਰਦੀ ਹੈ। ਆਪਣੇ ਸਨੇਹ ਭਰਪੂਰ ਸੰਦੇਸ਼ ਨਾਲ ਉਨ੍ਹਾਂ ਦੀ ਸੋਚ ਨੂੰ ਬਦਲਣ ਦੀ ਕੋਸ਼ਿਸ਼ ਕਰਦੀ ਹੈ ਤੇ ਇਸ ਪ੍ਰਕਾਰ ਦਾ ਸਨੇਹੀ ਗੱਲ

> "ਪੂਰਨ ਵਿਸ਼ਵਾਸ ਦੀ ਪੂਰਨਤਾ ਵੀ ਹਿਮਾਲਾ ਦੀ ਸਿਖਰ ਵਾਂਗ ਹੁੰਦੀ ਹੈ। ਡਾ. ਖਾਟੂ ਨੂੰ ਆਪਣੀ ਧੀ ਨਰਵਿੰਦਰ ਦੀਆਂ ਗੱਲਾਂ ਵਿਚਲਾ ਵਿਸ਼ਵਾਸ ਮਾਊਂਟ ਐਵਰੈਸਟ ਤੋਂ ਵੀ ਉੱਚਾ ਲੱਗ ਰਿਹਾ ਸੀ। ਜਿਸ ਨੇ ਮੈਨੂੰ ਮਰਨ ਨਹੀਂ ਦਿੱਤਾ ਉਸ ਨੂੰ ਮੈਂ ਮਰਨ ਕਿਵੇਂ ਦੇਵਾਂਗੀ?"[25]

ਇਸ ਪ੍ਰਕਾਰ ਨਾਵਲ 'ਆਖ਼ਰੀ ਮੁਕਾਮ' ਵਿਚ ਰਿਸ਼ਤਿਆਂ ਦੀ ਆਪਸੀ ਤਣਾਅ ਅਤੇ ਮੋਹ ਦੀ ਵੀ ਗੱਲ ਮਿਲਦੀ ਹੈ। ਇਸ ਵਿਚ ਸਭਿਆਚਾਰਕ ਚੇਤਨਾ ਸਦਕਾ ਆਪਸੀ ਮੋਹ-ਪਿਆਰ ਤੇ ਇਸ ਦੀ ਘਾਟ ਸਦਕਾ ਉਪਜੇ ਤਣਾਓ ਦਾ ਵੀ ਜ਼ਿਕਰ ਹੈ।

ਚੇਤਨਾ, ਮਨੁੱਖੀ ਗਿਆਨ ਦੀ ਹੀ ਉਪਜ ਹੈ ਤੇ ਇਹ ਗਿਆਨ ਵਿੱਦਿਆ ਸਦਕਾ ਹੀ ਪ੍ਰਾਪਤ ਹੁੰਦਾ ਹੈ। ਵਿੱਦਿਆ ਮਨੁੱਖਤਾ ਅੰਦਰ ਗਿਆਨ ਦੀ ਜੋਤ ਨੂੰ ਜਗਾਉਂਦੀ ਹੈ।

- "ਵਿੱਦਿਆ ਨੂੰ ਗੁਣ ਕਿਹਾ ਜਾ ਸਕਦਾ ਹੈ।
- ਵਿੱਦਿਆ ਨੂੰ ਸ਼ਬਦ ਕਿਹਾ ਜਾ ਸਕਦਾ ਹੈ।
- ਵਿੱਦਿਆ ਨੂੰ ਕਲਾ ਕਿਹਾ ਜਾ ਸਕਦਾ ਹੈ।
- ਵਿੱਦਿਆ ਨੂੰ ਗਿਆਨ ਕਿਹਾ ਜਾ ਸਕਦਾ ਹੈ।"[26]

ਮਾਸਟਰ ਜੋਤੀ ਪ੍ਰਸ਼ਾਦ ਵਿੱਦਿਆ ਦੀ ਮਹੱਤਤਾ ਨੂੰ ਸਮਝਦੇ ਹੋਏ ਪਿੰਡ ਰਾਣੀਆਂ ਸ਼ੇਰਗੜ੍ਹ ਵਿਚ ਵੱਸਦੇ ਬੱਚਿਆਂ ਨੂੰ ਵਿੱਦਿਆ ਪ੍ਰਦਾਨ ਕਰਦੇ ਰਹੇ:-

> "ਮਾਸਟਰ ਜੋਤੀ ਪ੍ਰਸ਼ਾਦ ਲਈ ਆਪਣਾ ਪਿੰਡ ਤੇ ਪਿੰਡ ਲਈ ਬੁੱਢਾ ਮਾਸਟਰ ਜੋਤੀ ਪ੍ਰਸ਼ਾਦ ਕੋਹੇਨੂਰ ਹੀਰੇ ਵਾਂਗ ਸੀ। ਸੈਂਤੀ ਵਰ੍ਹਿਆਂ ਦੇ ਇਸ ਪਿੰਡ ਵਿਚ ਹੀ ਮਾਸਟਰੀ ਕਰਦੇ ਜੋਤੀ ਪ੍ਰਸ਼ਾਦ ਨੇ ਘੱਟ ਤੋਂ ਘੱਟ ਪੰਜ ਸੱਤ ਹਜ਼ਾਰ ਵਿਦਿਆਰਥੀਆਂ ਨੂੰ ਪੜ੍ਹਾਇਆ ਹੋਵੇਗਾ। ਮਾਸਟਰ ਜੋਤੀ ਪ੍ਰਸ਼ਾਦ ਦੇ ਪੜ੍ਹਾਏ ਕਈ ਵਿਦਿਆਰਥੀ ਉੱਚੀਆਂ ਪਦਵੀਆਂ ਤੱਕ ਪੁੱਜ ਚੁੱਕੇ ਸਨ। ਪ੍ਰਾਂਤ ਦੀ ਸਰਕਾਰ ਵਿਚ ਇੱਕ ਦੋ ਵਿਦਿਆਰਥੀ ਵਜ਼ੀਰ ਵੀ ਰਹਿ ਚੁੱਕੇ ਸਨ। ਮਾਸਟਰ ਜੋਤੀ ਪ੍ਰਸ਼ਾਦ ਦੀ ਆਪਣੀ ਸੰਤਾਨ ਉੱਚ ਵਿੱਦਿਆ ਪ੍ਰਾਪਤ ਕਰ ਕੇ ਵਿੱਦਿਆ ਦੇ ਖੇਤਰ ਦੇ ਸ਼੍ਰੋਮਣੀ ਅਧਿਆਪਕ ਬਣੇ ਹੋਈ ਸੀ। ਇੰਝ ਇਸ ਪ੍ਰਕਾਰ ਦੀਆਂ ਪ੍ਰਾਪਤੀਆਂ ਕਰ ਕੇ ਮਾਸਟਰ ਜੀ ਨੂੰ ਆਪਣੇ ਇਸ ਪਿੰਡ ਹੀ ਨਹੀਂ ਸਗੋਂ ਪਟੜੀ ਫੇਰ ਦੇ ਪਿੰਡਾਂ ਵਿਚ ਬਹੁਤ ਪਿਆਰਾ ਰੁਤਬਾ ਮਿਲਿਆ ਹੋਇਆ ਸੀ।"[27]

ਕੁਲ ਮਿਲਾ ਕੇ ਕਿਹਾ ਜਾ ਸਕਦਾ ਹੈ ਕਿ ਸਮਾਜ-ਸਭਿਆਚਾਰਕ ਚੇਤਨਾ ਦੇ ਪੱਖ ਤੋਂ ਨਾਵਲ 'ਆਖ਼ਰੀ ਮੁਕਾਮ' ਵਿਚ ਬਦਲਦੇ ਯੁੱਗ ਵਿਚ ਆਈਆਂ ਨਵੀਆਂ ਕਦਰਾਂ-ਕੀਮਤਾਂ ਮਨੁੱਖ ਨੂੰ ਆਪਣੇ ਸਮਾਜ-ਸਭਿਆਚਾਰ ਪ੍ਰਤੀ ਚੇਤੰਨ ਕਰ ਰਹੀਆਂ ਹਨ ਤੇ ਨਾਲ ਦੀ ਨਾਲ ਚੇਤਨਾ ਦੀ ਘਾਟ ਸਦਕਾ ਸਮਾਜਿਕ ਜੀਵਨ ਵਿਚ ਆ ਰਹੀ ਗਿਰਾਵਟ ਦੀ ਵੀ ਪੇਸ਼ਕਾਰੀ ਕੀਤੀ ਗਈ ਹੈ। ਇਸ ਗਿਰਾਵਟ ਸੰਬੰਧੀ ਭਾਵੇਂ ਪੁਰਾਣੀ ਸਦੀ ਦਾ ਸੰਤਾ ਸਿੰਘ ਹੋਵੇ ਜਾਂ ਨਵੀਂ ਸਦੀ ਦੀ ਨਰਵਿੰਦਰ ਜਿਸ ਵਿਚ ਜੋ ਕਿ ਅਜਿਹੀ ਸਥਿਤੀ ਨੂੰ ਦੇਖ ਕੇ ਚਿੰਤਾਗ੍ਰਸਤ ਹੋ ਜਾਂਦੇ ਹਨ ਜਿਸ ਪਿੱਛੇ ਉਨ੍ਹਾਂ ਦੀ ਸਮਾਜ-ਸਭਿਆਚਾਰਕ ਸੂਝ ਦਾ ਪੱਖ ਦੇਖਿਆ ਜਾ ਸਕਦਾ ਹੈ।

## ਨਾਵਲ 'ਤੂੰ ਕੌਣ ਸੀ' ਵਿਚ ਸਮਾਜਿਕ ਚੇਤਨਾ:

ਸਾਹਿਤ ਮਨੁੱਖ ਅੰਦਰ ਸਮਾਜਿਕ ਚੇਤਨਾ ਪੈਦਾ ਕਰਨ ਦੇ ਵਜੋਂ ਹੀ ਕੰਮ ਕਰਦਾ ਹੈ, ਸਾਹਿਤਕਾਰ ਦੁਆਰਾ ਇਹ ਇੱਕ ਕਿਰਤ ਦੇ ਤੌਰ 'ਤੇ ਸਿਰਜਿਆ ਜਾਂਦਾ ਹੈ। ਸਾਹਿਤ ਵਿਅਕਤੀਗਤ ਨਹੀਂ ਸਗੋਂ ਇੱਕ ਸਮਾਜਿਕ ਲੋੜ ਹੁੰਦਾ ਹੈ।

> "ਕਲਾਤਮਿਕ ਭਾਵਨਾਵਾਂ ਦੇ ਸਾਰਥਿਕ ਪ੍ਰਸਤੁਤੀਕਰਨ ਨੂੰ ਸਾਹਿਤ ਕਿਹਾ ਜਾ ਸਕਦਾ ਹੈ। ਸਾਹਿਤ ਨੂੰ ਸੰਭਾਵਿਤ-ਇੱਛਾਵਾਂ ਦੇ ਆਨੰਦ ਦਾ ਲਿਖਤੀ ਕ੍ਰਿਆਤਮਿਕ ਕਾਰਜ ਵੀ ਕਿਹਾ ਜਾ ਸਕਦਾ ਹੈ। ਕਰਮਸ਼ੀਲ-ਸਿਰਜਣਾਤਮਿਕਤਾ ਦੁਆਰਾ ਵਿਕਾਸ ਪ੍ਰਕ੍ਰਿਆ ਦੀ ਪੂਰਤੀ ਹੁੰਦੀ ਰਹਿੰਦੀ ਹੈ। ਦਰਅਸਲ ਸਾਹਿਤਕ ਰਚਨਾਵਾਂ ਦੁਆਰਾ ਮਨੁੱਖੀ ਆਪੇ ਵਿਚਲਾ ਵਿਧਾਇਕ ਤੱਤ ਉਤਸ਼ਾਹਿਤ ਅਤੇ ਪ੍ਰੇਰਿਤ ਹੁੰਦਾ ਰਹਿੰਦਾ ਹੈ। ਏਥੇ ਆਕੇ ਸਿਧਾਂਤਕ ਅਤੇ ਸਮਾਜਵਾਦੀ ਪ੍ਰਤੀਬੱਧਤਾ ਦੇ ਸਿਦਕ ਦਾ ਉਦਘੋਸ਼ਿਤ ਕਥਨ ਹੈ ਕਿ ਉਤੇਜਿਤ ਕਰਨ ਵਾਲੀਆਂ ਲਿਖਤਾਂ ਸਾਹਿਤ ਨਹੀਂ ਹੁੰਦੀਆਂ।"[28]

ਉੱਚ ਕਿਸਮ ਦਾ ਸਾਹਿਤ ਸਮਾਜ ਲਈ ਪ੍ਰੇਰਨਾਮਈ ਬਣਿਆ ਰਹਿੰਦਾ ਹੈ ਜਦਕਿ ਰੋਮਾਂਸਵਾਦੀ ਕਿਸਮ ਦਾ ਸਾਹਿਤ ਸਮਾਜ ਨੂੰ ਕੁਰਾਹੇ ਪਾਉਂਦਾ ਰਹਿੰਦਾ ਹੈ ਤੇ ਜ਼ਿੰਦਗੀ ਦੇ ਅਸਲ ਮੁੱਲਾਂ ਨੂੰ ਸਮਝਣ ਨਹੀਂ ਦਿੰਦਾ।

**OM PARKASH GASSO DE NAVALAN VICH SAMAAJ-SABHYACHARAK ATE RAJNITAK CHETNA**

ਉਸ ਸਾਹਿਤ ਨੂੰ ਹੀ ਉੱਚ ਮੰਨਿਆ ਜਾਂਦਾ ਹੈ ਜੋ ਮਨੁੱਖਤਾ ਨੂੰ ਸੁਚੇਤ ਕਰੇ ਭਾਵ ਕਿ ਅਗਿਆਨ ਵਿਚੋਂ ਕੱਢ ਕੇ ਗਿਆਨ ਨਾਲ ਬੋਧ ਕਰਵਾਵੇ।

ਇੱਥੇ ਅਸੀਂ ਓਮ ਪ੍ਰਕਾਸ਼ ਗਾਸੋ ਦੇ ਨਾਵਲ 'ਤੂੰ ਕੌਣ ਸੀ?' ਵਿਚੋਂ ਸਮਾਜ-ਸਭਿਆਚਾਰਕ ਚੇਤਨਾ ਦੀ ਗੱਲ ਕੀਤੀ ਹੈ ਕਿਉਂਕਿ ਸਾਹਿਤ ਦਾ ਉਦੇਸ਼ ਹੀ ਸਮਾਜ ਨੂੰ ਸੁਚੇਤ ਕਰਨਾ ਹੁੰਦਾ ਹੈ ਤੇ ਸਮਾਜ ਦੀ ਸਹੀ ਅਗਵਾਈ ਕਰਨੀ ਹੁੰਦੀ ਹੈ। ਨਾਵਲ 'ਤੂੰ ਕੌਣ ਸੀ?' ਸਾਧਾਰਨ ਜਿਹੇ ਸਮਾਜਿਕ ਵਰਣਨ ਦੁਆਰਾ ਜ਼ਿੰਦਗੀ ਜਜ਼ਬਿਆਂ ਦੀ ਗੱਲਬਾਤ ਕਰਦਾ ਨਜ਼ਰ ਆਉਂਦਾ ਹੈ।

ਜ਼ਿੰਦਗੀ ਵਿਚਲਾ ਮੋਹ ਅਤੇ ਪਿਆਰ ਜ਼ਿੰਦਗੀ ਨੂੰ ਤਾਜ਼ਗੀ ਬਖ਼ਸ਼ਦਾ ਰਹਿੰਦਾ ਹੈ। ਸਮਾਜਿਕ ਵਿਕਾਸ ਦੇ ਵਿਚ ਸਮਾਜਿਕ ਚੇਤਨਾ ਸਦਕਾ ਹੀ ਇਹ ਮੋਹ ਅਤੇ ਪਿਆਰ ਬਣਿਆ ਰਹਿੰਦਾ ਹੈ। ਨਾਵਲ 'ਤੂੰ ਕੌਣ ਸੀ?' ਵਿਚ ਜਦੋਂ ਦੀਪੂ ਆਪਣੀ ਸ਼ਹਿਰੀ ਜ਼ਿੰਦਗੀ ਵਿਚੋਂ ਮਿਲੀ ਬੇਰੁਖ਼ੀ ਤੋਂ ਤੰਗ ਆ ਕੇ ਆਪਣੇ ਜੱਦੀ ਪਿੰਡ ਵਾਪਸ ਆਉਂਦਾ ਹੈ ਤਾਂ ਇੱਥੇ ਆਪਣੇ ਚਾਚੇ ਅਤੇ ਸ਼ਿਆਮਾ ਤੋਂ ਮਿਲੇ ਅਪਣੱਤ ਭਰੇ ਰਵੱਈਏ ਪ੍ਰਤੀ ਮੋਹਿਆ ਜਾਂਦਾ ਹੈ। ਸ਼ਿਆਮਾ ਦਾ ਮੋਹ ਭਰਿਆ ਰਵੱਈਆ ਦੀਪੂ ਦੀ ਜ਼ਿੰਦਗੀ ਲਈ ਨਵੀਂ ਸਵੇਰ ਬਣ ਕੇ ਆਇਆ-

> "ਦੀਪੂ ਨੇ ਜਦ ਆਪਣੇ ਚਾਚੇ ਖੇਤ ਰਾਮ ਮਗਰ ਖੜ੍ਹੀ ਸ਼ਾਮੋ ਵੱਲ ਵੇਖਿਆ ਤਾਂ ਸ਼ਾਮੋ ਨੇ ਸਿਰ ਝੁਕਾ ਕੇ ਮੁਸਕਰਾਉਂਦਿਆਂ ਪ੍ਰਣਾਮ ਕੀਤਾ। ਸ਼ਾਮੋ ਦੇ ਇਸ ਅਣਬੋਲ ਸਤਿਕਾਰ ਵਿਚ ਸਨੇਹ ਦਾ ਜਿਹੜਾ ਸੁਨੇਹਾ ਸੀ ਉਹ ਦੀਪੂ ਦੇ ਦਿਲ ਲਈ ਗੀਤ ਬਣ ਗਿਆ।"[29]

ਸਮਾਜਿਕ ਚੇਤਨਤਾ ਵਿਅਕਤੀ ਨੂੰ ਸਮਾਜ ਵਿਚ ਵਾਪਰ ਰਹੇ ਵਰਤਾਰਿਆਂ ਸੰਬੰਧੀ ਚੇਤੰਨ ਕਰਦੀ ਰਹਿੰਦੀ ਹੈ ਤੇ ਸਮਾਜ ਦੇ ਸਹੀ ਕਾਰਗੁਜ਼ਾਰੀ ਲਈ ਵੀ ਸੁਚੇਤ ਕਰਦੀ ਰਹਿੰਦੀ ਹੈ। ਨਾਵਲ 'ਤੂੰ ਕੌਣ ਸੀ?' ਵਿਚ ਦੀਪੂ ਦਾ ਚਾਚਾ ਜਿਸ ਦੀ ਕੋਈ ਔਲਾਦ ਨਹੀਂ ਤੇ ਉਹ ਬਾਕੀ ਬੱਚਿਆਂ ਨੂੰ ਹੀ ਆਪਣੀ ਔਲਾਦ ਸਮਝਦਾ ਹੈ। ਉਹ ਆਪਣਾ ਧਨ ਉਨ੍ਹਾਂ ਗ਼ਰੀਬ ਅਤੇ ਲੋੜਮੰਦ ਬੱਚਿਆਂ ਦੀ ਮਦਦ ਲਈ ਇਸਤੇਮਾਲ ਕਰਦਾ ਹੈ ਤੇ ਉਹ ਦੀਪੂ ਨੂੰ ਆਖਦਾ ਹੈ ਕਿ-

> "ਅੱਜ ਕੱਲ੍ਹ ਮੇਰੇ ਕੋਲ ਚੰਗਾ ਤਕੜਾ ਪੈਸਾ ਹੈ। ਮੇਰੀ ਉਮਰ ਹੁਣ ਸੱਤਰ ਸਾਲ ਦੇ ਨੇੜੇ ਹੈ। ਤੇਰੇ ਬਾਬਾ ਸੰਤ ਰਾਮ ਕੋਲ ਤੀਹ ਕੁ ਵਿੱਘੇ ਜ਼ਮੀਨ ਸੀ। ਤੇਰੇ ਚਾਚੇ ਨਰਿੰਜਨ ਨੇ ਰੌਲਾ ਪਾ ਕੇ ਵੀਹ ਵਿੱਘੇ ਜ਼ਮੀਨ ਆਪਣੇ ਨਾਂਅ ਕਰਵਾ ਲਈ ਸੀ। ਦੱਸ ਵਿੱਘਿਆਂ ਦੀ ਮੁਸ਼ਤਰਕਾ ਮਲਕੀਤ ਤੇਰੇ ਬਾਪ ਅਤੇ ਮੇਰੇ ਨਾਂਅ ਅੱਜ ਵੀ ਬੋਲਦੀ ਆ ਰਹੀ ਹੈ। ਮੈਂ ਅੱਜ ਕੱਲ੍ਹ ਹੁਣ ਇਸ ਮੰਡੀ ਦੇ ਵੱਖ-ਵੱਖ ਸਕੂਲਾਂ ਵਿਚੋਂ ਕਿਸੇ ਨਾ ਕਿਸੇ ਸਕੂਲ ਵਿਚ ਜਾਂਦਾ ਹਾਂ। ਉੱਥੇ ਦੇ ਪ੍ਰਬੰਧਕਾਂ, ਹੈੱਡਮਾਸਟਰ ਜਾਂ ਪ੍ਰਿੰਸੀਪਲ ਨੂੰ ਮਿਲ ਕੇ ਉਨ੍ਹਾਂ ਵਿਦਿਆਰਥੀਆਂ ਦੀ ਸੂਚੀ ਲੈ ਲੈਂਦਾ ਹਾਂ ਜਿਨ੍ਹਾਂ ਕੋਲ ਫ਼ੀਸ ਭਰਨ ਲਈ ਪੈਸੇ ਨਹੀਂ ਹੁੰਦੇ। ਉਹ ਗ਼ਰੀਬ ਵਿਦਿਆਰਥੀ ਜਿਨ੍ਹਾਂ ਦੀ ਪੜ੍ਹਾਈ ਵਿਚ ਪੂਰੀ ਰੁਚੀ ਹੈ ਉਨ੍ਹਾਂ ਦੇ ਨਾਂਅ ਮੈਂ ਆਪਣੀ ਕਾਪੀ ਵਿਚ ਲਿਖ ਲੈਂਦਾ ਹਾਂ। ਉਨ੍ਹਾਂ ਵਿਦਿਆਰਥੀਆਂ ਦੇ ਮਾਪਿਆਂ ਨੂੰ

> ਮਿਲਦਾ ਹਾਂ ਤੇ ਇਨ੍ਹਾਂ ਹੋਣਹਾਰ ਵਿਦਿਆਰਥੀਆਂ ਲਈ ਮੈਂ ਆਪਣੇ ਪੈਸੇ ਅਤੇ ਮੁਸ਼ਤਰਕਾ ਜ਼ਮੀਨ ਦੇ ਚਕੋਤੇ ਵਾਲੇ ਧਨ ਨੂੰ ਆਸਰਾ ਬਣਾਉਂਦਾ ਰਹਿੰਦਾ ਹਾਂ।"[30]

ਪੜ੍ਹਿਆ-ਲਿਖਿਆ ਵਰਗ ਸਮਾਜ ਨੂੰ ਵਿਕਾਸ ਦੀਆਂ ਲੀਹਾਂ 'ਤੇ ਅੱਗੇ ਲੈ ਕੇ ਜਾਂਦਾ ਹੈ। ਕਿਉਂਕਿ ਸਿੱਖਿਆ ਗਿਆਨ ਨੂੰ ਜਨਮ ਦਿੰਦੀ ਹੈ ਤੇ ਗਿਆਨ ਸਦਕਾ ਹੀ ਚੇਤਨਸ਼ੀਲ ਮਨੁੱਖਤਾ ਦਾ ਜਨਮ ਹੁੰਦਾ ਹੈ ਜੋ ਸਮਾਜ ਨੂੰ ਸਹੀ ਲੀਹਾਂ ਤੇ ਲੈ ਕੇ ਜਾਂਦੀ ਹੈ। ਪਰ ਜਿੱਥੇ ਸਮਾਜਿਕ ਚੇਤਨਾ ਨਹੀਂ ਹੁੰਦੀ ਉੱਥੇ ਸਮਾਜ ਗ਼ਲਤ ਰਾਹਾਂ ਤੇ ਤੁਰ ਪੈਂਦਾ ਹੈ ਤੇ ਸਮਾਜਕ ਕਦਰਾਂ-ਕੀਮਤਾਂ ਦੀ ਪਹਿਚਾਣ ਨਹੀਂ ਕਰ ਸਕਦਾ। ਦੀਪੂ ਦਾ ਚਾਚਾ ਨਰਿੰਜਨ ਲਾਲਚੀ ਕਿਸਮ ਦਾ ਬੰਦਾ ਹੈ ਜੋ ਕਿ ਸਿਰਫ਼ ਆਪਣੇ ਹਿਤਾਂ ਦੀ ਪੂਰਤੀ ਨੂੰ ਹੀ ਮੁੱਖ ਰੱਖ ਕੇ ਚਲਦਾ ਹੈ ਤੇ ਆਪਣੇ ਭਰਾ ਦੁਆਰਾ ਲੋਕਾਂ ਦੀ ਮਦਦ ਕਰਨਾ ਉਸ ਨੂੰ ਰਤਾ ਵੀ ਪਸੰਦ ਨਹੀਂ। ਉਹ ਹਰ ਸਮੇਂ ਉਸ ਦੀ ਜ਼ਮੀਨ ਨੂੰ ਹੜੱਪਣ ਦੇ ਲਈ ਤਕਰੀਬਾਂ ਘੜਦਾ ਰਹਿੰਦਾ ਹੈ। ਇਸ ਦੇ ਉਲਟ ਦੀਪੂ ਦਾ ਚਾਚਾ ਖੇਤਾ ਸਿੰਘ ਸਦਾ ਹੀ ਲੋਕਾਂ ਦੀ ਮਦਦ ਕਰਨ ਦੇ ਲਈ ਤਿਆਰ ਰਹਿੰਦਾ ਹੈ ਤੇ ਉਹ ਇਸ ਨੂੰ ਹੀ ਆਪਣਾ ਧਰਮ ਸਮਝਦਾ ਹੈ ਤੇ ਆਖਦਾ ਹੈ-

> "ਮੈਂ ਜਦੋਂ ਏਥੇ ਆਇਆ ਸਾਂ ਤਾਂ ਉਨ੍ਹਾਂ ਨੇ ਮੈਨੂੰ ਕਈ ਰੱਸੇ ਰੱਸਿਆਂ ਨਾਲ ਬੰਨ੍ਹਣਾ ਸ਼ੁਰੂ ਕੀਤਾ ਸੀ ਪਰ ਪਤਾ ਨਹੀਂ ਮੇਰੀਆਂ ਅੱਖਾਂ ਇਸ ਸ਼ਾਮੋ ਕਰ ਕੇ ਜ਼ਿੰਦਗੀ ਦੇ ਅਨਾਥ ਹਿੱਸੇ ਵੱਲ ਹੋ ਤੁਰੀਆਂ। ਅਨਾਥ ਜ਼ਿੰਦਗੀ ਨੂੰ ਸਹਾਰੇ ਦੀ ਲੋੜ ਪੈਂਦੀ ਰਹਿੰਦੀ ਹੈ। ਅਕੇਰਾਂ ਤੁਸੀਂ ਅਨਾਥ ਜ਼ਿੰਦਗੀ ਦੀ ਬਾਂਹ ਫੜੀ ਨਹੀਂ ਬਸ ਫੇਰ ਤਾਂ ਉਹ ਅਨਾਥ ਉਮਰ ਤੁਹਾਡੇ ਆਪੇ ਦੀ ਖੈਰ ਮੰਗਦੀ ਹੀ ਰਹਿੰਦੀ ਹੈ।"[31]

ਦੀਪੂ ਦੇ ਚਾਚੇ ਦੀ ਖ਼ੁਦ ਦੀ ਔਲਾਦ ਨਹੀਂ ਸੀ। ਉਹ ਗ਼ਰੀਬ ਅਤੇ ਬੇਸਹਾਰਾ ਬੱਚਿਆਂ ਨੂੰ ਹੀ ਆਪਣੀ ਔਲਾਦ ਸਮਝਦਾ ਹੈ ਤੇ ਉਨ੍ਹਾਂ ਦੀ ਹਰ ਪ੍ਰਕਾਰ ਦੀ ਮਦਦ ਕਰਦਾ ਹੈ ਕਿਉਂਕਿ ਉਹ ਇਸ ਗੱਲ ਨੂੰ ਭਲੀਭਾਂਤ ਸਮਝਦਾ ਹੈ ਕਿ ਇਨ੍ਹਾਂ ਬੱਚਿਆਂ ਦੇ ਸਿਰ ਤੇ ਹੀ ਸਮਾਜ ਦਾ ਭਵਿੱਖ ਹੈ। ਜੇ ਅੱਜ ਵਧੀਆ ਵਿੱਦਿਆ ਗ੍ਰਹਿਣ ਕਰਨਗੇ ਤਾਂ ਹੀ ਕੱਲ੍ਹ ਸਮਾਜ ਨੂੰ ਉੱਚ ਲੀਹਾਂ ਤੇ ਲੈ ਕੇ ਜਾਣਗੇ। ਚਾਚਾ ਖੇਤਾ ਸਿੰਘ ਦੀਪੂ ਨੂੰ ਦੱਸਦਾ ਹੈ ਕਿ,

> "ਅਕੇਰਾਂ ਇੱਕ ਪਾਰਟੀ ਤੇ ਮੈਂ ਗਿਆ ਹੋਇਆ ਸਾਂ। ਉੱਥੇ ਮੈਨੂੰ ਇੱਕ ਨੀਲੀ ਵਰਦੀ ਪਾਈ ਇੱਕ ਮਸ਼ੋਰ ਜਿਹਾ ਗੋਰਾ ਗੋਰਾ ਤੇਰਾਂ ਕੁ ਵਰ੍ਹਿਆਂ ਦਾ ਬੱਚਾ ਮੁੜ-ਮੁੜ ਕਾਫ਼ੀ ਪੁੱਛਣ ਆ ਬਹੁੜਦਾ। ਮੈਂ ਉਸ ਨੂੰ ਮੁਸਕਰਾ ਕੇ ਮਿਲਦਾ। ਉਸ ਦਾ ਮੈਨੂੰ ਮੇਰੇ ਕੋਲ ਆਉਣਾ ਤੇ ਮੇਰੀ ਮੁਸਕਰਾਹਟ ਉਸ ਨੂੰ ਚੰਗੀ ਲੱਗਣ ਲੱਗ ਪਈ। ਗੱਲਾਂ ਗੱਲਾਂ ਵਿਚ ਪਤਾ ਲੱਗਾ ਕਿ ਉਹ ਸੱਤਵੀਂ ਵਿਚ ਪੜ੍ਹਦਾ ਹੈ। ਬਾਪ ਉਸ ਦਾ ਨਿੱਤ ਦਾ ਸ਼ਰਾਬੀ ਹੈ ਤੇ ਉਹ ਆਪਣੇ ਘਰ ਦਾ ਇੱਕੋ ਇੱਕ ਬੱਚਾ ਹੈ। ਦੀਪੂ ਸ਼ਾਹ ਉਸ ਨੂੰ ਮੈਂ ਆਪਣੇ ਘਰ ਆਉਣ ਦਾ ਸੱਦਾ ਪੱਤਰ ਦੇ ਦਿੱਤਾ। ਉਹ ਮੇਰੇ ਘਰ ਆਇਆ ਉਸ ਨੇ ਮੈਨੂੰ ਆਪਣੀ ਦਰਦ ਕਹਾਣੀ ਸੁਣਾਈ ਤੇ ਅੱਜ ਕੱਲ੍ਹ ਉਹ ਦਸਵੀਂ ਵਿਚ ਪੜ੍ਹਦਾ ਹੈ। ਬੜਾ ਜ਼ਹੀਨ

> ਵਿਦਿਆਰਥੀ ਹੈ। ਬੱਸ ਇੰਝ ਹੁਣ ਮੈਂ ਲਾਵਾਰਸ ਜ਼ਿੰਦਗੀ ਨੂੰ ਆਪਣੀ ਵਿਰਾਸਤ ਸਮਝਦਾ ਹਾਂ। ਵੇਖ ਭਾਈ ਭਤੀਜ ਮੈਂ ਤਾਂ ਜ਼ਿੰਦਗੀ ਦੀ ਅਪਣੱਤ ਨੂੰ ਹੀ ਧਰਮ ਸਮਝਦਾ ਹੈ।"[32]

ਮਨੁੱਖ ਦੇ ਇੱਕ ਸਮਾਜਿਕ ਪ੍ਰਾਣੀ ਹੋਣ ਨਾਤੇ ਸਮਾਜ ਤੋਂ ਵੱਖ ਰਹਿਣ ਬਾਰੇ ਸੋਚ ਵੀ ਨਹੀਂ ਸਕਦਾ। ਸਮਾਜ ਵਿਚਲੀ ਸਾਂਝ ਅਤੇ ਰਿਸ਼ਤੇ ਉਸ ਦੇ ਅੰਦਰਲੇ ਜਜ਼ਬਿਆਂ ਦੀ ਤਰਜਮਾਨੀ ਕਰਦੇ ਰਹਿੰਦੇ ਹਨ ਤੇ ਮੁਰਝਾਏ ਦੀਪੂ ਨੂੰ ਵੀ ਇਸ ਆਪੇ ਦੀ ਮਹਿਕ ਨੇ ਤਾਜ਼ਗੀ ਬਖ਼ਸ਼ੀ ਹੋਈ ਸੀ।

> "ਮੋਹ ਦੀ ਮਹਿਕ ਨੂੰ ਦੀਪੂ ਜ਼ਿੰਦਗੀ ਦੀ ਦੌਲਤ ਸਮਝਦਾ ਸੀ।"[33]

ਦੀਪੂ ਨੂੰ ਆਪਣੀ ਪਤਨੀ ਅਮਰਾਵਤੀ ਤੋਂ ਮਿਲੀ ਬੇਵਫ਼ਾਈ ਨੇ ਅੰਦਰੋਂ ਤੋੜ ਦਿੱਤਾ ਸੀ ਤੇ ਸ਼ਿਆਮਾ ਨੇ ਉਸ ਦੇ ਜ਼ਿੰਦਗੀ ਦੇ ਵਿਹੜੇ ਵਿਚ ਆ ਕੇ ਮੁੜ ਕੇ ਉਸ ਦੀ ਜ਼ਿੰਦਗੀ ਨੂੰ ਖ਼ੁਸ਼ੀਆਂ ਦੇ ਨਾਲ ਭਰ ਦਿੱਤਾ ਸੀ।

ਸਮਾਜਿਕ ਚੇਤਨਾ ਸਦਕਾ ਵਿਅਕਤੀ ਕੇਵਲ ਆਪਣੇ ਹਿਤਾਂ ਅਤੇ ਇੱਛਾਵਾਂ ਦੀ ਹੀ ਨਹੀਂ ਸਗੋਂ ਕਿ ਸਭ ਦੇ ਹਿਤਾਂ ਅਤੇ ਇੱਛਾ ਦੀ ਕਦਰ ਕਰਦਾ ਹੈ। ਜਦੋਂ ਸ਼ਿਆਮਾ ਆਪਣੀ ਧੀ ਧਰਮਿੰਦਰ ਦੀ ਟੂਰ ਜਾਣ ਦੀ ਤੇ ਪੰਜ ਸੌ ਰੁਪਏ ਦੀ ਜਿੱਦ ਤੋਂ ਪਰੇਸ਼ਾਨ ਹੁੰਦੀ ਹੈ ਤਾਂ ਉਸ ਦੀ ਪਰੇਸ਼ਾਨੀ ਪਤਾ ਲੱਗਣ ਤੇ ਦੀਪੂ ਸ਼ਿਆਮਾ ਨੂੰ ਪੈਸੇ ਦਿੰਦਾ ਹੋਇਆ ਆਖਦਾ ਹੈ

> "ਬੱਸ ਆਹ ਹੀ ਕਾਰਨ ਹੈ ਤੇਰੀ ਉਦਾਸੀ ਦਾ। ਸ਼ਿਆਮਾ ਆਹ ਫੜ੍ਹ ਪੰਜ ਸੌ ਪਰ ਪੈਸੇ ਉਦਾਸੀ ਦਾ ਇਲਾਜ ਨਹੀਂ ਹੁੰਦੇ। ਵੇਖ ਨਾ ਸ਼ਿਆਮਾ ਧਰਮਿੰਦਰ ਦਾ ਟੂਰ 'ਤੇ ਜਾਣ ਦਾ ਚਾਅ ਸੀ। ਆਦਮੀ ਉਦਾਸ ਤਾਂ ਉਸ ਵੇਲੇ ਹੁੰਦਾ ਹੈ ਜਦੋਂ ਉਸ ਦੇ ਚਾਵਾਂ ਨੂੰ ਜ਼ਖ਼ਮੀ ਕੀਤਾ ਜਾਂਦਾ ਹੈ।"[34]

ਇਸ ਪ੍ਰਕਾਰ ਜਦੋਂ ਧਰਮਿੰਦਰ ਆਪਣੀ ਮਾਂ ਸ਼ਿਆਮਾ ਦੇ ਨਾਲ ਦੀਪੂ ਦਾ ਧੰਨਵਾਦ ਕਰਨ ਦੇ ਲਈ ਆਉਂਦੀ ਹੈ ਤਾਂ ਦੀਪੂ ਧਰਮਿੰਦਰ ਨੂੰ ਆਖਦਾ ਹੈ ਕਿ

> "ਇਹ ਧੰਨਵਾਦ ਕਰਨ ਅਤੇ ਧੰਨਵਾਦ ਕਰਵਾਉਣ ਦਾ ਸਿਲਸਿਲਾ ਧੋਖੇਬਾਜ਼ੀ ਦਾ ਬਨਾਵਟੀ ਨਾਟਕ ਹੁੰਦਾ ਹੈ। ਤੇਰੀ ਇੱਛਾ ਆਪਣੇ ਮੁਲਕ ਦੇ ਕਿਸੇ ਹਿੱਸੇ ਨੂੰ ਵੇਖਣ ਦੀ ਸੀ ਤੇ ਮੇਰੀ ਇੱਛਾ ਤੇਰੀ ਇੱਛਾ ਨੂੰ ਪੂਰਨ ਦੀ ਸੀ। ਬੱਸ ਚੰਗੀਆਂ ਇੱਛਾਵਾਂ ਦੀ ਪੂਰਤੀ ਕਰ ਕੇ ਮੈਨੂੰ ਤਸਕੀਨ ਮਿਲਦੀ ਹੈ। ਬੱਸ ਗੱਲ ਏਨੀ ਕੁ ਹੀ ਹੈ ਕਿ ਇੱਕ ਇੱਛਾ ਨੇ ਦੂਜੀ ਇੱਛਾ ਨੂੰ ਪੂਰਾ ਕੀਤਾ ਹੈ।"[35]

ਜਦੋਂ ਵਿਅਕਤੀ ਸਮਾਜ ਵਿਚ ਰਹਿੰਦਾ ਹੋਇਆ ਸਮਾਜ ਵਿਚ ਵਾਪਰ ਰਹੀਆਂ ਗੱਲਾਂ ਸੰਬੰਧੀ ਸੋਚਣਾ ਸ਼ੁਰੂ ਕਰੇ ਤੇ ਉਸ ਦੇ ਮਨ ਅੰਦਰ ਅਨੇਕਾਂ ਕਿਸਮ ਦੇ ਸਵਾਲ ਖੜੇ ਹੋ ਜਾਣ ਤਾਂ ਉਸ ਅੰਦਰ ਸਮਾਜਿਕ ਚੇਤਨਾ ਦੀ ਚਿਣਗ ਪੈਦਾ ਹੁੰਦੀ ਹੈ। ਇਸ ਤਰ੍ਹਾਂ ਹੀ ਦੀਪੂ ਦੁਆਰਾ ਆਪਣੀ ਧੀ ਦੀ ਇੱਛਾ ਪੂਰਤੀ ਨੇ ਸ਼ਿਆਮਾ ਅੰਦਰ ਕਈ ਕਿਸਮ ਦੇ ਸਵਾਲਾਂ ਨੂੰ ਜਨਮ ਦਿੱਤਾ

> "ਏਥੇ ਇਸ ਦੁਨੀਆ ਵਿਚ ਕੌਣ ਕਿਸੇ ਦੀ ਇੱਛਾ ਦੀ ਇੱਜ਼ਤ ਕਰਦਾ ਹੈ?"[36]

ਕਿਉਂਕਿ ਸਭ ਨੂੰ ਹੀ ਆਪਣੇ ਹਿਤਾਂ ਦੀ ਹੀ ਪੂਰਤੀ ਦੀ ਹੀ ਇੱਛਾ ਬਣੀ ਰਹਿੰਦੀ ਹੈ।

> "ਸ਼ਿਆਮਾ ਦਾ ਉਸ ਵੇਲੇ ਧਿਆਨ ਇਸ ਨੁਕਤੇ ਤੋਂ ਪਾਸੇ ਹਟਿਆ ਜਦ ਉਸ ਦੇ ਕੰਨਾਂ ਵਿਚ ਇਹ ਧੁਨੀ ਪਈ ਕਿ ਇੱਥੇ ਅਜਿਹਾ ਕੌਣ ਹੈ ਜਿਸ ਦੀਆਂ ਸਾਰੀ ਦੀਆਂ ਸਾਰੀਆਂ ਇੱਛਾਵਾਂ ਪੂਰੀਆਂ ਹੁੰਦੀਆਂ ਰਹਿਣ। ਵੇਖੋ ਨਾ ਅਧੂਰੀਆਂ ਇੱਛਾਵਾਂ ਨਾਲ ਸਹਿਕਦੀਆਂ ਉਮਰਾਂ ਦੀ ਉਦਾਸੀ ਵੱਲ ਕੋਈ ਕਿਉਂ ਨਹੀਂ ਵੇਖਦਾ?"[37]

ਆਪਣੀ ਧੀ ਦੀ ਇੱਛਾ ਦੀ ਪੂਰਤੀ ਤੇ ਸ਼ਿਆਮਾ ਆਪਣੇ ਘਰਵਾਲੇ ਦੀ ਇੱਛਾ ਬਾਰੇ ਸੋਚਦੀ ਹੈ ਕਿ ਕਸਤੂਰੀ ਦੀ ਵੀ ਇੱਛਾ ਸੀ ਕਿ ਉਹ ਆਪਣੇ ਬੱਚਿਆਂ ਨੂੰ ਉੱਚ ਵਿੱਦਿਆ ਹਾਸਿਲ ਕਰਾਵੇ ਤੇ ਉਸ ਦੇ ਬੱਚੇ ਉੱਚ ਪਦਵੀਆਂ ਤੇ ਪਹੁੰਚਣ।

> "ਇੱਛਾ ਦੀ ਪੂਰਤੀ ਵਿਚ ਅਮਨ ਹੁੰਦਾ ਹੈ ਤੇ ਇੱਛਾ ਦੇ ਅਰਥਾਂ ਨੂੰ ਸਮਝਣ ਵਿਚ ਸਮਝ ਹੁੰਦੀ ਹੈ।"[38]

ਇਸ ਤਰ੍ਹਾਂ ਦੀ ਸਮਝ ਕੇਵਲ ਸਮਾਜਿਕ ਚੇਤਨਾ ਸਦਕਾ ਹੀ ਪੈਦਾ ਹੁੰਦੀ ਹੈ। ਹੁਣ ਸ਼ਿਆਮਾ ਵੀ ਆਪਣੀ ਪਤੀ ਦੀ ਇੱਛਾ ਨੂੰ ਪੂਰਾ ਕਰਨਾ ਚਾਹੁੰਦੀ ਸੀ ਤੇ ਦੀਪੂ ਦੁਆਰਾ ਉਸ ਦੀ ਪੂਰੀ-ਪੂਰੀ ਮਦਦ ਕੀਤੀ ਜਾ ਰਹੀ ਸੀ। ਸ਼ਿਆਮਾ ਨੂੰ ਕਸਤੂਰੀ ਦੁਆਰਾ ਆਖੀਆਂ ਗਿਆਨਵਾਨ ਗੱਲਾਂ ਅਕਸਰ ਯਾਦ ਆਉਂਦੀਆਂ ਰਹਿੰਦੀਆਂ ਕਿ

> "ਸ਼ਾਮ ਕੁਰੇ ਪੜ੍ਹਾਈ ਤਾਂ ਪ੍ਰਕਾਸ਼ ਹੁੰਦੀ ਹੈ ਜਿਸ ਪੜ੍ਹਾਈ ਵਿਚ ਪ੍ਰਕਾਸ਼ ਨਾ ਹੋਵੇ ਉਹ ਪੜ੍ਹਾਈ ਨਹੀਂ ਹੁੰਦੀ ਮੇਰੇ ਜਾਣ ਮਗਰੋਂ ਵੀ ਤੂੰ ਮੇਰੇ ਬੱਚਿਆਂ ਨੂੰ ਪੜ੍ਹਾਈ ਕਰਨੋਂ ਨਾ ਹਟਾਈ।"[39]

ਜਿੱਥੇ ਚੇਤਨਾਮਈ ਗਿਆਨ ਦਾ ਪ੍ਰਕਾਸ਼ ਨਹੀਂ ਹੁੰਦਾ ਉੱਥੇ ਅਗਿਆਨ ਰੂਪੀ ਹਨੇਰਾ ਹੁੰਦਾ ਹੈ ਜੋ ਕਿ ਸਮਾਜ ਦੇ ਲਈ ਘਾਤਕ ਸਾਬਿਤ ਹੁੰਦਾ ਹੈ ਤੇ ਇਸ ਗੱਲ ਨੂੰ ਦੀਪੂ ਭਲੀਭਾਂਤ ਸਮਝਦਾ ਹੈ

> "ਆਥਣ ਦੇ ਹਨੇਰੇ ਨੂੰ ਹੁਣ ਦੀਪੂ ਆਪਣੇ ਘਰ ਲਈ ਬਦਸ਼ਗਨੀ ਸਮਝਦਾ ਸੀ। ਦੀਪੂ ਨੇ ਜਦ ਕਈ ਵਰ੍ਹਿਆਂ ਮਗਰੋਂ ਆਪਣੇ ਜੱਦੀ ਘਰ ਵਿਚ ਮੋਮਬੱਤੀ ਦਾ ਚਾਨਣ ਕੀਤਾ ਸੀ ਤਦ ਉਸ ਨੂੰ ਇੰਝ ਲੱਗਿਆ ਸੀ ਜਿਵੇਂ ਉਹ ਆਪਣੇ ਘਰ ਨੂੰ ਕਈ ਵਰ੍ਹਿਆਂ ਤੱਕ ਹਨੇਰੇ ਵਾਲਾ ਘਰ ਬਣੇ ਰਹਿਣ ਦਾ ਬਹੁਤ ਵੱਡਾ ਗੁਨਾਹ ਕਰ ਚੁੱਕਾ ਹੋਵੇ।"[40]

ਇਸ ਤਰ੍ਹਾਂ ਜਦੋਂ ਗਿਆਨ ਦਾ ਪ੍ਰਕਾਸ਼ ਹੋ ਜਾਵੇ ਉਦੋਂ ਅਗਿਆਨ ਤੋਂ ਵਿਅਕਤੀ ਮੁਨਕਰ ਹੋਣ ਲਗਦਾ ਹੈ।

ਸਮਾਜਿਕ ਚੇਤਨਾ ਦੀ ਜਦੋਂ ਘਾਟ ਹੋਵੇ ਤਾਂ ਵਿਅਕਤੀ ਖੁਦਗਰਜ਼, ਮਤਲਬੀ ਅਤੇ ਲਾਲਚੀ ਕਿਸਮ ਦਾ ਬਣਦਾ ਜਾਂਦਾ ਹੈ ਤੇ ਸ਼ਿਆਮਾ ਆਪਣੇ ਬੱਚਿਆਂ ਅੰਦਰ ਅਜਿਹੇ ਸੁਭਾਅ ਨੂੰ ਦੇਖ ਕੇ ਚਿੰਤਤ ਰਹਿੰਦੀ। ਸ਼ਿਆਮਾ ਅਕਸਰ ਦੀਪੂ ਦੇ ਨਾਲ ਆਪਣੀ ਕੁਰਾਹੇ ਪੈ ਰਹੀ ਸੰਤਾਨ ਦੀਆਂ ਗੱਲਾਂ ਕਰਦੀ। ਜਦੋਂ ਸ਼ਿਆਮਾਂ ਦੀ ਧੀ ਵੰਤੀ ਦੀਪੂ ਤੋਂ ਪੰਜ ਸੌ ਦਾ ਨੋਟ ਲੈ ਕੇ ਚਲੀ ਜਾਂਦੀ ਹੈ ਤਾਂ ਸ਼ਿਆਮਾ ਦੀਪੂ ਨੂੰ ਦੱਸਦੀ ਹੈ ਕਿ

> "ਪ੍ਰੋ. ਸਾਹਿਬ ਇਹ ਨਵੀਂ ਪੀੜ੍ਹੀ ਆਪਣੇ ਵਾਂਗ ਸਿਧਰੀ ਤੇ ਸੁਖਾਲੀ ਨਹੀਂ। ਵੰਤੀ ਆਪਣੇ ਘਰੋਂ ਆਪਣੇ ਦੋਹਾਂ ਨੂੰ ਛੱਤ 'ਤੇ ਮੋਹ ਭਿੱਜੇ ਮਾਹੌਲ 'ਚ ਬੈਠਿਆ ਨੂੰ ਤਾੜ ਕੇ ਆਈ ਸੀ। ਉਹ ਜਾਣਦੀ

> ਸੀ ਕਿ ਇਹ ਸੇਧ ਲਾਉਣ ਦਾ ਸਹੀ ਮੌਕਾ ਹੈ ਤੇ ਉਸ ਦਾ ਲਾਲਚ ਹੁਣ ਏਥੋਂ ਜ਼ਰੂਰ ਪੂਰਾ ਹੋਵੇਗਾ। ''[41]

ਇਸ ਤਰ੍ਹਾਂ ਦੀ ਮਤਲਬੀ ਪੀੜ੍ਹੀ ਸਮਾਜ ਲਈ ਹਨੇਰਾ ਬਣਦੀ ਹੈ ਕਿਉਂਕਿ:-

- ਮਤਲਬ ਵਿਚ ਮਹਿਕ ਨਹੀਂ ਹੁੰਦੀ।
- ਮਤਲਬ ਨੂੰ ਗ਼ੈਰ ਕੁਦਰਤੀ ਕਰਮ ਕਿਹਾ ਜਾ ਸਕਦਾ ਹੈ।
- ਮਤਲਬੀ ਮਨੁੱਖ ਸਹਿਹੋਂਦ ਨੂੰ ਨਿਕਾਰਦਾ ਰਹਿੰਦਾ ਹੈ।
- ਮਤਲਬੀ-ਮਨੁੱਖ ਮਨੁੱਖਤਾ ਲਈ ਕਲੰਕ ਬਣਿਆ ਰਹਿੰਦਾ ਹੈ।
- ਮਤਲਬੀ ਮਨੁੱਖ-ਸ਼ੁੱਭ ਨਹੀਂ ਹੁੰਦਾ।

ਇਸ ਤਰ੍ਹਾਂ ਮਤਲਬੀ ਕਿਸਮ ਦਾ ਮਨੁੱਖ ਸਮਾਜਵਾਦੀ ਭਾਵਨਾ ਦੇ ਹਮੇਸ਼ਾ ਹੀ ਵਿਰੁੱਧ ਖੜ੍ਹਾ ਹੁੰਦਾ ਹੈ ਤੇ ਸਮਾਜ ਵਿਚ ਗਿਰਾਵਟ ਦਾ ਕਾਰਨ ਬਣਦਾ ਹੈ। ਦੀਪੂ ਸ਼ਿਆਮਾ ਦੀ ਇਸ ਸਮਝ ਨੂੰ ਦੇਖ ਕੇ ਉਸ ਦੀ ਤਾਰੀਫ਼ ਕਰਦਾ ਆਖਦਾ ਹੈ ਕਿ

> ''ਸ਼ਿਆਮਾ ਤੂੰ ਮੈਨੂੰ ਸਮਝਦਾਰ ਲੱਗਦੀ ਹੈ ਸਮਝਦਾਰੀ ਦਾ ਪੜ੍ਹਾਈ ਨਾਲ ਕੋਈ ਬਹੁਤਾ ਸੰਬੰਧ ਨਹੀਂ ਹੁੰਦਾ। ਕਈ ਅਨਪੜ੍ਹ ਵੀ ਬੜੇ ਸਮਝਦਾਰ ਹੁੰਦੇ ਹਨ ਤੇ ਕਈ ਪੜ੍ਹਿਆ ਲਿਖਿਆ ਕੋਲ ਵੀ ਕੋਈ ਸਮਝ ਨਹੀਂ ਹੁੰਦੀ। ਆਹ ਜਿਹੜੀ ਤੂੰ ਆਪਣੀ ਪਹਿਚਾਣ ਅਤੇ ਪੜਤਾਲ ਕਰਦਿਆਂ ਵੰਤੀ ਬਾਰੇ ਆਖਿਆ ਸੀ ਕਿ...ਉਸ ਦਾ ਲਾਲਚ ਹੁਣ ਏਥੋਂ ਜ਼ਰੂਰ ਪੂਰਾ ਹੋਵੇਗਾ...''[42]

ਇਸ ਤੋਂ ਸ਼ਿਆਮਾ ਦੀ ਸੂਝ ਦਾ ਪਤਾ ਲੱਗਦਾ ਹੈ।

ਸਮਾਜਿਕ ਚੇਤਨਾ ਦੇ ਲਈ ਅਗਾਂਹਵਧੂ ਵਿਚਾਰਧਾਰਾ ਸਾਰਥਿਕ ਸਾਬਿਤ ਹੁੰਦੀ ਹੈ ਤੇ ਨਾਵਲ 'ਤੂੰ ਕੌਣ ਸੀ?' ਵਿਚ ਦੀਪੂ, ਉਸ ਦਾ ਚਾਚਾ ਖੇਤਾ ਸਿੰਘ, ਸ਼ਿਆਮਾ ਅਤੇ ਕਸਤੂਰੀ ਅਗਾਂਹਵਧੂ ਵਿਚਾਰਧਾਰਾ ਦੇ ਮਾਲਕ ਹਨ ਜੋ ਕਿ ਸਮਾਜ ਦੀ ਭਲਾਈ ਨੂੰ ਮੁੱਖ ਰੱਖ ਕੇ ਚਲਦੇ ਹਨ। ਪਰ ਇਸ ਦੇ ਉਲਟ ਉਸ ਦਾ ਚਾਚਾ ਨਰਿੰਜਨ, ਸ਼ਿਆਮਾ ਦੇ ਦੋਨੋਂ ਪੁੱਤਰ ਤੇ ਦੋਨੋਂ ਧੀਆਂ ਦੀਆਂ ਵਿਚਾਰਧਾਰਾ ਅਗਿਆਨ ਕਰ ਕੇ ਅਗਾਂਹਵਧੂ ਨਹੀਂ ਹੈ ਜੋ ਕਿ ਸਮਾਜ ਦੇ ਲਈ ਨਿਰਵਿਘਨ ਕਿਸਮ ਦੀ ਹੈ।

ਕਿਰਤ ਨੂੰ ਕਲਾ ਕਿਹਾ ਜਾ ਸਕਦਾ ਹੈ ਤੇ ਜਦੋਂ ਅਸੀਂ ਇਸ ਕਲਾ ਦੀ ਕਦਰ ਨਹੀਂ ਕਰਦੇ ਤਾਂ ਇਸ ਦਾ ਸਭ ਤੋਂ ਵੱਡਾ ਨੁਕਸਾਨ ਸਮਾਜ ਨੂੰ ਹੀ ਹੁੰਦਾ ਹੈ। ਸ਼ਿਆਮਾ ਆਪਣੇ ਘਰਵਾਲੇ ਦੀ ਕਿਰਤ ਦੀ ਕਦਰ ਉਸ ਦੇ ਜਿਉਂਦੇ ਜਾਗਦੇ ਹੋਏ ਨਹੀਂ ਕਰਦੀ ਪਰ ਉਸ ਦੀ ਮੌਤ ਤੋਂ ਬਾਅਦ ਪਛਤਾਉਂਦੀ ਹੈ ਤੇ ਆਪਣੀ ਗ਼ਲਤੀ ਬਾਰੇ ਦੀਪੂ ਨੂੰ ਦੱਸਦੀ ਹੈ ਤੇ ਦੀਪੂ ਉਸ ਨੂੰ ਸਮਝਾਉਂਦਾ ਹੈ ਕਿ

> ''ਸ਼ਿਆਮਾ ਕਸਤੂਰੀ ਦੀ ਮਿਹਨਤ ਨੂੰ ਤੂੰ ਕੇਵਲ ਆਪਣੀ ਜ਼ਰੂਰਤ ਦੀ ਪੂਰਤੀ ਸਮਝ ਲਿਆ। ਚੰਗਾ ਇਹ ਹੁੰਦਾ ਜੇ ਤੂੰ ਉਸ ਦੀ ਮਿਹਨਤ ਨਾਲ ਸਨੇਹ ਅਤੇ ਸਾਂਝ ਬਣਾਉਂਦੀ। ਵੇਖਿਆ ਜਾਵੇ

> ਤਾਂ ਸਨੇਹ ਤੇ ਸਾਂਝ ਵੀ ਤੰਦਰੁਸਤ ਜਜ਼ਬਿਆਂ ਦੀ ਦੇਣ ਹੁੰਦੀ ਹੈ। ਸ਼ਿਆਮਾ ਕਸਤੂਰੀ ਤਾਂ ਤੁਰ ਗਿਆ ਤੂੰ ਤਾਂ ਜਿਉਂਦੀ ਹੈ। ਭਲਾ ਇਸ ਵਿਚ ਸੀ ਜੇਕਰ ਤੂੰ ਜਿਉਂਦੇ ਕਸਤੂਰੀ ਦੀ ਮਿਹਨਤ ਨੂੰ ਕਲਾ ਵਾਂਗ ਸਵੀਕਾਰ ਕਰਦੀ। ਮਰੇ ਕਸਤੂਰੀ ਦੀ ਮਿਹਨਤ ਨੂੰ ਯਾਦ ਕਰਨ ਨਾਲ ਤੇਰੀ ਗਰਜ਼ ਦਾ ਕਿੱਸਾ ਜੁੜਿਆ ਹੋਇਆ ਹੈ। ਹੱਥੋਂ ਮੌਕਾ ਗੁਆ ਲੈਣ ਮਗਰੋਂ ਅਫ਼ਸੋਸ ਕਰਨ ਦਾ ਕੀ ਲਾਭ?"[43]

ਮਨੁੱਖੀ ਜੀਵਨ ਵਿਚ ਗਿਆਨ ਦੀ ਬਹੁਤ ਮਹੱਤਤਾ ਹੈ। ਗਿਆਨ ਪ੍ਰਾਪਤ ਕਰਨ ਦੀ ਕੋਈ ਉਮਰ ਨਹੀਂ ਹੁੰਦੀ ਤੇ ਵਧੀਆ ਸਮਾਜਿਕ ਜੀਵਨ ਦੇ ਵਿਚ ਇਹੀ ਗੱਲਾਂ ਕੰਮ ਆਉਂਦੀਆਂ ਹਨ। ਦੀਪੂ ਸ਼ਿਆਮਾ ਨੂੰ ਅਜਿਹਾ ਹੀ ਸਮਝਾਉਂਦਾ ਹੋਇਆ ਆਖਦਾ ਹੈ ਕਿ

> "ਤੂੰ ਦਸਵੀਂ ਤੱਕ ਪੜ੍ਹੀ ਹੋਈ ਤਾਂ ਹੈ। ਤੂੰ ਮੇਰੇ ਚਾਚਾ ਜੀ ਦੇ ਘਰ ਵਿਚ ਖੁੱਲ੍ਹੇ ਸਕੂਲ ਵਿਚ ਜੁਆਕਾਂ ਨੂੰ ਪੜ੍ਹਾਉਣ ਲੱਗਾ। ਧਿਆਨ ਚੰਦ 'ਸ਼ੇਰਪੁਰੀਆ' ਤਾਂ ਹਜ਼ਾਰ ਬਾਰਾਂ ਸੋ ਇਸ ਅਧਿਆਪਨ ਲਈ ਦੇ ਹੀ ਦਿਆਂ ਕਰੇਗਾ।"[44]

ਸ਼ਿਆਮਾ ਨੂੰ ਦੀਪੂ ਦੀ ਕਹੀ ਇਹ ਗੱਲ ਪਹਿਲਾ ਇੰਨੀ ਵਧੀਆ ਨਾ ਲੱਗੀ ਪਰ ਜਦੋਂ ਉਸ ਨੇ ਧਿਆਨ ਨਾਲ ਸੋਚਿਆ ਤਾਂ ਉਸ ਨੇ ਅੱਗੇ ਪੜ੍ਹਨ ਦਾ ਤੇ ਆਪਣੇ ਪੈਰਾਂ ਤੇ ਖੜ੍ਹਨ ਦਾ ਫ਼ੈਸਲਾ ਲਿਆ। ਇਸ ਕੰਮ ਵਿਚ ਉਹ ਸਫਲ ਵੀ ਹੋਈ। ਆਰਥਿਕ ਪੱਖ ਤੋਂ ਵੀ ਉਸ ਦੇ ਜੀਵਨ ਵਿਚ ਸੁਧਾਰ ਆਇਆ। ਇੱਕ ਸਹੀ ਸੋਚ ਤੇ ਵਿਚਾਰਧਾਰਾ ਮਨੁੱਖ ਨੂੰ ਹਮੇਸ਼ਾ ਹੀ ਸਹੀ ਰਾਹ ਦਿਖਾਉਂਦੀ ਹੈ। ਦੀਪੂ ਦੀ ਇਹੀ ਸੋਚ ਨੇ ਅੱਜ ਸ਼ਿਆਮਾ ਨੂੰ ਆਪਣੇ ਪੈਰਾਂ ਤੇ ਖੜ੍ਹਾ ਕਰ ਦਿੱਤਾ ਸੀ।

ਚੇਤਨਾ ਵਿਅਕਤੀ ਅੰਦਰ ਸਮਾਜ ਵਿਚ ਜੋ ਕੁੱਝ ਵੀ ਵਾਪਰ ਰਿਹਾ ਹੁੰਦਾ ਹੈ ਉਸ ਪ੍ਰਤੀ ਸੁਚੇਤ ਕਰਦੀ ਰਹਿੰਦੀ ਹੈ ਤੇ ਦੀਪੂ ਵੀ ਨਾਵਲ 'ਤੂੰ ਕੌਣ ਸੀ?' ਵਿਚ ਅਜਿਹਾ ਪਾਤਰ ਨਜ਼ਰ ਆਉਂਦਾ ਹੈ ਜਦੋਂ ਉਹ ਆਖਦਾ ਹੈ ਕਿ

> "ਸ਼ਿਆਮਾ ਤੂੰ ਤਾਂ ਵੇਖਦੀ ਹੀ ਆ ਰਹੀ ਹੈ ਕਿ ਮੈਨੂੰ ਮੇਰੇ ਬੰਸਰੀ-ਵਾਦਕ ਹੋਣ ਕਰ ਕੇ ਵਾਰ-ਵਾਰ ਸਨਮਾਨਿਤ ਕੀਤਾ ਜਾਂਦਾ ਹੈ ਪਰ ਸ਼ਿਆਮਾ ਮੇਰੇ ਮੱਥੇ ਦੀਆਂ ਅੱਖਾਂ ਖੁਲ੍ਹੀਆਂ ਹਨ ਤੇ ਉਹ ਸੋਚਦੀਆਂ ਰਹਿੰਦੀਆਂ ਹਨ ਕਿ ਏਥੇ ਜਿਸ ਸਮਾਜ ਵਿਚ ਪੈਰ-ਪੈਰ 'ਤੇ ਵਿਵਸਥਾ ਲੱਖਾਂ ਲੋਕਾਂ ਨੂੰ ਹਰ ਰੋਜ਼ ਅਪਮਾਨਿਤ ਕਰ ਰਹੀ ਹੈ ਉੱਥੇ ਸਨਮਾਨ ਸਮਾਰੋਹ ਦੇ ਕੀ ਅਰਥ ਬਣਦੇ ਹਨ।"[45]

ਦੀਪੂ ਦੁਆਰਾ ਕਹੀਆਂ ਇਹ ਗੱਲਾਂ ਇੱਥੇ ਸਾਨੂੰ ਉਸ ਦੀ ਸਿਆਣਪ ਨਾਲ ਜਾਣੂ ਕਰਾਉਂਦੀਆਂ ਹਨ ਕਿ ਕਿਸ ਪ੍ਰਕਾਰ ਉਸ ਦੀ ਚੇਤਨਾ ਉਸ ਨੂੰ ਸਮਾਜ ਨਾਲ ਹੋ ਰਹੇ ਧੱਕੇ ਨੂੰ ਸਹਿਣ ਨਹੀਂ ਕਰਨ ਦੇ ਰਹੀ।

ਦੀਪੂ ਅਕਸਰ ਸਮਾਜ ਵਿਚ ਆ ਰਹੀ ਗਿਰਾਵਟ ਬਾਰੇ ਸੋਚਦਾ ਤੇ ਪਰੇਸ਼ਾਨ ਰਹਿੰਦਾ। ਜਦ ਸ਼ਿਆਮਾ ਨੇ ਉਸ ਕੋਲੋਂ ਉਸ ਦੀ ਉਦਾਸੀ ਦਾ ਕਾਰਨ ਪੁੱਛਿਆ ਤਾਂ ਉਸ ਨੇ ਦੱਸਿਆ ਕਿ

> "ਸ਼ਿਆਮਾ ਮੇਰੇ ਕੋਲੋਂ ਕੁੱਝ ਗੁਆਚਿਆਂ ਨਹੀਂ ਜਿਸ ਕਰ ਕੇ ਮੈਂ ਉਦਾਸ ਹੋ ਬੈਠਦਾ ਹਾਂ। ਸਗੋਂ ਮੈਨੂੰ ਤਾਂ ਮੇਰਾ ਬਹੁਤ ਸਾਰਾ ਕੁੱਝ ਗੁਆਚਿਆਂ ਤੇਰੇ ਵਿਚੋਂ ਲੱਭ ਗਿਆ। ਮੈਂ ਤਾਂ ਇਹ ਵੇਖ ਕੇ ਉਦਾਸ ਹੋ ਬੈਠਦਾ ਹਾਂ ਕਿ ਆਪਣੇ ਮੁਲਕ ਦਾ ਤਾਂ ਭਵਿੱਖ ਹੀ ਗੁਆਚ ਰਿਹਾ ਹੈ। ਆਹ ਨਵੀਂ ਪੀੜ੍ਹੀ ਵਾਲੇ ਵਰਗ ਨੂੰ ਮੈਂ ਕਦੇ ਵੀ ਗੰਭੀਰ ਮਸਲਿਆਂ ਬਾਰੇ ਗੱਲ ਕਰਦਿਆਂ ਨਹੀਂ ਸੁਣਿਆ। ਸ਼ਿਆਮਾ ਮੈਂ ਆਪਣੇ ਮੁਲਕ ਦੀਆਂ ਹਜ਼ਾਰਾਂ ਤ੍ਰੀਮਤਾਂ ਨੂੰ ਛੁਪ-ਛੁਪ ਕੇ ਸੁਣਿਆ ਹੈ। ਉਹ ਕੇਵਲ ਆਪਣੇ ਸ਼ਰੀਕੇ, ਆਂਢ-ਗੁਆਂਢ, ਫੈਸ਼ਨਾ, ਕੱਪੜਿਆਂ ਤੇ ਗਹਿਣਿਆਂ ਬਾਰੇ ਗੱਲਾਂ ਕਰੀ ਜਾਣਗੀਆਂ। ਮੈਂ ਕਦੇ ਉਨ੍ਹਾਂ ਨੂੰ ਆਪਣੇ ਮੁਲਕ ਦੇ ਆਂਢ-ਗੁਆਂਢ ਵਿਚ ਕੀ ਹੋ ਰਿਹਾ ਹੈ ਇਸ ਬਾਰੇ ਫ਼ਿਕਰਮੰਦ ਹੁੰਦਿਆਂ ਕਦੀ ਨਹੀਂ ਵੇਖਿਆ। ਸ਼ਿਆਮਾ ਆਹ ਮੁਲਾਜ਼ਮ ਹਨ ਤਨਖ਼ਾਹਾਂ ਦੀਆਂ ਗੱਲਾਂ ਤੋਂ ਬਿਨਾਂ ਇਨ੍ਹਾਂ ਕੋਲ ਹੋਰ ਕੋਈ ਗੱਲ ਨਹੀਂ ਹੁੰਦੀ। ਆਪਣੇ ਮੁਲਕ ਦੇ ਅਫ਼ਸਰ ਹੈਤ ਹੂਤ ਕਰਨ ਵਿਚ ਹੀ ਵਿਸ਼ਵਾਸ ਰੱਖਦੇ ਹਨ। ਸ਼ਿਆਮਾ ਕਦੇ ਕਿਹਾ ਜਾਂਦਾ ਸੀ ਵਿੱਦਿਆ ਵਿਚਾਰੀ ਤਾਂ ਪਰਉਪਕਾਰੀ। ਹੁਣ ਕਿਹਾ ਜਾ ਸਕਦਾ ਹੈ ਵਿੱਦਿਆ ਵਿਚਾਰੀ ਤਾਂ ਬਣੀ ਵਿਓਪਾਰੀ......ਬੱਸ ਮੈਂ ਤਾਂ ਇਸ ਤਰ੍ਹਾਂ ਦੇ ਖੜ੍ਹੇ ਪਾਣੀ ਉੱਤੇ ਕਾਤਰੀਆਂ ਚਲਾਉਂਦਾ ਚਲਾਉਂਦਾ ਇਸ ਨਤੀਜੇ ਤੇ ਪੁੱਜਿਆ ਹਾਂ ਕਿ ਕਦੇ ਨਾ ਕਦੇ ਥਾਂ ਖੜ੍ਹੇ ਪਾਣੀ ਦਾ ਬੰਨ੍ਹ ਟੁੱਟੇਗਾ ਹੀ। ਵੇਖ ਸ਼ਿਆਮਾ ਮੈਂ ਤੇਰੇ ਨਾਲ ਆਪਣੇ ਮੁਲਕ ਦੀਆਂ ਸੰਖਿਅਕ ਘਰੇਲੂ ਇਸਤਰੀਆਂ ਦੀਆਂ ਘਰੇਲੂ ਗੱਲਾਂ ਕਰਨ ਦੀ ਆਦਤ ਬਾਰੇ ਗੱਲ ਕੀਤੀ ਸੀ। ਉਹ ਸੁਆਣੀਆਂ ਆਂਢ-ਗੁਆਂਢ ਦੀਆਂ ਬਾਤਾਂ ਵਿਚ ਉਲਝੀਆਂ ਰਹਿੰਦੀਆਂ ਹਨ।"[46]

ਚੇਤਨਾ ਵਿਅਕਤੀ ਦੀਆਂ ਅੱਖਾਂ ਨੂੰ ਖੋਲਦੀ ਹੈ ਤੇ ਚੇਤਨਹੀਣਤਾ ਵਿਅਕਤੀ ਨੂੰ ਸਮਾਜ ਵਿਚ ਜੋ ਕੁੱਝ ਵਾਪਰ ਰਿਹਾ ਹੁੰਦਾ ਹੈ ਉਸ ਨੂੰ ਦੇਖਣ ਨਹੀਂ ਦਿੰਦੀ। ਦੀਪੂ ਦੁਆਰਾ ਸ਼ਿਆਮਾ ਨੂੰ ਲਾਈ ਚੇਤਨਾ ਦੀ ਚਿੰਗਾਰੀ ਅੱਜ ਸਭ ਕੁੱਝ ਸਮਝਾ ਰਹੀ ਸੀ ਤੇ ਉਹ ਸੋਚਦੀ ਹੈ ਕਿ

> "ਦੀਪੂ ਆਖਦਾ ਹੁੰਦਾ ਸੀ ਸ਼ਿਆਮਾ ਕੋਈ ਸ਼ਹਿਰ ਵਸਾਉਂਦਾ ਹੈ ਕੋਈ ਵਸੇ ਸ਼ਹਿਰ ਨੂੰ ਉਜਾੜਦਾ ਹੈ। ਬੱਸ ਮੈਨੂੰ ਅਮਰਵਤੀ ਨੇ ਉਜਾੜਿਆਂ ਹੈ ਤੇ ਤੂੰ ਮੈਨੂੰ ਵਸਾ ਲਿਆ। ਜਾਪਾਨ ਦੇ ਵਸੇ ਸ਼ਹਿਰ ਕਿਸ ਨੇ ਉਜਾੜੇ ਸਨ?"[47]

ਸ਼ਿਆਮਾ ਲਈ ਦੀਪੂ ਇੱਕ ਫ਼ਰਿਸ਼ਤੇ ਦੀ ਤਰ੍ਹਾਂ ਸੀ। ਪਰ ਜਦ ਉਹ ਹੁਣ ਆਪਣੀ ਧੀ ਵੰਤੀ ਦੁਆਰਾ ਬਣੇ ਧਰਮੀ ਪਿਤਾ ਦੀਪੂ ਦੀ ਬੇਅਦਬੀ ਹੁੰਦੀ ਦੇਖਦੀ ਹੈ ਤਾਂ ਉਹ ਉਸ ਨੂੰ ਆਖਦੀ ਹੈ ਕਿ

> "ਵੰਤੀਏ ਕਈ ਬੰਦੇ ਅੱਖਾਂ ਹੁੰਦਿਆਂ ਵੀ ਅੰਨ੍ਹੇ ਹੁੰਦੇ ਹਨ। ਕਈ ਬੰਦੇ ਆਪਣੇ ਮਨ ਦੀਆਂ ਅੱਖਾਂ ਨਾਲ ਵੇਖਦੇ ਨਹੀਂ। ਦੀਪਕ ਤਾਂ ਵੇਖਣ ਵਾਲਾ ਬੰਦਾ ਸੀ। ਦੀਪਕ ਤੈਨੂੰ ਧੀ ਸਮਝਦਾ ਰਿਹਾ। ਮੈਂ

> ਉਸ ਨੂੰ ਅੱਜ ਵੀ ਲੱਭਦੀ ਹਾਂ। ਉਹ ਬਾਹਰ ਜਾ ਕੇ ਪਤਾ ਨਹੀਂ ਕਿੱਥੇ ਕਿਉਂ ਤੇ ਕਿਵੇਂ ਗੁਆਚ ਗਿਆ?''[48]

ਚੇਤਨਹੀਣਤਾ ਵਿਅਕਤੀ ਨੂੰ ਸਿਰਫ਼ ਆਪਣੇ ਹਿਤਾਂ ਬਾਰੇ ਹੀ ਸੋਚਣ ਤੇ ਮਜਬੂਰ ਕਰਦੀ ਹੈ। ਇਸ ਲਈ ਹੀ ਵੰਤੀ ਤੇ ਉਸ ਦੇ ਘਰਵਾਲੇ ਨੇ ਦੀਪੂ ਦਾ ਘਰ ਵੇਚ ਕੇ ਨਵੀਂ ਕੋਠੀ ਪਾ ਲਈ ਜਦਕਿ ਦੀਪੂ ਆਪਣੇ ਜਨਮ ਵਾਲੇ ਕਮਰੇ ਵਿਚ ਹੀ ਆਪਣੀਆਂ ਅੱਖਾਂ ਨੂੰ ਬੰਦ ਕਰਨਾ ਚਾਹੁੰਦਾ ਸੀ। ਪਰ ਉਸ ਦੀ ਇੱਛਾ ਦੀ ਪੂਰਤੀ ਵੰਤੀ ਨੇ ਨਾ ਹੋਣ ਦਿੱਤੀ ਤੇ ਉਸ ਦੇ ਘਰ ਨੂੰ ਢਾਹ ਦਿੱਤਾ। ਸਮਾਜਿਕ ਜੀਵਨ ਵਿਚ ਜੇਕਰ ਵਿਅਕਤੀ ਦੀ ਇੱਛਾ ਪੂਰਤੀ ਹੁੰਦੀ ਰਹੇ ਤਾਂ ਇਸ ਦਾ ਵਹਾਅ ਆਸਾਨੀ ਨਾਲ ਚੱਲਦਾ ਰਹਿੰਦਾ ਹੈ।

ਨਾਵਲ 'ਤੂੰ ਕੌਣ ਸੀ?' ਦਾ ਸਮੁੱਚਾ ਕਥਾਨਕ ਸਮਾਜਿਕ-ਵਹਿਣ ਵਿਰਲਾਪ, ਵਤੀਰੇ ਅਤੇ ਵਿਵਸਥਾ ਦਾ ਸੂਚਕ ਬਣ ਕੇ ਜ਼ਿੰਦਗੀ ਨੂੰ ਜ਼ਿੰਦਗੀ ਦੇ ਆਪੇ ਲਈ ਅੱਖਰ ਪ੍ਰਦਾਨ ਕਰਦਾ ਹੋਇਆ ਨਜ਼ਰ ਆਉਂਦਾ ਹੈ ਕਿ ਅੱਜ ਕੱਲ੍ਹ ਕਿਵੇਂ ਦਰਜਨਾਂ ਕਿਸਮ ਦੀਆਂ ਪਦਾਰਥਵਾਦੀ ਰੁਚੀਆਂ ਸਮਾਜਿਕ ਸਰੋਕਾਰਾਂ ਦੀ ਸ਼ਕਲ ਨੂੰ ਵਿਗਾੜ ਰਹੀਆਂ ਹਨ ਤੇ ਮਨੁੱਖਤਾ ਦੀ ਚੇਤਨਹੀਣਤਾ ਹੀ ਅਜਿਹੀ ਪ੍ਰਸਥਿਤੀ ਦੀ ਅਸਲ ਜ਼ਿੰਮੇਵਾਰ ਹੈ।

## ਨਾਵਲ 'ਤੂੰ ਕੌਣ ਸੀ?' ਵਿਚਸਭਿਆਚਾਰਕ ਚੇਤਨਾ:

ਸਭਿਆਚਾਰਕ ਚੇਤਨਾ ਹਰ ਸਮਾਜ ਦੀ ਮੰਗ ਹੁੰਦੀ ਹੈ ਕਿਉਂਕਿ ਸਭਿਆਚਾਰਕ ਚੇਤਨਾ ਹੀ ਸੁਚੱਜੀ ਕਿਸਮ ਦੀ ਜੀਵਨ-ਸ਼ੈਲੀ ਨੂੰ ਜਨਮ ਦਿੰਦੀ ਹੈ। ਜਿਸ ਸਮਾਜ ਵਿਚ ਸਭਿਆਚਾਰਕ ਚੇਤਨਾ ਦੀ ਘਾਟ ਆ ਜਾਂਦੀ ਹੈ ਉਸ ਸਮਾਜ ਦੇ ਲੋਕਾਂ ਦੀਆਂ ਇੱਛਾਵਾਂ ਕੁਰਾਹੇ ਵੱਲ ਹੋ ਤੁਰਦੀਆਂ ਹਨ। ਇਸ ਤਰ੍ਹਾਂ ਚੇਤਨਾ ਦੀ ਘਾਟ ਕਰ ਕੇ ਨਿੱਜਵਾਦ ਦੀ ਭਾਵਨਾ ਦਾ ਜਨਮ ਹੁੰਦਾ ਹੈ:

- ਨਿੱਜਵਾਦ ਕਲੇਸ਼ ਨੂੰ ਜਨਮ ਦਿੰਦਾ ਹੈ।
- ਨਿੱਜਵਾਦ ਗ਼ਲਤ ਕਿਸਮ ਦੇ ਸੰਸਕਾਰਾਂ ਨੂੰ ਜਨਮ ਦਿੰਦਾ ਹੈ।
- ਨਿੱਜਵਾਦ ਸਦਕਾ ਸਰੋਕਾਰ ਸੀਮਤ ਹੋ ਜਾਂਦੇ ਹਨ।

ਸਮਾਜ ਵਿਚ ਵਾਪਰ ਰਹੇ ਗ਼ਲਤ ਵਰਤਾਰਿਆਂ ਸੰਬੰਧੀ ਸਮਾਜ ਨੂੰ ਸੁਚੇਤ ਹੋਣ ਦੀ ਲੋੜ ਰਹਿੰਦੀ ਹੈ ਤੇ ਸਭਿਆਚਾਰ ਚੇਤਨਾ ਉਨ੍ਹਾਂ ਅੰਦਰ ਇਸ ਸੁਚੇਤਨਾ ਨੂੰ ਜਨਮ ਦਿੰਦੀ ਹੈ। ਕਲਾ ਦਾ ਸੰਬੰਧ ਮਨੁੱਖੀ ਸੁਹਜ-ਸੁਆਦ ਨਾਲ ਹੁੰਦਾ ਹੈ ਤੇ ਸੁਹਜ-ਸੁਆਦ ਚਿੰਤਾਗ੍ਰਸਤ ਮਨ ਨੂੰ ਤੰਦਰੁਸਤੀ ਬਖ਼ਸ਼ਦਾ ਰਹਿੰਦਾ ਹੈ। ਦੀਪਕ ਦੇ ਲਈ ਸ਼ਿਆਮਾ ਦਾ ਸਾਥ ਇੱਕ ਅਜੂਬਾ ਬਣਦਾ ਜਾ ਰਿਹਾ ਸੀ ਤੇ ਅਜੂਬੇ ਦੇ ਅਰਥਾਂ ਨੂੰ ਭਾਲਦੇ ਹੋਏ ਉਸ ਦੇ ਅੰਦਰੋਂ ਇੱਕ ਕਵਿਤਾ ਨੇ ਜਨਮ ਲਿਆ:

''ਸ਼ਿਆਮਾ ਤ੍ਰੀਮਤ ਜ਼ਿੰਦਗੀ ਲਈ ਬੰਸਰੀ ਹੁੰਦੀ ਹੈ
ਤ੍ਰੀਮਤ ਦੀ ਸੁੰਦਰਤਾ ਦਾ ਸੰਗੀਤ
ਬੰਸਰੀ ਦੀ ਆਵਾਜ਼ ਵਾਂਗ ਕੋਇਲ ਦੀ

ਕੂਕ ਬਣ ਬੈਠਦਾ ਹੈ। ਤ੍ਰੀਮਤ ਲਾਵਾਰਸ ਪਲਾਂ
ਨੂੰ ਵਿਰਾਸਤ ਬਖ਼ਸ਼ਦੀ ਹੈ।
ਸ਼ਿਆਮਾ ਤੂੰ ਮੇਰੀ ਲਾਵਾਰਸ ਉਮਰ ਲਈ ਮਹਿਫ਼ਲ ਹੈ।"[49]

ਇਸ ਪ੍ਰਕਾਰ ਕਲਾ ਸਦਕਾ ਸ਼ਿਆਮਾ ਤੇ ਦੀਪੂ ਇੱਕ ਦੂਜੇ ਦੇ ਨਜ਼ਦੀਕ ਆਉਂਦੇ ਗਏ ਤੇ ਸ਼ਿਆਮਾ ਦੁਆਰਾ ਦੀਪੂ ਦੀ ਕਲਾ ਨੂੰ ਜੋ ਅਹਿਸਾਸ ਮਿਲ ਰਹੇ ਸਨ ਦੀਪੂ ਦੀ ਜ਼ਿੰਦਗੀ ਖ਼ੁਸ਼ਨਸੀਬ ਬਣਦੀ ਜਾ ਰਹੀ ਸੀ। ਜਦੋਂ ਅਸੀਂ ਕਲਾ ਵਿਚਲੇ ਸੁਹਜ-ਸੁਆਦ ਨੂੰ ਅਣਡਿੱਠ ਕਰਦੇ ਹਨ। ਸਮਾਜ ਦੇ ਸਾਹਮਣੇ ਕਈ ਪ੍ਰਕਾਰ ਦੀਆਂ ਸਮੱਸਿਆਵਾਂ ਖੜੀਆਂ ਹੋ ਜਾਂਦੀਆਂ ਹਨ ਕਿਉਂਕਿ ਕਲਾ ਅਤੇ ਸਾਹਿਤ ਸਮਾਜ ਨੂੰ ਸੇਧ ਦਿੰਦੇ ਹਨ। ਜੇਕਰ ਅਸੀਂ ਇਸ ਨੂੰ ਅਣਡਿੱਠ ਜਾਂ ਅਣਗੌਲਿਆ ਕਰਾਂਗੇ ਤਾਂ ਇਸ ਦਾ ਨੁਕਸਾਨ ਸਮਾਜ ਨੂੰ ਹੀ ਹੋਵੇਗਾ। ਸਭਿਆਚਾਰ ਚੇਤਨਾ ਸਮਾਜ ਵਿਚ ਪੈਂਦਾ ਹੋਈਆਂ ਇਨ੍ਹਾਂ ਸਮੱਸਿਆਵਾਂ ਨੂੰ ਸੁਲਝਾਉਣ ਵਿਚ ਮਦਦ ਕਰਦੀ ਹੈ।

ਸਭਿਆਚਾਰ ਵਿਚ ਦਿਨ ਪ੍ਰਤੀ ਦਿਨ ਆ ਰਹੀ ਗਿਰਾਵਟ ਨੂੰ ਰੋਕਣ ਦੇ ਲਈ ਲੋਕ-ਪੱਖੀ ਕਲਾ ਭਾਵਨਾ ਤੋਂ ਜੋ ਮਾਨਵਵਾਦੀ, ਕਲਿਆਣਕਾਰੀ, ਵਫ਼ਾਦਾਰ, ਲਾਭਦਾਇਕ, ਉਪਯੋਗੀ, ਸ਼ੁੱਧ ਅਤੇ ਸਦਾਚਾਰੀ ਕਲਾਤਮਿਕਤਾ ਜੋ ਕਿ ਮਨੁੱਖਤਾ ਨੂੰ ਸੁਚੇਤ ਕਰਦੀ ਹੈ ਉਸ ਨੂੰ ਜ਼ਿੰਦਗੀ ਵਿਚ ਅਪਣਾਉਣ ਦੀ ਲੋੜ ਹੈ। ਕਲਾ ਤੋਂ ਪੈਂਦਾ ਹੋਇਆ ਸੁਹਜ-ਸੁਆਦ:

- ਮਨੁੱਖਤਾ ਨੂੰ ਤ੍ਰਿਪਤੀ ਪ੍ਰਦਾਨ ਕਰਦਾ ਹੈ।
- ਅਜਿਹਾ ਸੁਹਜ-ਸੁਆਦ ਸੌਂਦਰਯ ਨੂੰ ਵੀ ਪੈਂਦਾ ਕਰਦਾ ਹੈ।
- ਸੁਹਜ-ਸੁਆਦ ਜ਼ਿੰਦਗੀ ਵਿਚ ਬੁੱਲ੍ਹਾਂ ਤੇ ਮੁਸਕਾਨ ਭਰੀ ਮਹਿਕ ਲੈ ਕੇ ਆਉਂਦਾ ਹੈ।
- ਕਲਾ ਦੀ ਕਲਾਤਮਿਕ ਊਰਜਾ ਸਦਕਾ ਹੀ ਮਨੁੱਖ ਦੀ ਮੂਲ ਇੰਦਰੀਆਂ ਵਿਚ ਸੰਤੁਲਿਤ ਵਿਵਸਥਾ ਬਣੀ ਰਹਿੰਦੀ ਹੈ।
- ਸੁਹਜ-ਸੁਆਦ ਮਨੁੱਖੀ ਆਪੇ ਨੂੰ ਗੰਭੀਰ ਬਣਾਉਂਦਾ ਹੈ।
- ਸੁਹਜ-ਸੁਆਦ ਵਿਅਕਤੀ ਨੂੰ ਗੰਭੀਰ ਬਣਾ ਕੇ ਗ਼ਲਤ ਵਿਸ਼ਿਆਂ ਸੰਬੰਧੀ ਜਾਂ ਵਰਤਾਰਿਆਂ ਸੰਬੰਧੀ ਸੋਚਣ ਲਈ ਪ੍ਰੇਰਿਤ ਕਰਦਾ ਹੈ।

ਪਰ ਜਿੱਥੇ ਕਲਾ ਦੀ ਕਦਰ ਨਹੀਂ ਹੁੰਦੀ ਉੱਥੇ ਭਿਆਨਕ ਕਿਸਮ ਦੀਆਂ ਰੁਚੀਆਂ ਪੈਦਾ ਹੋ ਜਾਂਦੀਆਂ ਹਨ ਤੇ ਸ਼ਿਆਮਾ ਵੀ ਆਪਣੇ ਬੱਚਿਆਂ ਦੀਆਂ ਅਜਿਹੀਆਂ ਰੁਚੀਆਂ ਨੂੰ ਦੇਖ ਕੇ ਪਰੇਸ਼ਾਨ ਹੁੰਦੀ ਹੈ ਕਿ ਕਸਤੂਰੀ ਤਾਂ ਮਿਹਨਤੀ ਬੰਦਾ ਸੀ ਪਰ ਉਸ ਦੀ ਔਲਾਦ ਲਾਲਚੀ, ਕਬੂਤਰਬਾਜ਼, ਕਲੇਸ਼ਬਾਣ ਅਤੇ ਗਲੈਮਰੀ ਕਿੱਦਾਂ ਬਣ ਗਈ। ਸ਼ਿਆਮਾ ਆਪਣੀ ਧੀ ਦੇ ਗਲੈਮਰੀ ਰੁਚੀ ਕਰ ਕੇ ਬਹੁਤ ਪਰੇਸ਼ਾਨ ਹੁੰਦੀ ਹੈ ਕਿ ਇਸ ਤਰ੍ਹਾਂ ਦੀ ਸੋਚ ਨੇ ਸਮਾਜ ਦੇ ਲਈ ਕੀ ਚੰਗਾ ਕਰ ਲੈਣਾ ਹੈ ਜਦਕਿ ਉਸ ਦਾ ਪਿਤਾ ਕਸਤੂਰੀ ਉਸ ਨੂੰ ਉੱਚ ਵਿੱਦਿਆ ਦੁਆ ਕੇ ਸਮਾਜ ਦਾ

ਧਾਰਨੀ ਬਣਾਉਣਾ ਚਾਹੁੰਦਾ ਸੀ। ਇਸ ਪ੍ਰਕਾਰ ਦੀਆਂ ਰੁਚੀਆਂ ਸਮਾਜ ਦੇ ਲਈ ਅਕਸਰ ਘਾਤਕ ਸਾਬਿਤ ਹੁੰਦੀਆਂ ਹਨ ਕਿਉਂਕਿ:

- ਗ਼ਲਤ ਰੁਚੀਆਂ ਵਿਅਕਤੀ ਅੰਦਰ ਕਿਰਕਿਰੀ ਪੈਦਾ ਕਰਦੀਆਂ ਹਨ।
- ਅਜਿਹੀਆਂ ਰੁਚੀਆਂ ਬੁੱਧੀਹੀਣ ਕਿਸਮ ਦੀਆਂ ਹੁੰਦੀਆਂ ਹਨ।
- ਅਜਿਹੀਆਂ ਰੁਚੀਆਂ ਸਮਾਜ-ਸਭਿਆਚਾਰ ਲਈ ਮਾਰੂ ਸਾਬਿਤ ਹੁੰਦੀਆਂ ਹਨ।
- ਇਹ ਮਨੁੱਖ ਦੇ ਸਵੈ ਨੂੰ ਸੁਚੱਜ ਤੋਂ ਬੇਮੁਖ ਕਰਦੀਆਂ ਰਹਿੰਦੀਆਂ ਹਨ।

ਦੀਪੂ ਦੇ ਬੰਸਰੀ ਵਾਦਣ ਦੀ ਕਲਾ ਦੀ ਦੂਰ-ਦੂਰ ਤੱਕ ਮਸ਼ਹੂਰੀ ਸੀ ਤੇ ਜਿਸ ਕਰ ਕੇ ਲੋਕਾਂ ਵਿਚ ਉਸ ਦਾ ਬੜਾ ਮਾਨ-ਸਨਮਾਨ ਕੀਤਾ ਜਾਂਦਾ ਸੀ। ਅਕਸਰ ਲੋਕ ਸੁਚੱਜੀ ਕਲਾ ਦੀ ਕਦਰ ਕਰਦੇ ਹਨ। ਕਿਉਂਕਿ ਮਨੁੱਖੀ ਜ਼ਿੰਦਗੀ ਦੀ ਮਾਨਸਿਕਤਾ ਤੋਂ ਪੈਦਾ ਹੋਈ ਆਨੰਦਮਈ ਧੁਨੀ ਨੂੰ ਹੀ ਜ਼ਿੰਦਗੀ ਦਾ ਸੰਗੀਤ ਕਿਹਾ ਜਾਂਦਾ ਹੈ ਤੇ ਸੰਗੀਤ ਸਦਾ ਹੀ ਸਭਿਆਚਾਰ ਦਾ ਧਾਰਨੀ ਬਣ ਕੇ ਚਲਦਾ ਹੈ। ਪਰ ਜੇਕਰ ਅਜਿਹਾ ਨਹੀਂ ਤਾਂ ਇਸ ਪ੍ਰਕਾਰ ਦੀ ਸੰਗੀਤਮਈ ਕਲਾ ਸਮਾਜ ਤੇ ਸਭਿਆਚਾਰ ਦੇ ਲਈ ਖ਼ਤਰਨਾਕ ਬਣੀ ਰਹਿੰਦੀ ਹੈ। ਅਫ਼ਲਾਤੂਨੀ ਕਿਸਮ ਦਾ ਸੰਗੀਤ ਸਦਾ ਹੀ ਦੁਖਾਂਤ ਦੀ ਪੈਦਾਵਾਰ ਕਰਦਾ ਹੈ ਪਰ ਸਭਿਆਚਾਰਕ ਪੱਖ ਦਾ ਧਾਰਨੀ ਸੰਗੀਤ ਸੁਹਜ-ਸੁਆਦ ਨੂੰ ਪੈਦਾ ਕਰਦਾ ਰਹਿੰਦਾ ਹੈ।

ਸਭਿਆਚਾਰ ਦੇ ਸਾਧਾਰਨ ਅਰਥਾਂ ਦੀ ਗੱਲ ਕਰੀਏ ਤਾਂ ਅਜਿਹਾ ਆਚਾਰ-ਵਿਹਾਰ ਜੋ ਵਿਅਕਤੀ ਨੂੰ ਸੱਭਿਆ ਭਾਵ ਕਿ ਸਮਾਜ ਦੇ ਵਿਚ ਰਹਿਣ ਯੋਗ ਬਣਾਵੇ ਪਰ ਸਭਿਆਚਾਰਕ ਚੇਤਨਾ ਦੀ ਘਾਟ ਕਰ ਕੇ ਵਿਅਕਤੀ ਅਸੱਭਯ ਅਤੇ ਅਸ਼ਲੀਲ ਸੰਸਕਾਰਾਂ ਨੂੰ ਅਪਣਾ ਲੈਂਦਾ ਹੈ ਜੋ ਕਿ ਸਮਾਜ ਲਈ ਨਕਾਰਾਤਮਕ ਕਿਸਮ ਦੀਆਂ ਪ੍ਰਸਥਿਤੀਆਂ ਨੂੰ ਪੈਦਾ ਕਰਦੇ ਹਨ ਤੇ ਨਾਵਲ 'ਤੂੰ ਕੌਣ ਸੀ?' ਵਿਚ ਸ਼ਿਆਮਾ ਅਤੇ ਦੀਪੂ ਅਜਿਹੀਆਂ ਪ੍ਰਸਥਿਤੀਆਂ ਪ੍ਰਤੀ ਆਪਣੀ ਚਿੰਤਾ ਜ਼ਾਹਿਰ ਕਰਦੇ ਹਨ ਕਿ ਸਮਾਜ ਕਿਸ ਕੁਰਾਹੇ ਵੱਲ ਜਾ ਰਿਹਾ ਹੈ। ਸ਼ਿਆਮਾ ਦੀਪੂ ਨੂੰ ਦੱਸਦੀ ਹੈ ਕਿ

> "ਪ੍ਰੋ. ਸਾਹਿਬ ਮੈਂ ਤੁਹਾਨੂੰ ਬਹੁਤ ਵਾਰ ਦੱਸ ਚੁੱਕੀ ਹਾਂ ਕਿ ਮੇਰਾ ਵੱਡਾ ਮੁੰਡਾ ਕੇਦਾਰ ਬੜਾ ਲਾਲਚੀ ਹੈ ਉਹ ਪੈਸੇ ਦਾ ਪੁੱਤ ਹੈ। ਏਥੋਂ ਤੱਕ ਕਿ ਉਹ ਪੈਸੇ ਲਈ ਆਪਣੇ ਆਪ ਨੂੰ ਤੇ ਆਪਣੀ ਇੱਜ਼ਤ ਨੂੰ ਵੀ ਵੇਚ ਸਕਦਾ ਹੈ। ਜਿਹੜਾ ਬੰਦਾ ਪੈਸੇ ਲਈ ਆਪਣੇ ਆਪ ਨੂੰ ਵੇਚ ਸਕਦਾ ਹੈ ਉਸ ਦੇ ਲਈ ਮਾਂ ਭੈਣ ਅਤੇ ਧੀ ਦੀ ਤਾਂ ਕੀ ਥਾਂ ਹੋਣੀ ਹੈ? ਉਹ ਪੜ੍ਹਨ ਅਤੇ ਸਿੱਖਣ ਸਿਖਾਉਣ ਲਈ ਕੋਈ ਦਿਲਚਸਪੀ ਨਹੀਂ ਰੱਖਦਾ। ਉਂਗਲਾਂ ਭੰਨ-ਭੰਨ ਉਹ ਪੈਸੇ ਟਕੇ ਬਣਾਉਣ ਦੀ ਵਿਉਂਤ ਘੜਦਾ ਰਹਿੰਦਾ ਹੈ। ਉਸ ਦੇ ਮਿੱਤਰ ਦਾ ਬਾਪ ਆਹ ਪਲਾਟਾਂ ਦੀ ਖ਼ਰੀਦ ਫ਼ਰੋਖ਼ਤ ਦਾ ਵਿਓਪਾਰੀ ਹੈ। ਊਂ ਉਸ ਦੇ ਮਿੱਤਰ ਦਾ ਬਾਪ ਮਾਸਟਰ ਲੱਗਿਆਂ ਹੋਇਆ ਹੈ। ਮਾਸਟਰੀ ਨੂੰ ਤਾਂ ਉਹ ਛਿੱਤਰ ਨਾਲ ਘੁੱਗੀ ਕੁੱਟਣ ਵਾਂਗ ਹੀ ਸਮਝਦਾ ਹੈ। ਬੱਸ ਕੇਦਾਰ ਨੂੰ ਉਸ ਦੇ ਮਿੱਤਰ ਦੇ ਬਾਪ ਨੇ ਆਖ

> ਦਿੱਤਾ ਬਈ ਤੂੰ ਦੱਸ ਹਜ਼ਾਰ ਲੈ ਆ ਮੈਂ ਤੈਨੂੰ ਇੱਕ ਸਾਲ ਵਿਚ ਦਸ ਹਜ਼ਾਰ ਦਾ ਪੰਜਾਹ ਹਜ਼ਾਰ ਬਣਾ ਕੇ ਦੇ ਦੂੰਗਾ।"[50]

ਦੀਪੂ ਸ਼ਿਆਮਾ ਨੂੰ ਪੈਸੇ ਦਿੰਦਾ ਹੋਇਆ ਕਹਿੰਦਾ ਹੈ ਕਿ

> "ਜਿਹੜੇ ਦਿਨ ਪੈਸੇ ਨਾਲ ਮਰ ਮਿਟ ਜਾਣ ਉਹ ਮਾੜੇ ਦਿਨ ਨਹੀਂ ਹੁੰਦੇ। ਮਾੜੇ ਦਿਨ ਤਾਂ ਉਹ ਹੁੰਦੇ ਹਨ ਜਿਨ੍ਹਾਂ ਦਾ ਕੋਈ ਇਲਾਜ ਨਾ ਹੋ ਸਕੇ ਪਰ ਇਸ ਧਰਤੀ 'ਤੇ ਕੋਈ ਅਜਿਹੇ ਮਾੜੇ ਦਿਨ ਨਹੀਂ ਜਿਨ੍ਹਾਂ ਦਾ ਇਲਾਜ ਨਾ ਹੋ ਸਕੇ ਸਭ ਤੋਂ ਪਹਿਲਾ ਤਾਂ ਮਾੜੇ ਦਿਨਾਂ ਦਾ ਦਿਨ ਆਪ ਹੀ ਇਲਾਜ ਕਰਦੇ ਰਹਿੰਦੇ ਨੇ......"[51]

ਇੱਥੇ ਸਾਨੂੰ ਕੇਦਾਰ ਦੀ ਚੇਤਨਹੀਣਤਾ ਕਰ ਕੇ ਪੈਂਦਾ ਹੋਈ ਅਗਿਆਨਤਾ ਤੇ ਦੀਪੂ ਦੀ ਚੇਤਨਮਈ ਗਿਆਨਤਾ ਦਾ ਜ਼ਿਕਰ ਹੋਇਆ ਮਿਲਦਾ ਹੈ।

ਸਭਿਆਚਾਰ ਦਾ ਸਾਰਾ ਤਾਣਾ-ਬਾਣਾ ਰਿਸ਼ਤੇ-ਨਾਤਿਆਂ ਨਾਲ ਜੁੜਿਆ ਹੁੰਦਾ ਹੈ ਤੇ ਨਾਵਲ 'ਤੂੰ ਕੌਣ ਸੀ?' ਵਿਚ ਅਜਿਹੇ ਰਿਸ਼ਤਿਆਂ ਦੀ ਗੱਲ ਕੀਤੀ ਗਈ ਹੈ ਇਸ ਵਿਚ ਸਭਿਆਚਾਰਕ ਚੇਤਨਾ ਸਦਕਾ ਰਿਸ਼ਤਿਆਂ ਵਿਚ ਮੋਹ ਅਤੇ ਪਿਆਰ ਦੀ ਸਾਂਝ ਅਤੇ ਸਭਿਆਚਾਰ ਵਿਚ ਆ ਰਹੇ ਪਰਿਵਰਤਨ ਸਦਕਾ ਇਨ੍ਹਾਂ ਰਿਸ਼ਤਿਆਂ ਵਿਚ ਆ ਰਹੀ ਗਿਰਾਵਟ ਦੀ ਵੀ ਗੱਲ ਕੀਤੀ ਗਈ ਹੈ।

- ਰਿਸ਼ਤਿਆਂ ਦੀ ਅਪਣੱਤ ਨੂੰ ਹੀ ਸਭਿਆਚਾਰ ਕਿਹਾ ਜਾਂਦਾ ਹੈ।
- ਸੰਵੇਦਨਸ਼ੀਲ ਚੇਤਨਾ ਨੂੰ ਹੀ ਸਭਿਆਚਾਰ ਦਾ ਨਾਂ ਦਿੱਤਾ ਜਾਂਦਾ ਹੈ।
- ਸਦਭਾਵਨਾ ਅਤੇ ਸਹਿਯੋਗ ਦੀ ਸੂਝ ਹੀ ਸਭਿਆਚਾਰਕ ਚੇਤਨਾ ਨੂੰ ਜਨਮ ਦਿੰਦੀ ਹੈ।

ਨਾਵਲ 'ਤੂੰ ਕੌਣ ਸੀ?' ਵਿਚ ਇਸ ਅਪਣੱਤ, ਸਹਿਯੋਗ, ਸਦਭਾਵਨਾ ਅਤੇ ਸੰਵੇਦਨਾ ਭਰੇ ਅਹਿਸਾਸਾ ਵਾਲੇ ਪਾਤਰਾਂ ਜਿਵੇਂ ਦੀਪੂ, ਸ਼ਿਆਮਾ ਅਤੇ ਚਾਚਾ ਖੇਤਾ ਸਿੰਘ ਦੀ ਗੱਲ ਕੀਤੀ ਹੈ ਅਤੇ ਦੂਜੇ ਪਾਸੇ ਸਭਿਆਚਾਰਕ ਸਾਂਝ ਤੋਂ ਬੇਮੁਖ ਹੋਏ ਸ਼ਿਆਮਾ ਦੇ ਧੀਆਂ-ਪੁੱਤਰਾਂ ਦੀ ਸੁਆਰਥੀ ਭਾਵਨਾ ਦਾ ਵੀ ਜ਼ਿਕਰ ਕੀਤਾ ਹੈ ਤੇ ਅਜਿਹੀ ਸੁਆਰਥੀ ਸੋਚ:

- ਸਾਡੇ ਸਮਾਜ ਦੇ ਲਈ ਲਾਹਨਤ ਬਣੀ ਰਹਿੰਦੀ ਹੈ।
- ਸੁਆਰਥੀ ਸੋਚ ਸਮੇਂ ਅਤੇ ਸਮਾਜ ਨੂੰ ਪ੍ਰਦੂਸ਼ਿਤ ਕਰਦੀ ਰਹਿੰਦੀ ਹੈ।
- ਸੁਆਰਥੀ ਸੋਚ ਸੀਮਤ ਕਿਸਮ ਦੀ ਵਿਚਾਰਧਾਰਾ ਨੂੰ ਜਨਮ ਦਿੰਦੀ ਹੈ।

ਸਭਿਆਚਾਰ ਕੋਈ ਸਥਿਰ ਚੀਜ਼ ਨਹੀਂ ਹੈ ਤੇ ਇਸ ਵਿਚ ਬਦਲਾਅ ਆਉਣਾ ਤਾਂ ਸਾਧਾਰਨ ਜਿਹੀ ਗੱਲ ਹੈ। ਪਰ ਇਹ ਲੋਕਾਂ ਤੇ ਹੁੰਦਾ ਹੈ ਕਿ ਉਹ ਸਹੀ ਬਦਲਾਅ ਨੂੰ ਹੀ ਅਪਣਾਉਣ। ਸਭਿਆਚਾਰ ਵਿਚ ਸਮਾਜਿਕ ਜੀਵਨ ਅੰਦਰ ਆਉਂਦੇ ਰਿਸ਼ਤਿਆਂ-ਨਾਤਿਆਂ ਦੀ ਖ਼ਾਸ ਜਗ੍ਹਾ ਹੁੰਦੀ ਹੈ। ਪਰ ਪਿਛਲੇ ਕੁੱਝ ਸਮੇਂ ਤੋਂ ਵੇਖਣ ਵਿਚ

ਆਉਂਦਾ ਹੈ ਕਿ ਨੌਜਵਾਨ ਪੀੜ੍ਹੀ ਇਨ੍ਹਾਂ ਸਭਿਆਚਾਰਕ ਕੀਮਤਾਂ ਨੂੰ ਅਣਡਿੱਠ ਕਰਦੀ ਜਾ ਰਹੀ ਹੈ। ਨਾਵਲ 'ਤੂੰ ਕੌਣ ਸੀ?' ਵਿਚ ਵੀ ਅਜਿਹੀ ਸਥਿਤੀ ਦੀ ਗੱਲ ਕੀਤੀ ਹੈ:

> "ਕੇਦਾਰ ਜਿਉਂ-ਜਿਉਂ 'ਮਾਲਾਧਾਰੀ' ਦਾ ਮਾਲ ਬਣਦਾ ਗਿਆ ਤਿਉਂ-ਤਿਉਂ ਉਸ ਦੀਆਂ ਨਜ਼ਰਾਂ ਪਥਰਾਉਣ ਲੱਗ ਪਈਆਂ। ਮਾਇਆਧਾਰੀ ਬਣ ਕੇ ਜਿਊਣ ਵਾਲੀ ਜ਼ਹਿਨੀਅਤ ਲਈ ਮਾਂ ਦਾ ਅਸਲੀ ਮੁੱਲ ਪਾਉਣਾ ਔਖਾ ਹੋ ਜਾਂਦਾ ਹੈ। ਕੁੰਜਰਾਣੀ ਹਰ ਕਿਸਮ ਦੇ ਰਿਸ਼ਤੇਦਾਰੀ ਦੇ ਰੁਤਬੇ ਨੂੰ ਅਣਡਿੱਠ ਕਰਦੀ ਕਰਦੀ ਆਪਣੇ-ਆਪ ਵਿਚ ਹੀ ਸੁੰਘੜਦੀ ਗਈ। ਧਰਮਿੰਦਰ ਦਾ ਇਵਜ਼ਾਨੇ ਵਜੋਂ ਹੋਇਆ ਵਿਆਹ ਪੂਰੀ ਤਰ੍ਹਾਂ ਨਾਲ ਆਪਣਾ ਢੋਲ ਵਜਾਈ ਜਾ ਰਿਹਾ ਸੀ। ਦਰਅਸਲ ਇਸ ਢੋਲ ਢਮੱਕੇ ਕਰ ਕੇ ਦਿਨ ਪ੍ਰਤੀ ਦਿਨ ਸ਼ਿਆਮਾ ਲਈ ਮੁਸੀਬਤਾਂ ਖੜ੍ਹੀਆਂ ਹੋ ਰਹੀਆਂ ਸਨ।"[52]

ਇਸ ਪ੍ਰਕਾਰ ਨਵੀਂ ਪੀੜ੍ਹੀ ਅੰਦਰ ਸਭਿਆਚਾਰਕ ਚੇਤਨਾ ਦੀ ਘਾਟ ਉਸ ਨੂੰ ਕਦਰਾਂ-ਕੀਮਤਾਂ ਦੀ ਕਦਰ ਕਰਨ ਦੀ ਥਾਂ ਉਨ੍ਹਾਂ ਦੀ ਬੇਕਦਰੀ ਕਰਨਾ ਸਿਖਾਉਂਦੀ ਹੈ ਤੇ ਕੇਦਾਰ ਦੇ ਲਈ ਆਪਣੀ ਬੁੱਢੀ ਮਾਂ ਦੀ ਕੋਈ ਕਦਰ ਨਹੀਂ।

ਦੀਪੂ ਸ਼ਿਆਮਾ ਨੂੰ ਆਪਣੇ ਗੁਰੂ ਦਵੇਸ਼ਰਾਨੰਦ ਜੀ ਦੀ ਮਹਾਨਤਾ ਬਾਰੇ ਦੱਸਦਾ ਆਖਦਾ ਹੈ ਕਿ

> "ਉਨ੍ਹਾਂ ਦੀ ਬਾਣੀ ਨੂੰ ਜਦੋਂ ਦਾ ਮੈਂ ਸਤ ਬਚਨ ਮੰਨ ਕੇ ਤੁਰਿਆ ਹਾਂ ਤਾਂ ਮੈਨੂੰ ਸੁੱਖ ਮਿਲਿਆ ਹੈ। ਆਹ ਮੈਨੂੰ ਉਨ੍ਹਾਂ ਨੇ ਅਮਰਾਵਤੀ ਨਾਲ ਵਿਆਹ ਕਰਵਾਉਣ ਤੋਂ ਵਰਜਿਆਂ ਸੀ। ਮੈਂ ਹੁਕਮ ਅਦੂਲੀ ਕੀਤੀ ਤੇ ਸਿੱਟਾ ਤੇਰੇ ਮੇਰੇ ਸਾਹਮਣੇ ਹੀ ਹੈ। ਸ਼ਿਆਮਾ ਗੁਰੂ ਜੀ ਦਾ ਪਰਸੋਂ ਖ਼ਤ ਆਇਆ ਹੈ। ਉਹ ਕੈਲਾਸ਼ ਮਾਨਸਰੋਵਰ ਦੀ ਯਾਤਰਾ ਕਰਨਾ ਚਾਹੁੰਦੇ ਹਨ। ਉਹ ਮੇਰੇ ਬਿਨਾਂ ਉਸ ਯਾਤਰਾ 'ਤੇ ਜਾਣਾ ਨਹੀਂ ਚਾਹੁੰਦੇ। ਕੈਲਾਸ਼ ਮਾਨਸਰੋਵਰ ਦੀ ਯਾਤਰਾ ਲਈ ਚੀਨ ਦੀ ਸਰਕਾਰ ਤੋਂ ਵੀ ਇਜਾਜ਼ਤ ਲੈਣੀ ਪੈਂਦੀ ਹੈ। ਹੁਣ ਤੋਂ ਲਿਖਾ ਪੜ੍ਹੀ ਸ਼ੁਰੂ ਕਰਨੀ ਪਵੇਗੀ। ਸ਼ਿਆਮਾ ਉੱਥੇ ਕ੍ਰਿਸ਼ਨ ਲੀਲ੍ਹਾ ਧਾਮ ਦੀ ਫ਼ਿਜ਼ਾ ਵਿਚ ਅਪਣੱਤ ਹੀ ਅਪਣੱਤ ਹੈ। ਆਹ ਆਮ ਤੌਰ 'ਤੇ ਜਿਹੜਾ ਕੁੱਝ ਧਾਰਮਿਕ ਅਦਾਰਿਆਂ ਵਿਚ ਪਾਖੰਡ ਤੇ ਪਰਪੰਚ ਦਾ ਵਰਤਾਰਾ ਹੈ ਉਸ ਦਾ ਤਾਂ ਉੱਥੇ ਨਾਂਅ ਨਿਸ਼ਾਨ ਵੀ ਨਹੀਂ। ਗੁਰੂ ਜੀ ਆਖਦੇ ਹਨ ਜਿਹੜਾ ਧਰਮ ਜ਼ਿੰਦਗੀ ਨੂੰ ਜਿਊਣ ਦੀ ਸੁਚੱਜੀ ਸਿੱਖਿਆ ਨਹੀਂ ਦਿੰਦਾ ਉਹ ਅਧਰਮ ਹੈ। ਗੁਰੂ ਜੀ ਦਾ ਕਥਨ ਹੈ ਧਰਮ ਜਦੋਂ ਸੰਪਰਦਾਇਕਤਾ ਦਾ ਰੂਪ ਧਾਰਨ ਕਰ ਲੈਂਦਾ ਹੈ ਤਦ ਉਹ ਸੱਪ ਦੇ ਡੰਗ ਵਾਂਗ ਖ਼ਤਰਨਾਕ ਬਣ ਬੈਠਦਾ ਹੈ। ਭਾਈ ਦੀਪੂ ਸੰਪਰਦਾਇਕਤਾ ਅਤੇ ਸੱਪ ਦਾ ਇੱਕ ਹੀ ਰੂਪ ਹੈ। ਗੁਰੂ ਜੀ ਸਮਝਾਉਂਦੇ ਰਹਿੰਦੇ ਹਨ ਕਿ ਧਾਰਮਿਕ ਅਨਿਆਂ ਆਰਥਿਕ ਅਨਿਆਂ ਤੋਂ ਵੀ ਮਾਰੂ ਬਣਿਆ ਰਹਿੰਦਾ ਹੈ। ਅੱਜ ਕੱਲ੍ਹ ਤਾਂ ਧਰਮ ਦੇ ਪਾਖੰਡਵਾਦ ਨੇ ਧਰਤੀ ਨੂੰ ਲਾਵਾਰਸ ਬਣਾ ਛੱਡਿਆਂ ਹੈ। ਉਹ ਆਸ਼ਰਮ ਤਾਂ ਆਪਣੇ ਆਪ ਨੂੰ ਲਾਵਾਰਸ ਜ਼ਿੰਦਗੀ ਦਾ ਵਾਰਸ ਸਮਝਦੇ।"[53]

ਦੀਪੂ ਸ਼ਿਆਮਾ ਦੀ ਛੋਟੀ ਧੀ ਨੂੰ ਆਪਣੀ ਧੀ ਬਣਾ ਕੇ ਉਸ ਦੀ ਸੁੰਦਰਤਾ ਨੂੰ ਦੇਖ ਕੇ ਉਸ ਦਾ ਨਾਮ ਰੂਪਵਤੀ ਰੱਖ ਲੈਂਦਾ ਹੈ ਤੇ ਉਸ ਦੇ ਵਿਆਹ ਦੀ ਖ਼ਰੀਦਦਾਰੀ ਵਿਚ ਹਰ ਪ੍ਰਕਾਰ ਦੀ ਮਦਦ ਕਰਦਾ ਹੈ ਜੋ ਕਿ ਉਸ ਦੀ ਸਭਿਆਚਾਰਕ ਚੇਤਨਾ ਦੀ ਧਾਰਨੀ ਬਣ ਕੇ ਚਲਦੀ ਹੈ। ਦੀਪੂ ਆਪਣੀ ਧੀ ਰੂਪਾ ਨੂੰ ਆਖਦਾ ਹੈ

> "ਰਾਣੀ ਧੀਏ ਤੈਨੂੰ ਇਹ ਗਹਿਣੇ ਮੁਬਾਰਕ ਹੋਣ। ਵਿਆਹ ਵੀ ਇੱਕ ਉਤਸਵ ਹੁੰਦਾ ਹੈ। ਮੇਰੇ ਹੁੰਦਿਆਂ ਤੂੰ ਆਪਣੇ ਉਸ ਉਤਸਵ ਲਈ ਸਾਰੀ ਦੀ ਸਾਰੀ ਖ਼ਰੀਦ ਕਰ ਲੈ ਪਰ ਮੇਰੀ ਤੈਨੂੰ ਇੱਕ ਨਸੀਹਤ ਹੈ ਕਿ ਤੂੰ ਯਾਦ ਰੱਖੀ ਕਿ ਜ਼ਿੰਦਗੀ ਵੀ ਇੱਕ ਕੁਦਰਤੀ ਗਹਿਣਾ ਹੁੰਦੀ ਹੈ। ਇਸ ਵਿਚ ਖੋਟ ਪਾਉਣਾ ਮੂਰਖਤਾ ਹੁੰਦਾ ਹੈ।"[54]

ਇਸ ਦੇ ਪਿੱਛੇ ਦੀਪੂ ਦੀ ਸਭਿਆਚਾਰਕ ਚੇਤਨਾ ਹੀ ਹੈ ਜੋ ਕਿ ਵਿਆਹ ਵਰਗੇ ਸਭਿਆਚਾਰਕ ਕੰਮ ਦੀ ਮਹੱਤਤਾ ਨੂੰ ਸਮਝਦਾ ਹੋਇਆ ਸ਼ਿਆਮਾ ਦੀ ਧੀ ਨੂੰ ਆਪਣੀ ਸਮਝ ਕੇ ਉਸ ਦੇ ਸਾਰੇ ਚਾਅ ਪੂਰੇ ਕਰਦਾ ਹੈ।

ਕੁਲ ਮਿਲਾ ਕੇ ਕਿਹਾ ਜਾ ਸਕਦਾ ਹੈ ਨਾਵਲ 'ਤੂੰ ਕੌਣ ਸੀ?' ਸਭਿਆਚਾਰ ਪ੍ਰਤੀ ਸੂਝ, ਸਮਝ ਤੇ ਸਿਆਣਪ ਭਰੀ ਚੇਤਨਾ ਦੀ ਅਗਵਾਈ ਕਰਦਾ ਹੈ ਤੇ ਸਮਾਜ-ਸਭਿਆਚਾਰਕ ਚੇਤਨਾ ਦੀ ਅਣਹੋਂਦ ਹੋਣ ਕਰ ਕੇ ਉਸ ਦੇ ਨਿਕਲੇ ਭਿਆਨਕ ਨਤੀਜਿਆਂ ਦੇ ਬਾਰੇ ਵੀ ਦੱਸਦਾ ਹੈ ਕਿ ਸਮਾਜ-ਸਭਿਆਚਾਰਕ ਚੇਤਨਾ ਦੀ ਘਾਟ ਸਦਕਾ ਸਮਾਜ ਕਿਵੇਂ ਕੁਰਾਹੇ ਵੱਲ ਹੋ ਤੁਰਦਾ ਹੈ। ਨਾਵਲ ਦੇ ਵਿਚ ਦੀਪੂ, ਦੀਪੂ ਦਾ ਚਾਚਾ ਖੇਤਾ ਸਿੰਘ ਤੇ ਸ਼ਿਆਮਾ ਅਜਿਹੇ ਪਾਤਰ ਨਜ਼ਰ ਆ ਰਹੇ ਹਨ ਜੋ ਕਿ ਸਮਾਜ-ਸਭਿਆਚਾਰਕ ਚੇਤਨਾ ਦੇ ਪੱਖ ਦੀ ਤਰਜਮਾਨੀ ਕਰਦੇ ਹੋਏ ਸਮਾਜ ਵਿਚ ਇਸ ਦੇ ਪ੍ਰਭਾਵਾਂ ਨੂੰ ਕਬੂਲਦੇ ਹਨ। ਦੀਪੂ ਤੇ ਦੀਪੂ ਦਾ ਚਾਚਾ ਖੇਤਾ ਸਿੰਘ ਨੇ ਆਪਣੀ ਜ਼ਮੀਨ ਨੂੰ ਸਮਾਜਿਕ ਭਲਾਈ ਦੇ ਲਈ ਦਾਨ ਕਰ ਦਿੱਤਾ ਤੇ ਸ਼ਿਆਮਾ ਦੀ ਹਰ ਪੱਖ ਤੋਂ ਮਦਦ ਕਰਦੇ ਹੋਏ ਆਪਣਾ ਸਮਾਜਿਕ ਫ਼ਰਜ਼ ਅਦਾ ਕੀਤਾ ਹੈ।

**OM PARKASH GASSO DE NAVALAN VICH SAMAAJ-SABHYACHARAK ATE RAJNITAK CHETNA**

## ਹਵਾਲੇ ਅਤੇ ਟਿੱਪਣੀਆਂ:

1. ਓਮ ਪ੍ਰਕਾਸ਼ ਗਾਸੋ, ਸਾਹਿਤ, ਸਭਿਆਚਾਰ ਤੇ ਸੰਸਕ੍ਰਿਤੀ, ਪੰਨਾ-54
2. ਓਮ ਪ੍ਰਕਾਸ਼ ਗਾਸੋ, ਆਖ਼ਰੀ ਮੁਕਾਮ, ਪੰਨਾ-10
3. ਉਹੀ, ਪੰਨਾ-11
4. ਉਹੀ
5. ਉਹੀ, ਪੰਨਾ-12
6. ਉਹੀ
7. ਓਮ ਪ੍ਰਕਾਸ਼ ਗਾਸੋ, ਸਾਹਿਤ, ਸਭਿਆਚਾਰ ਤੇ ਸੰਸਕ੍ਰਿਤੀ, ਪੰਨਾ-32
8. ਉਹੀ, ਪੰਨਾ-63
9. ਉਹੀ, ਪੰਨਾ-13
10. ਉਹੀ, ਪੰਨਾ-14
11. ਉਹੀ, ਪੰਨਾ-15
12. ਉਹੀ, ਪੰਨਾ-18
13. ਭੀਮ ਇੰਦਰ ਸਿੰਘ, ਆਧੁਨਿਕ ਪੰਜਾਬੀ ਕਹਾਣੀ: ਸਿਆਸੀ ਪਰਿਪੇਖ, ਪੰਨਾ-35
14. ਓਮ ਪ੍ਰਕਾਸ਼ ਗਾਸੋ, ਆਖ਼ਰੀ ਮੁਕਾਮ, ਪੰਨਾ-28
15. ਉਹੀ, ਆਖ਼ਰੀ ਮੁਕਾਮ, ਪੰਨਾ-95
16. ਉਹੀ, ਪੰਨਾ-74
17. ਉਹੀ
18. ਉਹੀ, ਪੰਨਾ-78
19. ਉਹੀ, ਪੰਨਾ-82
20. ਉਹੀ, ਪੰਨਾ-88
21. ਉਹੀ, ਪੰਨਾ-60
22. ਉਹੀ, ਪੰਨਾ-62
23. ਓਮ ਪ੍ਰਕਾਸ਼ ਗਾਸੋ, ਸਾਹਿਤ, ਸਭਿਆਚਾਰ ਤੇ ਸੰਸਕ੍ਰਿਤੀ, ਪੰਨਾ-75
24. ਓਮ ਪ੍ਰਕਾਸ਼ ਗਾਸੋ, ਆਖ਼ਰੀ ਮੁਕਾਮ, ਪੰਨਾ-119
25. ਓਮ ਪ੍ਰਕਾਸ਼ ਗਾਸੋ, ਆਖ਼ਰੀ ਮੁਕਾਮ, ਪੰਨਾ-126
26. ਓਮ ਪ੍ਰਕਾਸ਼ ਗਾਸੋ, ਸਾਹਿਤ, ਸਭਿਆਚਾਰ ਤੇ ਸੰਸਕ੍ਰਿਤੀ, ਪੰਨਾ-90

27. ਓਮ ਪ੍ਰਕਾਸ਼ ਗਾਸੋ, ਆਖ਼ਰੀ ਮੁਕਾਮ, ਪੰਨਾ-54
28. ਓਮ ਪ੍ਰਕਾਸ਼ ਗਾਸੋ, ਸਾਹਿਤ, ਸਭਿਆਚਾਰ ਤੇ ਸੰਸਕ੍ਰਿਤੀ, ਪੰਨਾ-85
29. ਓਮ ਪ੍ਰਕਾਸ਼ ਗਾਸੋ, ਤੂੰ ਕੌਣ ਸੀ?, ਪੰਨਾ-11
30. ਉਹੀ, ਪੰਨਾ-12
31. ਉਹੀ, ਪੰਨਾ-14
32. ਉਹੀ
33. ਉਹੀ, ਪੰਨਾ-17
34. ਉਹੀ, ਪੰਨਾ-20
35. ਉਹੀ, ਪੰਨਾ-21
36. ਉਹੀ, ਪੰਨਾ-22
37. ਉਹੀ
38. ਉਹੀ
39. ਉਹੀ, ਪੰਨਾ-23
40. ਉਹੀ, ਪੰਨਾ-24
41. ਉਹੀ, ਪੰਨਾ-34
42. ਉਹੀ
43. ਉਹੀ, ਪੰਨਾ-40
44. ਉਹੀ, ਪੰਨਾ-50
45. ਉਹੀ, ਪੰਨਾ-58
46. ਉਹੀ, ਪੰਨਾ-61
47. ਉਹੀ, ਪੰਨਾ-70
48. ਉਹੀ, ਪੰਨਾ-71
49. ਉਹੀ, ਪੰਨਾ-64
50. ਉਹੀ, ਪੰਨਾ-41
51. ਉਹੀ, ਪੰਨਾ-42
52. ਉਹੀ, ਪੰਨਾ-50
53. ਉਹੀ, ਪੰਨਾ-59

54. ਉਹੀ, ਪੰਨਾ-66

# ਅਧਿਆਇ ਤੀਜਾ

## ਨਾਵਲ'ਆਖ਼ਰੀ ਮੁਕਾਮ' ਅਤੇ 'ਤੂੰ ਕੌਣ ਸੀ?' ਵਿਚ ਰਾਜਨੀਤਕ ਚੇਤਨਾ

ਸਾਹਿਤ ਦਾ ਸਿੱਧਾ ਸੰਬੰਧ ਸਮਾਜ ਨਾਲ ਹੁੰਦਾ ਹੈ ਤੇ ਸਮਾਜਿਕ ਮਸਲਿਆਂ ਨੂੰ ਹੀ ਸਾਹਿਤ ਦੀ ਪੇਸ਼ਕਾਰੀ ਦਾ ਅੰਗ ਬਣਾਇਆ ਜਾਂਦਾ ਹੈ। ਪਰ ਰਾਜਨੀਤੀ ਜਿਸ ਦਾ ਜਨਮ ਹੀ ਸਮਾਜ ਦੀ ਭਲਾਈ ਲਈ ਹੋਇਆ ਹੈ ਤਾਂ ਰਾਜਨੀਤੀ ਦੇ ਵਿਸ਼ੇ ਨੂੰ ਵੀ ਸਾਹਿਤਕਾਰ ਆਪਣੀ ਪੇਸ਼ਕਾਰੀ ਦਾ ਅੰਗ ਬਣਾ ਰਹੇ ਹਨ। ਜਿੱਥੇ ਸਾਹਿਤ ਵਿਚ ਸਮਾਜ-ਸਭਿਆਚਾਰਕ ਪੱਖਾਂ ਦੀ ਪੇਸ਼ਕਾਰੀ ਕਰ ਕੇ ਪਾਠਕਾਂ ਨੂੰ ਸਮਾਜ ਸੰਬੰਧੀ ਸੁਚੇਤ ਕੀਤਾ ਜਾਂਦਾ ਹੈ ਉੱਥੇ ਹੀ ਰਾਜਨੀਤੀ ਸੰਬੰਧੀ ਵੀ ਪਾਠਕਾਂ ਦੇ ਅੰਦਰ ਚੇਤਨਾ ਨੂੰ ਜਗਾਇਆ ਜਾਂਦਾ ਹੈ ਤੇ ਆਪਣੇ ਰਾਜਨੀਤਕ ਹੱਕਾਂ ਪ੍ਰਤੀ ਜਾਗਰੂਕ ਕੀਤਾ ਜਾਂਦਾ ਹੈ। ਓਮ ਪ੍ਰਕਾਸ਼ ਗਾਸੋ ਇੱਕ ਅਜਿਹੇ ਨਾਵਲਕਾਰ ਹਨ ਜਿਨ੍ਹਾਂ ਦੀ ਨਾਵਲ ਰਚਨਾ ਵਿਚ ਇਸ ਪੱਖ ਦੀ ਭਰਮਾਰ ਪਾਈ ਜਾਂਦੀ ਹੈ। ਰਾਜਨੀਤਕ ਚੇਤਨਾ ਅੱਜ ਦੇ ਯੁੱਗ ਵਿਚ ਮਨੁੱਖਤਾ ਦੇ ਲਈ ਇੱਕ ਬਹੁਤ ਵੱਡੀ ਜ਼ਰੂਰਤ ਵੀ ਹੈ ਕਿਉਂਕਿ ਰਾਜਨੀਤਕ ਚੇਤਨਾ ਸਦਕਾ ਹੀ ਉਹ ਆਪਣੇ ਅਧਿਕਾਰਾਂ, ਹਿਤਾਂ ਅਤੇ ਕਰਤੱਵਾਂ ਪ੍ਰਤੀ ਜਾਗਰੂਕ ਹੁੰਦੇ ਹਨ।

### ਨਾਵਲ 'ਆਖ਼ਰੀ ਮੁਕਾਮ' ਵਿਚ ਰਾਜਨੀਤਕ ਚੇਤਨਾ:

ਨਾਵਲ 'ਆਖ਼ਰੀ ਮੁਕਾਮ' ਵਿਚ ਓਮ ਪ੍ਰਕਾਸ਼ ਗਾਸੋ ਦੁਆਰਾ ਪਾਠਕਾਂ ਨੂੰ ਰਾਜਨੀਤਕ ਪੱਖ ਤੋਂ ਚੇਤੰਨ ਕਰਨ ਦੀ ਇੱਕ ਕਾਮਯਾਬ ਕੋਸ਼ਿਸ਼ ਕੀਤੀ ਗਈ ਹੈ। ਨਾਵਲ ਵਿਚ ਪਾਤਰਾਂ ਦੁਆਰਾ ਦੇਸ਼ ਦੀ ਸੱਤਾ ਵਿਚ ਆ ਰਹੀ ਗਿਰਾਵਟ ਸੰਬੰਧੀ ਚਿੰਤਾ ਨੂੰ ਜ਼ਾਹਿਰ ਕੀਤਾ ਗਿਆ ਹੈ ਤੇ ਇਸ ਸਭ ਦੇ ਸਮਾਜ ਉੱਪਰ ਪੈ ਰਹੇ ਮਾੜੇ ਪ੍ਰਭਾਵਾਂ ਦਾ ਵੀ ਜ਼ਿਕਰ ਕੀਤਾ ਗਿਆ ਹੈ।

> "ਆਧੁਨਿਕ ਯੁੱਗ ਵਿਚ ਰਾਜਨੀਤੀ ਸਾਡੇ ਜੀਵਨ ਦਾ ਇੱਕ ਜ਼ਰੂਰੀ ਤੇ ਅਟੁੱਟ ਅੰਗ ਬਣ ਚੁੱਕੀ ਹੈ। ਰਾਜਨੀਤੀ ਇੱਕ ਵਿਅਕਤੀ ਤੋਂ ਲੈ ਕੇ ਸਮੁੱਚੇ ਸਮਾਜ ਨੂੰ ਸੁਚੇਤ ਜਾਂ ਅਚੇਤ ਰੂਪ ਵਿਚ ਪ੍ਰਭਾਵਿਤ ਤੇ ਪ੍ਰੇਰਿਤ ਹੀ ਨਹੀਂ ਕਰਦੀ ਬਲਕਿ ਸੰਚਾਲਿਤ ਤੇ ਨਿਰਦੇਸ਼ਤ ਵੀ ਕਰਦੀ ਹੈ।"[1]

ਸਮਾਜ ਵਿਚ ਧਰਮ ਅਤੇ ਧਾਰਮਿਕ ਸਥਾਨ ਦੀ ਖ਼ਾਸ ਥਾਂ ਹੁੰਦੀ ਹੈ ਪਰ ਜਦੋਂ ਸੱਤਾ ਇਨ੍ਹਾਂ ਧਾਰਮਿਕ ਸਥਾਨਾਂ ਦੀ ਵਰਤੋਂ ਆਪਣੇ ਹਿਤਾਂ ਦੀ ਪੂਰਤੀ ਲਈ ਕਰਨ ਲੱਗ ਜਾਂਦੀ ਹੈ ਤਾਂ ਇਸ ਦੇ ਭਿਆਨਕ ਸਿੱਟੇ ਨਿਕਲਦੇ ਹਨ। 'ਆਖ਼ਰੀ ਮੁਕਾਮ' ਵਿਚਲੇ ਡੇਰੇ ਦੇ ਆਗੂ ਬਾਬਾ ਘੁੰਮਣ ਦਾਸ 'ਤਿਆਗੀ' ਜੋ ਕਿ ਡੇਰੇ ਦੀ ਪਿਛਲੇ ਕਈ ਸਾਲਾਂ ਤੋਂ ਸੇਵਾ ਕਰਦੇ ਆ ਰਹੇ ਹਨ ਧਰਮ ਤੇ ਪੈ ਰਹੇ ਸਿਆਸੀ ਬੰਦਿਆਂ ਦੇ ਪ੍ਰਭਾਵ ਤੋਂ ਬਹੁਤ ਚਿੰਤਤ ਹਨ। ਉਨ੍ਹਾਂ ਦੀ ਇਸ ਚਿੰਤਾ ਦੇ ਬਾਰੇ ਉਨ੍ਹਾਂ ਦਾ ਚੇਲਾ ਸੰਤਾ ਸਿੰਘ ਭਲੀਭਾਂਤ ਜਾਣਦਾ ਹੈ ਕਿ

> "ਬਾਬਾ ਘੁੰਮਣ ਦਾਸ ਤਿਆਗੀ ਡੇਰੇ ਦੀ ਜਾਇਦਾਦ ਦੀ ਖੱਟੀ ਨੂੰ ਖੁੱਲ੍ਹੇ ਦਿਲ ਨਾਲ ਲੋਕ-ਭਲਾਈ ਲਈ ਕਈ ਦਹਾਕਿਆਂ ਤੋਂ ਖ਼ਰਚ ਕਰਦਾ ਆ ਰਿਹਾ ਹੈ। ਉਸ ਦੀ ਇਸ ਆਦਤ ਨੂੰ ਉਸ ਦਾ

> ਪ੍ਰਮੁੱਖ ਚੇਲਾ ਮੁਨੀ ਬ੍ਰਹਮਦਾਸ ਬੁਰਾ ਸਮਝਦਾ ਸੀ। ਇਸ ਸਿਲਸਿਲੇ ਤੇ ਸੋਚ ਅਧੀਨ ਸੰਤਾ ਸਿੰਘ ਰਾਮਦਾਸੀਆ ਜਿਸ ਦੀ ਉਸ ਦੇ ਘਰ ਵਿਚ ਗੁਰੂ ਗ੍ਰੰਥ ਸਾਹਿਬ ਦੀ ਬੀੜ ਹੋਣ ਕਰ ਕੇ 'ਬਾਬੇ' ਦੀ ਅੱਲ ਪਈ ਹੋਈ ਸੀ ਉਹ 'ਪੂਜਾ' ਦੇ ਧਨ ਨੂੰ ਲੋਕ-ਭਲਾਈ ਦੀ ਥਾਵੇਂ ਕਿਸੇ ਨਿੱਜੀ ਕੰਮ ਲਈ ਵਰਤੋਂ ਨੂੰ ਪਾਪ ਸਮਝਦਾ ਸੀ। ਇਸ ਕਰ ਕੇ ਹੀ ਉਸ ਨੇ ਆਪਣੀ ਘੁੰਮਣ ਦਾਸ ਨਾਲ ਸਿੱਖੀ ਸੇਵਕੀ ਨੂੰ ਕਦੇ ਲਾਲਚੀ ਨਹੀਂ ਸੀ ਬਣਾਇਆ। ਆਮ ਤੌਰ 'ਤੇ ਧਾਰਮਿਕ-ਅਸਥਾਨਾਂ 'ਤੇ ਵਿਹਲੜ ਤੇ ਟੁੱਕ-ਟੇਰ ਕਿਸਮ ਦੀ ਜ਼ਿਹਨੀਅਤ ਡੇਰੇ ਲਾਈ ਰੱਖਦੀ ਹੈ ਪਰ ਸੰਤਾ ਸਿੰਘ ਤਾਂ ਰਾਜੇ ਦੁਆਰਾ ਬਾਬੇ ਦੇ ਬੀੜ ਲਈ ਬੰਨ੍ਹੇ ਪੰਦਰਾਂ ਰੁਪਏ ਦੇ ਧਰਮਾਦੇ ਨੂੰ ਵੀ ਰਾਜੇ ਦੀ ਰਾਜਨੀਤਕ-ਚਾਲ ਹੀ ਸਮਝਦਾ ਸੀ।"[2]

ਜਿਵੇਂ ਕਿ ਰਾਜਨੀਤਕ ਚੇਤਨਾ ਦੇ ਅਰਥ ਰਾਜਨੀਤੀ ਵਿਚ ਵਾਪਰ ਰਹੇ ਵਰਤਾਰੇ ਸੰਬੰਧੀ ਚੇਤਨਤਾ ਤੋਂ ਲਿਆ ਗਿਆ ਹੈ ਕਿ ਸਾਧਾਰਨ ਜਨਤਾ ਨੂੰ ਇਸ ਗੱਲ ਦੀ ਸਮਝ ਆਵੇ ਕਿ ਰਾਜਨੀਤੀ ਵਿਚ ਕੀ ਵਾਪਰ ਰਿਹਾ ਹੈ ਕਿਉਂਕਿ ਇਸ ਦਾ ਸਿੱਧਾ ਅਸਰ ਉਨ੍ਹਾਂ ਦੇ ਸਮਾਜਿਕ ਜੀਵਨ ਤੇ ਹੀ ਪੈਣਾ ਹੁੰਦਾ ਹੈ। ਨਾਵਲ 'ਆਖ਼ਰੀ ਮੁਕਾਮ' ਵਿਚ ਕਈ ਅਜਿਹੇ ਪਾਤਰ ਦਿਖਾਏ ਗਏ ਹਨ ਜੋ ਆਪਣੀ ਰਾਜਨੀਤਕ ਸ ਸਦਕਾ ਹੀ ਰਾਜਨੀਤੀ ਦੀਆਂ ਚਾਲਾਂ ਨੂੰ ਚੰਗੀ ਤਰ੍ਹਾਂ ਸਮਝਦੇ ਹਨ ਤੇ ਇਸ ਪ੍ਰਤੀ ਚਿੰਤਾ ਜ਼ਾਹਿਰ ਕਰਦੇ ਹਨ। ਮਾਸਟਰ ਜੋਤੀ ਪ੍ਰਸ਼ਾਦ ਜੋ ਕਿ ਬਾਬਾ ਘੁੰਮਣ ਦਾਸ ਦੇ ਬਹੁਤ ਹੀ ਨੇੜੇ ਹੈ ਤੇ ਪਿੰਡ ਸ਼ੇਰਗੜ੍ਹ ਰਾਣੀਆਂ ਦਾ ਪੜ੍ਹਿਆਂ ਲਿਖਿਆ ਅਤੇ ਗਿਆਨਵਾਨ ਪੁਰਸ਼ ਹੈ। ਉਹ ਰਾਜਨੀਤਕ ਪੱਖ ਤੋਂ ਵੀ ਚੇਤੰਨ ਹੈ ਤੇ ਆਖਦਾ ਰਹਿੰਦਾ ਹੈ ਕਿ

> "ਰਾਜਨੀਤੀ ਧਰਮ ਨਾਲ ਮਿਲ ਕੇ ਲੋਕਾਂ ਨੂੰ ਲੁੱਟਦੀ ਰਹਿੰਦੀ ਹੈ।"[3]

ਰਾਜਨੀਤੀ ਦੀ ਸ਼ੁਰੂਆਤ ਲੋਕ-ਭਲਾਈ ਲਈ ਹੋਈ ਪਰ ਲੋਕਾਂ ਦੀ ਰਾਜਨੀਤਕ ਚੇਤਨਹੀਣਤਾ ਕਰ ਕੇ ਰਾਜਨੀਤਕ ਆਗੂਆਂ ਦੁਆਰਾ ਅਕਸਰ ਲੋਕਾਂ ਨੂੰ ਕੁਰਾਹੇ ਪਾ ਕੇ ਆਪਣੇ ਹਿਤਾਂ ਦੀ ਪੂਰਤੀ ਕੀਤੀ ਜਾਂਦੀ ਰਹੀ ਹੈ ਕਿਉਂਕਿ ਲੋਕ ਆਪਣੇ ਹਿੱਤਾਂ ਨੂੰ ਜਾਣਦੇ ਹੀ ਨਹੀਂ, ਉਨ੍ਹਾਂ ਨੂੰ ਆਪਣੇ ਅਧਿਕਾਰਾਂ ਬਾਰੇ ਗਿਆਨ ਹੀ ਨਹੀਂ ਹੈ। ਸਿਆਸਤੀ ਲੀਡਰਾਂ ਦੁਆਰਾ ਲੋਕਾਂ ਦੀ ਭਲਾਈ ਵਾਲੇ ਪੈਸਿਆਂ ਨੂੰ ਆਪਣੇ ਲਾਲਚ ਨੂੰ ਪੂਰਾ ਕਰਨ ਦੇ ਲਈ ਵਰਤਿਆ ਜਾਂਦਾ ਹੈ:

> "ਅੰਬੋ ਭੂਆ ਦੇ ਡੇਰੇ ਦੀ ਪੰਜ ਹਲਾਂ ਦੀ ਜ਼ਮੀਨ ਤੇ ਬਾਬਾ ਜੋਧਪੁਰੀ ਦੀ ਸਮਾਧ 'ਤੇ ਹਰ ਰੋਜ਼ ਚੰਗੇ ਤਕੜੇ ਚੜ੍ਹਾਵੇ ਨੇ ਇਸ ਪਿੰਡ ਦੇ ਵਸਨੀਕ ਤੇ ਇਲਾਕੇ ਦੇ ਐਮ. ਐਲ.ਏ. ਏਕਮ ਸਿੰਘ ਦੀਆਂ ਅੱਖਾਂ ਅਤੇ ਦਿਲ ਵਿਚ ਲਾਲਚ ਦੀ ਜਲੂਣ ਕਈ ਵਰ੍ਹਿਆਂ ਤੋਂ ਪੈਦਾ ਕੀਤੀ ਹੋਈ ਸੀ। ਪਿਛਲੀ ਚੋਣ ਵਿਚ ਏਕਮ ਸਿੰਘ ਨੂੰ ਵਿਰੋਧੀ ਪਾਰਟੀ ਦੇ ਉਮੀਦਵਾਰ ਨੇ ਪੈਸਿਆਂ ਦੇ ਜ਼ੋਰ ਨਾਲ ਹੀ ਤਾਂ ਹਰਾਇਆ ਸੀ। ਜਿੱਤਣ ਵਾਲਾ ਐਮ. ਐਲ.ਏ. ਤਾਂ ਵੱਡੀਆਂ-ਵੱਡੀਆਂ ਫ਼ੈਕਟਰੀਆਂ ਅਤੇ ਕਾਫ਼ੀ ਵੱਡੇ ਉਦਯੋਗ ਦਾ ਮਾਲਕ ਸੀ। ਉਸ ਲਈ ਤੀਹ ਪੈਂਤੀ ਕਰੋੜ ਖ਼ਰਚਣ ਦਾ ਮਾਮਲਾ ਕੋਈ

> ਮਸਲਾ ਨਹੀਂ ਸੀ। ਏਕਮ ਸਿੰਘ ਦੇ ਵਿਰੋਧ ਵਿਚ ਖੜੇ ਹੋਣ ਵਾਲੇ ਉਮੀਦਵਾਰ ਨੇ ਏਕਮ ਸਿੰਘ ਦੇ ਵੱਖ-ਵੱਖ ਪਿੰਡਾਂ ਦੇ ਵੀਹ ਪੱਚੀ ਸਿਰਕੱਢ ਸਪੋਰਟਰਾਂ ਦੇ ਘਰਾਂ ਵਿਚ ਅੱਧੀ ਰਾਤ ਨੂੰ ਵੀਹ-ਵੀਹ ਲੱਖ ਢੇਰੀ ਕਰ ਦਿੱਤੇ। ਮਨੋਵਿਗਿਆਨੀ ਦੱਸਦੇ ਹਨ ਕਿ ਮਨੁੱਖ ਦੀ ਮਾਨਸਿਕਤਾ ਵਿਕਾਊ ਵੀ ਹੁੰਦੀ ਹੈ। ਇੰਝ ਅੰਦਰ ਖਾਤੇ ਤਬਦੀਲ ਹੋਏ ਏਕਮ ਸਿੰਘ ਦੇ ਸਪੋਰਟਰ ਏਕਮ ਸਿੰਘ ਦੀ ਹਾਰ ਦਾ ਕਾਰਨ ਬਣੇ ਸਨ। ਸਿਧਾਂਤਾਂ ਨੂੰ ਬਦਲਣਾ ਔਖਾ ਹੁੰਦਾ ਹੈ ਲਿਹਾਜ਼ਦਾਰੀਆਂ ਤਾਂ ਬਦਲਦੀਆਂ ਤੇ ਵਿਕਦੀਆਂ ਹੀ ਰਹਿੰਦੀਆਂ ਹਨ। ਲਿਹਾਜ਼ਦਾਰੀ ਨੂੰ ਲਾਲਚ ਨਾਲ ਖ਼ਰੀਦਿਆ ਜਾ ਸਕਦਾ ਹੈ। ਇੰਝ ਜਦੋਂ ਵੀ ਕਿਸੇ ਵੀ ਕਿਸਮ ਦੇ ਲਾਲਚ ਨਾਲ ਲੋਕ-ਤੰਤਰ ਖੱਜਲ-ਖ਼ੁਆਰ ਹੋਣ ਲੱਗ ਪੈਂਦਾ ਹੈ ਤਦ ਲੋਕਾਈ ਨੂੰ ਔਖੇ ਰਾਹਾਂ 'ਤੇ ਤੁਰਨਾ ਪੈਂਦਾ ਹੈ।"[4]

ਅਕਸਰ ਰਾਜਨੀਤੀ ਦੁਆਰਾ ਚੇਤਨਹੀਣ ਲੋਕਾਂ ਵਾਲੇ ਸਮਾਜ ਨੂੰ ਕੁਰਾਹੇ ਪਾਇਆ ਜਾਂਦਾ ਹੈ। ਲੋਕਾਂ ਅੰਦਰਲੀ ਜਾਗਰੂਕਤਾ ਦੀ ਘਾਟ ਉਨ੍ਹਾਂ ਦੇ ਲਈ ਘਾਤਕ ਸਾਬਿਤ ਹੁੰਦੀ ਹੈ ਤੇ ਜਿਸ ਦੇ ਨਤੀਜੇ ਉਨ੍ਹਾਂ ਨੂੰ ਬਾਅਦ ਵਿਚ ਦੇਖਣ ਨੂੰ ਮਿਲਦੇ ਹਨ। ਇਸ ਪ੍ਰਕਾਰ ਐਮ. ਐਲ. ਏ. ਏਕਮ ਸਿੰਘ ਨੇ ਵੀ ਆਪਣੇ ਲਾਲਚ ਦੇ ਲਈ ਲੋਕਾਂ ਨੂੰ ਗੁਮਰਾਹ ਕਰਨਾ ਸ਼ੁਰੂ ਕੀਤਾ ਤੇ ਇਸ ਵਿਚ ਉਹ ਕਾਮਯਾਬ ਵੀ ਹੋਇਆ।

> "ਸਿਆਸੀ ਸ਼ੈਤਾਨੀਅਤ ਨੂੰ ਇੱਛਾਧਾਰੀ ਬੰਦਿਆਂ ਦੀ ਖ਼ਰੀਦੋ ਫ਼ਰੋਖ਼ਤ ਦੇ ਬਹੁਤ ਸਾਰੇ ਢੰਗਾਂ ਦਾ ਪਤਾ ਹੁੰਦਾ ਹੈ। ਏਕਮ ਸਿੰਘ ਨੂੰ ਸਾਫ਼ ਤੌਰ 'ਤੇ ਇਸ ਗੱਲ ਦੀ ਜਾਣਕਾਰੀ ਸੀ ਕਿ ਅੰਬੋ ਭੂਆ ਦੇ ਡੇਰੇ ਵਿਚਲਾ ਅਸਲੀ ਮਹੰਤ ਬਾਬਾ ਘੁੰਮਣ ਦਾਸ ਦਾ ਬੁਢਾਪੇ ਅਤੇ ਆਪਣੇ ਅਸੂਲਾਂ ਕਰ ਕੇ ਸਿੰਘ ਏਕਮ ਸਿੰਘ ਦੇ ਦਾਗ਼ੀ-ਚਰਿੱਤਰ ਲਈ ਮਦਦਗਾਰ ਨਹੀਂ ਬਣ ਸਕਦਾ। ਇੰਝ ਏਕਮ ਸਿੰਘ ਤਾਂ ਮੁਨੀ ਬ੍ਰਹਮ ਦਾਸ ਨੂੰ ਰਾਜਧਾਨੀ ਵਿਖੇ ਲੈ ਕੇ ਵੱਡੇ ਵਜ਼ੀਰ ਤੱਕ ਵੀ ਹੋ ਆਇਆ ਸੀ। ਬ੍ਰਹਮਦਾਸ ਮੁਨੀ ਨੇ ਪੰਜ ਤੋਲਿਆ ਦਾ ਸੋਨੇ ਦਾ ਕੜਾ ਵੀ ਵੱਡੇ ਵਜ਼ੀਰ ਦੇ ਚਰਨਾਂ 'ਚ ਰੱਖ ਕੇ ਮੱਥਾ ਟੇਕਿਆ ਸੀ। ਸੋ ਏਕਮ ਸਿੰਘ ਲਈ ਉਸ ਦੀ ਚੋਣ ਸਮੇਂ ਦਸ ਪੰਦਰਾਂ ਲੱਖ ਖ਼ਰਚ ਕਰਨ ਵਾਲਾ ਮੁਨੀ ਬ੍ਰਹਮਦਾਸ ਸੋਨੇ ਦੇ ਆਂਡੇ ਦੇਣ ਵਾਲੀ ਮੁਰਗੀ ਵਾਂਗ ਸੀ।"[5]

ਇਸ ਤਰ੍ਹਾਂ ਸਿਆਸਤ ਧਰਮ ਦੇ ਨਾਲ ਮਿਲ ਕੇ ਲੋਕਾਂ ਨੂੰ ਭਟਕਾਉਂਦੀ ਰਹਿੰਦੀ ਹੈ। ਲੋਕ ਆਪਣੀ ਸੀਮਤ ਸੂਝ ਕਰ ਕੇ ਇਨ੍ਹਾਂ ਗੱਲਾਂ ਨੂੰ ਸਮਝਣ ਤੋਂ ਅਸਮਰਥ ਹੁੰਦੇ ਹਨ। ਅਕਸਰ ਵੇਖਣ ਵਿਚ ਆਉਂਦਾ ਹੈ ਕਿ ਕੁਚੱਜੀਆਂ ਕਿਸਮ ਦੀਆਂ ਧਾਰਨਾਵਾਂ ਆਪਣੇ ਝੂਠ ਨਾਲ ਅਸਾਡੀ ਧਰਤੀ ਉੱਪਰਲੇ ਵਸੀਲਿਆਂ ਦੀ ਅਸਲੀਅਤ ਨੂੰ ਲੁਕਾਈ ਰੱਖਦੀਆਂ ਹਨ ਅਤੇ ਅਸਲੀਅਤ ਦੇ ਲੁੱਕ ਜਾਣ ਨਾਲ ਜ਼ਿੰਦਗੀ ਦੇ ਸਿਧਾਂਤ ਅਤੇ ਸੰਕਲਪ ਵਿਚ ਕਮੀ ਆਉਣ ਲੱਗ ਪੈਂਦੀ ਹੈ। ਜਨ ਸਧਾਰਨ ਦੇ ਲਈ ਅਜਿਹਾ ਮਾਹੌਲ ਘਾਤਕ ਸਾਬਿਤ ਹੁੰਦਾ ਹੈ। ਕਿਉਂਕਿ:-

- ਸਿਆਸਤੀ ਸ਼ੈਤਾਨੀਅਤ ਬਦ-ਅਮਨੀ ਵਿਚ ਵਾਧਾ ਕਰਦੀ ਹੈ।
- ਸਿਆਸਤੀ ਸ਼ੈਤਾਨੀਅਤ ਸਮਾਜ ਵਿਚ ਅਰਾਜਕਤਾ ਨੂੰ ਫੈਲਾਉਂਦੀ ਹੈ।

**OM PARKASH GASSO DE NAVALAN VICH SAMAAJ-SABHYACHARAK ATE RAJNITAK CHETNA**

- ਸਿਆਸਤੀ ਸ਼ੈਤਾਨੀਅਤ ਕੁਦਰਤੀ ਸੋਮਿਆਂ ਨੂੰ ਆਪਣੇ ਹਿੱਤਾਂ ਦੀ ਪੂਰਤੀ ਲਈ ਵਰਤਦੀ ਹੋਈ ਜਨਤਾ ਨੂੰ ਉਨ੍ਹਾਂ ਦੇ ਹੱਕਾਂ ਤੋਂ ਬਾਂਝੇ ਕਰਦੀ ਰਹਿੰਦੀ ਹੈ।

> "ਕਿਸਮਤੀ ਸੌਦਿਆਂ ਦੀ ਦੁਕਾਨਦਾਰੀ ਕਰਨ ਵਾਲੇ ਧਾਰਮਿਕ ਪਰਪੰਚ ਜ਼ਿੰਦਗੀ ਦੇ ਸਹੀ ਸਰਨਾਵਿਆਂ ਨੂੰ ਮੇਸ ਕੇ ਗ਼ਲਤੀਆਂ ਵਾਲੇ ਪਾਠ ਪੜ੍ਹਾ ਰਹੇ ਹਨ। ਸਿਆਸਤ ਨੇ ਆਮ ਤੌਰ 'ਤੇ ਇਸ ਪਾਠ ਨੂੰ ਹੀ ਆਪਣੀ ਭੂਮਿਕਾ ਦਾ ਅੰਗ ਬਣਾ ਲਿਆ ਹੈ ਜਿਸ ਕਰ ਕੇ ਜਨ-ਸਾਧਾਰਨ ਆਪਣੇ ਹੱਕ ਹਕੂਕ ਦੀ ਪ੍ਰਾਪਤੀ ਲਈ ਵਿਦਰੋਹੀ ਤੱਤਾਂ ਨੂੰ ਅਣਡਿੱਠ ਕਰ ਰਿਹਾ ਹੈ।"[6]

ਲੋਕ ਵਿਰੋਧੀ ਕਿਸਮ ਦੀ ਰਾਜਨੀਤੀ ਛਾਤਰ, ਚਾਲਕ ਹੋਣ ਦੇ ਨਾਲ-ਨਾਲ ਲਾਲਚੀ ਵੀ ਹੁੰਦੀ ਹੈ ਤੇ ਰਾਜਨੀਤਕ ਚੇਤਨਾ ਲੋਕਾਂ ਨੂੰ ਇਨ੍ਹਾਂ ਪ੍ਰਤੀ ਜਾਗਰੂਕ ਕਰਦੀ ਰਹਿੰਦੀ ਹੈ। ਲੋਕਾਂ ਨੂੰ ਆਪਣੇ ਹਿੱਤਾਂ ਦੀ ਰੱਖਿਆ ਦੇ ਲਈ ਸੰਘਰਸ਼ ਕਰਨ ਦੇ ਲਈ ਪ੍ਰੇਰਿਤ ਕਰਦੀ ਹੈ।

> "ਇਤਿਹਾਸ ਆਖਦਾ ਹੈ ਤੇ ਇਤਿਹਾਸ ਕੇਵਲ ਆਖਦਾ ਹੀ ਨਹੀਂ ਸਗੋਂ ਇਤਿਹਾਸ ਦੱਸਦਾ ਵੀ ਹੈ ਕਿ ਸੱਤਾਵਾਦੀ ਜ਼ੁਲਮ ਜਨ-ਸਾਧਾਰਨ ਨੂੰ ਮਜ਼ਲੂਮ ਬਣਾ ਕੇ ਸਿੱਧੇ ਜਾਂ ਅਸਿੱਧੇ ਢੰਗ ਨਾਲ ਜ਼ਾਲਮ ਕਿਸਮ ਦੇ ਤਸੀਹਿਆਂ ਨਾਲ ਮਖ਼ਲੂਕ ਨੂੰ ਬੁਰੀ ਤਰ੍ਹਾਂ ਪੀੜਤ ਕਰਦਾ ਹੋਇਆ ਪੁਰੋਹਿਤ ਦੇ ਪ੍ਰਚਾਰ ਨਾਲ ਤਸੀਹਿਆਂ ਨੂੰ ਕਿਸਮਤੀ ਲੇਖ ਵੀ ਗਰਦਾਨਦਾ ਰਹਿੰਦਾ ਹੈ। ਇੰਝ ਇਸ ਪ੍ਰਕਾਰ ਦੇ ਪ੍ਰਚਾਰ ਦੁਆਰਾ ਉਸ ਝੂਠ ਨੂੰ ਜੋ ਧਾਰਮਿਕ ਅਦਾਰਿਆਂ ਤੋਂ ਪ੍ਰਸਾਰਿਤ ਹੁੰਦਾ ਰਿਹਾ ਉਸ ਨੂੰ ਕਿਸਮਤੀ ਸੌਦਾ ਮੰਨ ਕੇ ਜਨ-ਸਾਧਾਰਨ ਕਬੂਲ ਕਰਦਾ ਆ ਰਿਹਾ ਹੈ।"[7]

ਮਾਸਟਰ ਜੋਤੀ ਪ੍ਰਸ਼ਾਦ ਜੋ ਕਿ ਗਿਆਨਵਾਨ ਪੁਰਸ਼ ਹੈ ਤੇ ਰਾਜਨੀਤੀ ਦੀਆਂ ਇਨ੍ਹਾਂ ਚੁਸਤ-ਚਲਾਕੀਆਂ ਨੂੰ ਚੰਗੀ ਤਰ੍ਹਾਂ ਸਮਝਦਾ ਹੈ ਤੇ ਉਸ ਦੀ ਇਸ ਸੂਝ-ਸਮਝ ਦੀ ਬਾਬਾ ਘੁੰਮਣ ਦਾਸ ਤੇ ਸੰਤਾ ਸਿੰਘ ਤਾਰੀਫ਼ ਕਰਦੇ ਹਨ ਤੇ ਕਹਿੰਦੇ ਹਨ

> "ਆਹ ਆਪਣੇ ਡੇਰੇ ਵਿਚ ਆਉਣ ਵਾਲਾ ਮਾਸਟਰ ਜੋਤੀ ਪ੍ਰਸ਼ਾਦ ਇਸ ਨੂੰ ਰਾਜੇ ਦੀ ਰਾਜਧਾਨੀ ਆਖਦਾ ਰਹਿੰਦੇ। ਬਾਬਾ ਜੀ ਮਾਸਟਰ ਜੋਤੀ ਪ੍ਰਸ਼ਾਦ ਦਿਮਾਗ਼ੀ ਬੰਦੇ। ਉਸ ਨੇ ਮੇਰੇ ਪੁੱਤ ਨੂੰ ਪੁੱਤ ਸਮਝ ਕੇ ਪੜ੍ਹਾਇਆ ਹੈ। ਉਹ ਤਾਂ ਆਉਣ ਵਾਲੇ ਸਮੇਂ ਦੇ ਲੱਛਣਾਂ ਬਾਰੇ ਵੀ ਗੱਲਾਂ ਬਾਤਾਂ ਕਰਦਾ ਰਹਿੰਦੇ। ਬਾਬਾ ਜੀ ਮੈਂ ਪਰਤਾ ਕੇ ਵੇਖਿਆ ਉਸ ਦੀਆਂ ਆਖੀਆਂ ਗੱਲਾਂ ਸਹੀ ਨਿਕਲਦੀਆਂ ਨੇ। ਆਹ ਆਪਣਾ ਸੁੱਚਾ ਸਿੰਘ ਤਾਂ ਆਪਣੇ ਮਾਸਟਰ ਜੀ ਦੇ ਕਹਿਣ ਤੋਂ ਇੱਕ ਇੰਝ ਵੀ ਬਾਹਰ ਨਹੀਂ...। ਬਾਬਾ ਜੀ ਮਾਸਟਰ ਜੋਤੀ ਪ੍ਰਸ਼ਾਦ ਤਾਂ ਆਮ ਤੌਰ 'ਤੇ ਕਹਿੰਦਾ ਹੀ ਰਹਿੰਦੇ ਬਈ ਮੁੱਢ-ਕਦੀਮ ਤੋਂ ਹੀ ਰਾਜ ਭਾਗ ਨੇ ਧਰਮ ਨੂੰ ਰਖੇਲ ਬਣਾ ਕੇ ਰੱਖਿਆਂ ਹੋਇਐ। ਅਪਣਾ ਇਹ ਡੇਰਾ ਹੁਣ ਮਾਸਟਰ ਜੋਤੀ ਪ੍ਰਸ਼ਾਦ ਦੇ ਕਹਿਣ ਅਨੁਸਾਰ ਸਿਆਸਤ ਦੀ ਰਖੇਲ ਬਣ ਰਿਹੈ। ਮਾਸਟਰ ਤਾਂ

> ਇਹ ਵੀ ਭਵਿੱਖ ਬਾਣੀ ਕਰਦੇ ਕਿ ਆਉਣ ਵਾਲੇ ਸਮੇਂ 'ਚ ਗੁਰੂਘਰਾਂ ਨੂੰ ਵੀ ਸਿਆਸਤ ਨੇ ਆਪਣੇ ਪ੍ਰਭਾਵ ਹੇਠ ਕਰ ਲੈਣੇ।"[8]

ਵਿਅਕਤੀ ਅੰਦਰ ਆਪਣੇ ਆਲੇ-ਦੁਆਲੇ ਰਾਜਨੀਤਕ ਵਰਤਾਰਿਆਂ ਨੂੰ ਸਮਝਣ ਦੀ ਅਜਿਹੀ ਸੂਝ ਤੇ ਸਿਆਣਪ ਰਾਜਨੀਤਕ ਚੇਤਨਾ ਦਾ ਹੀ ਸਿੱਟਾ ਹੈ ਤੇ ਮਾਸਟਰ ਜੋਤੀ ਪ੍ਰਸ਼ਾਦ ਇਸ ਸਦਕਾ ਹੀ ਸਿਆਸੀ ਚਲਾਕੀਆਂ ਨੂੰ ਭਲੀਭਾਂਤ ਸਮਝਦਾ ਹੈ।

> "ਸੱਤਾਵਾਦੀ ਪ੍ਰਣਾਲੀਆਂ ਹੰਕਾਰੀ ਹੁੰਦੀਆਂ ਹਨ। ਹੰਕਾਰ ਨੂੰ ਮਾਨਸਿਕ-ਹਨੇਰ ਆਖਿਆ ਜਾ ਸਕਦਾ ਹੈ। ਹੰਕਾਰ ਦਾ ਹਨੇਰਾ ਜ਼ੁਲਮ ਦੀ ਮਾਰ ਨੂੰ ਵੇਖਣ ਤੋਂ ਅਸਮਰਥ ਬਣਿਆ ਰਹਿੰਦਾ ਹੈ। ਇਸ ਵਿਚ ਤਾਂ ਕੋਈ ਸੰਦੇਹ ਹੈ ਹੀ ਨਹੀਂ ਕਿ ਸ਼ਕਤੀ ਅਤੇ ਸਮਰੱਥਾ ਦੀ ਸਹੀ ਵਰਤੋਂ ਲਈ ਸੂਖਮ ਸੋਚ ਸਹਾਇਕ ਬਣੀ ਰਹਿੰਦੀ ਹੈ।"[9]

ਇਸ ਪ੍ਰਕਾਰ ਦੀ ਸੂਖਮ ਸੋਚ ਲਈ ਜਿਸ ਵਿਵੇਕ ਦੀ ਲੋੜ ਹੁੰਦੀ ਹੈ ਉਸ ਨੂੰ ਹੀ ਰਾਜਨੀਤਕ ਚੇਤਨਾ ਕਿਹਾ ਜਾਂਦਾ ਹੈ। ਮਾਸਟਰ ਜੋਤੀ ਪ੍ਰਸ਼ਾਦ ਦੀ ਅਜਿਹੀ ਸੂਝ ਅਤੇ ਸਿਆਣਪ ਨੇ ਭਵਿੱਖ ਸੰਬੰਧੀ ਜੋ ਨਤੀਜੇ ਕੱਢੇ ਸਨ ਉਹ ਅੱਜ ਉਦੋਂ ਸਹੀ ਸਾਬਿਤ ਹੋ ਗਏ ਜਦੋਂ ਬਾਬਾ ਘੁੰਮਣ ਦਾਸ ਤਿਆਗੀ ਧਰਮ ਵਿਚ ਹੋ ਰਹੀਆਂ ਰਾਜਸੀ ਵਧੀਕੀਆਂ ਨੂੰ ਦੇਖਦੇ ਹੋਏ ਆਪਣਾ ਸਰੀਰ ਤਿਆਗ ਗਏ ਕਿਉਂਕਿ ਧਰਮੀ ਬੰਦੇ ਕਦੇ ਵੀ ਸਮਾਜ ਨੂੰ ਇਸ ਪ੍ਰਕਾਰ ਕੁਰਾਹੇ ਪੈਂਦਾ ਹੋਇਆ ਨਹੀਂ ਦੇਖ ਸਕਦੇ।

ਰਾਜ ਭਾਗ ਦੀ ਆਪਣੀ ਹੀ ਇੱਕ ਸੋਚ ਅਤੇ ਸ਼ਕਤੀ ਹੁੰਦੀ ਹੈ ਜੋ ਕਿ ਕਿਸੇ ਨਾ ਕਿਸੇ ਰੂਪ ਵਿਚ ਨਿੱਜਵਾਦੀ ਵਿਵਹਾਰ ਨੂੰ ਹੀ ਕਬੂਲਦੀ ਰਹਿੰਦੀ ਹੈ। ਅਜਿਹੀ ਸੋਚ ਆਪਣੀ ਹੰਕਾਰੀ-ਧਾਰਨਾ ਸਦਕਾ ਅਕਸਰ ਕਾਬਲੀਅਤ ਨੂੰ ਅਣਡਿੱਠ ਕਰਦੀ ਰਹਿੰਦੀ ਹੈ ਜੋ ਕਿ ਸਮਾਜ ਦੇ ਵਿਕਾਸ ਵਿਚ ਅੜਿੱਕਾ ਪਾਉਂਦੀ ਹੈ ਕਿਉਂਕਿ:

- "ਹੰਕਾਰ ਨੂੰ ਵਧੀਕੀ ਕਿਹਾ ਜਾ ਸਕਦਾ ਹੈ।
- ਹੰਕਾਰ ਨੂੰ ਅਗਿਆਨ ਆਖਿਆ ਜਾ ਸਕਦਾ ਹੈ।
- ਹੰਕਾਰ ਨੂੰ ਮੂਰਖਤਾ ਵਾਲਾ ਮਾਰੂ ਜਜ਼ਬਾ ਕਿਹਾ ਜਾ ਸਕਦਾ ਹੈ।
- ਹੰਕਾਰ ਨੂੰ ਜ਼ੁਲਮ ਕਿਹਾ ਜਾ ਸਕਦਾ ਹੈ।
- ਹੰਕਾਰ ਨੂੰ ਨਿਰਾਰਥਕਤਾ ਕਿਹਾ ਜਾ ਸਕਦਾ ਹੈ।"[10]

ਇਸ ਤਰ੍ਹਾਂ ਵਧੀਕੀ, ਅਗਿਆਨ, ਮੂਰਖਤਾ, ਜ਼ੁਲਮ ਅਤੇ ਨਿਰਾਰਥਕਤਾ ਆਦਿ ਸਭ ਸਮਾਜ ਨੂੰ ਅਗਾਂਹਵਧੂ ਕਰਨ ਦੀ ਜਗ੍ਹਾ ਪਿੱਛੇ ਨੂੰ ਖਿੱਚਦੇ ਹਨ ਤੇ ਰਾਜਨੀਤਕ ਚੇਤਨਾ ਇਨ੍ਹਾਂ ਸਭ ਦੇ ਉਲਟ ਗਿਆਨ, ਸਮਝ, ਸਿਆਣਪ ਅਤੇ ਸਾਰਥਿਕਤਾ ਨੂੰ ਜਨਮ ਦਿੰਦੀ ਹੈ। ਰਾਜਨੀਤੀ ਲੋਕ ਭਲਾਈ ਨੂੰ ਪਿੱਛੇ ਰੱਖ ਕੇ ਆਪਣੇ ਜਾਂ ਅਮੀਰਾਂ ਦੇ ਹਿੱਤਾਂ ਦੀ ਹੀ ਰਾਖੀ ਕਰਦੀ ਹੈ ਜਦ ਕਿ ਇਸ ਮੁਲਕ ਵਿਚ ਹਜ਼ਾਰਾਂ-ਲੱਖਾਂ ਦੀ ਗਿਣਤੀ ਵਿਚ ਲੋਕ ਹਨ ਜਿਨ੍ਹਾਂ ਨੂੰ ਸਰਕਾਰ

ਦੀ ਮਦਦ ਦੀ ਲੋੜ ਹੁੰਦੀ ਹੈ। ਪਰ ਉਨ੍ਹਾਂ ਨੂੰ ਇਸ ਨਾਲ ਕੋਈ ਮਤਲਬ ਨਹੀਂ ਹੁੰਦਾ ਕਿਉਂਕਿ ਜਨਤਾ ਵਿਚ ਹੀ ਇਸ ਜਾਗਰੂਕਤਾ ਦੀ ਘਾਟ ਪਾਈ ਜਾਂਦੀ ਹੈ ਕਿ ਉਹ ਆਪਣੇ ਹਿੱਤਾਂ ਨੂੰ ਮੰਗ ਸਕਣ।

ਨਾਵਲ 'ਆਖ਼ਰੀ ਮੁਕਾਮ' ਵਿਚ ਦਿਲਾਬਰ ਸਿੰਘ ਜੋ ਕਿ ਸ਼ਹਿਰ ਜਲੰਧਰ ਵਿਚ ਇੱਕ ਵੱਡੇ ਸਾਰੇ ਕਾਰਖ਼ਾਨੇ ਦਾ ਮਾਲਕ ਹੈ ਲੋੜਮੰਦਾਂ ਦੀ ਮਦਦ ਕਰਦਾ ਹੈ ਤੇ ਅਕਸਰ ਆਖਦਾ ਰਹਿੰਦਾ ਹੈ ਕਿ ਆਪਣੇ ਮੁਲਕ ਦੀ ਸੱਤਾ ਨੂੰ ਸਿਰਫ਼ ਖ਼ੁਦ ਨਾਲ ਹੀ ਮਤਲਬ ਹੈ ਤੇ ਲੋਕਾਈ ਰਾਹਾਂ ਤੇ ਕਿੰਝ ਰੁਲਦੀ ਫਿਰਦੀ ਹੈ। ਮੁਦਕੀ ਦਿਲਾਬਰ ਸਿੰਘ ਬਾਰੇ ਗੱਲ ਕਰਦਾ ਹੈ ਕਿ

> "ਦਿਲਾਬਰ ਸਿੰਘ ਹੋਰਾਂ ਨੇ ਇਕੱਤੀ ਸੌ ਦੀ ਥਾਵੇਂ ਇਕਵੰਜਾ ਸੌ ਕਮੇਟੀ ਦੇ ਖਜ਼ਾਨਚੀ ਨੂੰ ਦਿੰਦਿਆਂ ਆਖਿਆ ਭਲਾ ਹੈ ਤੁਸੀਂ ਲਾਵਾਰਸਾਂ ਤੇ ਲਾਚਾਰ ਗਾਵਾਂ ਨੂੰ ਤਾਂ ਸੰਭਾਲਦੇ ਹੋ ਪਰ ਆਪਣੇ ਮੁਲਕ ਵਿਚ ਲਾਵਾਰਸ ਤੇ ਲਾਚਾਰ ਇਸਤਰੀ ਪੁਰਸ਼ ਥਾਂ ਥਾਂ 'ਤੇ ਧੱਕੇ ਖਾਂਦੇ ਫਿਰਦੇ ਹਨ ਉਨ੍ਹਾਂ ਨੂੰ ਨਾ ਸਰਕਾਰ ਸੰਭਾਲਦੀ ਐ ਤੇ ਨਾ ਹੀ ਸਮਾਜ ਸੰਭਾਲਦੇ। ਆਹ, ਭਗਤ ਪੂਰਨ ਸਿੰਘ ਵਾਲਾ ਅੰਮ੍ਰਿਤਸਰ ਦਾ ਪਿੰਗਲਵਾੜਾ ਜ਼ਰੂਰ ਚੰਗਾ ਤਕੜਾ ਉਪਰਾਲਾ ਕਰੀ ਜਾਂਦੈ।"[11]

ਇਸ ਦੇ ਪਿੱਛੇ ਦਿਲਾਬਰ ਸਿੰਘ ਦੀ ਰਾਜਨੀਤਕ ਸੂਝ-ਬੂਝ ਹੀ ਨਜ਼ਰ ਆ ਰਹੀ ਹੈ ਤੇ ਉਹ ਆਪਣੇ ਧਨ ਦੇ ਨਾਲ ਲੋੜਮੰਦਾਂ ਦੀ ਮਦਦ ਕਰ ਰਿਹਾ ਹੈ ਜੋ ਕੰਮ ਸਰਕਾਰ ਨੂੰ ਕਰਨਾ ਚਾਹੀਦਾ ਹੈ।

ਜਿਸ ਸਮਾਜ ਦੇ ਲੋਕ ਰਾਜਨੀਤਕ ਤੌਰ 'ਤੇ ਚੇਤੰਨ ਨਹੀਂ ਹੁੰਦੇ ਉਨ੍ਹਾਂ ਨੂੰ ਹਮੇਸ਼ਾ ਦੁੱਖਾਂ ਦਾ ਸਾਹਮਣਾ ਕਰਨਾ ਪੈਂਦਾ ਹੈ ਕਿਉਂਕਿ ਸੱਤਾ ਉਨ੍ਹਾਂ ਨੂੰ ਆਪਣੀਆਂ ਉਂਗਲਾਂ ਤੇ ਨਚਾਉਂਦੀ ਰਹਿੰਦੀ ਹੈ। ਉਹ ਆਪਣੀ ਅਗਿਆਨਤਾ ਸਦਕਾ ਇਸ ਗੱਲ ਤੋਂ ਅਣਜਾਣ ਬਣੇ ਰਹਿੰਦੇ ਹਨ ਤੇ ਆਪਣੀ ਲੁੱਟ-ਖਸੁੱਟ ਕਰਾਉਂਦੇ ਰਹਿੰਦੇ ਹਨ। ਨਾਵਲ 'ਆਖ਼ਰੀ ਮੁਕਾਮ' ਵਿਚ ਵੀ ਸੁੱਚਾ ਸਿੰਘ ਤੇ ਮੁਦਕੀ ਇਸ ਸੰਬੰਧੀ ਗੱਲਾਂ ਕਰਦੇ ਹਨ

> "ਮੁਦਕੀ ਮਿੱਤਰਾ ਅੱਜ ਕੱਲ੍ਹ ਅੰਬੋ ਭੂਆ ਦੇ ਡੇਰੇ ਵਿਚ ਮੁਨੀ ਬ੍ਰਹਮ ਦਾਸ ਤੇ ਸਾਬਕਾ ਐਮ. ਐਲ.ਏ. ਏਕਮ ਸਿੰਘ ਘਿਓ ਖਿਚੜੀ ਬਣ ਕੇ ਮੌਜਾਂ ਮਾਣਦੇ ਹਨ। ਆਪਣੇ ਪਿੰਡਾਂ ਦਾ ਕੀ ਹੈ? ਸੁੱਤੇ ਰਹਿਣ ਸੁੱਤੇ ਹੀ ਰਹਿੰਦੇ ਹਨ। ਜਦੋਂ ਇਨ੍ਹਾਂ ਪਿੰਡਾਂ ਨੂੰ ਕੋਈ ਜਗਾਉਂਦਾ ਹੈ ਤਦ ਜਾਗ ਵੀ ਪੈਂਦੇ ਹਨ। ਮੇਰੇ ਬਾਪੂ ਸੰਤਾ ਸਿੰਘ ਨੇ ਮੈਨੂੰ ਦੱਸਿਆ ਸੀ ਇਨ੍ਹਾਂ ਪਿੰਡਾਂ ਨੂੰ ਕਦੇ ਪਰਜਾ ਮੰਡਲ ਦੀ ਲਹਿਰ ਨੇ ਜਗਾਇਆ ਸੀ। ਆਪਣੇ ਪਿੰਡ ਦੇ ਜਥੇਦਾਰ ਸੇਵਾ ਸਿੰਘ ਨੇ ਇਸ ਲਹਿਰ ਲਈ ਕੁਰਬਾਨੀ ਦਿੱਤੀ ਸੀ। ਉਹ ਪੂਰਾ ਪਰਜਾ ਮੰਡਲੀਆਂ ਤੇ ਸੂਰਾ ਸਿੰਘ ਸੀ।"[12]

ਇਸ ਲਈ ਰਾਜਨੀਤਕ ਚੇਤਨਾ ਹੀ ਹੈ ਜੋ ਇਨ੍ਹਾਂ ਨੂੰ ਆਪਣੇ ਹਿੱਤਾਂ ਦੇ ਲਈ ਜਾਗਰੂਕ ਕਰ ਸਕਦੀ ਹੈ। ਜਦੋਂ ਸਿਆਸਤ ਝੂਠੀ, ਲਾਲਚੀ ਅਤੇ ਮਤਲਬੀ ਕਿਸਮ ਦੀ ਹੋਵੇਗੀ ਤਾਂ ਉਸ ਨੇ ਜਨ-ਸਾਧਾਰਨ ਦੀ ਕੀ ਭਲਾਈ ਕਰ ਲੈਣੀ ਹੈ? ਇਸ ਲਈ ਹੀ ਦਿਲਾਬਰ ਸਿੰਘ ਨੂੰ ਆਪਣੇ ਸਿਆਸਤੀ ਬਾਪ ਦੀ ਕਮਾਈ ਜਿਸ ਨੂੰ ਕਿ ਉਹ ਲੋਕਾਂ ਦਾ ਖ਼ੂਨ-ਪਸੀਨਾ ਸਮਝਦਾ ਸੀ ਰਤਾ ਵੀ ਪਸੰਦ ਨਹੀਂ ਸੀ ਤੇ ਆਪਣੇ ਬਾਪ ਦਾ ਸਦਾ ਹੀ ਖ਼ਿਲਾਫ਼ੀ ਬਣਾਈ ਰੱਖਿਆ ਪਰ

ਉਸ ਨੂੰ ਆਪਣੀ ਮਾਂ ਕਲਾ ਦੀ ਮੂਰਤ ਲਗਦੀ ਸੀ। ਉਸ ਦੀ ਸਦਾ ਸੇਵਾ ਕਰਦਾ ਰਹਿੰਦਾ ਤੇ ਆਪਣੀ ਮਾਂ ਦੀ ਮੌਤ ਤੋਂ ਬਾਅਦ ਉਸ ਦੇ ਨਾਂਅ ਤੇ 'ਮਾਤਾ ਪੁੰਨੀ ਦੇਵੀ ਭਵਨ' ਦੀ ਸਥਾਪਨਾ ਕੀਤੀ। ਚੇਤਨਾ ਵਿਅਕਤੀ ਨੂੰ ਸਹੀ ਗ਼ਲਤ ਦੀ ਪਹਿਚਾਣ ਕਰਾਉਣਾ ਆਸਾਨੀ ਨਾਲ ਸਿਖਾ ਦਿੰਦੀ ਹੈ। ਦਿਲਾਬਰ ਸਿੰਘ ਵੀ ਆਪਣੀ ਮਾਂ ਦੀ ਜੀਵਮਮਈ ਸ਼ੈਲੀ ਦੀ ਸਾਰਥਿਕਤਾ ਤੇ ਆਪਣੇ ਪਿਓ ਦੀ ਸਿਆਸਤੀ ਸ਼ੈਤਾਨੀਅਤ ਦੀ ਨਿਰਾਥਿਕਤਾ ਨੂੰ ਭਲੀਭਾਂਤ ਸਮਝਦਾ ਸੀ।

ਜਿੱਥੇ ਦੇ ਲੋਕਾਂ ਵਿਚ ਰਾਜਨੀਤਕ ਚੇਤਨਾ ਦੀ ਘਾਟ ਹੁੰਦੀ ਹੈ ਉੱਥੇ ਦੀ ਸਿਆਸਤ ਹਮੇਸ਼ਾ ਇਸ ਦਾ ਫ਼ਾਇਦਾ ਉਠਾ ਕੇ ਲੋਕਾਂ ਨੂੰ ਭਟਕਾਉਂਦੀ ਰਹਿੰਦੀ ਹੈ। ਅਜਿਹੀ ਸੱਤਾ ਹੀ ਹਜ਼ਾਰਾਂ ਲੋਕਾਂ ਦੇ ਕਤਲ ਦੀ ਵੀ ਭਾਗੀਦਾਰ ਬਣਦੀ ਰਹਿੰਦੀ ਹੈ। ਅਜਿਹੀ ਦਾਸਤਾ ਸੁੱਖੀ ਆਪਣੇ ਬਚਪਨ ਦੇ ਸਾਥੀ ਸਤਪਾਲ ਨੂੰ ਸੁਣਾਉਂਦੀ ਹੈ ਕਿ

> "ਅਕੇਰਾਂ ਮੇਰੇ ਬਾਪ ਨੇ ਇੱਕ ਬੰਦੇ ਦੇ ਅੱਸੀ ਲੱਖ ਰੁਪਏ ਦੇਣੇ ਸਨ। ਮੇਰੇ ਬਾਪ ਨੇ ਉਸ ਦੇ ਅੱਸੀ ਲੱਖ ਮੋੜਨ ਦੀ ਥਾਵੇਂ ਉਸ ਬੰਦੇ ਨੂੰ ਹੀ ਮਰਵਾ ਦਿੱਤਾ। ਨਿਰਦੋਸ਼ਾਂ ਨੂੰ ਮਰਵਾਉਣ ਵਾਲਾ ਲੋਕ-ਪ੍ਰਤੀਨਿਧ ਬਣਦਾ ਰਿਹਾ।"[13]

ਜਦੋਂ ਰਾਜਨੀਤੀ ਲੋਕਾਂ ਦੀ ਭਲਾਈ ਕਰਨ ਦੀ ਥਾਵੇਂ ਉਨ੍ਹਾਂ ਨੂੰ ਮਾਰਨਾ ਜਾਂ ਫਿਰ ਸਮਾਜ ਨੂੰ ਅਗਿਆਨ ਵੱਲ ਲਿਜਾਵੇ ਤਾਂ ਉੱਥੋਂ ਦੇ ਲੋਕਾਂ ਨੂੰ ਰਾਜਨੀਤਕ ਤੌਰ ਤੇ ਚੇਤੰਨ ਹੋ ਕੇ ਆਪਣੇ ਹਿੱਤਾਂ ਦੀ ਰੱਖਿਆ ਦੇ ਲਈ ਸੰਘਰਸ਼ ਕਰਨਾ ਚਾਹੀਦਾ ਹੈ। ਨਾਵਲ 'ਆਖ਼ਰੀ ਮੁਕਾਮ' ਵਿਚ ਅਜਿਹੇ ਪਾਤਰ ਮੌਜੂਦ ਹਨ ਜੋ ਕਿ ਸਮਾਜ ਨੂੰ ਉਨ੍ਹਾਂ ਨਾਲ ਹੋ ਰਹੇ ਅਨਿਆਂ ਸੰਬੰਧੀ ਚੇਤੰਨ ਕਰਦੇ ਹਨ।

ਦਿਲਾਬਰ ਸਿੰਘ ਮੁਦਕੀ ਨੂੰ ਆਪਣੇ ਸਿਆਸੀ ਬਾਪ ਦੀ ਸ਼ੈਤਾਨੀਅਤ ਬਾਰੇ ਦੱਸਦਾ ਕਿ

> "ਮੋਹਨ ਸਿੰਹਾ ਔਹ ਦੂਰ ਤੱਕ ਤੂੰ ਵੇਖਦਾ ਜਾ ਇਹ ਸਾਰੀ ਜ਼ਮੀਨ ਮੇਰੇ ਬਾਪ ਦਲੀਪ ਸਿੰਘ 'ਦੁੱਲਾ' ਦੀ ਕਿਹੋ ਜਹੀ ਜ਼ਮੀਨ ਹੈ। ਮੇਰਾ ਬਾਪ ਸਿਰੇ ਦਾ ਸ਼ਰਾਬੀ, ਚਾਲਬਾਜ਼, ਝੂਠਾ, ਬੇਈਮਾਨ ਤੇ ਸਿਆਸੀ ਬੰਦਾ ਸੀ। ਲੋਕ ਉਸ ਨੂੰ ਚੌਧਰੀ ਸਾਹਿਬ ਚੌਧਰੀ ਸਾਹਿਬ ਆਕੇ ਖ਼ੁਸ਼ਾਮਦ ਕਰਦੇ ਰਹਿੰਦੇ। ਉਹ ਦੋ ਵਾਰ ਐਮ. ਐਮ.ਏ. ਬਣਦਾ ਰਹਿ ਗਿਆ। ਮੋਹਨ ਸਿੰਹਾ ਮੈਨੂੰ ਇਹ ਜ਼ਮੀਨ-ਜ਼ਮੀਨ ਦੀ ਥਾਵੇਂ ਜ਼ੁਲਮ ਲੱਗਦੀ ਐ। ਮੇਰਾ ਬਾਪ ਤਾਂ ਪਾਰਟੀ ਨਾਲ ਵੀ ਧੋਖਾ ਕਰਦਾ ਰਿਹਾ। ਮੇਰਾ ਬਾਪ ਦਗ਼ੇਬਾਜ਼ ਸੀ। ਆਹ ਅੱਜ ਦੇ ਵਜ਼ੀਰ ਵੀ ਦਗ਼ੇਬਾਜ਼ੀ ਦੀ ਖੇਡ ਖੇਡਦੇ ਲੋਕਾਈ ਨੂੰ ਲੁੱਟ ਪੁੱਟ ਰਹੇ ਨੇ ।"[14]

ਦਿਲਾਬਰ ਸਿੰਘ ਮੁਦਕੀ ਨੂੰ ਦੱਸਦਾ ਕਿ ਕਿਵੇਂ ਸਿਆਸਤੀ ਚਾਲਬਾਜ਼ੀਆਂ ਨੇ ਉਸ ਦੇ ਬਾਪ ਨੂੰ ਝੂਠ ਬੋਲਣਾ ਸਿਖਾਇਆ ਪਰ ਕਿੱਦਾ ਭਗਤ ਰਵਿਦਾਸ ਜੀ ਦਾ ਗਿਆਨ ਆਸਰਾ ਉਸ ਨੂੰ ਇਸ ਪ੍ਰਤੀ ਸੁਚੇਤ ਕਰਦਾ ਗਿਆ। ਦਿਲਾਬਰ ਸਿੰਘ ਨੇ ਮੁਦਕੀ ਨੂੰ ਅੱਜ ਦੇ ਸਮੇਂ ਵਿਚ ਧਰਮ ਦੀ ਸਿਆਸਤੀ ਪੈਰਵੀ ਕਰਦੇ ਹੋਏ ਇਸ ਦੇ ਲੋਕਾਈ ਉੱਪਰ ਪੈਂਦੇ ਮਾੜੇ ਪ੍ਰਭਾਵਾਂ ਬਾਰੇ ਸੁਚੇਤ ਕਰਦੇ ਦੱਸਿਆ

> "ਜਿਉਂ ਜਿਉਂ ਮੇਰਾ ਬਾਪ ਲੀਡਰ ਬਣਦਾ ਗਿਆ ਤਿਉਂ-ਤਿਉਂ ਉਹ ਵਧੀਆ ਢੰਗ ਨਾਲ ਚੰਗਾ ਝੂਠ ਬੋਲਣਾ ਸਿੱਖ ਗਿਆ। ਕਦੇ-ਕਦੇ ਮੈਨੂੰ ਮਹਿਸੂਸ ਹੁੰਦਾ ਜਿਵੇਂ ਮੇਰੇ ਬਾਪ ਨੇ ਆਪਣੇ ਸਿਰ ਉੱਤੇ ਝੂਠ ਦੀ ਪੰਡ ਰੱਖੀ ਹੋਈ ਹੁੰਦੀ ਸੀ। ਮੁਦਕੀ ਪਤਾ ਨਹੀਂ ਮੇਰੇ ਲਈ ਭਗਤ ਗੁਰੂ ਰਵਿਦਾਸ ਜੀ ਦੁਆਰਾ ਪ੍ਰਸਾਰਿਤ ਗਿਆਨ ਆਸਰਾ ਕਿਵੇਂ ਬਣਦਾ ਗਿਆ ਤੇ ਮੈਂ ਆਪਣੇ ਬਾਪ ਤੋਂ ਦੂਰ ਹੁੰਦਾ ਗਿਆ। ਮੇਰੀ ਮਾਂ ਮੇਰਾ ਇਹ ਵਰਤਾਰਾ ਬਹੁਤ ਚੰਗਾ ਲੱਗਦਾ ਸੀ। ਮੇਰੀ ਮਾਂ ਆਖਦੀ ਰਹਿੰਦੀ, ਬਾਰਿਆ ਤੂੰ ਬਹੁਤ ਤਰੱਕੀ ਕਰੇਂਗਾ। ਸੱਚੇ ਰਾਹ 'ਤੇ ਤਰਨ ਵਾਲੇ ਦੀ ਸੰਸਾਰ ਉਸਤਤ ਕਰਦਾ ਹੈ। ਤੇਰਾ ਬਾਪ ਝੂਠੇ ਰਾਹ 'ਤੇ ਤੁਰਦਾ ਹੈ। ਚੰਗਾ ਹੋਇਆ ਤੂੰ ਸੱਚ ਤੇ ਸਫ਼ਾਈ ਦੇ ਰਾਹ ਨੂੰ ਅਪਣਾ ਲਿਆ ਹੈ। ਇਸ ਮੁਦਕੀ ਜਦੋਂ ਕੋਈ ਲਾਵਾਰਸ ਇਸ ਧਰਤੀ ਤੋਂ ਉੱਠ ਜਾਂਦਾ ਸੀ ਤਾਂ ਉਸ ਦੇ ਕਹਿਣ ਅਨੁਸਾਰ ਉਸ ਦੀ ਜਾਇਦਾਦ ਧਾਰਮਿਕ-ਅਸਥਾਨਾਂ ਦੇ ਨਾਂਅ ਹੋ ਜਾਂਦੀ ਸੀ। ਧਾਰਮਿਕ-ਅਸਥਾਨਾਂ ਦੀ ਜ਼ਮੀਨ ਜਾਇਦਾਦ ਤੇ ਹੋਰ ਮਲਕੀਅਤ ਦੀ ਕਮਾਈ ਲੋਕ-ਭਲਾਈ ਲਈ ਵਰਤੀ ਜਾਂਦੀ ਸੀ ਪਰ ਹੁਣ ਤਾਂ ਧਾਰਮਿਕ-ਅਸਥਾਨਾਂ ਦੇ ਮੁਖੀ ਉਸ ਮਲਕੀਅਤ ਦੇ ਮਾਲਕ ਬਣ ਬੈਠੇ ਨੇ। ਆਹ ਵੇਖ ਲੈ ਮੇਰੇ ਬਾਪ ਨੇ ਮੇਰੀ ਮਾਂ ਦੇ ਨਾਂਹ ਕਹਿਣ 'ਤੇ ਵੀ ਇੱਕ ਧਾਰਮਿਕ-ਅਸਥਾਨ ਦੀ ਜ਼ਮੀਨ ਨੜ੍ਹਿਨਵੇਂ ਵਰ੍ਹਿਆਂ ਲਈ ਲੀਜ਼ 'ਤੇ ਲੈ ਲਈ। ਮੁਦਕੀ ਇਹ ਲੀਡਰ ਜਿਉਂ ਜਿਉਂ ਆਪਣੇ ਮੁਲਕ ਵਿਚ ਆਜ਼ਾਦੀ ਦਾ ਸਮਾਂ ਵਧਦਾ ਜਾ ਰਿਹਾ ਹੈ ਤਿਉਂ ਤਿਉਂ ਜ਼ਾਲਮ ਬਣਦੇ ਜਾ ਰਹੇ ਹਨ। ਇਨ੍ਹਾਂ ਲੀਡਰਾਂ ਦਾ ਜ਼ੁਲਮ ਇਸ ਮੁਲਕ ਨੂੰ ਲੈ ਡਿੱਗੇਗਾ।"[15]

ਮਾਸਟਰ ਜੋਤੀ ਪ੍ਰਸ਼ਾਦ ਪਿੰਡ ਸ਼ੇਰਗੜ੍ਹ ਰਾਣੀਆਂ ਦਾ ਇੱਕ ਸੂਝਵਾਨ ਮਾਸਟਰ ਹੈ। ਜੋ ਕਿ ਪਿੰਡ ਵਾਸੀਆਂ ਨੂੰ ਅਕਸਰ ਸਿਆਸਤੀ ਚਾਲਬਾਜ਼ੀਆਂ ਤੇ ਉਸ ਦੇ ਧਰਮੀ ਪੈਂਤੜਿਆਂ ਬਾਰੇ ਦੱਸ ਕੇ ਸੁਚੇਤ ਕਰਦਾ ਰਹਿੰਦਾ ਕਿ

> "ਭਾਈ ਇਹ ਡੇਰਾ ਕਦੇ ਲੋਕਾਂ ਦੀ ਭਲਾਈ ਲਈ ਹੁੰਦਾ ਸੀ ਹੁਣ ਇਸ ਡੇਰੇ ਦੀ ਆਮਦਨ ਨਾਲ ਲੀਡਰਾਂ ਦੇ ਢਿੱਡ ਭਰਦੇ ਹਨ। ਗੱਲ ਬੜੀ ਸਾਫ਼ ਹੈ ਕਿ ਆਹ ਸਮਾਂ ਲੋਕਾਂ ਲਈ ਨਹੀਂ ਲੀਡਰਾਂ ਲਈ ਹੈ। ਬਾਬਾ ਘੁੰਮਣ ਦਾਸ ਤਿਆਗੀ ਲੋਕ-ਸੇਵਕ ਬਣ ਕੇ ਇਸ ਡੇਰੇ ਦਾ ਮੁਖੀ ਬਣਿਆ ਰਿਹਾ। ਰੱਥ ਤਾਂ ਅੱਜ ਕੱਲ੍ਹ ਆਪਣੀ ਸਰਕਾਰ ਦੇ ਵੀ ਕੁੱਝ ਇਹੋ ਜਿਹੇ ਹੀ ਹਨ। ਲੋਕ-ਤੰਤਰ ਸਰਕਾਰ ਪ੍ਰਚਾਰ ਦੁਆਰਾ ਤਾਂ ਲੋਕਾਂ ਦੀ ਹੈ ਪਰ ਇਹ ਸਰਕਾਰ ਲੀਡਰਾਂ ਤੇ ਅਮੀਰਾਂ ਵਾਸਤੇ।"[16]

ਸਿਆਸਤ ਦਾ ਜਨਮ ਸਮਾਜਿਕ ਭਲਾਈ ਲਈ ਹੋਇਆ ਹੈ। ਪਰ ਅਜੋਕੇ ਸਮੇਂ ਵਿਚ ਸਿਆਸੀ ਸ਼ੈਤਾਨੀਅਤ ਸਮਾਜਿਕ ਭਲਾਈ ਦੀ ਤਾਂ ਦੂਰ ਦੀ ਗੱਲ ਹੈ ਉਹ ਇਸ ਨੂੰ ਵੀ ਆਪਣੇ ਹਿੱਤਾਂ ਦੀ ਪੂਰਤੀ ਲਈ ਇਸਤੇਮਾਲ ਕਰਦੀ ਹੈ ਤੇ ਇਸੇ ਬਾਰੇ ਹੀ ਮੁਦਕੀ ਸੋਚਦਾ ਹੈ ਕਿ

> "ਬ੍ਰਹਮ ਦਾਸ ਮੁਨੀ ਨੇ ਤਾਂ ਸੱਤਪਾਲ ਵਾਲੇ ਸਮਾਜਿਕ-ਸਮਾਗਮ ਦੇ ਭਾਈਚਾਰਕ ਰੰਗ ਨੂੰ ਵੀ ਸਿਆਸੀ ਰੰਗ ਵਿਚ ਰੰਗਣ ਦੀ ਕੋਸ਼ਿਸ਼ ਕੀਤੀ ਸੀ।"[17]

ਸੁੱਖੀ ਆਪਣੇ ਬਚਪਨ ਦੇ ਦੋਸਤ ਸੁਖਪਾਲ ਨੂੰ ਆਪਣੇ ਪਿੰਡ ਵਿਚਲੇ ਸਿਆਸਤੀ ਪਾਖੰਡ ਬਾਰੇ ਦੱਸਦੀ ਆਖਦੀ ਹੈ ਕਿ

> "ਸੱਤਿਆ ਮੈਂ ਚੁੰਨੀ ਚੁੱਕ ਕੇ ਤੇਰੇ ਵੱਲ ਤੁਰਦੀ ਵੀ ਨਾ ਜੇਕਰ ਆਪਣੇ ਪਿੰਡ ਸ਼ੇਰਗੜ੍ਹ ਰਾਣੀਆਂ ਦਾ ਸਾਰਾ ਦਾ ਸਾਰਾ ਮਾਹੌਲ ਪਾਖੰਡ ਤੇ ਪਾਪ ਦੀਆਂ ਪਰਤਾਂ ਦੀ ਪੋਚਾ ਪਾਚੀ ਨਾ ਬਣਨ ਲੱਗਦਾ। ਪੰਜਾਬ ਦੀ ਸਿਆਸਤ ਨੇ ਪੰਜਾਬ ਦੇ ਪਿੰਡਾਂ ਨੂੰ ਪਾਪੀ ਤੇ ਪਾਖੰਡੀ ਬਣਾ ਦਿੱਤਾ ਹੈ। ਬਾਬੇ ਨਾਨਕ ਦੀ ਬਾਬਰ ਨੂੰ ਦਿੱਤੀ ਵੰਗਾਰ ਵਾਲਾ ਵਾਕ ਪਾਪ ਦੀ ਜੰਞ ਲੈ ਕਾਬਲੋ ਧਾਇਆ ਮੈਨੂੰ ਬਲਵਾਨ ਬਣਾਉਂਦਾ ਰਿਹਾ ਤੇ ਮੈਂ ਆਪਣੇ ਪਿੰਡ ਦੇ ਪਾਖੰਡ ਤੇ ਪਾਪ ਨੂੰ ਟਿੱਚ ਸਮਝ ਕੇ ਤੇਰੇ ਕੋਲ ਆਉਣ ਲਈ ਆਪਣੇ ਮਨ ਨੂੰ ਮਜ਼ਬੂਤ ਬਣਾਉਂਦੀ ਰਹੀ।"[18]

ਸੱਤਪਾਲ ਸੁੱਖੀ ਨੂੰ ਸਿਆਸਤ ਬਾਰੇ ਆਪਣੀ ਵਿਚਾਰਧਾਰਾ ਬਾਰੇ ਦੱਸਦਾ ਆਖਦਾ ਹੈ ਕਿ

> "ਵੇਖ ਬਈ ਸੁੱਖੀ ਮੇਰੇ ਤਾਂ ਇਨ੍ਹਾਂ ਸਿਆਸੀ ਲੀਡਰਾਂ ਦੀ ਮੌਤ ਬਾਰੇ ਇਹ ਖ਼ਿਆਲ ਹਨ...। ਸੁਬਾਈ ਪੱਧਰ ਦਾ ਜਦ ਕੋਈ ਲੀਡਰ ਮਰਦਾ ਹੈ ਤਦ ਮੈਨੂੰ ਇੰਝ ਲਗਦਾ ਹੈ ਜਿਵੇਂ ਸੂਬੇ ਪੱਧਰ ਦਾ ਝੂਠ ਤੁਰ ਗਿਆ ਹੁੰਦਾ ਹੈ। ਕੌਮੀ ਪੱਧਰ ਦਾ ਲੀਡਰ ਰਾਸ਼ਟਰੀ ਪੱਧਰ ਦਾ ਝੂਠ ਅਤੇ ਅੰਤਰ ਰਾਸ਼ਟਰੀ ਪੱਧਰ ਦਾ ਲੀਡਰ ਅੰਤਰ ਰਾਸ਼ਟਰੀ ਪੱਧਰ ਦਾ ਝੂਠ ਹੁੰਦਾ ਹੈ। ਅੱਜ ਦੇਸ਼ ਪੱਧਰ ਦੇ ਇੱਕ ਝੂਠ ਦੇ ਮਰ ਜਾਣ ਕਰ ਕੇ ਸੰਸਥਾ ਬੰਦ ਹੋ ਗਈ ਤੇ ਮੈਂ ਤੇਰੇ ਕੋਲ ਵਾਪਸ ਆ ਗਿਆ ਹਾਂ ਪਰ ਸੁੱਖੀ ਜਿਹੜਾ ਲੀਡਰ ਝੂਠ ਬੋਲ ਬੋਲ ਲੋਕਾਂ ਦੇ ਦਿਲ ਤੇ ਦਿਮਾਗ਼ ਬੰਦ ਕਰਦਾ ਰਿਹਾ ਹੋਵੇ ਉਸ ਦੇ ਮਰ ਜਾਣ 'ਤੇ ਵਿੱਦਿਅਕ ਅਦਾਰਿਆਂ ਨੂੰ ਬੰਦ ਕਿਉਂ ਕੀਤਾ ਜਾਵੇ?"[19]

ਸੱਤਪਾਲ ਦੀ ਇਸ ਵਿਚਾਰਧਾਰਾ ਦੇ ਪਿੱਛੇ ਉਸ ਦੀ ਰਾਜਨੀਤਕ ਸੂਝ ਹੀ ਬੋਲ ਰਹੀ ਸੀ ਜੋ ਕਿ ਉਸ ਨੂੰ ਸਿਆਸਤੀ ਸ਼ੈਤਾਨੀਆਂ ਦੇ ਬਾਰੇ ਸੁਚੇਤ ਕਰ ਰਹੀ ਸੀ। ਸੁੱਖੀ ਵੀ ਆਪਣੇ ਬਚਪਨ ਦੇ ਸਾਥੀ ਮੂੰਹੋਂ ਅਜਿਹੀਆਂ ਗੱਲਾਂ ਨੂੰ ਸੁਣ ਕੇ ਆਪਣੀ ਮਾਂ ਦੇ ਸੱਚ ਤੇ ਆਪਣੇ ਸਿਆਸੀ ਪਿਤਾ ਦੇ ਝੂਠ ਦੀ ਗੱਲ ਕਰਦੀ ਕਿ ਕਿਸ ਤਰ੍ਹਾਂ ਉਸ ਦੇ ਬਾਪ ਦਾ ਆਖ਼ਰੀ ਸਮਾਂ ਉਸ ਦੇ ਝੂਠ ਦੇ ਕਾਰਨ ਤੇ ਲੋਕਾਂ ਨੂੰ ਦਿੱਤੇ ਦੁੱਖ ਕਾਰਨ ਹੀ ਦੁਖਦਾਈ ਬਣਿਆ ਰਿਹਾ। ਸੱਤਪਾਲ ਦੀ ਤਰ੍ਹਾਂ ਮਾਸਟਰ ਜੋਤੀ ਪ੍ਰਸ਼ਾਦ ਦੀ ਰਾਜਨੀਤਕ ਸੂਝ ਵੀ ਪਿੰਡ ਵਾਸੀਆਂ ਨੂੰ ਜਾਗਰੂਕ ਕਰਦੀ ਰਹਿੰਦੀ ਤੇ ਉਹ ਪਿੰਡ ਵਾਸੀਆਂ ਵਿਚ ਬੈਠੇ ਆਖਦੇ:

> "ਭਾਈ ਆਪਣੇ ਮੁਲਕ ਦੇ ਲੀਡਰਾਂ ਕੋਲ ਨਾ ਸਿਆਣਪ ਹੈ ਤੇ ਨਾ ਹੀ ਸੰਜਮ ਹੈ। ਇਸ ਕਾਰਨ ਕਰ ਕੇ ਹੀ ਆਪਣੇ ਇਸ ਮੁਲਕ ਦੇ ਸੱਠ ਸੱਤਰ ਕਰੋੜ ਨਿਵਾਸੀ ਭੁੱਖਿਆਂ ਵਾਂਗ ਜਿਊਣ ਗੁਜ਼ਾਰਾ ਕਰੀ ਜਾਂਦੇ ਹਨ।"[20]

ਸੰਤਾ ਸਿੰਘ ਆਪਣੀ ਪਿੰਡ ਦੀ ਕੁੜੀ ਦਾ ਮਲਕੀਤ ਸਿੰਘ ਨਾਮੀ ਕੈਨੇਡਾ ਦੇ ਵਾਸੀ ਦੇ ਨਾਲ ਵਿਆਹ ਕਰਵਾਉਣ ਬਾਅਦ ਮਲਕੀਤ ਦੁਆਰਾ ਸੁੱਖੀ ਨੂੰ ਦਿੱਤੇ ਧੋਖੇ ਤੇ ਉਸ ਦੇ ਸਿਆਸੀ ਬਾਪ ਦੇ ਲਾਲਚ ਦਾ ਜ਼ਿਕਰ ਕਰਦਾ ਹੋਇਆ ਆਖਦਾ ਹੈ ਕਿ

> "ਧੀਏ ਰੁਪਏ ਪੈਸੇ ਅੱਤਿਆਚਾਰ ਨੂੰ ਛੁਪਾ ਰੱਖਦੇ ਹਨ। ਰੁਪਏ ਪੈਸੇ ਨਾਲ ਜਿਸ ਨੂੰ ਚਾਹੋ ਅੰਨ੍ਹਾ ਕਰ ਸਕਦੇ ਹੋ। ਵੇਖਿਆ ਜਾਵੇ ਤਾਂ ਤੇਰੀ ਮਾਂ ਵੀ ਤਾਂ ਇੱਕ ਕਿੱਲੋ ਸੋਨੇ ਨਾਲ ਅੰਨ੍ਹੀ ਹੋ ਬੈਠੀ ਸੀ। ਮਲਕੀਤ ਨੇ ਜਦ ਅੱਠ ਦੱਸ ਬੰਡਲ ਡਾਲਰਾਂ ਦੇ ਏਕਮ ਸਿੰਘ ਦੇ ਪੈਰੀਂ ਰੱਖ ਕੇ ਸਿਰ ਝੁਕਾ ਕੇ ਉਸ ਨੂੰ ਮੱਥਾ ਟੇਕਿਆ ਉਹ ਵੀ ਅੰਨ੍ਹਾ ਹੋ ਬੈਠਾ ਸੀ। ਸਿਆਸਤ ਨੂੰ ਰੁਪਿਆ ਅੰਨ੍ਹਾ ਕਰਦਾ ਰਹਿੰਦਾ ਹੈ। ਆਪਣੇ ਮੁਲਕ ਦੇ ਸਿਆਸੀ ਲੀਡਰਾਂ ਨੂੰ ਰੁਪਏ ਪੈਸੇ ਨੇ ਅੰਨ੍ਹਾ ਕੀਤਾ ਹੋਇਆ ਹੈ।"[21]

ਸੱਤਪਾਲ ਦੀ ਧੀ ਜੋ ਕਿ ਬਾਹਰਲੇ ਦੇਸ਼ ਵਿਚ ਨੌਕਰੀ ਕਰਦੀ ਹੈ ਤੇ ਜਦੋਂ ਆਪਣੇ ਪਿਤਾ ਦੁਆਰਾ ਚੁੱਕੇ ਆਤਮ-ਹੱਤਿਆ ਦੇ ਬਾਰੇ ਸੁਣਦੀ ਹੈ ਤਾਂ ਉਹ ਉਨ੍ਹਾਂ ਨੂੰ ਦੇਸ਼ ਵਿਚਲੀ ਸਿਆਸਤ ਦੁਆਰਾ ਲੱਖਾਂ ਲੋਕਾਂ ਦੇ ਕਤਲ ਦੀ ਵਾਰਤਾ ਸਮਝਾਉਂਦੀ ਹੋਈ ਆਖਦੀ ਹੈ ਕਿ

> "ਪਿਤਾ ਜੀ ਤੁਸੀਂ ਮੇਰੀ ਮਾਂ ਦੇ ਇੱਕ ਨਿੱਕੇ ਜਿਹੇ ਫ਼ਿਕਰੇ ਤੋਂ ਥਿੜਕਦੇ ਆਤਮ-ਹੱਤਿਆ ਕਰਨਾ ਮਿੱਥ ਲਿਆ। ਤੁਹਾਡੇ ਆਤਮ-ਹੱਤਿਆ ਕਰਨ ਤੇ ਅਸਾਡੇ ਇਸ ਮੁਲਕ ਦੀ ਗਲੀਜ਼ ਵਿਵਸਥਾ ਵਿਚ ਕੋਈ ਚਿੰਤਾ ਪੈਦਾ ਨਹੀਂ ਸੀ ਹੋਣੀ। ਏਥੇ ਆਪਣੇ ਮੁਲਕ ਵਿਚ ਤਾਂ ਆਮ ਲੋਕਾਈ ਨੂੰ ਵਿਸ਼ੇਸ਼ ਵਰਗ ਅਤੇ ਸੱਤਾਧਾਰੀ ਸਿਆਸਤ ਵਾਲੇ ਕੀੜੇ ਮਕੌੜੇ ਹੀ ਸਮਝਦੇ ਹਨ। ਹਰ ਰੋਜ਼ ਜਿਵੇਂ ਪੈਰਾਂ ਹੇਠ ਆਕੇ ਹਜ਼ਾਰਾਂ ਕੀੜੇ ਮਕੌੜੇ ਮਰਦੇ ਰਹਿੰਦੇ ਹਨ ਓਵੇਂ ਹੀ ਪੰਜਾਬ ਵਿਚ ਸੰਨ ਸੰਤਾਲੀ ਦੇ ਰੌਲ਼ੇ ਵੇਲੇ ਲੱਖਾਂ ਨਿਰਦੋਸ਼ ਮਾਰ ਦਿੱਤੇ ਗਏ ਸਨ ਪਰ ਗਾਂਧੀ ਜੀ ਦਾ ਅਹਿੰਸਾ ਵਾਦ ਫ਼ਿਕਰਮੰਦ ਨਹੀਂ ਸੀ ਹੋਇਆ ਤੇ ਅੱਜ ਵੀ ਫ਼ਿਕਰਮੰਦ ਨਹੀਂ ਹੈ।"[22]

ਨਰਵਿੰਦਰ ਆਪਣੇ ਪਿਤਾ ਨੂੰ ਆਪਣੇ ਮੁਲਕ ਦੀ ਸਿਆਸਤ ਬਾਰੇ ਦੱਸਦੀ ਹੈ ਕਿ ਕਿਵੇਂ ਲੋਕਾਂ ਅੰਦਰਲੀ ਅਗਿਆਨਤਾ ਹੀ ਉਨ੍ਹਾਂ ਦੀ ਹਮੇਸ਼ਾ ਰਾਜਨੀਤੀ ਹੱਥੋਂ ਲੁੱਟ-ਖਸੁੱਟ ਕਰਾਉਂਦੀ ਰਹਿੰਦੀ ਹੈ ਤੇ ਉਹ ਇਸ ਤੋਂ ਅਣਜਾਣ ਬਣੀ ਘੁੰਮਦੇ ਫਿਰਦੇ ਹਨ। ਇਸ ਸੰਬੰਧੀ ਉਹ ਆਪਣੇ ਪਿਤਾ ਨੂੰ ਆਖਦੀ ਹੈ:-

> "ਪਿਆਰੇ ਪਿਤਾ ਜੀ ਮੇਰੇ ਮਾਤਾ ਜੀ ਦੇ ਕਹੇ ਇਹ ਸ਼ਬਦ ਕਿ 'ਤੂੰ ਅਜੇ ਵੀ ਉਹ ਹੀ ਰਿਹਾ' ਤਾਂ ਰੜਕਦੇ ਹਨ ਪਰ ਕੀ ਆਪਣਾ ਇਹ ਮੁਲਕ ਹੁਣ ਵੀ ਉਹ ਹੀ ਨਹੀਂ ਜਿਹੜਾ ਮੁਗ਼ਲ ਬਾਦਸ਼ਾਹਤ ਤੇ ਅੰਗਰੇਜ਼ ਸਾਮਰਾਜ ਵੇਲੇ ਸੀ? ਕੀ ਅੱਜ ਵੀ ਆਪਾਂ ਆਪਣੀ ਮੁਲਕ ਦੀ ਸਿਆਸਤ ਤੋਂ ਜੁੱਤੀਆਂ ਨਹੀਂ ਖਾ ਰਹੇ? ਮੈਂ ਤਾਂ ਮਹਿਸੂਸ ਕਰਦੀ ਹਾਂ ਕਿ ਆਪਾਂ ਤਾਂ ਸੁਤੰਤਰਤਾ ਮਗਰੋਂ ਹਰ ਸਰਕਾਰ ਦੁਆਰਾ ਮਾਰੀਆਂ ਜਾਣ ਵਾਲੀਆਂ ਜੁੱਤੀਆਂ ਨੂੰ ਸਹਿਣ ਕਰਨ ਦੇ ਆਦੀ ਹੋ ਬੈਠੇ ਹਾਂ।

> ਤੁਸੀਂ ਆਪਣੀਆਂ ਕਿਤਾਬਾਂ ਦਾ ਅੰਗਰੇਜ਼ੀ ਤੋਂ ਹਿੰਦੀ ਤੇ ਪੰਜਾਬੀ 'ਚ ਅਨੁਵਾਦ ਕਰਵਾਓ ਤਾਂ ਕਿ ਆਪਣੇ ਮੁਲਕ ਦੇ ਆਮ ਲੋਕ ਇਨ੍ਹਾਂ ਨੂੰ ਪੜ੍ਹਨ। ਮੈਂ ਬੜੀ ਦੇਰ ਤੋਂ ਵੇਖਦੀ ਆ ਰਹੀ ਹਾਂ ਕਿ ਆਪਣੇ ਮੁਲਕ ਦੀਆਂ ਸਿਆਸੀ ਪਾਰਟੀਆਂ ਆਪਣੇ ਮੁਲਕ ਦੇ ਨਿਵਾਸੀਆਂ ਨੂੰ ਅਗਿਆਨੀ ਬਣਾ ਰਹੀਆਂ ਹਨ। ਆਪਣੇ ਮੁਲਕ ਵਿਚ ਉਹ ਗਿਆਨ ਕਿੱਥੇ ਹੈ ਜਿਹੜਾ ਮੁਸਲਮਾਨ, ਹਿੰਦੂ, ਸਿੱਖ, ਈਸਾਈ ਦੀ ਅਗਿਆਨਤਾ ਨੂੰ ਮਿਟਾਵੇ? ਮੇਰੇ ਖ਼ਿਆਲ ਅਨੁਸਾਰ ਤਾਂ ਸੁੱਤੇ ਰਹਿਣ ਕਾਰਨ ਅਨਿਆਂ ਹੁੰਦੇ ਰਹਿੰਦੇ ਹਨ। ਜਾਗ੍ਰਿਤ-ਕੌਮਾਂ ਹੀ ਅਨਿਆਂ ਦੇ ਵਿਰੁੱਧ ਉੱਠ ਸਕਦੀਆਂ ਹਨ। ਅੱਜ ਕੱਲ੍ਹ ਦੁਨੀਆ ਦੀ ਰਾਜਨੀਤੀ ਦੁਨੀਆ ਨੂੰ ਉਸ ਦੇ ਖ਼ਾਤਮੇ ਵੱਲ ਲੈ ਜਾ ਰਹੀ ਹੈ।"[23]

ਨਰਵਿੰਦਰ ਦੁਆਰਾ ਆਪਣੇ ਪਿਤਾ ਸੱਤਪਾਲ ਦੇ ਨਾਲ ਕੀਤੀ ਇਹ ਵਾਰਤਾਲਾਪ ਉਸ ਦੀ ਰਾਜਨੀਤੀ ਪ੍ਰਤੀ ਸੂਝ ਦੀ ਪਹਿਚਾਣ ਕਰਾ ਰਹੀ ਹੈ।

ਇਸ ਤਰਾਂ ਕੁਲ ਮਿਲਾ ਕੇ ਕਿਹਾ ਜਾ ਸਕਦਾ ਹੈ ਕਿ ਨਾਵਲ 'ਆਖ਼ਰੀ ਮੁਕਾਮ' ਵਿਚਲੇ ਪਾਤਰ, ਵਾਰਤਾਲਾਪ ਤੇ ਘਟਨਾਵਾਂ ਤੋਂ ਰਾਜਨੀਤਕ ਚੇਤਨਾ ਦਾ ਪੱਖ ਉੱਭਰ ਕੇ ਸਾਹਮਣੇ ਆ ਰਿਹਾ ਹੈ ਜੋ ਕਿ ਪਾਠਕਾਂ ਨੂੰ ਉਨ੍ਹਾਂ ਦੇ ਹਿੱਤਾਂ ਦੇ ਸੰਬੰਧੀ ਸੁਚੇਤ ਕਰਦਾ ਹੋਇਆ ਨਜ਼ਰ ਆਉਂਦਾ ਹੈ।

## ਨਾਵਲ 'ਤੂੰ ਕੌਣ ਸੀ?' ਵਿਚ ਰਾਜਨੀਤਕ ਚੇਤਨਾ:

ਨਾਵਲ 'ਤੂੰ ਕੌਣ ਸੀ?' ਵਿਚ ਵੀ ਰਾਜਨੀਤਕ ਚੇਤਨਾ ਦੇ ਪੱਖ ਉੱਭਰ ਕੇ ਸਾਡੇ ਸਾਹਮਣੇ ਆਉਂਦੇ ਹਨ। ਸਮਾਜਿਕ ਜੀਵਨ ਦੀ ਤਰ੍ਹਾਂ ਹੀ ਰਾਜਨੀਤੀ ਵੀ ਮਨੁੱਖੀ ਜ਼ਿੰਦਗੀ ਨੂੰ ਸਿੱਧੇ ਜਾਂ ਅਸਿੱਧੇ ਰੂਪ ਵਿਚ ਕਿਸੇ ਨਾ ਕਿਸੇ ਤਰ੍ਹਾਂ ਪ੍ਰਭਾਵਿਤ ਕਰਦੀ ਰਹਿੰਦੀ ਹੈ। ਇਸ ਦੇ ਲਈ ਸਮਾਜਿਕ ਚੇਤਨਾ ਦੀ ਤਰ੍ਹਾਂ ਹੀ ਰਾਜਨੀਤਕ ਚੇਤਨਾ ਦੀ ਵੀ ਉੱਨੀ ਹੀ ਲੋੜ ਹੈ। ਵਿਅਕਤੀ ਉਦੋਂ ਰਾਜਨੀਤਕ ਚੇਤਨਾ ਦਾ ਧਾਰਨੀ ਬਣਦਾ ਹੈ ਜਦੋਂ ਉਸ ਅੰਦਰ ਰਾਜਨੀਤੀ ਜਾਂ ਸਿਆਸਤ ਨੂੰ ਲੈ ਕੇ ਸਮਾਜ ਵਿਚ ਵਾਪਰ ਰਹੇ ਵਰਤਾਰਿਆਂ ਸੰਬੰਧੀ ਇਹ ਸਵਾਲ ਖੜੇ ਹੋਣ ਕਿ:

- "ਕੀ ਆਪਣਾ ਇਹ ਮੁਲਕ ਆਰਥਿਕ ਆਫ਼ਤ ਦਾ ਸ਼ਿਕਾਰ ਨਹੀਂ ਬਣ ਰਿਹਾ?
- ਕੀ ਆਪਣੇ ਮੁਲਕ ਦਾ ਸਭਿਆਚਾਰ ਸਿਰਖ਼ਦ ਇੱਕ ਆਫ਼ਤ ਨਹੀਂ ਬਣ ਰਿਹਾ?
- ਕੀ ਆਪਣਾ ਇਹ ਮੁਲਕ ਸਿਆਸੀ-ਆਫ਼ਤ ਵਿਚ ਵਾਧਾ ਨਹੀਂ ਕਰ ਰਿਹਾ?
- ਕੀ ਆਪਣਾ ਇਹ ਮੁਲਕ ਇੰਤਜ਼ਾਮ ਨੂੰ ਆਫ਼ਤ ਨਹੀਂ ਬਣਾ ਰਿਹਾ?
- ਕੀ ਆਪਣੇ ਮੁਲਕ ਦੀਆਂ ਪ੍ਰਬੰਧਕੀ ਪ੍ਰਣਾਲੀਆਂ ਸਮਾਜਿਕ-ਵਿਵਹਾਰ ਲਈ ਆਫ਼ਤ ਨਹੀਂ ਬਣ ਰਹੀਆਂ?"[24]

ਰਾਜਨੀਤਕ ਚੇਤਨਾ ਹੀ ਉਸ ਦੇ ਅੰਦਰ ਸਮਾਜ ਵਿਚ ਵਾਪਰ ਰਹੀਆਂ ਘਟਨਾਵਾਂ ਸੰਬੰਧੀ ਅਜਿਹੇ ਸਵਾਲਾਂ ਨੂੰ ਜਨਮ ਦਿੰਦੀ ਹੈ ਤੇ ਉਸ ਪ੍ਰਤੀ ਸੰਘਰਸ਼ਸ਼ੀਲ ਹੋਣ ਲਈ ਵੀ ਪ੍ਰੇਰਿਤ ਕਰਦੀ ਹੈ। ਨਾਵਲ 'ਤੂੰ ਕੌਣ ਸੀ?' ਵਿਚ ਵੀ ਅਜਿਹੇ ਪਾਤਰ ਅਤੇ ਸਥਿਤੀਆਂ ਹਨ ਜੋ ਕਿ ਪਾਠਕਾਂ ਨੂੰ ਰਾਜਨੀਤਕ ਚੇਤਨਾ ਦੇ ਭਾਗੀ ਬਣਾਉਣ ਵਿਚ ਸਫਲ

ਕੋਸ਼ਿਸ਼ ਕਰਦੇ ਹਨ। ਨਾਵਲ ਵਿਚ ਮੁਲਕ ਵਿਚ ਵੱਧ ਰਹੇ ਨਿੱਜਵਾਦ ਦੀ ਗੱਲ ਕੀਤੀ ਗਈ ਹੈ ਤੇ ਜਿਸ ਕਾਰਨ ਨਾਕੁਸ ਕਿਸਮ ਦੀ ਸ਼੍ਰੋਮਣੀ ਬਣ ਰਹੀ ਜ਼ਹਿਰੀਲੀ ਸਿਆਸਤ ਦਾ ਜਨਮ ਹੋ ਰਿਹਾ ਹੈ ਤੇ ਅਜਿਹੀ ਸਿਆਸਤ ਲੋਕ-ਅੱਖਾਂ ਨੂੰ ਧੋਖਾ ਦੇ ਕੇ ਆਪਣੇ ਹਿੱਤਾਂ ਦੀ ਪੂਰਤੀ ਕਰ ਕੇ ਆਪ ਆਸੇ-ਪਾਸੇ ਨਿਕਲ ਜਾਂਦੀ ਹੈ। ਨਾਵਲ 'ਤੂੰ ਕੌਣ ਸੀ' ਵਿਚਲੇ ਪਾਤਰ ਅਤੇ ਦ੍ਰਿਸ਼ ਲੋਕ ਭਾਵਨਾ ਨੂੰ ਸੁਚੇਤ ਕਰਨ ਵਾਲੀ ਦ੍ਰਿਸ਼ਾਵਲੀ ਨੂੰ ਵਿਖਾਉਂਦੇ ਹਨ ਤੇ ਲੋਕ ਵਿਰਤੀ ਅੰਦਰ ਆ ਰਹੇ ਨਿੱਜਵਾਦ ਸਦਕਾ ਸਮਾਜਿਕ ਪੱਧਰ ਤੇ ਆ ਰਹੀ ਗਿਰਾਵਟ ਦਾ ਵੀ ਜ਼ਿਕਰ ਹੈ। ਜਿਵੇਂ:-

- "ਨਿੱਜਵਾਦ ਹੰਕਾਰੀ ਹੁੰਦਾ ਹੈ।
- ਨਿੱਜਵਾਦ ਸੀਮਤ ਹੁੰਦਾ ਹੈ।
- ਨਿੱਜਵਾਦ ਨੂੰ ਭੁਲੇਖਾ ਕਿਹਾ ਜਾ ਸਕਦਾ ਹੈ।
- ਨਿੱਜਵਾਦ ਨੂੰ ਸੁਆਰਥ ਕਿਹਾ ਜਾ ਸਕਦਾ ਹੈ।
- ਨਿੱਜਵਾਦ ਨੂੰ ਲੁੱਟ ਕਿਹਾ ਜਾ ਸਕਦਾ ਹੈ।"[25]

ਨਾਵਲ 'ਤੂੰ ਕੌਣ ਸੀ?ਵਿਚਲਾ ਮੁੱਖ ਪਾਤਰ ਦੀਪੂ ਆਪਣੇ ਘਰ ਨੂੰ ਸੰਭਾਲ ਰਹੀ ਸ਼ਿਆਮਾ ਦੇ ਨਾਲ ਮੁਲਕ ਵਿਚ ਵਾਪਰ ਰਹੀਆਂ ਰਾਜਨੀਤਕ ਗਤੀਵਿਧੀਆਂ ਦੀ ਅਕਸਰ ਚਰਚਾ ਕਰਦਾ ਰਹਿੰਦਾ ਹੈ ਕਿ

> "ਸ਼ਿਆਮਾ ਲਾਲਚ ਦਾ ਇਤਿਹਾਸ ਬੜਾ ਜ਼ਾਲਮ ਹੈ। ਵੰਤੀ ਦਾ ਲਾਲਚ ਤਾਂ ਮਾਂ ਦੀ ਮਮਤਾ ਸਾਹਮਣੇ ਬੇਨਤੀ ਵੀ ਕਰ ਸਕਦਾ ਪਰ ਆਹ ਅਸਾਡੇ ਮੁਲਕ ਦੀ ਇਸ ਧਰਤੀ ਉੱਤੇ ਹਮਲਾ ਕਰਨ ਵਾਲੇ ਮੁਗ਼ਲ, ਤੁਰਕ, ਈਰਾਨੀ, ਦੁਰਾਨੀ, ਅੰਗਰੇਜ਼, ਪਠਾਣ ਕੀ ਲਾਲਚੀ ਨਹੀਂ ਸਨ। ਅੰਗਰੇਜ਼ ਆਪਣੇ ਲਾਲਚ ਨੂੰ ਪੂਰਾ ਕਰਨ ਲਈ ਭਾਰਤ ਨੂੰ ਲੁੱਟਦੇ ਰਹੇ। ਡੱਚ ਵੀ ਭਾਰਤ ਵੱਲ ਲਾਲਚ ਕਰ ਕੇ ਹੀ ਆਏ ਸਨ। ਜੇਕਰ ਸ਼ਿਆਮਾ ਸਹੀ ਤੇ ਸਾਫ਼-ਸਾਫ਼ ਖ਼ਿਆਲਾਂ ਨੂੰ ਅਪਣਾਉਂਦੇ ਹੋਏ ਆਖਿਆ ਜਾਵੇ ਤਾਂ ਕਿਹਾ ਜਾ ਸਕਦਾ ਹੈ ਕਿ ਅੱਜ ਵੀ ਆਪਣੇ ਮੁਲਕ ਦੀ ਸਿਆਸਤ ਦਾ ਬਹੁਤ ਵੱਡਾ ਭਾਗ ਲਾਲਚੀ ਹੈ।"[26]

ਇਸ ਦੇ ਸਾਧਾਰਨ ਅਰਥ ਇਹੀ ਨਿਕਲਦੇ ਹਨ ਕਿ ਭਾਰਤੀ ਜਨਤਾ ਸ਼ੁਰੂ ਤੋਂ ਹੀ ਦੂਜਿਆਂ ਦੇ ਅਧੀਨ ਹੀ ਰਹਿੰਦੀ ਆਈ ਹੈ ਭਾਵੇਂ ਆਜ਼ਾਦੀ ਤੋਂ ਪਹਿਲਾ ਦੀ ਗੱਲ ਹੋਵੇ ਜਾਂ ਫਿਰ ਬਾਅਦ ਦੀ। ਕਿਉਂਕਿ ਆਜ਼ਾਦੀ ਤੋਂ ਬਾਅਦ ਵੀ ਜਨਤਾ ਦੀ ਲੁੱਟ-ਖਸੁੱਟ ਉਸੇ ਤਰ੍ਹਾਂ ਹੀ ਜਾਰੀ ਹੈ। ਅਜਿਹਾ ਲੋਕਾਂ ਦੀ ਰਾਜਨੀਤਕ ਚੇਤਨਾ ਦੀ ਕਮੀ ਕਰ ਕੇ ਹੀ ਹੈ ਕਿਉਂਕਿ ਉਹ ਆਪਣੇ ਅਸਲ ਹੱਕਾਂ ਨੂੰ ਪਹਿਚਾਣ ਹੀ ਨਹੀਂ ਪਾ ਰਹੇ ਤੇ ਸਿਆਸਤ ਇਸ ਦਾ ਫ਼ਾਇਦਾ ਉਠਾਉਂਦੀ ਰਹਿੰਦੀ ਹੈ।

ਜਿਸ ਮੁਲਕ ਦੀ ਰਾਜਨੀਤਕ ਸੋਚ ਨਿਰਵਿਘਨ ਕਿਸਮ ਦੀ ਹੁੰਦੀ ਹੈ ਉਸ ਮੁਲਕ ਦਾ ਵਿਕਾਸ ਅਸੰਭਵ ਕਿਸਮ ਦਾ ਹੁੰਦਾ ਹੈ ਤੇ ਦੀਪੂ ਸ਼ਿਆਮਾ ਨੂੰ ਦੱਸਦਾ ਹੈ ਕਿ

> "ਸ਼ਿਆਮਾ ਆਹ ਜਦੋਂ ਆਪਣੇ ਮੁਲਕ ਦੇ ਦੋ ਟੋਟੇ ਹੋਏ ਸਨ ਤਾਂ ਉਸ ਸਮੇਂ ਦੀ ਨੇਤਾਗਿਰੀ ਦਾ ਖ਼ਿਆਲ ਸੀ ਕਿ ਇਹ ਤਾਂ ਇੱਕ ਪਾਸੇ ਤੋਂ ਦੂਜੇ ਪਾਸੇ ਲਈ ਆਬਾਦੀ ਦੀ ਤਬਦੀਲੀ ਹੈ। ਉਨ੍ਹਾਂ ਦੀ ਸੋਚ ਵੰਡ ਨੂੰ ਤਬਦੀਲੀ ਹੀ ਸਮਝਦੀ ਰਹੀ ਤੇ ਉਨ੍ਹਾਂ ਦੀ ਨੁਕਸਦਾਰ ਸੋਚ ਕਾਰਨ ਦਸ ਬਾਰਾਂ ਲੱਖ ਨਿਰਦੋਸ਼ ਲੋਕਾਂ ਨੂੰ ਜਾਨਾਂ ਗੁਆਣੀਆਂ ਪਈਆਂ ਤੇ ਹਜ਼ਾਰਾਂ ਇਸਤਰੀਆਂ ਦੀ ਇੱਜ਼ਤ ਨੂੰ ਬਲਤਕਾਰੀਆਂ ਨੇ ਲੁੱਟਿਆ। ਬੱਸ ਸ਼ਿਆਮਾ ਨੁਕਸਦਾਰ ਸੋਚ ਨਾਲ ਹੋਣ ਵਾਲੇ ਨੁਕਸਾਨ ਦੇ ਬੋਝ ਨੂੰ ਤਾਂ ਆਉਣ ਵਾਲੇ ਸਮੇਂ ਲਈ ਬਣੀ ਸੋਹਣੀ ਸੋਚ ਨਾਲ ਹੀ ਭੁਲਾਇਆ ਜਾ ਸਕਦਾ ਹੈ।"[27]

ਇੱਥੇ ਦੀਪੂ ਦੁਆਰਾ ਕਹੇ ਸ਼ਬਦ ਸੋਹਣੀ ਸੋਚ ਰਾਜਨੀਤਕ ਚੇਤਨਾ ਵੱਲ ਹੀ ਇਸ਼ਾਰਾ ਕਰਦੇ ਹਨ ਕਿਉਂਕਿ ਰਾਜਨੀਤਕ ਚੇਤਨਾ ਹੀ ਵਿਅਕਤੀ ਅੰਦਰ ਸਹੀ ਗ਼ਲਤ ਦੀ ਸੂਝ ਅਤੇ ਸਮਝ ਨੂੰ ਪੈਦਾ ਕਰਨ ਦੀ ਸਮਰੱਥਾ ਰੱਖਦੀ ਹੈ।

> "ਪਹਿਚਾਣ ਦੀ ਪ੍ਰਾਪਤੀ ਨੂੰ ਹੀ ਚੇਤਨਾ ਕਿਹਾ ਜਾਂਦਾ ਹੈ।"[28]

ਇਸ ਤਰ੍ਹਾਂ ਹੀ ਮਨੁੱਖ ਅੰਦਰ ਜਿਉਂ-ਜਿਉਂ ਹੀ ਰਾਜਨੀਤਕ ਵਰਤਾਰਿਆਂ ਸੰਬੰਧੀ ਸਹੀ ਤੇ ਗ਼ਲਤ ਦੀ ਪਹਿਚਾਣ ਹੋਣ ਲਗਦੀ ਹੈ ਤਿਉਂ ਹੀ ਉਹ ਰਾਜਨੀਤਕ ਤੌਰ 'ਤੇ ਜਾਗਰੂਕ ਹੋਣ ਲਗਦਾ ਹੈ। ਰਾਜਨੀਤਕ ਚੇਤਨਾ ਵਿਅਕਤੀ ਨੂੰ ਰਾਜਨੀਤੀ ਦੇ ਸਹੀ ਪੱਖ ਭਾਵ ਨੀਤੀਗਤ ਰਾਜਨੀਤੀ ਤੇ ਗ਼ਲਤ ਪੱਖ ਜੋ ਹਾਨੀਕਾਰਕ ਹੁੰਦਾ ਹੈ ਦੋਨਾਂ ਸੰਬੰਧੀ ਸੁਚੇਤ ਕਰਦੀ ਰਹਿੰਦੀ ਹੈ। ਇਨ੍ਹਾਂ ਦੋਨਾਂ ਦੇ ਹੀ ਵੱਖਰੇ-ਵੱਖਰੇ ਪ੍ਰਭਾਵ ਦੇਖਣ ਨੂੰ ਮਿਲਦੇ ਹਨ-

- "ਸਿਆਸੀ-ਰੌਲ਼ਿਆਂ ਨੂੰ ਕੰਜਰ ਕਿਸਮ ਦੇ ਕਾਰਨਾਮੇ ਕਿਹਾ ਜਾ ਸਕਦਾ ਹੈ।
- ਸਿਆਸੀ-ਰੌਲ਼ੇ ਲੋਕਾਈ ਨੂੰ ਰਖੇਲ ਬਣਾਉਂਦੇ ਰਹਿੰਦੇ ਹਨ।
- ਸਿਆਸੀ -ਰੌਲ਼ੇ ਆਰਥਿਕ ਅਨਿਆਂ ਨੂੰ ਰਹੱਸ ਬਣਾਈ ਰੱਖਦੇ ਹਨ।
- ਸਿਆਸੀ-ਰੌਲ਼ੇ ਸਵਾਸਥ-ਕਿਸਮ ਦੀ ਲੋਕਤਾਂਤਰਿਕ ਵਿਵਸਥਾ ਲਈ ਹਾਨੀਕਾਰਕ ਹੁੰਦੇ ਹਨ।"[29]

ਇਸ ਦੇ ਉਲਟ ਨੀਤੀਗਤ-ਰਾਜਨੀਤੀ ਹਮੇਸ਼ਾ ਹੀ ਲੋਕਾਂ ਦਾ ਮਾਰਗ-ਦਰਸ਼ਨ ਕਰਦੀ ਰਹਿੰਦੀ ਹੈ ਕਿਉਂਕਿ:

- "ਨੀਤੀਗਤ-ਰਾਜਨੀਤੀ ਵਿਚ ਰੌਲਾ ਨਹੀਂ ਹੁੰਦਾ।
- ਨੀਤੀਗਤ-ਰਾਜਨੀਤੀ ਸਿਧਾਂਤਿਕ ਹੁੰਦੀ ਹੈ।
- ਨੀਤੀਗਤ-ਰਾਜਨੀਤੀ ਦੇ ਸੰਕਲਪ ਅਡੋਲ ਹੁੰਦੇ ਹਨ।
- ਨੀਤੀਗਤ-ਰਾਜਨੀਤੀ ਜਨਵਾਦੀ ਹੁੰਦੀ ਹੈ।"[30]

ਅਕਸਰ ਰਾਜਨੀਤੀ ਭੋਲੇ-ਭਾਲੇ ਲੋਕਾਂ ਨੂੰ ਕੁਰਾਹੇ ਪਾਉਂਦੀ ਰਹਿੰਦੀ ਹੈ ਤੇ ਆਪਣੇ ਪਾਖੰਡ ਵਿਚ ਉਨ੍ਹਾਂ ਨੂੰ ਭਾਗੀਦਾਰ ਬਣਾ ਕੇ ਨਾਲ ਨਚਾਉਂਦੀ ਰਹਿੰਦੀ ਹੈ। ਦੀਪੂ, ਸ਼ਿਆਮਾ ਨੂੰ ਦੱਸਦਾ ਹੈ ਕਿ

> "ਮੈਂ ਜਦ ਇੱਕ ਟਿਊਸ਼ਨ ਵਾਲੀ ਕੁੜੀ ਨੂੰ ਸੰਗੀਤ ਦੀ ਸਿੱਖਿਆ ਦੇ ਕੇ ਆ ਰਿਹਾ ਸਾਂ ਤਦ ਸਦਰ ਬਾਜ਼ਾਰ ਦੇ ਨਹਿਰੂ ਚੌਂਕ ਕੋਲ ਇੱਕ ਬਹੁਤ ਆਲੀਸ਼ਾਨ ਅਤੇ ਉੱਚੀ ਸਟੇਜ ਉੱਤੇ ਕੁੱਝ ਮਦਾਰੀ ਆ

> ਕੇ ਬੈਠ ਰਹੇ ਸਨ। ਇਨ੍ਹਾਂ ਸਿਆਸੀ ਮਦਾਰੀਆਂ ਦਾ ਖੇਡ ਵੇਖਣ ਲਈ ਜ਼ਮੂਰਿਆਂ ਨੂੰ ਇਕੱਠਾ ਕਰਨ ਲਈ ਗੀਤ ਸੰਗੀਤ ਦਾ ਪ੍ਰੋਗਰਾਮ ਸ਼ੁਰੂ ਸੀ। ਮੰਚ ਉੱਤੇ ਇੱਕ ਕੁੜੀ ਆਪਣੇ ਕੁੱਲਿਆਂ ਨੂੰ ਲਚੀਲੇ ਢੰਗ ਨਾਲ ਹਿਲਾ ਹਿਲਾ ਕੇ ਅਪੋ ਸਾਹਮਣੇ ਬੈਠੇ ਜਮੂਰਿਆਂ ਦਾ ਮਨ ਪਰਚਾਵਾ ਕਰ ਰਹੀ ਸੀ। ਕੁੱਲਿਆਂ ਨੂੰ ਲਚੀਲੇ ਢੰਗ ਨਾਲ ਹਿਲਾਉਣ ਵਾਲੀ ਪਹਿਲੀ ਕੁੜੀ ਬਦਲ ਗਈ ਸੀ ਤੇ ਦੂਜੀ ਕੁੜੀ ਆ ਕੇ ਗਾਉਣ ਲੱਗ ਪਈ ਸੀ। ਮੈਂ ਸਮਝ ਗਿਆ ਕਿ ਅਜੇ ਇਨ੍ਹਾਂ ਮਦਾਰੀਆਂ ਦੇ ਸਿਰਤਾਜ ਮਦਾਰੀ ਨੇ ਆਉਣਾ ਹੈ।"[31]

ਇਸ ਤਰ੍ਹਾਂ ਸਿਆਸਤ ਆਪਣੇ ਹਿੱਤਾਂ ਦੀ ਪੂਰਤੀ ਦੇ ਲਈ ਕਲਾ ਨੂੰ ਵੀ ਕਲੰਕਿਤ ਕਰਦੀ ਰਹਿੰਦੀ ਹੈ ਤੇ ਅਗਿਆਨ ਜਨਤਾ ਜਮੂਰੇ ਬਣ ਕੇ ਆਪਣੇ ਹਿੱਤਾਂ ਦੀ ਬਲੀ ਚਾੜ੍ਹਦੀ ਰਹਿੰਦੀ ਹੈ।

ਰਾਜਨੀਤਕ ਚੇਤਨਹੀਣਤਾ ਮਨੁੱਖਤਾ ਨੂੰ ਮਜ਼ਲੂਮ ਬਣਾਉਂਦੀ ਰਹਿੰਦੀ ਹੈ ਤੇ ਜਿਸ ਕਰ ਕੇ ਉਹ ਸਦਾ ਸਿਆਸਤ ਦੇ ਜ਼ੁਲਮ ਨੂੰ ਚੁੱਪ ਕਰ ਕੇ ਸਹਿੰਦੀ ਰਹਿੰਦੀ ਹੈ। ਮਜ਼ਲੂਮ ਉਸ ਨੂੰ ਕਿਹਾ ਜਾਂਦਾ ਹੈ ਜਿਸ ਨੂੰ ਕਿ ਹਨੇਰੇ ਵਿਚ ਰੱਖਿਆ ਜਾਂਦਾ ਹੈ–

- "ਮਜ਼ਲੂਮ ਉਹ ਹੁੰਦਾ ਹੈ ਜਿਹੜਾ ਮੁਸੀਬਤਾਂ ਦੀ ਮਾਰ ਨਾਲ ਅਧਮੋਈ ਉਮਰ ਨੂੰ ਅੰਗੀਕਾਰ ਕਰ ਬੈਠਦਾ ਹੈ।
- ਮਜ਼ਲੂਮ ਉਹ ਹੁੰਦਾ ਹੈ ਜਿਸ ਨੂੰ ਮੂਰਖ ਬਣਾ ਕੇ ਰੱਖਿਆ ਗਿਆ ਹੁੰਦਾ ਹੈ।
- ਮਜ਼ਲੂਮ ਉਹ ਹੁੰਦਾ ਹੈ ਜਿਸ ਨੂੰ ਆਪਣੇ ਹੱਕਾਂ ਦਾ ਗਿਆਨ ਨਹੀਂ ਹੁੰਦਾ।
- ਮਜ਼ਲੂਮ ਉਹ ਹੁੰਦਾ ਹੈ ਜਿਸ ਦੇ ਆਪੇ ਦੀਆਂ ਅੱਖਾਂ ਨੂੰ ਕੋਈ ਮਿੱਟੀ ਨਾਲ ਭਰ ਦਿੰਦਾ ਹੈ।"[32]

ਦੀਪੂ, ਸ਼ਿਆਮਾ ਨੂੰ ਇਸ ਮਜ਼ਲੂਮ ਕਿਸਮ ਦੀ ਸੋਚ ਅਖਤਿਆਰ ਕਰਨ ਤੋਂ ਬਚਾਉਣ ਦੇ ਲਈ ਅਕਸਰ ਸਿਆਸਤ ਦੀ ਖੇਖਣਬਾਜ਼ੀਆਂ ਬਾਰੇ ਦੱਸਦਾ ਰਹਿੰਦਾ ਹੈ ਤੇ ਇਸ ਤੋਂ ਬਚਣ ਦੇ ਲਈ ਵਧੀਆ ਕਿਤਾਬਾਂ ਨੂੰ ਪੜ੍ਹਨ ਦੀ ਸਲਾਹ ਦਿੰਦਾ ਹੈ

> "ਵੇਖ ਲੈ ਸ਼ਿਆਮਾ ਉਸ ਦਿਨ ਹਰ ਕਿਸਮ ਦੇ ਵਾਦਨ ਸੁਣ ਸੁਣਕੇ ਸ਼੍ਰੋਤੇ ਨੱਚ ਰਹੇ ਸਨ। ਬੱਸ ਮੈਂ ਤਾਂ ਹੁਣ ਇਸ ਨਿਰਣੇ ਤੇ ਪੁੱਜਾ ਹਾਂ ਕਿ ਸਿਆਸੀ ਮਦਾਰੀ ਲੋਕਾਂ ਦੇ ਦਿਮਾਗ਼ ਵਿਚ ਰੌਲਾ ਭਰਦੇ ਹਨ ਤੇ ਕਲਾ ਆਪਣੇ ਸ਼੍ਰੋਤਿਆਂ ਦੇ ਦਿਲਾਂ ਵਿਚ ਨਾਚ ਨੂੰ ਸਥਾਪਿਤ ਕਰਦੀ ਰਹਿੰਦੀ ਹੈ।"[33]

ਸ਼ਿਆਮਾ ਆਪਣੇ ਪੁੱਤਰ ਦੀਆਂ ਗ਼ਲਤ ਨੀਤੀਆਂ ਕਰ ਕੇ ਪਰੇਸ਼ਾਨ ਰਹਿੰਦੀ ਹੈ ਤਾਂ ਦੀਪੂ ਉਸ ਨੂੰ ਆਖਦਾ ਹੈ

> "ਸ਼ਿਆਮਾ ਮੇਰੇ ਪੱਲੇ ਇੰਨੀ ਕੁ ਸਮਝ ਹੈ ਕਿ ਮੈਨੂੰ ਡਮਰੂਬਾਜ਼ ਸਿਆਸਤ ਤੇ ਮਦਾਰੀ ਵਰਗੇ ਖੇਲ੍ਹ ਤਮਾਸ਼ੇ ਵਿਚਲੇ ਅਰਥਾਂ ਦੀ ਸਮਝ ਆ ਜਾਂਦੀ ਹੈ। ਸੋ ਸ਼ਿਆਮਾ ਅੱਜ ਆਪਣੀ ਗੱਲ ਇੱਥੇ ਹੀ

> ਮੁੱਕਦੀ ਹੈ ਕਿ ਸਮਝ ਅਤੇ ਸਿਫ਼ਤ ਤੋਂ ਬਿਨਾਂ ਮੁਲਕ ਅਧੂਰਾ ਹੀ ਬਣਿਆ ਰਹਿੰਦਾ ਹੈ। ਸ਼ਿਆਮਾ ਆਪਣੇ ਮੁਲਕ ਦੀ ਸਮਝ ਅਤੇ ਸਿਫ਼ਤ ਨੂੰ ਸਿਆਸਤ ਅਤੇ ਧਰਮ ਘਟਾ ਰਹੇ ਹਨ।"[34]

ਧਰਮ ਅਤੇ ਸਿਆਸਤ ਦੋਨਾਂ ਦੀ ਹੋਂਦ ਦੀ ਸਥਾਪਨਾ ਲੋਕਾਂ ਦੀ ਭਲਾਈ ਲਈ ਹੀ ਹੋਈ ਸੀ। ਪਰ ਜਦੋਂ ਇਹ ਦੋਨੋਂ ਸੰਗਠਨ ਆਪਸ ਵਿਚ ਮਿਲ ਕੇ ਲੋਕ ਭਲਾਈ ਦੀ ਜਗ੍ਹਾ ਸਮਾਜ ਨੂੰ ਕੁਰਾਹੇ ਵੱਲ ਲੈ ਕੇ ਜਾਣ ਤਾਂ ਉੱਥੋਂ ਦੇ ਸਮਾਜ ਦੇ ਲਈ ਇਸ ਤੋਂ ਵੱਡੀ ਹੋਰ ਕੋਈ ਖ਼ਤਰਨਾਕ ਗੱਲ ਨਹੀਂ ਹੋ ਸਕਦੀ। ਦੀਪੂ, ਸ਼ਿਆਮਾ ਨੂੰ ਆਪਣੇ ਗੁਰੂ ਜੀ ਦੁਆਰਾ ਸਿਆਸਤ ਅਤੇ ਧਰਮ ਦੇ ਇਸ ਕੁਚੱਜ ਦੀ ਵਾਰਤਾ ਬਾਰੇ ਦੱਸਦਾ ਹੈ ਕਿ

> "ਦੀਪੂ ਇਸ ਮੁਲਕ ਦੇ ਲੀਡਰ ਵੀ ਇਸ ਮੁਲਕ ਨੂੰ ਲਾਵਾਰਸ ਬਣਾ ਰਹੇ ਹਨ.....ਵੇਖ ਨਾ ਕਦੇ ਇਸ ਮੁਲਕ ਦੀ ਸਮੁੱਚੀ ਭਗਤੀ-ਧਾਰਾ ਨੇ ਇਸ ਮੁਲਕ ਦੀ ਭਿਆਨਕ ਗ਼ੁਲਾਮੀ ਨੂੰ ਮਹਿਸੂਸ ਕਰ ਕੇ ਲੋਕਾਂ ਨੂੰ ਲੋਕ-ਧਰਮ ਦੀ ਸਿੱਖਿਆ ਦਿੱਤੀ ਸੀ ਤੇ ਲੁਟੇਰਿਆਂ ਦੀ ਸ਼ਨਾਖ਼ਤ ਕਰਵਾਈ ਸੀ ਤੇ ਹੁਣ ਧਰਮ ਲੋਕਾਂ ਨੂੰ ਲੁੱਟ ਰਿਹਾ ਹੈ। ਸ਼ਿਆਮਾ ਫੇਰ ਗੁਰੂ ਜੀ ਮੈਨੂੰ ਲੁਟੇਰੇ ਧਰਮ ਦੀ ਲੁੱਟ ਦੀਆਂ ਜਿਉਂ ਗੱਲਾਂ ਸੁਣਾਉਣ ਲੱਗੇ ਤਦ ਬੜੀ ਦੇਰ ਤੱਕ ਬਹੁਤ ਕੁੱਝ ਦੱਸਦੇ ਰਹੇ ਤੇ ਫੇਰ ਉਨ੍ਹਾਂ ਦਾ ਭਾਸ਼ਣ ਏਥੇ ਆ ਕੇ ਖ਼ਤਮ ਹੋਇਆ ਲੁਟੇਰੀ ਸਿਆਸਤ ਤੇ ਲੋਟੂ-ਧਰਮ ਵਾਲੇ ਅਸਾਡੀ ਇਸ ਧਰਤੀ ਉੱਤੇ ਦਿਨ ਪ੍ਰਤੀ ਦਿਨ ਹਨੇਰਾ ਹੋਰ ਹਨੇਰਾ ਵਧਾ ਰਹੇ ਹਨ।"[35]

ਦੀਪੂ ਜੋ ਕਿ ਇੱਕ ਪੜ੍ਹਿਆ-ਲਿਖਿਆ ਵਿਅਕਤੀ ਹੈ ਤੇ ਸਮਾਜਿਕ ਅਤੇ ਰਾਜਨੀਤਕ ਤੌਰ ਤੇ ਚੇਤੰਨ ਕਿਸਮ ਦੀ ਸੋਚ ਦਾ ਧਾਰਨੀ ਹੈ ਨਾਵਲ ਵਿਚ ਸੱਤਾ ਦੁਆਰਾ ਜਨਤਾ ਨਾਲ ਕੀਤੀਆਂ ਜਾਂਦੀਆਂ ਵਧੀਕੀਆਂ ਤੋਂ ਚਿੰਤਾ ਜ਼ਾਹਿਰ ਕਰਦਾ ਹੈ ਤੇ ਸ਼ਿਆਮਾ ਤੇ ਉਸ ਦੀ ਧੀ ਨੂੰ ਇਸ ਪ੍ਰਤੀ ਚੇਤੰਨ ਵੀ ਕਰਦਾ ਨਜ਼ਰ ਆਉਂਦਾ ਹੈ।

ਇੱਕ ਦਿਨ ਦੀਪੂ ਜਦੋਂ ਸ਼ਹਿਰ ਤੋਂ ਵਾਪਸ ਆਪਣੇ ਪਿੰਡ ਆ ਰਿਹਾ ਸੀ ਤਾਂ ਉਹ ਰਸਤੇ ਵਿਚ ਵਹਿੰਦੇ ਪਾਣੀ ਨੂੰ ਦੇਖ ਕੇ ਉਤਰ ਗਿਆ ਤੇ ਵਹਿੰਦੇ ਪਾਣੀ ਵਿਚੋਂ

> "ਹੱਥ ਮੂੰਹ ਧੋ ਕੇ ਉਸ ਨੂੰ ਪੰਜਾਬ ਦੀ ਸਤਲੁਜ ਨਦੀ ਦਾ ਚੇਤਾ ਪਿਆ। ਝਨਾਅ ਪੰਜਾਬ ਦੀ ਧਰਤੀ 'ਤੇ ਵਹਿੰਦਾ ਵੀ ਅੱਜ ਪੰਜਾਬ ਦਾ ਨਾ ਹੋ ਕੇ ਪਾਕਿਸਤਾਨ ਦਾ ਕਿਵੇਂ ਬਣ ਗਿਆ ਹੈ? ਰਹਿਣ ਸਹਿਣ ਨੂੰ ਰਾਜਨੀਤੀ ਜਦੋਂ ਖ਼ਰਾਬ ਕਰਦੀ ਹੈ ਤਦ ਦੀਪੂ ਨੂੰ ਇਹ ਖ਼ਰਾਬੀ ਬੜੀ ਬੁਰੀ ਲੱਗਦੀ ਹੈ।"[36]

ਇੱਥੇ ਦੀਪੂ ਦੀ ਰਾਜਨੀਤਕ ਚੇਤਨਾ ਹੀ ਹੈ ਜੋ ਉਸ ਨੂੰ ਰਾਜਨੀਤੀ ਦੀਆਂ ਕੁਰੀਤੀਆਂ ਦਾ ਅਹਿਸਾਸ ਕਰਾਉਂਦੀ ਹੈ ਕਿ ਕਿਵੇਂ ਰਾਜਨੀਤੀ ਦੀ ਗ਼ਲਤ ਚਾਲ ਕਰ ਕੇ ਇੱਕ ਦੇਸ਼ ਨੂੰ ਦੋ ਭਾਗਾਂ ਵਿਚ ਵੰਡਿਆਂ ਗਿਆ। ਦੀਪੂ ਦੇ ਦੁਆਰਾ ਕਹੇ ਇਹ ਸ਼ਬਦ ਕਿ

> "ਮੈਂ ਆਪਣੀ ਸੰਤਾਨ ਨੂੰ ਇਸ ਡਿੱਗਦੇ ਮੁਲਕ ਨੂੰ ਸੰਭਾਲਣ ਦੀ ਸਿੱਖਿਆ ਦੇਵਾਂਗਾ।"[37]

ਇੱਥੇ ਵੀ ਉਸ ਦੀ ਰਾਜਨੀਤਕ ਚੇਤਨਾ ਹੀ ਹੈ ਜਿਸ ਨੇ ਉਸ ਨੂੰ ਆਪਣੇ ਦੇਸ਼ ਵਿਚ ਵਾਪਰ ਰਹੀਆਂ ਸਥਿਤੀਆਂ ਸੰਬੰਧੀ ਸੁਚੇਤ ਕੀਤਾ ਹੈ। ਉਹ ਆਪਣੇ ਪੁੱਤਰ ਨੂੰ ਪੜ੍ਹਾ ਕੇ ਇਨ੍ਹਾਂ ਨੂੰ ਸੁਧਾਰਨ ਵਿਚ ਮਦਦ ਕਰਨ ਬਾਰੇ ਸੋਚਦਾ ਹੈ ਪਰ ਉਸ ਦੀ ਘਰਵਾਲੀ ਅਮਰਾਵਤੀ ਅਜਿਹਾ ਨਹੀਂ ਹੋਣ ਦਿੰਦੀ ਤੇ ਉਸ ਦੀਆਂ ਇਨ੍ਹਾਂ ਪਿਆਰੀਆਂ-ਪਿਆਰੀਆਂ ਸੱਧਰਾਂ ਨੂੰ ਆਪਣੇ ਮੁਲਕ ਵਿਚ ਫੈਲੀਆਂ ਗ਼ਲਤ ਡੇਰੇਬਾਜ਼ੀਆਂ ਦੇ ਕਰ ਕੇ ਤੋੜਦੀ ਰਹਿੰਦੀ ਹੈ। ਇਸ ਦੇ ਪਿੱਛੇ ਉਸ ਦੀ ਰਾਜਨੀਤਕ ਚੇਤਨਾ ਦੀ ਘਾਟ ਹੀ ਹੈ ਜੋ ਉਸ ਨੂੰ ਅਸਲੀਅਤ ਵੱਲੋਂ ਧਿਆਨ ਹਟਾ ਕੇ ਗ਼ਲਤ ਰਾਹਾਂ ਤੇ ਤੋਰੀ ਰੱਖਦੀ ਹੈ।

ਦੀਪੂ ਸ਼ਿਆਮਾ ਨੂੰ ਰਾਜਨੀਤੀ ਬਾਰੇ ਗੱਲਾਂ ਦੱਸ ਕੇ ਸੁਚੇਤ ਕਰਦਾ ਰਹਿੰਦਾ ਕਿ

> "ਆਹ ਵੇਖ ਆਪਣੇ ਇਸ ਮੁਲਕ ਵਿਚ ਰਾਜਨੀਤਕ ਸ਼ਰਾਰਤ ਅਤੇ ਸਾਮੰਤਵਾਦੀ ਸੋਚ ਅਧੀਨ ਟੁੱਟਿਆ ਹਿੱਸਾ ਹੁਣ ਆਪਣਾ ਗੁਆਂਢੀ ਹੈ। ਆਪਣੇ ਇਸ ਗੁਆਂਢ ਦੀ ਸੋਚ ਅਠਾਰ੍ਹਵੀਂ ਸਦੀ ਦੀ ਸੋਚ ਬਣੀ ਹੋਈ ਹੈ। ਉੱਥੇ ਉਸ ਮੁਲਕ ਵਿਚ ਮੁਹੰਮਦ ਸਾਹਿਬ ਬਾਰੇ ਕੁੱਝ ਕਹਿਣ ਵਾਲੇ ਗੱਭਰੂ ਨੂੰ ਦੋ ਲੱਖ ਦਾ ਜੁਰਮਾਨਾ ਕੀਤਾ ਗਿਆ ਤੇ ਸਜਾਏ ਮੌਤ ਦਿੱਤੀ ਗਈ ਹੈ। ਨਿਰਸੰਦੇਹ ਮੁਹੰਮਦ ਸਾਹਿਬ ਆਪਣੇ ਸਮੇਂ ਦੇ ਮਹਾਨ ਪੁਰਸ਼ ਸਨ। ਸ਼ਿਆਮਾ ਇਸ ਧਰਤੀ ਉੱਤੇ ਪੈਦਾ ਹੋਣ ਵਾਲੇ ਸਮੇਂ-ਸਮੇਂ ਦੇ ਮਹਾਂਪੁਰਸ਼ਾਂ ਨੇ ਆਪਣੇ ਸਮਾਜ ਦੀ ਭਲਾਈ ਵਾਸਤੇ ਉਪਦੇਸ਼ ਦਿੱਤੇ। ਉਨ੍ਹਾਂ ਮਹਾਂਪੁਰਸ਼ਾਂ ਨੇ ਬਹੁਤ ਸਾਰੇ ਨਿਯਮ ਬਣਾਏ ਅਤੇ ਸਿਧਾਂਤਾਂ ਦੀ ਸਿਰਜਣਾ ਕੀਤੀ। ਹੁਣ ਸਮਾਂ ਸਦੀਆਂ ਪਾਰ ਕਰਦਾ-ਕਰਦਾ ਵਰਤਮਾਨ ਵਿਚ ਸਾਹ ਭਰਦਾ ਹੈ। ਉਸ ਸਮੇਂ ਦੀ ਨਿਯਮਾਵਲੀ ਦੇ ਕੁੱਝ ਨਿਯਮ ਅੱਜ ਦੇ ਵਿਗਿਆਨਿਕ ਵਰਤਾਰੇ ਲਈ ਮੁਆਫ਼ਕ ਨਹੀਂ ਬੈਠਦੇ।"[38]

ਦੀਪੂ ਦੁਆਰਾ ਕਹੀਆਂ ਸਾਰੀਆਂ ਗੱਲਾਂ ਤੋਂ ਇਹੀ ਉੱਭਰ ਕੇ ਸਾਹਮਣੇ ਆਉਂਦਾ ਹੈ ਕਿ ਰਾਜਨੀਤੀ ਦਾ ਜਨਮ ਦਾ ਸਮਾਜ ਨੂੰ ਸੇਧ ਦੇਣ ਲਈ ਹੋਇਆ ਸੀ ਤੇ ਸਮੇਂ-ਸਮੇਂ ਆਏ ਮਹਾਨ ਰਾਜਨੀਤਕ ਵਿਅਕਤੀਆਂ ਵੱਲੋਂ ਇਸ ਸੰਬੰਧੀ ਸਿਧਾਂਤਾਂ ਨੂੰ ਵੀ ਲਾਗੂ ਕੀਤਾ ਗਿਆ। ਪਰ ਸਮਾਜ ਵਿਚ ਵੱਸਦੇ ਲੋਕਾਂ ਨੇ ਇਨ੍ਹਾਂ ਸਿਧਾਂਤਾਂ ਨੂੰ ਆਪਣੀ ਚੇਤਨਾ ਦੀ ਘਾਟ ਸਦਕਾ ਉਲਟਾਉਣਾ ਸ਼ੁਰੂ ਕੀਤਾ ਹੋਇਆ ਹੈ ਤੇ ਜਿਸ ਦੇ ਨਤੀਜੇ ਅੱਜ ਸਾਡੇ ਸਾਰਿਆਂ ਸਾਹਮਣੇ ਹੀ ਹਨ।

ਵਿਅਕਤੀ ਅੰਦਰਲੀ ਰਾਜਨੀਤਕ ਚੇਤਨਾ ਦੀ ਘਾਟ ਉਸ ਨੂੰ ਰਾਜਨੀਤਕ ਚਾਲਾਂ ਨੂੰ ਸਮਝਣ ਤੋਂ ਅਸਮਰਥ ਬਣਾਈ ਰੱਖਦੀ ਹੈ। ਦੀਪੂ ਆਪਣੀ ਰਾਜਨੀਤਕ ਸੂਝ ਸਦਕਾ ਸ਼ਿਆਮਾ ਨੂੰ ਕੁੱਝ ਨਾ ਕੁੱਝ ਸਮਝਾਉਂਦਾ ਰਹਿੰਦਾ ਤੇ ਸ਼ਿਆਮਾ ਦੀ ਸੀਮਿਤ ਸੋਚ ਉਸ ਨੂੰ ਇਨ੍ਹਾਂ ਗੱਲਾਂ ਦੀ ਸਮਝ ਨਾ ਆਉਣ ਦਿੰਦੀ ਤੇ ਦੀਪੂ ਉਸ ਨੂੰ ਆਖਦਾ ਕਿ

> "ਇਹ ਹੀ ਤਾਂ ਸੁਆਰਥੀ-ਸਿਆਸਤ ਦੀ ਚਲਾਕੀ ਹੈ ਕਿ ਲੋਕਾਂ ਨੂੰ ਉਸਦੀਆਂ ਬਹੁਤ ਸਾਰੀਆਂ ਸ਼ਰਾਰਤਾਂ ਦੀ ਸਮਝ ਨਾ ਪਵੇ। ਆਹ ਬਹੁਤ ਸਾਰੀਆਂ ਊਤ ਜਹੀਆਂ ਲਹਿਰਾਂ ਨੂੰ ਵੀ ਸੁਆਰਥੀ

> ਸਿਆਸਤ ਨੇ ਪੈਦਾ ਕੀਤਾ ਹੁੰਦਾ ਹੈ। ਲੋਕਾਂ ਨੂੰ ਲੱਗਦਾ ਹੈ ਕਿ ਇਹ ਲਹਿਰਾਂ ਉਨ੍ਹਾਂ ਦੇ ਪੱਖ ਦੀਆਂ ਹਨ ਪਰ ਉਹ ਲਹਿਰਾਂ ਅਸਲ ਵਿਚ ਲੋਕ-ਵਿਰੋਧੀ ਹੁੰਦੀਆਂ ਹਨ।"[39]

ਦੀਪੂ ਦੁਆਰਾ ਸ਼ਿਆਮਾ ਨੂੰ ਕਹੀਆਂ ਇਹ ਗੱਲਾਂ ਕਿ

> "ਸ਼ਿਆਮਾ ਆਪਣੇ ਮੁਲਕ ਵਿਚ ਲੀਡਰ ਹੱਸਦੇ ਹਨ ਅਤੇ ਲੋਕ ਰੋਂਦੇ ਹਨ। ਚੰਗੇ ਮੁਲਕਾਂ ਦੇ ਲੀਡਰ ਲੋਕਾਂ ਨੂੰ ਖੁਸ਼ੀ ਤੇ ਹਾਸੀ ਬਖ਼ਸ਼ਣ ਲਈ ਆਪ ਮੁਸ਼ਕਿਲਾਂ ਕੱਟ ਲੈਂਦੇ ਹਨ। ਏਥੇ ਆਪਣੇ ਇਸ ਮੁਲਕ ਵਿਚ ਲੀਡਰ ਲੋਕਾਂ ਦੀਆਂ ਖ਼ੁਸ਼ੀਆਂ ਨੂੰ ਖੋਂਹਦੇ ਆਪ ਮੌਜ ਮਸਤੀ ਕਰ ਰਹੇ ਹਨ। ਸਾਊ-ਸਾਊ ਮੁਹਾਂਦਰੇ ਵਾਲੇ ਸਿਆਸੀ ਲੀਡਰਾਂ ਦੇ ਅਰਥਾਂ ਰੁਪਏ ਬਾਹਰਲੇ ਮੁਲਕਾਂ ਦੇ ਬੈਂਕਾਂ 'ਚ ਹਨ। ਮੈਨੂੰ ਤਾਂ ਸ਼ਿਆਮਾ ਇੰਝ ਲੱਗਦੈ ਜਿਵੇਂ ਆਪਣੇ ਮੁਲਕ ਵਿਚੋਂ ਜੱਦੀ ਕਿਸਮ ਦੀ ਗ਼ੁਲਾਮ ਜ਼ਹਿਨੀਅਤ ਅਜੇ ਖ਼ਤਮ ਨਹੀਂ ਹੋਈ।"[40]

ਦੇ ਪਿੱਛੇ ਉਸ ਦੀ ਰਾਜਨੀਤਕ ਸੂਝ ਹੀ ਬੋਲ ਰਹੀ ਹੈ ਕਿ ਆਪਣੇ ਮੁਲਕ ਦੇ ਲੋਕ ਆਪਣੇ ਰਾਜਨੀਤਕ ਹੱਕਾਂ ਦੇ ਪ੍ਰਤੀ ਜਾਗਰੂਕ ਹੀ ਨਹੀਂ। ਭਾਵੇਂ ਕਿ ਉਹ ਆਜ਼ਾਦ ਹੋ ਗਏ ਹਨ ਪਰ ਉਨ੍ਹਾਂ ਦੀ ਦਿਮਾਗ਼ ਹਜੇ ਵੀ ਗ਼ੁਲਾਮ ਬਣੀ ਫਿਰਦਾ ਹੈ।

ਕੁਲ ਮਿਲਾ ਕੇ ਕਿਹਾ ਜਾ ਸਕਦਾ ਹੈ ਕਿ ਨਾਵਲ 'ਤੂੰ ਕੌਣ ਸੀ?' ਰਾਜਨੀਤਕ ਪੱਖ ਤੋਂ ਚੇਤੰਨ ਕਰਨ ਵਾਲਾ ਨਾਵਲ ਹੈ। ਨਾਵਲ ਵਿਚ ਉਨ੍ਹਾਂ ਸਮਾਜੀ ਅਤੇ ਸਿਆਸੀ ਸ਼ਰਾਰਤਾਂ ਦਾ ਜ਼ਿਕਰ ਕੀਤਾ ਗਿਆ ਹੈ ਜੋ ਲੋਕ ਅੱਖਾਂ ਨੂੰ ਧੋਖਾ ਦਿੰਦੀਆਂ ਰਹਿੰਦੀਆਂ ਹਨ ਤੇ ਲੋਕ-ਅੱਖਾਂ ਦੇ ਆਸੇ-ਪਾਸੇ ਦੀ ਨਿਕਲ ਜਾਂਦੀਆਂ ਹਨ ਕਿਉਂਕਿ ਲੋਕਾਂ ਅੰਦਰ ਅਜਿਹੀਆਂ ਚਲਾਕੀਆਂ ਨੂੰ ਸਮਝਣ ਦੀ ਉਹ ਚੇਤਨਾ ਹੀ ਨਹੀਂ ਕਿ ਉਹ ਆਪਣੇ ਹਿੱਤਾਂ ਦੀ ਰੱਖਿਆ ਕਰ ਸਕਣ। ਜਿਵੇਂ ਕਿ ਦੀਪੂ ਦੁਆਰਾ ਸ਼ਿਆਮਾ ਦੇ ਨਾਲ ਕੀਤੀਆਂ ਰਾਜਨੀਤਕ ਸੂਝ ਦੀਆਂ ਗੱਲਾਂ ਉਸ ਦੀ ਸਮਝ ਤੋਂ ਬਾਹਰ ਹਨ ਕਿਉਂਕਿ ਉਸ ਵਿਚ ਉਹ ਚੇਤਨਾ ਹੀ ਨਹੀਂ ਕਿ ਉਹ ਸਿਆਸੀ ਚਲਾਕੀਆਂ ਨੂੰ ਸਮਝ ਸਕੇ ਜਿਸ ਸਦਕਾ ਹੀ ਸਮਾਜ ਵਿਚ ਗਿਰਾਵਟ ਪੈਦਾ ਹੋ ਰਹੀ ਹੈ।

**OM PARKASH GASSO DE NAVALAN VICH SAMAAJ-SABHYACHARAK ATE RAJNITAK CHETNA**

**ਹਵਾਲੇ ਅਤੇ ਟਿੱਪਣੀਆਂ:-**

1. ਭੀਮ ਇੰਦਰ ਸਿੰਘ, ਸਮਾਜ,ਸਿਆਸਤ ਤੇ ਸਾਹਿਤ, ਪੰਨਾ-30
2. ਓਮ ਪ੍ਰਕਾਸ਼ ਗਾਸੋ, ਆਖ਼ਰੀ ਮੁਕਾਮ, ਪੰਨਾ-13
3. ਉਹੀ
4. ਉਹੀ, ਪੰਨਾ-22
5. ਉਹੀ, ਪੰਨਾ-22
6. ਓਮ ਪ੍ਰਕਾਸ਼ ਗਾਸੋ, ਸਾਹਿਤ, ਸਭਿਆਚਾਰ ਤੇ ਸੰਸਕ੍ਰਿਤੀ, ਪੰਨਾ-70
7. ਉਹੀ
8. ਓਮ ਪ੍ਰਕਾਸ਼ ਗਾਸੋ, ਆਖ਼ਰੀ ਮੁਕਾਮ, ਪੰਨਾ-25
9. ਓਮ ਪ੍ਰਕਾਸ਼ ਗਾਸੋ, ਸਾਹਿਤ, ਸਭਿਆਚਾਰ ਤੇ ਸੰਸਕ੍ਰਿਤੀ, ਪੰਨਾ-69
10. ਉਹੀ
11. ਓਮ ਪ੍ਰਕਾਸ਼ ਗਾਸੋ, ਆਖ਼ਰੀ ਮੁਕਾਮ, ਪੰਨਾ-33
12. ਉਹੀ, ਪੰਨਾ-36
13. ਉਹੀ, ਪੰਨਾ-114
14. ਉਹੀ, ਪੰਨਾ-46
15. ਉਹੀ, ਪੰਨਾ-54
16. ਉਹੀ, ਪੰਨਾ-58
17. ਉਹੀ, ਪੰਨਾ-73
18. ਉਹੀ, ਪੰਨਾ-113
19. ਉਹੀ, ਪੰਨਾ-111
20. ਉਹੀ, ਪੰਨਾ-89
21. ਉਹੀ, ਪੰਨਾ-96
22. ਉਹੀ, ਪੰਨਾ-122
23. ਉਹੀ, ਪੰਨਾ-123
24. ਓਮ ਪ੍ਰਕਾਸ਼ ਗਾਸੋ, ਪ੍ਰਤੀਬੱਧਤਾ ਦੇ ਪ੍ਰਕਰਣ, ਪੰਨਾ-36
25. ਉਹੀ, ਪੰਨਾ-31
26. ਓਮ ਪ੍ਰਕਾਸ਼ ਗਾਸੋ, ਤੂੰ ਕੌਣ ਸੀ?, ਪੰਨਾ-34

27. ਉਹੀ, ਪੰਨਾ-44
28. ਓਮ ਪ੍ਰਕਾਸ਼ ਗਾਸੋ, ਜ਼ਿੰਦਗੀ ਦੀ ਸੌਗਾਤ, ਪੰਨਾ-106
29. ਓਮ ਪ੍ਰਕਾਸ਼ ਗਾਸੋ, ਸਾਂਸਕ੍ਰਿਤਕ ਚਿੰਤਨ, ਪੰਨਾ-71
30. ਉਹੀ
31. ਓਮ ਪ੍ਰਕਾਸ਼ ਗਾਸੋ, ਤੂੰ ਕੌਣ ਸੀ?, ਪੰਨਾ-48
32. ਓਮ ਪ੍ਰਕਾਸ਼ ਗਾਸੋ, ਜ਼ਿੰਦਗੀ ਦੀ ਸੌਗਾਤ, ਪੰਨਾ-66
33. ਓਮ ਪ੍ਰਕਾਸ਼ ਗਾਸੋ, ਤੂੰ ਕੌਣ ਸੀ?, ਪੰਨਾ-50
34. ਉਹੀ, ਪੰਨਾ-53
35. ਉਹੀ, ਪੰਨਾ-60
36. ਉਹੀ, ਪੰਨਾ-31
37. ਉਹੀ, ਪੰਨਾ-36
38. ਉਹੀ, ਪੰਨਾ-62
39. ਉਹੀ, ਪੰਨਾ-66
40. ਉਹੀ, ਪੰਨਾ-40

# ਅਧਿਆਇ ਚੌਥਾ

## ਨਾਵਲ 'ਦਰਕਿਨਾਰ' ਅਤੇ 'ਮੈਂ ਇੱਕ ਪੰਧ ਹਾਂ' ਵਿਚ ਸਮਾਜ-ਸਭਿਆਚਾਰਕ ਚੇਤਨਾ

ਸਾਹਿਤ ਅਤੇ ਸਮਾਜ ਨੂੰ ਜੇਕਰ ਇੱਕੋ ਸਿੱਕੇ ਦੇ ਦੋ ਪਹਿਲੂ ਕਹਿ ਲਿਆ ਜਾਵੇ ਤਾਂ ਇਸ ਵਿਚ ਕੋਈ ਅਤਿਕਥਨੀ ਨਹੀਂ ਹੈ। ਸਾਹਿਤ ਨੂੰ ਸਮਾਜ ਦਾ ਸ਼ੀਸ਼ਾ ਇਸ ਲਈ ਕਿਹਾ ਜਾਂਦਾ ਹੈ ਕਿਉਂਕਿ ਜੋ ਕੁੱਝ ਵੀ ਸਮਾਜ ਵਿਚ ਵਾਪਰਦਾ ਹੈ ਸਾਹਿਤ ਆਪਣੀ ਰਚਨਾ ਵਿਚ ਉਸੀ ਯਥਾਰਥ ਦੀ ਪੇਸ਼ਕਾਰੀ ਕਰਦਾ ਹੈ। ਸਾਹਿਤ ਸਦਾ ਹੀ ਸਮਾਜ ਨੂੰ ਸੇਧ ਦੇਣ ਦਾ ਕੰਮ ਕਰਦਾ ਹੈ। ਅਸੀਂ ਜਿਸ ਸਮਾਜ ਵਿਚ ਰਹਿੰਦੇ ਹਾਂ ਉਸ ਸਮਾਜ ਦੇ ਆਲੇ-ਦੁਆਲੇ ਦੇ ਵਰਤਾਰੇ ਵਿਚ ਜੋ ਕੁੱਝ ਵੀ ਵਾਪਰ ਰਿਹਾ ਹੈ ਉਸ ਸੰਬੰਧੀ ਸਾਡੇ ਅੰਦਰ ਸੂਝ ਅਤੇ ਸਮਝ ਨੂੰ ਹੀ ਸਮਾਜਿਕ ਚੇਤਨਾ ਦਾ ਨਾਂਅ ਦਿੱਤਾ ਜਾਂਦਾ ਹੈ ਤੇ ਇਹ ਅੱਜ ਦੇ ਸਮੇਂ ਦੀ ਸਭ ਤੋਂ ਵੱਡੀ ਲੋੜ ਵੀ ਹੈ। ਕਿਉਂਕਿ ਸਮਾਜ ਤੋਂ ਵਿਅਕਤੀ ਦਾ ਜੀਵਨ ਸੰਭਵ ਨਹੀਂ ਤੇ ਸਮਾਜਿਕ ਇਕਾਈ ਹੀ ਉਸ ਨੂੰ ਮਨੁੱਖਤਾ ਨਾਲ ਜੋੜੀ ਰੱਖਣ ਦੀ ਸਭ ਤੋਂ ਮਜ਼ਬੂਤ ਇਕਾਈ ਹੈ :

- "ਸਮਾਜ ਨੂੰ ਵਿਅਕਤੀ ਸਮੂਹ ਦੀ ਸਹਿਯੋਗੀ ਸੰਸਥਾ ਕਿਹਾ ਜਾ ਸਕਦਾ ਹੈ।
- ਸਮਾਜ ਨੂੰ ਸਦਭਾਵਨਾ ਦਾ ਸਮੂਹ ਕਿਹਾ ਜਾ ਸਕਦਾ ਹੈ।
- ਸਮਾਜ ਨੂੰ ਅਪਣੱਤ ਦਾ ਆਪਾ ਕਿਹਾ ਜਾ ਸਕਦਾ ਹੈ।
- ਸਮਾਜ ਨੂੰ ਮਿਲ-ਵਰਤਣ ਦੀ ਮਹਿਫ਼ਲ ਕਿਹਾ ਜਾ ਸਕਦਾ ਹੈ।
- ਸਮਾਜ ਨੂੰ ਇਕੱਠ ਦਾ ਆਨੰਦ ਆਖਿਆ ਜਾ ਸਕਦਾ ਹੈ।"[1]

ਇਸ ਵਿਚਲੇ ਸ਼ਬਦ ਸਹਿਯੋਗੀ, ਸਦਭਾਵਨਾ, ਅਪਣੱਤ, ਮਿਲ-ਵਰਤਣ ਅਤੇ ਇਕੱਠ ਆਦਿ ਸਭ ਮਨੁੱਖ ਦੇ ਸਮਾਜਿਕ ਜੀਵ ਹੋਣ ਦੀ ਕਾਰਗੁਜ਼ਾਰੀ ਕਰਦੀਆਂ ਰਹਿੰਦੀਆਂ ਹਨ। ਸਾਹਿਤ ਹਮੇਸ਼ਾ ਹੀ ਲੋਕਾਈ ਨੂੰ ਸੇਧ ਦਿੰਦਾ ਰਹਿੰਦਾ ਹੈ।

- "ਸਾਹਿਤ ਨੇ ਜਨ-ਸਾਧਾਰਨ ਨੂੰ ਸਮਝਾਉਣਾ ਹੁੰਦਾ ਹੈ।
- ਸਾਹਿਤ ਨੇ ਜਨ-ਸਾਧਾਰਨ ਦੀ ਅਗਵਾਈ ਕਰਨੀ ਹੁੰਦੀ ਹੈ।
- ਸਾਹਿਤ ਨੇ ਮਸ਼ਾਲ ਬਣ ਕੇ ਲਟ ਲਟ ਬਲਣਾ ਹੁੰਦਾ ਹੈ।
- ਸਾਹਿਤ ਨੇ ਬਹੁਤ ਵੱਡਾ ਤੇ ਮਹਾਨ ਸਰੋਕਾਰ ਬਣ ਕੇ ਜਿਊਣਾ ਹੁੰਦਾ ਹੈ।
- ਸਾਹਿਤ ਨੇ ਸਰਵੋਤਮ ਸਿਰਜਣਾ ਲਈ ਰਚਨਾਤਮਿਕ ਭਾਵ ਭੂਮੀ ਤਿਆਰ ਕਰਨੀ ਹੁੰਦੀ ਹੈ।"[2]

### ਨਾਵਲ 'ਦਰਕਿਨਾਰ' ਵਿਚ ਸਮਾਜਿਕ ਚੇਤਨਾ:

ਸਾਹਿਤਕਾਰ ਦਾ ਸਰਵ-ਉੱਤਮ ਉਦੇਸ਼ ਸਮਾਜ ਦੀ ਸਹੀ ਕਾਰਗੁਜ਼ਾਰੀ ਕਰਨਾ ਹੀ ਹੁੰਦਾ ਹੈ। ਨਾਵਲਕਾਰ ਓਮ ਪ੍ਰਕਾਸ਼ ਗਾਸੋ ਨੇ ਵੀ ਆਪਣੀ ਨਾਵਲ ਰਚਨਾ ਵਿਚ ਇਸੇ ਉਦੇਸ਼ ਦੀ ਪੂਰਤੀ ਨੂੰ ਧਿਆਨ ਵਿਚ ਰੱਖਿਆ ਹੈ ਤੇ

ਉਨ੍ਹਾਂ ਦੇ ਨਾਵਲ 'ਦਰਕਿਨਾਰ' ਵਿਚ ਸਮਾਜਿਕ ਭਲਾਈ ਅਧੀਨ ਸਭ ਤੋਂ ਵੱਡੀ ਮੰਗ ਸਮਾਜਿਕ ਚੇਤਨਾ ਦੇ ਅੰਸ਼ ਉੱਭਰ ਕੇ ਸਾਹਮਣੇ ਆਉਂਦੇ ਹਨ। ਸਮਾਜਿਕ ਚੇਤਨਾ ਹੀ ਮਨੁੱਖ ਉਸ ਦੇ ਵਰਤਾਰੇ ਸੰਬੰਧੀ ਸੂਝ, ਸਿਆਣਪ ਤੇ ਅਕਲ ਬਖਸ਼ਦੀ ਰਹਿੰਦੀ ਹੈ ਅਤੇ ਜਿਸ ਸਮਾਜ ਵਿਚ ਲੋਕਾਂ ਅੰਦਰ ਇਸ ਚੇਤਨਾ ਦੀ ਘਾਟ ਪਾਈ ਜਾਂਦੀ ਹੈ ਉਹ ਸਮਾਜ ਅਸਪਸ਼ਟ ਅਤੇ ਅਸਹਿਜਤਾ ਵੱਲ ਵਧਦਾ ਰਹਿੰਦਾ ਹੈ ਤੇ ਅਰਾਜਕਤਾ ਵਿਚ ਫਸਦਾ ਜਾਂਦਾ ਹੈ। ਇਸ ਤਰ੍ਹਾਂ ਦੀ ਅਰਾਜਕਤਾ ਸਮਾਜ ਨੂੰ ਅੰਨ੍ਹਾ ਕਰਦੀ ਰਹਿੰਦੀ ਹੈ ਤੇ ਅੰਨ੍ਹਾ ਹੋਇਆ ਸਮਾਜ ਅਕਸਰ ਹੀ ਜੀਵਨ ਦੀ ਅਸਲੀਅਤ ਤੋਂ ਅਣਜਾਣ ਬਣਿਆ ਘੁੰਮਦਾ ਫਿਰਦਾ ਰਹਿੰਦਾ ਹੈ। ਇਸ ਲਈ ਇਸ ਸਭ ਤੋਂ ਬਚਣ ਦੇ ਲਈ ਸਮਾਜਿਕ ਚੇਤਨਾ ਦਾ ਹੋਣਾ ਬਹੁਤ ਹੀ ਜ਼ਰੂਰੀ ਹੈ।

> "ਸੋ ਸਹਿਜੇ ਹੀ ਇਹ ਗੱਲ ਸਾਡੇ ਸਾਰਿਆਂ ਦੇ ਸਾਹਮਣੇ ਆ ਟਿਕਦੀ ਹੈ ਕਿ ਮਨੁੱਖ ਅਤੇ ਸਮਾਜ ਦੀ ਸਿਆਣਪ, ਸਮਰੱਥਾ ਅਤੇ ਸੰਘਰਸ਼ ਦੁਆਰਾ ਜ਼ਿੰਦਗੀ, ਜ਼ਿੰਦਗੀ ਬਣੀ ਰਹਿ ਸਕਦੀ ਹੈ।"[3]

ਤੇ ਸਮਾਜਿਕ ਚੇਤਨਾ ਅਜਿਹਾ ਕਰਨ ਵਿਚ ਸਮਾਜ ਦੀ ਮਦਦ ਕਰਦੀ ਹੈ।

> "ਮੋਹ ਦੇ ਚਾਨਣ ਬਿਨਾਂ ਮਨੁੱਖ ਮਨੁੱਖਤਾ ਤੋਂ ਦੂਰ ਜਾ ਬੈਠਦਾ ਹੈ। 'ਦਰਕਿਨਾਰ' ਨਾਵਲ ਦੇ ਕਥਾਨਕ ਦੀਆਂ ਸਮੁੱਚੀਆਂ ਧਾਰਨਾਵਾਂ ਅਤੇ ਭਾਵੁਕ-ਧਾਰਾਵਾਂ ਮਨੁੱਖ ਅੰਦਰ ਵਸਦੇ-ਮੋਹ ਦੇ ਚਾਨਣ ਦੀ ਚਲਕੋਰ ਦੀਆਂ ਸੁਚੇਤ ਸਮਾਜਿਕ-ਕਿਰਨਾਂ ਹਨ। ਇਸ ਵਿਚ ਭਲਾ ਕੀ ਸੰਦੇਹ ਹੈ ਕਿ ਮਨੁੱਖ ਵੀ ਤਾਂ ਜ਼ਿੰਦਗੀ ਦੀ ਇੱਕ ਕਿਰਨ ਵਜੋਂ ਜਨਮਦਾ ਹੈ ਪਰ ਬਹੁਤ ਸਾਰੇ ਸੁਆਰਥੀ-ਹਨੇਰੇ ਕਿਰਨ ਦੇ ਉਸ ਚਾਨਣ ਨੂੰ ਚਮਕਣ ਤੋਂ ਰੋਕੀ ਰੱਖਦੇ ਹਨ।"[4]

ਸਮਾਜ ਵਿਚ ਕਲਾ ਦਾ ਵਿਸ਼ੇਸ਼ ਥਾਂ ਹੁੰਦਾ ਹੈ। ਇਸ ਕਲਾ ਦਾ ਸਹਾਰਾ ਲੈ ਕੇ ਜਨ-ਸਾਧਾਰਨ ਦੀ ਭਲਾਈ ਕੀਤੀ ਜਾ ਸਕਦੀ ਹੈ ਤੇ ਨਾਵਲ 'ਦਰਕਿਨਾਰ' ਵਿਚ ਵੈਦ ਬ੍ਰਹਮਾ ਨੰਦ ਸ਼ਾਸਤਰੀ ਜੋ ਕਿ ਕਾਵਿਕ ਕਲਾ ਦੇ ਧਾਰਨੀ ਹਨ ਤੇ ਇਸ ਦੀ ਮਹੱਤਤਾ ਨੂੰ ਸਮਝਦੇ ਹੋਏ ਕਵਿਤਾਵਾਂ ਲਿਖਦੇ ਰਹਿੰਦੇ ਤੇ ਇਨ੍ਹਾਂ ਕਵਿਤਾਵਾਂ ਨੂੰ ਸਕੂਲ ਵਿਚ ਵਿਦਿਆਰਥੀ ਵਰਗ ਪੜਦਾ।

> "ਵੈਦ ਜੀ ਸਿੱਖਿਆਦਾਇਕ ਕਵਿਤਾਵਾਂ ਲਿਖਿਆ ਕਰਦੇ ਸਨ।"[5]

ਕਲਾ ਦਾ ਸਭ ਤੋਂ ਪ੍ਰਮੁੱਖ ਉਦੇਸ਼ ਹੀ ਸਮਾਜ ਨੂੰ ਵਧੀਆ ਸਿੱਖਿਆ ਦੇ ਕੇ ਸੁਚੱਜੇ ਰਾਹ ਤੇ ਤੋਰਨਾ ਹੁੰਦਾ ਹੈ ਤੇ ਵੈਦ ਜੀ ਇਸ ਗੱਲ ਨੂੰ ਭਲੀਭਾਂਤ ਸਮਝਦੇ ਸਨ।

ਵੈਦ ਬ੍ਰਹਮਾ ਨੰਦ ਸ਼ਾਸਤਰੀ ਦੀ ਸੂਝ ਅਤੇ ਸਿਆਣਪ ਦੀ ਸਾਰੇ ਪਿੰਡ ਨੂੰ ਜਾਣਕਾਰੀ ਸੀ ਤੇ ਜਿਸ ਕਰ ਕੇ ਸਭ ਉਨ੍ਹਾਂ ਦਾ ਆਦਰ ਕਰਦੇ ਸਨ ਤੇ ਉਨ੍ਹਾਂ ਦੁਆਰਾ ਦਿੱਤੀ ਦਾ ਸਲਾਹ ਦਾ ਸਾਰਿਆਂ ਵੱਲੋਂ ਪੂਰਾ-ਪੂਰਾ ਸਤਿਕਾਰ ਕੀਤਾ ਜਾਂਦਾ ਸੀ। ਵੈਦ ਜੀ ਆਪਣੀ ਘਰਵਾਲੀ ਨੂੰ ਸਦਾ ਹੀ ਸਮਝਾਉਂਦੇ ਰਹਿੰਦੇ ਸਨ ਪਰ ਉਸ ਦੀ ਸੀਮਤ ਸਮਝ ਕਰ ਕੇ ਉਸ ਦੇ ਲਈ ਜ਼ਿੰਦਗੀ ਦੇ ਸਹੀ ਅਰਥਾਂ ਨੂੰ ਸਮਝਣ ਵਿਚ ਰੁਕਾਵਟ ਆਉਂਦੀ ਰਹਿੰਦੀ ਸੀ।

> "ਵੈਦ ਜੀ ਨੇ ਦੁਆਰਕੀ ਨੂੰ ਬਹੁਤ ਵਾਰ ਸਮਝਾਇਆ ਸੀ ਕਿ 'ਹਾਂ' ਵਿਚ ਸੁੱਖ ਅਤੇ 'ਨਾਂਹ' ਵਿਚ ਦੁੱਖ ਹੁੰਦਾ ਹੈ। ਵੈਦ ਜੀ ਆਪਣੇ ਘਰ ਸੰਤਾਨ ਨਾ ਹੋਣ ਨੂੰ ਹਾਂ ਵਾਂਗ ਮੰਨ ਕੇ ਪੂਰੀ ਤਰ੍ਹਾਂ ਸੁਖੀ ਸਨ ਅਤੇ ਦੁਆਰਕੀ ਆਪਣੀ ਕੁੱਖ ਨੂੰ ਸੁਰਜੀਤ ਨਾ ਹੋਣ ਨੂੰ 'ਨਾਂਹ' ਮੰਨ ਕੇ ਪੂਰੀ ਤਰ੍ਹਾਂ ਦੁਖੀ ਸੀ।"[6]

ਵੈਦ ਜੀ ਬਾਕੀ ਬੱਚਿਆਂ ਨੂੰ ਆਪਣੇ ਧੀਆਂ-ਪੁੱਤਰ ਹੀ ਸਮਝਦੇ ਸਨ ਤੇ ਇਹ ਉਨ੍ਹਾਂ ਦੇ ਅੰਦਰ ਜਗੀ ਚੇਤਨਾ ਹੀ ਸੀ ਜੋ ਕਿ ਉਨ੍ਹਾਂ ਨੂੰ ਸ਼ਾਂਤ ਬਣਾਈ ਰੱਖਦੀ ਸੀ ਪਰ ਉਨ੍ਹਾਂ ਦੀ ਘਰਵਾਲੀ ਵਾਲੀ ਆਪਣੇ ਅਗਿਆਨ ਸਦਕਾ ਇਸ ਗੱਲ ਨੂੰ ਸਮਝਣ ਵਿਚ ਅਸਮਰਥ ਸੀ ਤੇ ਹਮੇਸ਼ਾ ਦੁਖੀ ਰਹਿੰਦੀ ਸੀ।

ਵੈਦ ਜੀ ਦੀ ਉੱਚ ਸੋਚ ਲਈ ਕੋਈ ਵੀ ਨੀਵੀਂ ਜਾਤ ਦਾ ਨਹੀਂ ਤੇ ਕੋਈ ਉੱਚੀ ਜਾਤ ਦਾ ਨਹੀਂ। ਜਿੱਥੇ ਚੇਤਨਮਈ ਗਿਆਨ ਦਾ ਪ੍ਰਕਾਸ਼ ਹੋ ਜਾਵੇ ਉੱਥੇ ਵਿਚਾਰਧਾਰਾ ਵਿਚ ਸ਼ੁੱਧਤਾ ਆ ਜਾਂਦੀ ਹੈ ਤੇ ਇਹ ਵਿਚਾਰਧਾਰਾ ਸਮਾਜ ਦੇ ਵਿਕਾਸ ਵਿਚ ਸਹਾਇਕ ਬਣ ਕੇ ਚਲਦੀ ਹੈ। ਵੈਦ ਬ੍ਰਹਮਾ ਨੰਦ ਸ਼ਾਸਤਰੀ ਆਹ ਜਾਤ-ਪਾਤ ਨੂੰ ਪੁਰੋਹਿਤਵਾਦ ਦਾ ਚਾਲ ਸਮਝਦੇ ਸਨ ਤੇ ਮਨੁੱਖੀ ਅਗਿਆਨ ਹੀ ਉਸ ਨੂੰ ਅਜਿਹੀਆਂ ਗੱਲਾਂ ਵਿਚ ਫਸਾਈ ਰੱਖਦਾ ਹੈ। ਉਹ ਅਕਸਰ ਆਪਣੀ ਘਰਵਾਲੀ ਨੂੰ ਸਮਝਾਉਂਦੇ ਰਹਿੰਦੇ ਸਨ

> "ਦੁਆਰਕੀ ਇਹ ਤਾਂ ਮਨੁੱਖ ਦੀ ਮਨੁੱਖ ਦੇ ਖ਼ਿਲਾਫ਼ ਕੋਈ ਚਾਲ ਹੈ ਕਿ ਕੋਈ ਹੱਥ ਆਪਣੇ ਸਿਰ ਉੱਤੇ ਤਾਜ ਨੂੰ ਮੁਕਟ ਨੂੰ ਅਤੇ ਗਹਿਣਿਆਂ ਨੂੰ ਟਿਕਾਉਂਦੇ ਰਹਿਣ ਅਤੇ ਕੁੱਝ ਹੱਥਾਂ ਨੂੰ ਉਮਰਾਂ ਭਰੀ ਗੰਦਗੀ ਵਿਚ ਮਲ-ਮੂਤਰ, ਗੋਹੇ ਤੇ ਕੂੜੇ ਵਿਚ ਪਾਉਣ ਲਈ ਮਜਬੂਰ ਕਰ ਦਿੱਤਾ ਜਾਵੇ।ਇਸ ਤਰ੍ਹਾਂ ਦੀਆਂ ਵੈਦ ਜੀ ਦੁਆਰਾ ਦੱਸੀਆਂ ਅਰਥ-ਭਰਪੂਰ ਗੱਲਾਂ ਨੂੰ ਸੁਣਕੇ ਦੁਆਰਕੀ ਦੇ ਦਕਿਨਾਸੂਨੀ ਖ਼ਿਆਲ ਪਿਛਾਂਹ ਹਟ ਰਹੇ ਸਨ।"[7]

ਪਿੰਡਵਾਸੀਆਂ ਦੁਆਰਾ ਕੁੰਦਨ ਸਿੰਘ 'ਗੜਗੱਜ' ਜੋ ਕਿ ਨੀਵੀਂ ਜਾਤ ਦਾ ਸੀ ਵੈਦ ਜੀ ਨਾਲ ਵੱਧ ਰਹੀ ਨੇੜਤਾ ਨੂੰ ਪਸੰਦ ਨਹੀਂ ਸੀ ਕਰਦੇ ਪਰ ਵੈਦ ਜੀ ਦੁਆਰਾ ਹਮੇਸ਼ਾ ਹੀ ਉਨ੍ਹਾਂ ਨੂੰ ਅਜਿਹੀ ਵਿਚਾਰਧਾਰਾ ਤੋਂ ਦੂਰ ਹੋਣ ਦੇ ਹੀ ਉਦੇਸ਼ ਦਿੱਤੇ ਜਾਂਦੇ ਸਨ

> "ਬਈ ਬੰਦੇ ਤੇ ਬੰਦੇ ਵਿਚ ਫ਼ਰਕ ਨਾਲ ਪਾੜਾ ਵੱਧ ਜਾਂਦਾ ਹੈ। ਰਾਤ ਨੂੰ ਪਾੜ ਲਾ ਕੇ ਜਿਵੇਂ ਚੋਰ ਚੋਰੀ ਕਰਦੇ ਹਨ ਐਵੇਂ ਹੀ ਬੰਦੇ ਤੇ ਬੰਦੇ ਵਿਚ ਪਾੜ ਪਾਉਣ ਵਾਲੇ ਸਦੀਆਂ ਤੋਂ ਲੋਕਾਂ ਦੇ ਅਮਨ-ਚੈਨ ਦੀ ਚੋਰੀ ਕਰਨ ਵਾਲੀਆਂ ਕਰਤੂਤਾਂ ਵਿਚੋਂ ਆਮ ਲੋਕਾਂ ਵਿਚ ਜ਼ਾਤ ਪਾਤ ਦੀਆਂ ਕੰਧਾਂ ਕੱਢਣ ਵਾਲੇ ਵੀ ਬਹੁਤ ਵੱਡੇ ਚੋਰ ਹੁੰਦੇ ਹਨ। ਇਹ ਚੋਰ ਇਸ ਲਈ ਚੋਰ ਬਣੇ ਰਹਿੰਦੇ ਹਨ ਕਿਉਂਕਿ ਆਪਾਂ ਇਨ੍ਹਾਂ ਚੋਰਾਂ ਨੂੰ ਗੁਰ-ਗੱਦੀਆਂ ਬਖਸ਼ਦੇ ਰਹਿੰਦੇ ਹਾਂ।"[8]

ਵਿਅਕਤੀ ਦੀ ਵਿਚਾਰਧਾਰਾ ਹੀ ਉਸ ਨੂੰ ਸਮਾਜ ਵਿਚ ਸਰਵ-ਉੱਚ ਬਣਾ ਦਿੰਦੀ ਹੈ ਤੇ ਵੈਦ ਜੀ ਦੀ ਇਹੀ ਵਿਚਾਰਧਾਰਾ ਉਨ੍ਹਾਂ ਦੇ ਸਤਿਕਾਰ ਦਾ ਕਾਰਨ ਪਿੰਡ ਵਾਸੀਆਂ ਲਈ ਸਤਿਕਾਰ ਦਾ ਕਾਰਨ ਬਣੀ ਹੋਈ ਸੀ।

> "ਵੈਦ ਬ੍ਰਹਮਾ ਨੰਦ ਸ਼ਾਸਤਰੀ ਦੇ ਇਸ ਪ੍ਰਕਾਰ ਦੇ ਖ਼ਿਆਲਾਂ ਕਰ ਕੇ ਉਸ ਦੀ ਆਪਣੇ ਪਿੰਡ ਵਿਚ ਪੂਰੀ ਤਰ੍ਹਾਂ ਭੱਲ ਬਣੀ ਹੋਈ ਸੀ। ਬ੍ਰਹਮਾ ਨੰਦ ਦੇ ਰੋਕਣ ਤੇ ਵੀ ਬਹੁਤ ਸਾਰੇ ਪਿੰਡ ਵਾਸੀ ਵੈਦ ਜੀ ਨੂੰ ਜੁੱਤੀ ਲਾਹ ਕੇ ਨੰਗੇ ਪੈਰੀਂ ਖੜਕੇ ਰਾਮ ਸੱਤ ਆਖਦੇ ਰਹਿੰਦੇ ਸਨ। ਸੱਥ ਵਿਚ ਬੈਠੇ ਗੱਲਾਂ ਬਾਤਾਂ ਕਰਦੇ ਪਿੰਡ ਵਾਸੀ ਜਦ ਕਦੇ ਉਨ੍ਹਾਂ ਦੀ ਸਾਹਿਬ ਸਲਾਮ ਨੂੰ ਸਿਰ ਝੁਕਾ ਕੇ ਸਵੀਕਾਰ ਕਰਦੇ ਸਨ। ਵੈਦ ਜੀ ਪਿੰਡ ਵਿਚ ਸਭ ਤੋਂ ਵੱਡੀ ਉਮਰ ਦੇ ਸਨ।"[9]

ਚੇਤਨਹੀਣਤਾ ਵਿਅਕਤੀ ਤੋਂ ਕੁਚੱਜ ਤੇ ਕਮਲੱਛ ਭਰੀਆਂ ਹਰਕਤਾਂ ਕਰਾਉਂਦੀ ਰਹਿੰਦੀ ਹੈ। ਨਾਵਲ 'ਦਰਕਿਨਾਰ' ਵਿਚ ਜ਼ੋਰਾ ਸਿੰਘ ਜੋ ਕਿ ਪਿੰਡ ਦਾ ਮਾਸਟਰ ਹੈ ਆਪਣੀ ਨਿਰਵਿਘਨ ਕਿਸਮ ਦੀ ਸੋਚ ਸਦਕਾ ਹਮੇਸ਼ਾ ਕੁਚੱਜੀਆਂ ਹਰਕਤਾਂ ਕਰਦਾ ਰਹਿੰਦਾ ਹੈ ਤੇ ਉਸ ਦੀ ਇਹੀ ਚੇਤਨਹੀਣਤਾ ਉਸ ਦੀ ਘਰਵਾਲੀ ਸਰਬਜੀਤ ਦੀ ਮੌਤ ਦਾ ਕਾਰਨ ਬਣਦੀ ਹੈ ਤੇ ਉਸ ਨੂੰ ਭਗੌੜਾ ਬਣਾ ਦਿੰਦੀ ਹੈ।

> "ਜ਼ੋਰਾ ਸਿੰਘ ਨੂੰ ਪਿੰਡ ਦੇ ਲੋਕ ਜ਼ੋਰਾ ਸਿੰਘ ਦੀ ਥਾਵੇਂ 'ਦੋਜ਼ਖੀ' ਕਹਿਕੇ ਹੀ ਉਸ ਬਾਰੇ ਗੱਲਾਂ ਕਰਦੇ ਰਹਿੰਦੇ। ਤੱਤਾ-ਤੱਤਾ ਜ਼ੋਰਾ ਸਿੰਘ ਲਗਭਗ ਹਰ ਵਕਤ ਹੀ ਕਿਸੇ ਨਾ ਕਿਸੇ ਕੁਚੱਜ ਵੱਲ ਤੁਰਦਾ ਰਹਿੰਦਾ।"[10]

ਕਲਾ ਸਮਾਜ ਦੇ ਵਿਕਾਸ ਵਿਚ ਸਹਾਇਕ ਹੁੰਦੀ ਹੈ। ਕੁੰਦਨ ਸਿੰਘ ਹੁਣ ਪਿੰਡ ਵਿਚ ਆਪਣੀ ਕਵਿਤਾ ਪੜ੍ਹਨ ਦੀ ਕਲਾ ਸਦਕਾ ਸਭ ਲਈ ਅੱਖਾਂ ਦਾ ਤਾਰਾ ਬਣਿਆ ਹੋਇਆ ਸੀ ਤੇ ਉਸ ਦੀਆਂ ਕਵਿਤਾਵਾਂ ਹੁਣ ਅਖ਼ਬਾਰਾਂ-ਰਸਾਲਿਆਂ ਦੀ ਵੀ ਸ਼ਾਨ ਬਣਨ ਲੱਗੀਆਂ ਸਨ ਤੇ ਉਹ ਆਪਣੀਆਂ ਕਵਿਤਾਵਾਂ ਹੇਠਾਂ ਪਿੰਡ ਦਾ ਨਾਂਅ ਵੀ ਲਿਖਦਾ ਸੀ ਜੋ ਕਿ ਪਿੰਡ ਵਾਸੀਆਂ ਲਈ ਇੱਕ ਮਾਨ ਵਾਲੀ ਗੱਲ ਬਣ ਚੁੱਕਾ ਸੀ। ਕਲਾ ਅਤੇ ਕਤਲ ਦੋਵੇਂ ਹੀ ਇੱਕ ਦੂਸਰੇ ਦੇ ਖਿਲਾਫ਼ ਦੀਆਂ ਪ੍ਰਸਥਿਤੀਆਂ ਹਨ। ਕਿੱਥੇ ਕੁੰਦਨ ਸਿੰਘ ਦੀ ਸਮਾਜ ਨੂੰ ਸੇਧ ਦੇਣ ਵਾਲੀ ਕਲਾ ਤੇ ਕਿੱਥੇ ਜੋਰਾ ਸਿੰਘ ਦੁਆਰਾ ਕੀਤਾ ਆਪਣੀ ਘਰਵਾਲੀ ਸਰਬਜੀਤ ਦੇ ਕਤਲ ਦੀ ਭਿਆਨਕਤਾ ਜਿਸ ਨੇ ਸਾਰੇ ਪਿੰਡ ਨੂੰ ਹਿਲਾ ਕੇ ਰੱਖ ਦਿੱਤਾ। ਸਮਾਜਿਕ ਚੇਤਨਾ ਹਮੇਸ਼ਾ ਸਮਾਜ ਵਿਚ ਕਲਾ ਵਰਗੀਆਂ ਸੁੰਦਰ ਗੱਲਾਂ ਨੂੰ ਪ੍ਰਫੁਲਿਤ ਕਰਨ ਵਾਲੀ ਸੋਚ ਨੂੰ ਜਨਮ ਦਿੰਦੀ ਹੈ ਤੇ ਪਰ ਕਿਸੇ ਵਿਅਕਤੀ ਅੰਦਰਲੀ ਸਮਾਜਿਕ ਚੇਤਨਹੀਣਤਾ ਉਸ ਨੂੰ ਸਮਾਜ ਵਿਰੋਧੀ ਪ੍ਰਸਥਿਤੀਆਂ ਵਿਚ ਉਲਝਾਉਣਾ ਸ਼ੁਰੂ ਕਰ ਦਿੰਦੀ ਹੈ।

ਕਵੀ ਸਮਾਜ ਦੇ ਬਹੁਤ ਹੀ ਨੇੜੇ ਹੋ ਕੇ ਗੁਜ਼ਰਦਾ ਹੈ ਤੇ ਉਸ ਅੰਦਰਲੀ ਸਮਾਜਿਕ ਚੇਤਨਾ ਹੀ ਉਸ ਨੂੰ ਸਮਾਜ ਵਿਚ ਵਾਪਰ ਰਹੇ ਹਾਦਸਿਆਂ ਸੰਬੰਧੀ ਕੁੱਝ ਨਾ ਕੁੱਝ ਲਿਖਣ ਦੇ ਲਈ ਪ੍ਰੇਰਿਤ ਕਰਦੀ ਰਹਿੰਦੀ ਹੈ। ਕੁੰਦਨ ਸਿੰਘ ਨੂੰ ਵੀ ਪਿੰਡ ਵਿਚ ਵਾਪਰੀ ਘਟਨਾ ਨੇ ਅੰਦਰੋਂ ਸੱਟ ਮਾਰੀ ਸੀ ਤੇ ਇਸ ਸੱਟ ਨੇ ਹੀ ਉਸ ਨੂੰ ਕੁੱਝ ਲਿਖਣ ਦੇ ਲਈ ਪ੍ਰੇਰਿਤ ਕੀਤਾ

> "ਸਰਬਜੀਤ ਕੌਰ ਦੀ ਮੌਤ ਤੋਂ ਮਗਰੋਂ ਕਈ ਦਿਨਾਂ ਤੱਕ ਤਾਂ ਕੁੰਦਨ ਸਿੰਘ 'ਗੜਗੱਜ' ਗ਼ਮਗੀਨ ਰਿਹਾ ਪਰ ਆਖ਼ਿਰ ਉਸ ਨੇ ਆਪਣੇ ਪਿੰਡ ਦੇ ਸਮਾਜਿਕ-ਹਾਦਸੇ ਨੂੰ ਅੱਗੇ ਰੱਖ ਕੇ ਚੰਗੀ ਤਕੜੀ

> ਕਵੀਸ਼ਰੀ ਦੀ ਰਚਨਾ ਕੀਤੀ। ਮਾਧੋ ਸਿੰਘ 'ਕੋਮਲ' ਨੇ ਵੀ ਉਦਾਸ ਪਲਾਂ ਨੂੰ ਦਰਸਾਉਣ ਵਾਲੀਆਂ ਦੋ ਚਾਰ ਕਵਿਤਾਵਾਂ ਲਿਖੀਆਂ।"[11]

ਕੋਮਲ ਦੀ ਉਦਾਸੀ ਨੂੰ ਦੇਖ ਕੇ ਵੈਦ ਜੀ ਆਖਦੇ ਹਨ ਕਿ

> "ਭਾਈ 'ਕੋਮਲ' ਜ਼ਿੰਦਗੀ ਨੂੰ ਇੱਕ ਮਹਾਨ ਕਲਾ ਕਿਹਾ ਜਾ ਸਕਦਾ ਹੈ ਪਰ ਜਦੋਂ ਜ਼ਿੰਦਗੀ ਬੇਹਿਸਾਬ ਹੋ ਬੈਠਦੀ ਹੈ ਤਦ ਕਲਾ ਦੀ ਥਾਵੇਂ ਕਤਲ ਅੱਗੇ ਆਉਣ ਲੱਗ ਪੈਂਦੇ ਹਨ।"[12]

ਧਰਮ, ਜੋ ਕਿ ਸਮਾਜ ਦੀ ਭਲਾਈ ਤੇ ਸਮਾਜ ਨੂੰ ਸਿੱਧੇ ਰਾਹ ਪਾਉਣ ਸਦਕਾ ਹੋਂਦ ਵਿਚ ਆਇਆ ਪਰ ਜਦੋਂ ਧਰਮ ਹੀ ਸਮਾਜ ਵਿਰੋਧੀ ਆਦਤਾਂ ਨੂੰ ਅਪਣਾ ਲੈਂਦਾ ਹੈ ਤਾਂ ਇਸ ਦੇ ਸਿੱਟੇ ਬਹੁਤ ਹੀ ਭੈੜੇ ਨਿਕਲਦੇ ਹਨ ਤੇ ਵੈਦ ਜੀ ਸਮਾਜ ਵਿਚ ਵਾਪਰ ਰਹੀਆਂ ਘਟਨਾਵਾਂ ਨੂੰ ਦੇਖ ਕੇ ਚਿੰਤਾ ਜ਼ਾਹਿਰ ਕਰਦੇ ਹਨ ਤੇ ਇਕੱਲ ਵਿਚ ਬੈਠੇ ਸੋਚਦੇ ਹਨ

> "ਵੈਦ ਬ੍ਰਹਮਾ ਨੰਦ ਸ਼ਾਸਤਰੀ ਨੂੰ ਪ੍ਰਾਚੀਨ ਸਮੇਂ ਦੇ ਪੁਰਾਣੇ ਖੂਹ ਦੀ ਮੌਨ ਤੇ ਬੈਠਿਆਂ ਆਪਣਾ ਗੁਰੂ, ਇਤਿਹਾਸ, ਧਰਮ, ਪ੍ਰਚਾਰ ਅਤੇ ਜ਼ੋਰਾ ਸਿੰਘ 'ਦੋਜ਼ਖੀ' ਦੁਆਰਾ ਸਰਬਜੀਤ ਦਾ ਆਪਣੇ ਪਿੰਡ ਵਿਚ ਕੀਤਾ ਕਤਲ ਕਹਿ ਰਿਹਾ ਸੀ ਕਿ ਨਿਰਦੋਸ਼ ਅਤੇ ਅਣਭੋਲ ਤਾਂ ਹਰ ਸਮੇਂ ਹੀ ਕਤਲ ਕਰ ਦਿੱਤੇ ਜਾਂਦੇ ਹਨ। ਧਰਮ, ਮੌਤ ਆਉਣ ਤੋਂ ਪਹਿਲਾ ਹੀ ਮੌਤ ਦਾ ਨਾਂਅ ਲੈ ਕੇ ਲੋਕਾਈ ਨੂੰ ਭੈਅ ਭੀਤ ਕਰਦਾ ਹੋਇਆ ਆਪ ਮਾਇਆ ਧਾਰੀ ਬਣ ਬੈਠਦਾ ਹੈ।"[13]

ਅਪਣੱਤ ਭਰਿਆ ਵਿਵਹਾਰ ਸਮਾਜ ਨੂੰ ਸੁੱਖ ਪ੍ਰਦਾਨ ਕਰਦਾ ਹੈ। ਵੈਦ ਜੀ ਨਾਲ ਕੁੰਦਨ ਤੇ ਕੋਮਲ ਇਸ ਅਪਣੱਤ ਸਦਕਾ ਹੀ ਆਪਸ ਵਿਚ ਜੁੜੇ ਹੋਏ ਸਨ।

> "ਬੱਸ ਗੁਰੂ ਜੀ ਬੱਸ ਹੁਣ ਤਾਂ ਅਸਾਡੀ ਜ਼ਿੰਦਗੀ ਵਾਸਤੇ ਤੁਸੀਂ ਹੀ ਅਸਾਡੇ ਵੱਡੇ ਵਜ਼ੀਰ ਹੋ। ਨਹੀਂ ਨਹੀਂ ਮੈਂ ਤੁਹਾਡੇ ਲਈ ਵੱਡਾ ਵਜ਼ੀਰ ਨਹੀਂ ਮੈਂ ਤਾਂ ਤੁਹਾਡਾ ਬਜ਼ੁਰਗ ਹਾਂ। ਮੈਂ ਤੁਹਾਡਾ ਨਹੀਂ ਸਗੋਂ ਇਸ ਸਾਰੇ ਪਿੰਡ ਦਾ ਬਜ਼ੁਰਗ ਹਾਂ। ਕੁੰਦਨ ਤੇ ਕੋਮਲ ਦੇ ਸ਼ਰਧਾਲੂ ਭਾਵ ਦੇ ਅਪਣੱਤ ਵਾਲੇ ਵਿਵਹਾਰ ਨੇ ਵੈਦ ਜੀ ਨੂੰ ਵਿਆਕੁਲ ਕਰ ਦਿੱਤਾ। ਕੇਵਲ ਵਿਆਕੁਲ-ਵਿਅਕਤੀ ਹੀ ਸਮਾਜ ਦੇ ਦੁੱਖ-ਸੁੱਖ ਦੀ ਪਹਿਚਾਣ ਕਰ ਸਕਦਾ ਹੈ। ਸਮਾਜਿਕ ਦੁੱਖ-ਸੁੱਖ ਦੀ ਪਹਿਚਾਣ ਨੂੰ ਹੀ ਜ਼ਿੰਦਗੀ ਦੀ ਪਵਿੱਤਰਤਾ ਕਿਹਾ ਜਾ ਸਕਦਾ ਹੈ।"[14]

ਸਮਾਜਿਕ ਵਿਕਾਸ ਵਿਚ ਉਦੋਂ ਰੁਕਾਵਟ ਆ ਜਾਂਦੀ ਹੈ ਜਦੋਂ ਗਿਆਨ ਦੀ ਜਗ੍ਹਾ ਵਿਅਕਤੀ ਦੀ ਜਾਤ ਦੀ ਗੱਲ ਕੀਤੀ ਜਾਂਦੀ ਹੈ। ਵੈਦ ਜੀ ਅਕਸਰ ਆਪਣੇ ਗੁਰੂ ਦੀਆਂ ਗੱਲਾਂ ਕੁੰਦਨ ਅਤੇ ਕੋਮਲ ਦੇ ਨਾਲ ਸਾਂਝੀਆਂ ਕਰਦੇ ਰਹਿੰਦੇ ਸਨ ਕਿ ਮੈਂ ਉਨ੍ਹਾਂ ਦੀ ਉੱਚ ਸੋਚ ਸਦਕਾ ਉਨ੍ਹਾਂ ਦੀ ਕਦਰ ਕਰਦਾ ਸੀ ਤੇ ਉਹ ਆਪ ਵੀ ਆਖਦੇ ਹੁੰਦੇ ਸਨ:

> "ਜ਼ਾਤ ਨਾ ਪੁੱਛੀਏ ਸਾਧ ਕੀ, ਪੂਛ ਲੀਜੀਏ ਗਿਆਨ।
> ਮੋਲ ਕਰੋ ਕਿਰਪਾਨ ਕਾ ਪੜ੍ਹੀ ਰਹਿਣ ਦਿਓ ਮਿਆਨ।"[15]

**OM PARKASH GASSO DE NAVALAN VICH SAMAAJ-SABHYACHARAK ATE RAJNITAK CHETNA**

ਸਮਾਜਿਕ ਚੇਤਨਾ ਵਿਅਕਤੀ ਨੂੰ ਸਿਆਣਪ ਬਖ਼ਸ਼ਦੀ ਰਹਿੰਦੀ ਹੈ ਤੇ ਸਿਆਣਪ ਹੀ ਸਮਾਜਿਕ ਵਿਕਾਸ ਦੀ ਧਾਰਨੀ ਬਣ ਕੇ ਚਲਦੀ ਰਹਿੰਦੀ ਹੈ। ਪਰ ਜਦੋਂ ਇਸ ਸਿਆਣਪ ਦੀ ਕਮੀ ਆ ਜਾਂਦੀ ਹੈ ਤਾਂ ਸਮਾਜ ਦੁਰਾਚਾਰ ਦੇ ਰਾਹ 'ਤੇ ਤੁਰ ਪੈਂਦਾ ਹੈ।

> "ਵੈਦ ਜੀ ਨੂੰ ਆਪਣੇ ਗੁਰੂ ਗੁਰੂਦੱਤ ਦੁਆਰਾ ਦਿੱਤੀ ਚੇਤਨਾ ਜ਼ਿੰਦਗੀ ਦੇ ਇਸ ਮੋੜ ਤੇ ਸਿਆਣਪ ਬਖਸ਼ ਰਹੀ ਸੀ। ਅੱਜ ਜਦੋਂ ਵੈਦ ਜੀ ਨੂੰ ਆਪਣੇ ਪਿੰਡ ਦੇ ਮਾਸਟਰ ਜ਼ੋਰਾ ਸਿੰਘ ਦੋਜ਼ਖੀਏ ਦੁਆਰਾ ਆਪਣੀ ਘਰਵਾਲੀ ਸਰਬਜੀਤ ਨੂੰ ਕਤਲ ਕਰਨ ਦਾ ਕਿੱਸਾ ਚੇਤੇ ਪਿਆ ਤਦ ਉਨ੍ਹਾਂ ਨੂੰ ਇੰਝ ਮਹਿਸੂਸ ਹੋਇਆ ਜਿਵੇਂ ਸਮਾਜ ਅੰਦਰ ਅਜੇ ਵੀ ਭੂਤ ਜਿਊਂਦਾ ਹੈ।"[16]

ਧਰਮ ਦਾ ਸਮਾਜਿਕ ਵਿਕਾਸ ਵਿਚ ਬਹੁਤ ਵੱਡਾ ਰੋਲ ਹੁੰਦਾ ਹੈ ਪਰ ਧਰਮ ਦੇ ਸਹੀ ਅਰਥਾਂ ਨੂੰ ਸਮਝਣ ਦੇ ਲਈ ਵੀ ਮਨੁੱਖਤਾ ਅੰਦਰ ਚੇਤਨਾ ਦਾ ਹੋਣਾ ਬਹੁਤ ਜ਼ਰੂਰੀ ਹੈ। ਵੈਦ ਜੀ ਦੀ ਇਹੀ ਚੇਤਨਾ ਹੀ ਕੁੰਦਨ ਅਤੇ ਕੋਮਲ ਸਿੰਘ ਲਈ ਅਲੋਕਾਰ ਬਣੀ ਹੋਈ ਸੀ। ਜਦੋਂ ਵੈਦ ਜੀ ਦੱਸਦੇ ਹਨ

> "ਮੇਰੇ ਸੱਚੇ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਜੀ ਤੁਸੀਂ ਤਾਂ ਇਸ ਧਰਤੀ ਉੱਤੇ ਇੱਕ ਅਲੋਕਾਰ ਪ੍ਰਵੇਸ਼ ਬਣ ਕੇ ਆਏ ਸੀ। ਤੁਹਾਡਾ ਪ੍ਰਵੇਸ਼ ਨਿਆਂ ਲਈ ਅਤੇ ਲਤਾੜੀ ਜਾ ਰਹੀ ਲੋਕਾਈ ਲਈ ਸਹਾਰਾ ਸੀ। ਗੁਰੂ ਦੇਵ ਨਿਰਸੰਦੇਹ ਮੁਹੰਮਦ ਸਾਹਿਬ, ਈਸਾ ਮਸੀਹ, ਗੌਤਮ, ਮਹਾਂਵੀਰ, ਰਿਸ਼ੀ ਮੁਨੀ ਤੇ ਵਿਵੇਕਾਨੰਦ ਵਰਗੇ ਮਹਾਨ ਪੁਰਸ਼ ਲੋਕ-ਭਲਾਈ ਦੀ ਭਾਵਨਾ ਦੇ ਅਵਤਾਰ ਸਨ ਪਰ ਗੁਰੂ ਜੀ ਤੁਸੀਂ ਤਾਂ ਇੱਕ ਪ੍ਰਤੱਖ ਜੋਤ ਬਣੇ ਰਹੇ। ਇਸ ਪ੍ਰਕਾਰ ਦੀਆਂ ਗੱਲਾਂ ਸੁਣਦਾ-ਸੁਣਦਾ ਕੁੰਦਨ ਸਿੰਘ 'ਗੜਗੱਜ' ਹੁਣ ਵੈਦ ਜੀ ਦੇ ਪਿਛਲੇ ਪਾਸੇ ਤੋਂ ਸਿਰਕ ਕੇ ਉਨ੍ਹਾਂ ਦੇ ਪੈਰਾਂ ਵਿਚ ਆ ਡਿੱਗਿਆ ਤੇ ਬੋਲਣ ਲੱਗ ਪਿਆ, ਧੰਨ ਹੋ ਵੈਦ ਜੀ ਤੁਸੀਂ ਜਿਨ੍ਹਾਂ ਨੂੰ ਜੋਤ ਦੀ ਪਹਿਚਾਣ ਹੈ।"[17]

ਗਿਆਨ ਹੀ ਗਿਆਨ ਦਾ ਪ੍ਰਸਾਰ ਕਰ ਸਕਦਾ ਹੈ ਨਹੀਂ ਤਾਂ ਅਗਿਆਨ ਰੂਪੀ ਵਿਅਕਤੀ ਸਮਾਜ ਵਿਚ ਹਮੇਸ਼ਾ ਹਨੇਰਾ ਹੀ ਫੈਲਾਉਂਦਾ ਹੈ ਤੇ ਗਿਆਨ ਹੀ ਵਿਅਕਤੀ ਦੀ ਵਿਚਾਰਧਾਰਾ ਨੂੰ ਸ਼ੁੱਧ ਤੇ ਉੱਚ ਬਣਾਉਂਦਾ ਹੈ। ਇਸ ਪ੍ਰਕਾਰ ਵੈਦ ਜੀ ਦੀ ਵਿਚਾਰਧਾਰਾ ਹੀ ਕੁੰਦਨ ਅਤੇ ਕੋਮਲ ਲਈ ਜੀਵਨ ਦੀ ਸੇਧ ਬਣੀ ਹੋਈ ਸੀ। ਕੁੰਦਨ ਸਿੰਘ ਆਪਣੇ ਗਿਆਨ ਸਦਕਾ ਹੀ ਪਿੰਡ ਵਿਚ ਸਭ ਦੀਆਂ ਅੱਖਾਂ ਦਾ ਤਾਰਾ ਬਣਿਆ ਹੋਇਆ ਸੀ ਤੇ ਕੁੰਦਨ ਦਾ ਭਰਾ ਜ਼ੋਰਾ ਸਿੰਘ ਨੇ ਵੀ ਤਾਂ ਉਸੇ ਕੁੱਖੋਂ ਜਨਮ ਲਿਆ ਜਿਸ ਵਿਚੋਂ ਕੁੰਦਨ ਨੇ ਲਿਆ ਸੀ ਪਰ ਉਹ ਆਪਣੇ ਅਗਿਆਨ ਸਦਕਾ ਹੀ ਸਭ ਦੀਆਂ ਨਜ਼ਰਾਂ ਵਿਚ ਗਿਰ ਚੁੱਕਾ ਸੀ।

ਸਮਾਜਿਕ ਚੇਤਨਾ ਜਿਉਂ-ਜਿਉਂ ਵਿਅਕਤੀ ਨੂੰ ਗਿਆਨਵਾਨ ਬਣਾਉਂਦੀ ਜਾਂਦੀ ਹੈ ਤਿਉਂ ਹੀ ਉਸ ਨੂੰ ਜ਼ਿੰਦਗੀ ਦੀ ਅਸਲੀਅਤ ਦਾ ਗਿਆਨ ਵੀ ਹੁੰਦਾ ਜਾਂਦਾ ਹੈ ਕਿਉਂ ਕਿ :

- "ਜ਼ਿੰਦਗੀ ਤਾਂ ਪ੍ਰਵਾਹ ਹੁੰਦੀ ਹੈ।
- ਜ਼ਿੰਦਗੀ ਤਾਂ ਪ੍ਰਕਾਸ਼ ਹੁੰਦੀ ਹੈ।

- ਜ਼ਿੰਦਗੀ ਤਾਂ ਹੁਨਰ ਹੁੰਦੀ ਹੈ।
- ਜ਼ਿੰਦਗੀ ਤਾਂ ਅੱਖ ਹੁੰਦੀ ਹੈ।
- ਜ਼ਿੰਦਗੀ ਤਾਂ ਰੱਖ ਹੁੰਦੀ ਹੈ।
- ਜ਼ਿੰਦਗੀ ਤਾਂ ਪੱਖ ਹੁੰਦੀ ਹੈ।"[18]

ਇਸ ਤਰ੍ਹਾਂ ਸਮਾਜਿਕ ਚੇਤਨਾ ਹੀ ਸਾਡੇ ਅੰਦਰ ਇਸ ਪ੍ਰਕਾਰ ਦੇ ਪ੍ਰਵਾਹ, ਪ੍ਰਕਾਸ਼, ਹੁਨਰ, ਅੱਖ, ਰੱਖ ਅਤੇ ਪੱਖ ਨੂੰ ਜਨਮ ਦਿੰਦੀ ਰਹਿੰਦੀ ਹੈ ਤੇ ਨਾਵਲ 'ਦਰਕਿਨਾਰ' ਸਮਾਜਿਕ ਤੌਰ 'ਤੇ ਪਾਠਕਾਂ ਦੀ ਤਰਜਮਾਨੀ ਕਰਦਾ ਹੋਇਆ ਨਜ਼ਰ ਆ ਰਿਹਾ ਹੈ। ਨਾਵਲ ਵਿਚਲੇ ਪਾਤਰ ਵੈਦ ਜੀ ਦੀਆਂ ਸਿਆਸੀ ਗੱਲਾਂ ਤੇ ਸਿਆਸਤ ਦੁਆਰਾ ਸਮਾਜ ਵਿਚ ਆਈ ਗਿਰਾਵਟ ਪ੍ਰਤੀ ਜੋ ਚਿੰਤਾ ਦਾ ਵਰਣਨ ਆਉਂਦਾ ਹੈ ਉਸ ਦੇ ਪਿੱਛੇ ਉਨ੍ਹਾਂ ਦੀ ਰਾਜਨੀਤਕ ਸੂਝ ਹੀ ਉੱਭਰ ਕੇ ਸਾਹਮਣੇ ਆਉਂਦੀ ਹੈ।

## ਨਾਵਲ 'ਦਰਕਿਨਾਰ' ਵਿਚ ਸਭਿਆਚਾਰਕ ਚੇਤਨਾ:

ਨਾਵਲ 'ਦਰਕਿਨਾਰ' ਸਭਿਆਚਾਰ ਚੇਤਨਾ ਦਾ ਧਾਰਨੀ ਬਣ ਕੇ ਪੇਸ਼ ਹੋਇਆ ਹੈ। ਸਭਿਆਚਾਰ ਅਤੇ ਸਮਾਜ ਦੋਨੋਂ ਹੀ ਅਨਿੱਖੜ ਅੰਸ਼ ਹਨ ਤੇ ਇਸ ਲਈ ਜਿੱਥੇ ਵੀ ਕਿਤੇ ਸਮਾਜ ਦੀ ਗੱਲ ਹੁੰਦੀ ਹੈ ਉੱਥੇ ਸਭਿਆਚਾਰਕ ਅੰਸ਼ ਵੀ ਨਾਲ ਹੀ ਆ ਜਾਂਦੇ ਹਨ। ਸਮਾਜ ਵਿਚਲੇ ਸਹੀ ਵਿਕਾਸ ਦੇ ਲਈ ਕਦਰਾਂ-ਕੀਮਤਾਂ ਦਾ ਹੋਣਾ ਬਹੁਤ ਜ਼ਰੂਰੀ ਹੈ ਜੋ ਕਿ ਸਮਾਜ ਦੇ ਅੰਦਰ ਇੱਕ ਪ੍ਰਵਾਹ ਬਣਾਈ ਰੱਖਦੀਆਂ ਹਨ ਤੇ ਸਭਿਆਚਾਰ ਹੀ ਇਨ੍ਹਾਂ ਕਦਰਾਂ-ਕੀਮਤਾਂ ਦਾ ਜਨਮਦਾਤਾ ਹੁੰਦਾ ਹੈ:

- ਸਭਿਆਚਾਰ ਨੂੰ ਭਾਵ-ਬੋਧ ਦਾ ਦਰਜਾ ਦਿੱਤਾ ਜਾ ਸਕਦਾ ਹੈ।
- ਸਭਿਆਚਾਰ ਨੂੰ ਚਿੰਤਨ ਕਿਹਾ ਜਾ ਸਕਦਾ ਹੈ।
- ਦਰਸ਼ਨ ਨੂੰ ਸਭਿਆਚਾਰ ਕਿਹਾ ਜਾ ਸਕਦਾ ਹੈ।
- ਸੁਲਝਾਅ ਨੂੰ ਸਭਿਆਚਾਰ ਕਿਹਾ ਜਾ ਸਕਦਾ ਹੈ।
- ਸਭਿਆਚਾਰ ਉਲਝਾਅ ਵਿਚ ਆਡੰਬਰ ਹੁੰਦਾ ਹੈ।

ਸਭਿਆਚਾਰ ਦੀ ਇਸ ਮਹੱਤਤਾ ਨੂੰ ਦੇਖਦੇ ਹੋਏ ਕਿ ਸਭਿਆਚਾਰ ਮਨੁੱਖਤਾ ਦੀ ਜ਼ਿੰਦਗੀ ਵਿਚ ਕਿੰਨੀ ਮਹੱਤਵਪੂਰਨ ਭੂਮਿਕਾ ਨਿਭਾਉਂਦਾ ਹੈ, ਸਭਿਆਚਾਰਕ ਚੇਤਨਾ ਦੀ ਲੋੜ ਵੀ ਮਹਿਸੂਸ ਹੁੰਦੀ ਹੈ।

ਸਭਿਆਚਾਰਕ ਚੇਤਨਾ ਦੇ ਵਿਚ ਕਲਾ ਦੀ ਵਿਸ਼ੇਸ਼ ਥਾਂ ਹੁੰਦੀ ਹੈ ਕਿਉਂਕਿ ਕਲਾ ਹੀ ਮਨੁੱਖ ਨੂੰ ਉਸ ਦੀਆਂ ਸਭਿਆਚਾਰਕ ਤਰੰਗਾਂ ਦੇ ਨਾਲ ਜੋੜੀ ਰੱਖਦੀ ਹੈ ਤੇ ਉਸ ਨੂੰ ਕਲਾ ਦੀ ਤਰ੍ਹਾਂ ਸੁੰਦਰ ਬਣਾਉਣ ਲੱਗਦੀ ਹੈ। ਨਾਵਲ 'ਦਰਕਿਨਾਰ' ਵਿਚ ਵੀ ਇਸ ਸੁੰਦਰ ਜਜ਼ਬੇ ਦੀ ਤਰਜਮਾਨੀ ਹੁੰਦੇ ਹੋਏ ਅਸੀਂ ਦੇਖ ਸਕਦੇ ਹਾਂ ਕਿ ਕਿਵੇਂ ਕੁੰਦਨ ਸਿੰਘ 'ਗੜਗੱਜ' ਆਪਣੀ ਸੁੰਦਰ ਕਲਾ ਸਦਕਾ ਹੀ ਸਭ ਪਿੰਡ ਵਾਸੀਆਂ ਦੇ ਲਈ ਇੱਕ ਆਮ ਤੋਂ ਖ਼ਾਸ ਬਣੀ ਬੈਠਾ

ਹੈ ਤੇ ਸਰਬਜੀਤ ਦਾ ਧੀ ਭਾਵ ਮਾਧੋ ਦੀ ਭਤੀਜੀ ਵੀ ਆਪਣੀ ਕਾਵਿਕ ਰੁਚੀਆਂ ਸਦਕਾ ਦਿਨ-ਬ-ਦਿਨ ਨਿੱਖਰਦੀ ਜਾ ਰਹੀ ਹੈ। ਮਾਧੋ ਦੀ ਗਿਆਨਮਈ ਸੋਚ ਸਦਕਾ ਹੀ ਆਪਣੀ ਮਾਂ ਬਾਹਰੀ ਪ੍ਰਦੀਪ ਤੇ ਕੁਲਦੀਪ ਜਗਿਆਸੂ ਬਣਦੇ ਜਾ ਰਹੇ ਸਨ। ਇਹੀ ਜਗਿਆਸਾ ਵਿਅਕਤੀ ਅੰਦਰ ਗਿਆਨ ਦੀ ਜੋਤ ਜਾਗਦੀ ਹੈ:

- "ਜਗਿਆਸਾ ਨੂੰ ਭਾਵਨਾਤਮਿਕ-ਤੜਪ ਕਿਹਾ ਜਾ ਸਕਦਾ ਹੈ।
- ਜਗਿਆਸਾ ਨੂੰ ਪੁੱਛ ਪੜਤਾਲ ਦੀ ਕਲਾ ਕਿਹਾ ਜਾ ਸਕਦਾ ਹੈ।
- ਜਗਿਆਸਾ ਨੂੰ ਗੁਣ ਅਤੇ ਗਿਆਨ ਦੀ ਵਿੱਦਿਆ ਕਿਹਾ ਜਾ ਸਕਦਾ ਹੈ।
- ਜਗਿਆਸਾ ਨੂੰ ਪ੍ਰੇਰਣਾ ਕਿਹਾ ਜਾ ਸਕਦਾ ਹੈ।
- ਜਗਿਆਸਾ ਨੂੰ ਹੁਨਰ ਕਿਹਾ ਜਾ ਸਕਦਾ ਹੈ।
- ਜਗਿਆਸਾ ਨੂੰ ਪ੍ਰਕਾਸ਼ ਕਿਹਾ ਜਾ ਸਕਦਾ ਹੈ।"[19]

ਪ੍ਰਦੀਪ ਤੇ ਕੁਲਦੀਪ ਅੰਦਰ ਪੈਦਾ ਹੋਈ ਇਹੀ ਜਗਿਆਸਾ ਹੀ ਹਰ ਪਲ ਮਾਧੋ ਤੋਂ ਕੁੱਝ ਨਾ ਕੁੱਝ ਜਾਣਨ ਦੇ ਲਈ ਤਤਪਰ ਰਹਿੰਦੀ ਸੀ। ਸਭਿਆਚਾਰਕ ਚੇਤਨਾ ਵਿਅਕਤੀ ਅੰਦਰ ਅਪਣੱਤ ਭਰੇ ਭਾਵਾਂ ਨੂੰ ਜਨਮ ਦਿੰਦੀ ਹੈ। ਅੱਜ ਕੱਲ੍ਹ ਜਦੋਂ ਅਸੀਂ ਸਮਾਜ ਵਿਚ ਰਿਸ਼ਤਿਆਂ ਵਿਚ ਆਈ ਗਿਰਾਵਟ ਨੂੰ ਦੇਖਦੇ ਹਾਂ ਤਾਂ ਇਸ ਪਿੱਛੇ ਸਾਡੀ ਸਮਾਜ-ਸਭਿਆਚਾਰਕ ਚੇਤਨਾ ਵਿਚ ਆਈ ਹੋਈ ਘਾਟ ਹੀ ਜ਼ਿੰਮੇਵਾਰ ਹੁੰਦੀ ਹੈ ਕਿਉਂਕਿ ਮਨੁੱਖ ਜੀਵਨ ਦੀਆਂ ਅਸਲ ਕਦਰਾਂ-ਕੀਮਤਾਂ ਤੋਂ ਮਨਫ਼ੀ ਹੁੰਦਾ ਜਾ ਰਿਹਾ ਹੈ।

> "ਵੇਖਿਆ ਜਾਵੇ ਤਾਂ ਰਿਸ਼ਤੇ ਆਪਸਦਾਰੀ ਕਰ ਕੇ ਹੀ ਜਿਉਂਦੇ ਰਹਿ ਸਕਦੇ ਹਨ ਜਿੱਥੇ ਆਪਸਦਾਰੀ ਖ਼ਤਮ ਹੋ ਜਾਂਦੀ ਹੈ ਉੱਥੇ ਰਿਸ਼ਤੇ ਮੁੱਕ ਜਾਂਦੇ ਹਨ। ਆਪਸਦਾਰੀ ਦੀ ਰੂਹ ਨੂੰ ਪ੍ਰੇਮ ਆਖਿਆ ਜਾ ਸਕਦਾ ਹੈ।"[20]

ਮਾਧੋ ਆਪਣੇ ਭਤੀਜਾ-ਭਤੀਜੀ ਨਾਲ ਇਸੇ ਆਪਸਦਾਰੀ ਸਦਕਾ ਹੀ ਜੁੜਿਆ ਰਹਿੰਦਾ ਹੈ ਤੇ ਜਿਸ ਪਿੱਛੇ ਉਸ ਦੀ ਸਮਾਜ-ਸਭਿਆਚਾਰਕ ਚੇਤਨਾ ਹੀ ਕਾਰਗਰ ਹੁੰਦੀ ਹੈ। ਜਿੱਥੇ ਇਸ ਦੀ ਘਾਟ ਆ ਜਾਂਦੀ ਹੈ ਉੱਥੇ ਮਨੁੱਖਤਾ ਨਿੱਜਵਾਦ ਨੂੰ ਅਪਣਾਉਣ ਲਗਦੀ ਹੈ ਜਦਕਿ-

- "ਨਿੱਜਵਾਦ-ਖੜੋਤ ਪੈਦਾ ਕਰਦਾ ਹੈ।
- ਨਿੱਜਵਾਦ-ਇਨਕਲਾਬੀ ਵਿਚਾਰਧਾਰਾ ਲਈ ਘਾਤਕ ਬਣਿਆ ਰਹਿੰਦਾ ਹੈ।
- ਨਿੱਜਵਾਦ 'ਚ ਸ਼ਖ਼ਸੀ ਪੂਜਾ ਪੈਦਾ ਹੁੰਦੀ ਹੈ।
- ਨਿੱਜਵਾਦ ਲੋਕ-ਲਹਿਰਾਂ ਦਾ ਵਿਰੋਧ ਕਰਦਾ ਰਹਿੰਦਾ ਹੈ।
- ਨਿੱਜਵਾਦ ਸਾਮੰਤਵਾਦੀ ਹੁੰਦਾ ਹੈ।
- ਨਿੱਜਵਾਦ ਵਰਗ-ਚੇਤਨਾ ਤੋਂ ਬੇ-ਮੁੱਖ ਬਣਿਆ ਰਹਿੰਦਾ ਹੈ।

- ਨਿੱਜਵਾਦ ਆਰਥਿਕ-ਅੱਤਿਆਚਾਰ ਅਤੇ ਆਰਥਿਕ-ਅਰਾਜਕਤਾ ਨੂੰ ਅਣਡਿੱਠ ਕਰਦਾ ਰਹਿੰਦਾ ਹੈ।
- ਨਿੱਜਵਾਦ ਅਸੁਭਾਵਿਕ ਹੁੰਦਾ ਹੈ।"[21]

ਸਭਿਆਚਾਰਕ ਚੇਤਨਾ ਵਿਅਕਤੀ ਅੰਦਰ ਸਮਾਜ ਵਿਚ ਆ ਰਹੀ ਗਿਰਾਵਟ ਸੰਬੰਧੀ ਸੁਚੇਤ ਕਰਦੀ ਹੋਈ ਕਈ ਪ੍ਰਕਾਰ ਦੇ ਸਵਾਲਾਂ ਨੂੰ ਜਨਮ ਦਿੰਦੀ ਰਹਿੰਦੀ ਹੈ ਤੇ ਉਹ ਇਨ੍ਹਾਂ ਦੇ ਜਵਾਬ ਲੱਭਣ ਵਿਚ ਜੁੱਟ ਜਾਂਦਾ ਹੈ।

- ਕੀ ਅੱਜ ਕੱਲ੍ਹ ਅਸਾਡੀ ਭਾਸ਼ਾ ਪ੍ਰਦੂਸ਼ਿਤ ਨਹੀਂ ਹੋ ਰਹੀ ?
- ਕੀ ਅੱਜ ਅਸਾਡੇ ਵਿਚਾਰ ਪ੍ਰਦੂਸ਼ਿਤ ਨਹੀਂ ਹੋ ਰਹੇ ?
- ਕੀ ਅੱਜ ਅਸਾਡੀ ਸੋਚ ਪ੍ਰਦੂਸ਼ਿਤ ਨਹੀਂ ਹੋ ਰਹੀ ?
- ਕੀ ਅੱਜ ਅਸਾਡੀ ਰਹਿਤਲ ਪ੍ਰਦੂਸ਼ਿਤ ਨਹੀਂ ਹੋ ਰਹੀ ?
- ਕੀ ਅੱਜ ਕੱਲ੍ਹ ਅਸਾਡਾ ਖਾਣ ਪਾਣ ਪ੍ਰਦੂਸ਼ਿਤ ਨਹੀਂ ਹੋ ਰਿਹਾ ?
- ਕੀ ਅੱਜ ਕੱਲ੍ਹ ਅਸਾਡੀਆਂ ਵਿੱਦਿਆ-ਪ੍ਰਣਾਲੀਆਂ ਪ੍ਰਦੂਸ਼ਿਤ ਨਹੀਂ ਹੋ ਰਹੀਆਂ ?
- ਕੀ ਅੱਜ ਕੱਲ੍ਹ ਅਸਾਡਾ ਧਰਮ ਪ੍ਰਦੂਸ਼ਿਤ ਨਹੀਂ ਹੋ ਰਿਹਾ ?
- ਕੀ ਅੱਜ ਕੱਲ੍ਹ ਦੀ ਸਿਆਸਤ, ਸਾਹਿਤ, ਕਲਾ, ਸੁਹਜ-ਸੁਆਦ ਅਤੇ ਉਦਯੋਗ ਪ੍ਰਦੂਸ਼ਿਤ ਨਹੀਂ ਹੋ ਰਿਹਾ ?

ਇਸ ਤਰ੍ਹਾਂ ਦੀ ਪ੍ਰਦੂਸ਼ਿਤ ਭਾਸ਼ਾ, ਵਿਚਾਰ, ਸੋਚ, ਰਹਿਤਲ, ਖਾਣ-ਪੀਣ, ਧਰਮ, ਵਿੱਦਿਆ-ਪ੍ਰਣਾਲੀਆਂ ਅਤੇ ਧਰਮ ਨੂੰ ਠੀਕ ਕਰਨ ਦੇ ਲਈ ਸਭਿਆਚਾਰਕ ਚੇਤਨਾ ਦੀ ਲੋੜ ਹੁੰਦੀ ਹੈ ਕਿਉਂਕਿ ਚੇਤਨਾ ਉਸ ਅੰਦਰ ਜਦੋਂ ਅਜਿਹੇ ਗਿਆਨ ਨੂੰ ਪ੍ਰਕਾਸ਼ਿਤ ਕਰਦੀ ਹੈ ਜਿਸ ਨਾਲ ਉਸ ਦੇ ਵਿਅਕਤੀਤਵ ਦਾ ਵਿਸਥਾਰ ਹੁੰਦਾ ਹੈ। ਨਾਵਲ 'ਦਰਕਿਨਾਰ' ਵਿਚ ਵੈਦ ਜੀ ਦੇ ਅੰਦਰ ਵੀ ਅਜਿਹੇ ਵਿਅਕਤੀਤਵ ਦਾ ਵਿਸਥਾਰ ਹੋਇਆ ਮਹਿਸੂਸ ਹੁੰਦਾ ਹੈ ਜੋ ਕਿ ਬਾਕੀ ਪਿੰਡ ਵਾਸੀਆਂ ਦੇ ਲਈ ਗਿਆਨ ਦਾ ਭੰਡਾਰ ਬਣੇ ਹੋਏ ਹਨ ਤੇ ਆਪਣੀ ਹਰ ਸਮੱਸਿਆ ਦੇ ਹੱਲ ਲਈ ਉਨ੍ਹਾਂ ਕੋਲ ਆਉਂਦੇ ਹਨ। ਮਾਧੋ ਦੀ ਅਪਣੱਤ ਆਪਣੇ ਭਤੀਜਾ-ਭਤੀਜੀ ਲਈ ਚੇਤਨਾਮਈ ਅਗਵਾਈ ਦਾ ਕਾਰਨ ਬਣੀ ਹੋਈ ਸੀ ਜੋ ਉਨ੍ਹਾਂ ਨੂੰ ਦਿਨ ਪ੍ਰਤੀ ਦਿਨ ਨਿਖਾਰਦੀ ਜਾ ਰਹੀ ਸੀ ਤੇ ਕਲਾ ਨੂੰ ਜਨਮ ਦੇ ਰਹੀ ਸੀ

> "ਉਹ ਉਨ੍ਹਾਂ ਬੱਚਿਆਂ ਦੇ ਅਣਭੋਲ ਆਪੇ ਨੂੰ ਅਸਲੀਅਤ ਦੀ ਜਾਣਕਾਰੀ ਨਾਲ ਸੁਚੇਤ ਕਰ ਰਿਹਾ ਸੀ। ਇੰਝ ਇਸ ਪ੍ਰਯਤਨ ਕਰ ਕੇ ਪ੍ਰਦੀਪ ਤੇ ਕੁਲਦੀਪ ਹੁਣ ਇੱਕ ਪ੍ਰਕਰਣ ਵਾਂਗ ਵਧਣ-ਫੁੱਲਣ ਲੱਗ ਪਏ ਸਨ। ਕਦੇ-ਕਦੇ ਜਦੋਂ ਚਾਚਾ ਭਤੀਜੀ ਆਥਣ ਸਵੇਰ ਖੇਤ-ਵੰਨੇ ਕੁਦਰਤੀ ਨਜ਼ਾਰਿਆਂ ਅਤੇ ਕੁਦਰਤੀ ਨਖ਼ਰਿਆਂ ਨਾਲ ਜੁੜੇ ਹੋਏ ਹੁੰਦੇ ਸਨ ਤਦ ਉਹ ਪ੍ਰਦੀਪ ਨੂੰ ਕੋਈ ਨਾ ਕੋਈ ਗੀਤ ਸੁਣਾਉਣ ਲਈ ਆਖਦੇ। ਪ੍ਰਦੀਪ ਆਪਣੇ ਚਾਚੇ ਦੁਆਰਾ ਲਿਖਿਆ ਗੀਤ ਲੋਕ-ਬਾਣੀ ਦੇ ਪੰਚਮ-ਸੁਰ ਵਿਚ ਗਾਉਣ ਲੱਗ ਪੈਂਦਾ। ਗੀਤ ਤੇ ਗ਼ਮ ਦੀ ਤਾਸੀਰ ਵਿਚ ਕੋਈ ਬਹੁਤਾ ਅੰਤਰ ਨਹੀਂ ਹੁੰਦਾ

ਤੇ ਇੰਝ ਮਾਧੋ ਨੂੰ ਆਪਣੀ ਭਾਬੀ ਸਰਬਜੀਤ ਦਿਸਣ ਲੱਗ ਪੈਂਦੀ। ਇਸ ਤਰ੍ਹਾਂ ਭੂਤਕਾਲ ਦਾ ਕਾਲ ਗ਼ਮਗੀਨ ਪਰਛਾਵਾਂ ਵਰਤਮਾਨ ਦੇ ਚਾਨਣ ਉੱਤੇ ਆ ਟਿਕਦਾ। ਏਥੇ ਆ ਕੇ ਮਾਧੋ ਨੂੰ ਕਿਸੇ ਕਵੀ ਦੀ ਆਹ ਸਤਰ

ਚਾਨਣ ਚਿੱਟੇ ਰਾਹ ਹਾਣੀਆਂ
ਚਾਨਣ ਚਿੱਟੇ ਰਾਹ

ਆ ਉਗਾਸਦੀ ਅਤੇ ਮਾਧੋ ਦੇ ਮਨ ਵਿਚ ਵੱਖ-ਵੱਖ ਕਿਸਮ ਦੀਆਂ ਉਮੰਗਾਂ ਪੈਦਾ ਹੋਣ ਲੱਗ ਪੈਂਦੀਆਂ ਸਨ।"[22]

ਮਨੁੱਖੀ ਅਪਣੱਤ ਵੀ ਕਵਿਤਾ ਦੇ ਵਾਂਗ ਹੁੰਦੀ ਹੈ।"ਮੋਹ ਨੂੰ ਜ਼ਿੰਦਗੀ ਦੀ ਕਵਿਤਾ ਕਿਹਾ ਜਾ ਸਕਦਾ ਹੈ।"[23]ਕਾਵਿਕ ਕਲਾ ਮਨੁੱਖੀ ਜ਼ਿੰਦਗੀ ਦੇ ਬਹੁਤ ਹੀ ਨੇੜੇ ਹੋ ਕੇ ਵਿਚਰਦੀ ਹੈ। ਮਾਧੋ ਆਪਣੇ ਭਤੀਜੇ ਨੂੰ ਇਸ ਸੰਬੰਧੀ ਚਰਚਾ ਕਰਦਾ ਹੋਇਆ ਆਖਦਾ ਹੈ ਕਿ:

"ਪਿਆਰੇ ਪੁੱਤਰ ਪ੍ਰਦੀਪ ਸਾਰੀ ਗੱਲ ਆਦਮੀ ਦੇ ਖ਼ਿਆਲਾਂ ਤੇ ਨਿਰਭਰ ਕਰਦੀ ਹੈ। ਖ਼ਿਆਲਾਂ ਵਿਚੋਂ ਕਵਿਤਾ ਉਤਪੰਨ ਹੁੰਦੀ ਹੈ ਤੇ ਅਗਾਂਹ ਕਵਿਤਾ ਨੇ ਵੀ ਆਦਮੀ ਅੰਦਰ ਕੋਮਲ ਖ਼ਿਆਲਾਂ ਨੂੰ ਹੀ ਜਨਮਾਉਣਾ ਹੁੰਦਾ ਹੈ। ਅਸਾਡੀ ਇਸ ਧਰਤੀ ਉੱਤੇ ਕਈ ਕਿਸਮਾਂ ਦੇ ਖ਼ਿਆਲ ਜਨਮਦੇ ਰਹਿੰਦੇ ਹਨ। ਸੈਂਕੜੇ ਖ਼ਿਆਲ ਮਰਦੇ ਅਤੇ ਮਿਟਦੇ ਰਹਿੰਦੇ ਹਨ। ਕਦੇ-ਕਦੇ ਖ਼ਿਆਲ ਖ਼ਿਆਲ ਹੀ ਨਹੀਂ ਰਹਿੰਦੇ ਸਗੋਂ ਸਿਧਾਂਤ ਵੀ ਬਣ ਜਾਂਦੇ ਹਨ। ਵੇਖ ਬਈ ਪ੍ਰਦੀਪ ਆਪਣੇ ਪਿੰਡ ਵਿਚ ਵੈਦ ਬ੍ਰਹਮਾ ਨੰਦ ਇੱਕ ਸਿਫ਼ਤ ਬਣ ਕੇ ਜਿਊਂਦਾ ਆ ਰਿਹਾ ਹੈ। ਉਹ ਗੁਰੂ ਸਾਹਿਬਾਨ ਦਾ ਅਤੇ ਕਬੀਰ ਦਾ ਬੜਾ ਉਪਾਸਕ ਹੈ। ਵੈਦ ਜੀ ਗੁਰੂ ਗੋਬਿੰਦ ਸਿੰਘ ਜੀ ਨੂੰ ਸਾਂਸਕ੍ਰਿਤਿਕ-ਸਿਧਾਂਤ ਵਜੋਂ ਸਵੀਕਾਰ ਕਰਦੇ ਹਨ। ਵੈਦ ਜੀ ਕਬੀਰ ਸਾਹਿਬ ਨੂੰ ਰੂੜ੍ਹੀਵਾਦ ਦਾ ਭੰਜਕ ਆਖਦੇ ਹਨ। ਤੁਲਸੀ ਨੂੰ ਵੈਦ ਜੀ ਸਮਾਜਿਕ-ਮਰਯਾਦਾ ਦਾ ਪ੍ਰਚਾਰਕ ਮੰਨਦੇ ਹਨ। ਵੈਦ ਜੀ ਦਾ ਕਹਿਣਾ ਹੈ ਕਿ ਸਿਧਾਂਤ ਬਿਨਾਂ ਕਿਸੇ ਵੀ ਸਮਾਜਿਕ-ਮਰਯਾਦਾ ਨੂੰ ਸਥਾਪਿਤ ਨਹੀਂ ਕੀਤਾ ਜਾ ਸਕਦਾ।"[24]

ਚੇਤਨਾ ਵਿਅਕਤੀ ਅੰਦਰ ਗਿਆਨ ਨੂੰ ਜਨਮ ਦੇ ਕੇ ਗੁਣਾਂ ਦੀ ਪਹਿਚਾਣ ਕਰਨਾ ਸਿਖਾਉਂਦੀ ਹੈ ਨਹੀਂ ਤਾਂ ਅਸੀਂ ਗੁਣਾਂ ਨੂੰ ਅਣਡਿੱਠ ਹੀ ਕਰਦੇ ਰਹਿੰਦੇ ਹਾਂ।

"ਹੁਣ ਚਾਚਾ ਭਤੀਜਾ ਜਦ ਕੁੱਝ ਪਲਾਂ ਲਈ ਚੁੱਪ ਹੋ ਕੇ ਆਪਣੇ-ਆਪਣੇ ਖ਼ਿਆਲਾਂ ਨਾਲ ਗੱਲਾਂ ਬਾਤਾਂ ਕਰ ਰਹੇ ਸਨ ਤਦ ਮਾਧੋ ਸਿੰਘ ਕੋਮਲ ਨੂੰ ਆਪਣੀ ਮੁਟਿਆਰ, ਹੁੰਦਲਹੇਲ, ਸੇਹਤਮੰਦ, ਸਨੁੱਖੀ ਤੇ ਸੁੰਦਰ ਭਤੀਜੀ ਕੁਲਦੀਪ ਦਾ ਇੱਕ ਖੇਤ ਦੀ ਵੱਟ ਦੇ ਹਰੇ ਹਰੇ ਘਾਹ ਦੇ ਉੱਤੇ ਪੌਂਡੇ ਨੂੰ

> ਚੁਪਦਿਆਂ-ਚੁਪਦਿਆਂ ਮਲ੍ਹਕੜੇ ਜਿਹੇ ਤੁਰਨਾ ਇੰਝ ਲੱਗ ਰਿਹਾ ਸੀ ਜਿਵੇਂ ਕੋਈ ਕਵਿਤਾ ਤੁਰੀ ਜਾ ਰਹੀ ਹੋਵੇ। ਏਥੇ ਆ ਕੇ ਮਾਧੋ ਨੂੰ ਵੈਦ ਜੀ ਦਾ ਇਹ ਕਥਨ ਚੇਤੇ ਪਿਆ ਕਿ ਜਿਹੜੇ ਮਾਪੇ ਆਪਣੀ ਸੁੰਦਰ ਸੰਤਾਨ ਦੀ ਸੁੰਦਰਤਾ ਦੀ ਪਹਿਚਾਣ ਅਤੇ ਪਰਖ ਕਰਨ ਮਗਰੋਂ ਉਨ੍ਹਾਂ ਦੀ ਸੁੰਦਰਤਾ ਨੂੰ ਤਸਲੀਮ ਨਹੀਂ ਕਰਦੇ ਉਨ੍ਹਾਂ ਦੇ ਬੱਚੇ ਬਾਹਰਲੇ ਬਿਆਨਾਂ ਦੇ ਧੋਖੇ ਦਾ ਸ਼ਿਕਾਰ ਬਣ ਬੈਠਦੇ ਹਨ। ਸੋ ਭਾਈ ਮਾਧੋ ਆਪਣੇ ਮੁਲਕ ਦੀਆਂ ਸਮਾਜਿਕ ਅਤੇ ਸਭਿਆਚਾਰਕ ਆਦਤਾਂ ਵਿਚ ਬਹੁਤ ਵੱਡੀ ਮਨੋਵਿਗਿਆਨਿਕ-ਤਬਦੀਲੀ ਹੋਣੀ ਚਾਹੀਦੀ ਹੈ। ਮੈਂ ਤਾਂ ਪਿਛਲੇ ਸੱਠ ਵਰ੍ਹਿਆਂ ਤੋਂ ਮੁਲਕ ਦੇ ਸਮਾਜਿਕ-ਮਨੋਵਿਗਿਆਨ ਨੂੰ ਪੁੱਠੇ ਗੇੜੇ ਪਿਆ ਵੇਖਦਾ ਹਾਂ।"[25]

ਵੈਦ ਜੀ ਦੀ ਇਹ ਵਿਚਾਰਧਾਰਾ ਉਨ੍ਹਾਂ ਦੀ ਅੰਦਰਲੀ ਸਭਿਆਚਾਰਕ ਚੇਤਨਾ ਦੇ ਜਾਗ੍ਰਿਤ ਹੋਣ ਦਾ ਪ੍ਰਮਾਣ ਦਿੰਦੀ ਹੈ। ਇਸੇ ਗਿਆਨ ਨੇ ਹੀ ਮਾਧੋ ਅੰਦਰ ਵਿਸ਼ੇਸ਼ ਚਿਣਗ ਨੂੰ ਪੈਦਾ ਕੀਤਾ ਹੈ ਤੇ ਉਹ ਆਪਣੇ ਭਤੀਜਾ-ਭਤੀਜੀ ਨੂੰ ਵੀ ਇਸੇ ਦਾ ਧਾਰਨੀ ਬਣਾ ਰਿਹਾ ਹੈ ਕਿਉਂਕਿ ਸਭਿਆਚਾਰਕ ਚੇਤਨਾ ਹੀ ਸਮਾਜ ਦੇ ਵਿਕਾਸ ਦੇ ਲਈ ਲਾਹੇਵੰਦ ਹੈ ਤੇ ਉਹ ਇਸ ਨੂੰ ਭਲੀਭਾਂਤ ਜਾਣਦਾ ਹੈ ਕਿ ਨਵੀਂ ਪੀੜ੍ਹੀ ਦੇ ਲਈ ਇਨ੍ਹਾਂ ਸਭਿਆਚਾਰਕ ਕਦਰਾਂ-ਕੀਮਤਾਂ ਨੂੰ ਸਮਝਣਾ ਕਿੰਨਾ ਜ਼ਰੂਰੀ ਹੈ।

ਨਾਵਲ 'ਦਰਕਿਨਾਰ' ਸਭਿਆਚਾਰ ਕਦਰਾਂ-ਕੀਮਤਾਂ ਦੀ ਮਹੱਤਤਾ ਦਾ ਵਰਣਨ ਕਰਦਾ ਹੋਇਆ ਸਮਾਜ ਵਿਚ ਇਸ ਦੀ ਸਥਿਤੀ ਦੀ ਪੇਸ਼ਕਾਰੀ ਕਰਦਾ ਨਜ਼ਰ ਆ ਰਿਹਾ ਹੈ। ਸਭਿਆਚਾਰ ਦੇ ਵੱਖ-ਵੱਖ ਰੂਪਾਂ ਜਿਵੇਂ ਕਿ ਕਲਾ ਤੇ ਧਰਮ ਆਦਿ ਦੀ ਪੇਸ਼ਕਾਰੀ ਨਾਵਲ ਵਿਚ ਕਰਦੇ ਹੋਏ ਪਾਠਕਾਂ ਨੂੰ ਸੁਚੇਤ ਕਰਨ ਦੀ ਸਫਲ ਕੋਸ਼ਿਸ਼ ਨਜ਼ਰ ਆਉਂਦੀ ਹੈ।

## ਨਾਵਲ 'ਮੈਂ ਇੱਕ ਪੰਧ ਹਾਂ' ਵਿਚ ਸਮਾਜਿਕ ਚੇਤਨਾ:

ਕੋਈ ਸਾਹਿਤਕਾਰ ਸਮਾਜ ਤੋਂ ਵੱਖਰਾ ਰਹਿ ਕੇ ਆਪਣੀ ਸਾਹਿਤਕ ਕਿਰਤ ਦੀ ਰਚਨਾ ਨਹੀਂ ਕਰ ਸਕਦਾ ਤੇ ਉਸ ਦੀ ਸਾਹਿਤਕ ਕਿਰਤ ਸਮਾਜ ਦੇ ਅੰਦਰ ਲੋਕਾਂ ਦੇ ਵਿਚ ਕਿਸੇ ਨਾ ਕਿਸੇ ਪ੍ਰਕਾਰ ਦੀ ਜਾਗਰੂਕਤਾ ਲਿਆਉਣ ਵਾਲੀ ਹੁੰਦੀ ਹੈ। ਓਮ ਪ੍ਰਕਾਸ਼ ਗਾਸੋ ਦੇ ਨਾਵਲ 'ਮੈਂ ਇੱਕ ਪੰਧ ਹਾਂ' ਵਿਚ ਵੀ ਅਜਿਹੀ ਸੋਚ, ਜਾਗਰੂਕਤਾ ਅਤੇ ਚੇਤੰਨਤਾ ਉੱਭਰ ਕੇ ਸਾਹਮਣੇ ਆਉਂਦੀ ਹੈ।

> "ਸੋ ਹੁਣ ਸਹਿਜੇ ਹੀ ਮਹਿਸੂਸ ਹੋ ਜਾਣਾ ਚਾਹੀਦਾ ਹੈ ਕਿ ਰਚਨਾਵਾਂ ਆਪਣੀਆਂ ਭਾਵ-ਧਾਰਾਵਾਂ ਦੁਆਰਾ ਜ਼ਿੰਦਗੀ ਲਈ ਇਬਾਰਤ ਵਰਗੀ ਇਬਾਰਤ ਬਣਦੀਆਂ ਰਹਿੰਦੀਆਂ ਹਨ।"[26]

ਸਾਹਿਤ ਇੱਕ ਅਜਿਹੀ ਕਿਰਤ ਹੈ ਜਿਸ ਨੂੰ:

- "ਸਮਾਜਿਕ-ਭਲਾਈ ਵਾਲਾ ਸੂਤਰ ਕਿਹਾ ਜਾ ਸਕਦਾ ਹੈ।
- ਸਾਹਿਤ ਨੂੰ ਮਨੁੱਖੀ ਜਜ਼ਬਿਆਂ ਦੀ ਜਾਗ੍ਰਿਤੀ ਕਿਹਾ ਜਾ ਸਕਦਾ ਹੈ।
- ਸਾਹਿਤ ਨੂੰ ਸੰਦੇਸ਼, ਉਪਦੇਸ਼, ਉਦੇਸ਼ ਅਤੇ ਪ੍ਰਯੋਜਨ ਕਿਹਾ ਜਾ ਸਕਦਾ ਹੈ।

- ਸਾਹਿਤ ਨੂੰ ਸਮਾਜਿਕ-ਸਮੀਖਿਆ ਕਿਹਾ ਜਾ ਸਕਦਾ ਹੈ।
- ਸਾਹਿਤ ਨੂੰ ਸੰਵੇਦਨਾਤਮਿਕ-ਚੇਤਨਾ ਕਿਹਾ ਜਾ ਸਕਦਾ ਹੈ।
- ਸਾਹਿਤ ਨੂੰ ਜ਼ਿੰਦਗੀ ਦਾ ਸੰਗੀਤ ਕਿਹਾ ਜਾ ਸਕਦਾ ਹੈ।"[27]

ਨਾਵਲ 'ਮੈਂ ਇੱਕ ਪੰਧ ਹਾਂ' ਦੇ ਸਾਫ਼-ਸਾਫ਼ ਅਰਥ ਇਹੀ ਉੱਭਰ ਕੇ ਸਾਹਮਣੇ ਆਉਂਦੇ ਹਨ ਕਿ ਮਨੁੱਖ ਇੱਕ ਰਾਹੀ ਹੁੰਦਾ ਹੈ ਜਿਸ ਨੂੰ ਕਿ ਸਦਾ ਅੱਗੇ ਵਧਦੇ ਰਹਿਣਾ ਚਾਹੀਦਾ ਹੈ। ਨਾਵਲ ਵਿਚ ਪੁਰਸ਼ੋਤਮ 'ਪਾਲੀ' ਤੇ ਸੁਲੇਖ ਚੰਦ ਸਾਰਥੀ ਅਜਿਹੇ ਪਾਤਰ ਹਨ ਜੋ ਕਿ ਸਮਾਜਿਕ ਵਿਕਾਸ ਦੇ ਵਿਚ ਉੱਘਾ ਰੋਲ ਅਦਾ ਕਰਦੇ ਹੋਏ ਨਜ਼ਰ ਆਉਂਦੇ ਹਨ ਤੇ ਸਦਾ ਹੀ ਅੱਗੇ ਵਧਦੇ ਹੋਏ ਨਜ਼ਰ ਆਉਂਦੇ ਹਨ।

ਧਰਮ ਇੱਕ ਸਮਾਜਿਕ ਭਲਾਈ ਵਾਲਾ ਵਰਤਾਰਾ ਹੈ ਪਰ ਸਮਾਜਿਕ ਚੇਤਨਹੀਣਤਾ ਧਰਮ ਦੇ ਵੱਖਰੇ ਹੀ ਅਰਥ ਕੱਢ ਲੈਂਦੀ ਹੈ ਪਰ ਅਜਿਹੀ ਗ਼ਲਤ ਵਿਚਾਰਧਾਰਾ ਸਮਾਜ ਨੂੰ ਕੁਰਾਹੇ ਪਾਉਂਦੀ ਰਹਿੰਦੀ ਹੈ। ਧਰਮ ਵਿਅਕਤੀ ਨੂੰ ਸਦਾਚਾਰ ਵਾਲੇ ਗੁਣਾਂ ਨੂੰ ਸਿਖਾਉਂਦਾ ਹੈ। ਪਾਲੀ ਅੱਜ ਇਸ ਕਰ ਕੇ ਚਿੰਤਾ ਵਿਚ ਸੀ ਕਿ ਉਸ ਦੀ ਧਰਮੀ ਮਾਂ ਨੇ ਅੱਜ ਉਸ ਨੂੰ ਧਰਮ ਦੀ ਆੜ ਵਿਚ ਆ ਕੇ ਝੂਠ ਬੋਲਿਆ ਕਿ

"ਸਹੁੰ ਦੇਵੀ ਦੀ, ਮੇਰੇ ਕੋਲ ਤਾਂ ਇੱਕ ਪੈਸਾ ਨੀ।"[28]

ਪਰ ਪਾਲੀ ਨੂੰ ਇਸ ਗੱਲ ਦਾ ਪਤਾ ਸੀ ਕਿ ਉਸ ਦੀ ਮਾਂ ਕੋਲ ਦਸ-ਦਸ ਦੇ ਤਿੰਨ ਚਾਰ ਨੋਟ ਹਨ।

> "ਪੁਰਸ਼ੋਤਮ ਨੇ ਆਪਣੇ ਬਚਪਨ ਵਿਚ ਇੱਕ ਡੇਰੇ ਵਿਚ ਪੜ੍ਹਦਿਆਂ ਡੇਰੇ ਨਾਲ ਲਗਦੇ ਤਲਾਅ ਦੇ ਪਾਣੀ 'ਚ ਖੜ੍ਹ ਕੇ ਚੋਰੀ ਨਾ ਕਰਨ ਦੀ ਸਹੁੰ ਜੋ ਪਾ ਰੱਖੀ ਸੀ। ਸਹੁੰ ਖਾਣ ਵੇਲੇ ਪੁਰਸ਼ੋਤਮ ਦੀ ਉਹ ਪਹਿਲੀ ਅਤੇ ਆਖ਼ਰੀ ਚੋਰੀ ਸੀ। ਅੱਜ ਜਦ ਉਸ ਦੀ ਮਾਂ ਨੇ ਉਸ ਨੂੰ ਦਸ ਰੁਪਏ ਦੇਣ ਲਈ ਝੂਠੀ ਸਹੁੰ ਖਾਧੀ ਤਦ ਉਸ ਦਾ ਦਿਲ ਤੇ ਦਿਮਾਗ਼ ਚਕਰਾਉਣ ਲੱਗ ਪਿਆ।"[29]

ਵਿਅਕਤੀ ਦੀ ਸ਼ੁੱਧ ਵਿਚਾਰਧਾਰਾ ਹੀ ਵਿਅਕਤੀ ਨੂੰ ਸਮਾਜ ਵਿਚ ਉੱਚ ਬਣਾਈ ਰੱਖਦੀ ਹੈ। ਮਾਈ ਨਿਹਾਲੋ ਨੇ ਪਾਲੀ ਦੇ ਪਿਤਾ ਨੂੰ ਦੱਸਿਆ ਕਿ ਜਿਸ ਸਕੂਲ ਵਿਚ ਪਾਲੀ ਨੂੰ ਨੌਕਰੀ ਮਿਲੀ ਹੈ ਉੱਥੇ ਹੀ ਸੁਲੇਖ ਚੰਦ ਸਾਰਥੀ ਪੜ੍ਹਾਉਂਦਾ ਹੈ।

> "ਵੇਖ ਲਓ ਪੰਡਤ ਜੀ ਉਹ ਤਾਂ ਰੱਬ ਦਾ ਰੂਪ ਐ। ਅਜਿਹੇ ਭਲੇ ਪੁਰਸ਼ਾਂ ਦੇ ਸਿਰ 'ਤੇ ਹੀ ਧਰਤੀ ਖੜ੍ਹੀ ਐ। ਉਸ ਨੂੰ ਜਦੋਂ ਵੇਖੋ ਉਹ ਕੁੱਝ ਨਾ ਕੁੱਝ ਪੜ੍ਹਦਾ ਹੀ ਰਹਿੰਦੈ। ਉਹ ਤਾਂ ਆਪਣੇ ਮੁੰਡੇ ਨੂੰ ਹੱਥਾਂ 'ਚ ਚੱਕ ਲਊ ਆਪਣੇ ਮੁੰਡੇ ਦੀ ਤਾਂ ਕਿਸਮਤ ਹੀ ਬਣਗੀ ਜਿਸ ਨੂੰ ਸਾਰਥੀ ਵਰਗਾ ਮਾਸਟਰ ਮਿਲ ਗਿਆ।"[30]

ਇਸੇ ਤਰ੍ਹਾਂ ਹੀ ਸਮਾਜਿਕ ਚੇਤਨਾ ਮਨੁੱਖਤਾ ਦੀ ਕਿਸਮਤ ਨੂੰ ਬਣਾਈ ਰੱਖਦੀ ਹੈ ਨਹੀਂ ਤਾਂ ਸਮਾਜ ਵਿਚ ਗ਼ਲਤ ਵਿਚਾਰਧਾਰਾ ਮਨੁੱਖਤਾ ਦੀ ਕਿਸਮਤ ਨੂੰ ਬਣਾਉਣ ਦੀ ਥਾਂ ਤੇ ਵਿਗਾੜਦੀ ਹੀ ਰਹਿੰਦੀ ਹੈ ਤੇ ਸਮਾਜ ਕੁਰਾਹੇ ਵੱਲ ਤੁਰਿਆ ਰਹਿੰਦਾ ਹੈ।

ਕਿਰਤ ਤੇ ਮਿਹਨਤ ਵੀ ਸਮਾਜਿਕ ਵਿਕਾਸ ਦਾ ਅੰਗ ਬਣੀ ਰਹਿੰਦੀ ਹੈ। ਪਾਲੀ ਇਸ ਗੱਲ ਨੂੰ ਭਲੀਭਾਂਤ ਸਮਝਦਾ ਹੈ ਤੇ ਲੋਕਾਂ ਦੇ ਘਰੇ ਨੇਂਦੇ ਛਕਣ ਨਾਲੋਂ ਹੱਥੀ ਕਿਰਤ ਕਰ ਕੇ ਕੀਤੀ ਕਮਾਈ ਦੀ ਇੱਜ਼ਤ ਕਰਦਾ ਹੈ ਤੇ ਆਪਣਾ ਪਿਤਾ ਪੁਰਖੀ ਕੰਮ ਛੱਡ ਕੇ ਦੂਸਰੇ ਪਿੰਡ ਜਾ ਕਿ ਅਧਿਆਪਕ ਦੀ ਨੌਕਰੀ ਨੂੰ ਜ਼ਿਆਦਾ ਮਹੱਤਤਾ ਦਿੰਦਾ ਹੈ।

> "ਇਮਾਨਦਾਰ ਕਮਾਈ ਦੇ ਪੈਸਿਆਂ ਨੂੰ ਪਾਲੀ ਆਪਣੀ ਇੱਜ਼ਤ ਸਮਝਦਾ ਸੀ।"[31]

ਜਦੋਂ ਉਸ ਨੂੰ ਆਪਣੀ ਪਹਿਲੀ ਕਮਾਈ ਦੀ ਤਨਖ਼ਾਹ ਮਿਲਦੀ ਹੈ ਤਾਂ ਉਹ ਉਸ ਨੂੰ ਨੀਝ ਲਾ ਕੇ ਦੇਖਦਾ ਹੈ ਤੇ:

> "ਏਥੇ ਉਸ ਨੂੰ ਆਪਣੀ ਮਾਂ ਰਾਧੀ ਦੇ ਕਹੇ ਇਹ ਸ਼ਬਦ ਚੇਤੇ ਪਏ 'ਪੁੱਤ ਰਿਜ਼ਕ ਤਾਂ ਰੱਬ ਹੁੰਦੇ'। ਪਾਲੀ ਨੇ ਨਿਊਂਦੇ ਖਾਣ ਨੂੰ ਕਦੀ ਰਿਜ਼ਕ ਨਹੀਂ ਸੀ ਸਮਝਿਆ। ਆਖ਼ਿਰ ਅੱਜ ਉਸ ਨੂੰ ਰਿਜ਼ਕ ਦੇ ਦਰਸ਼ਨ ਹੋਏ ਸਨ।"[32]

ਸਮਾਜ ਵਿਚ ਰਹਿੰਦੇ ਲੋਕਾਂ ਦਾ ਮੋਹ-ਪਿਆਰ ਦਾ ਵਤੀਰਾ ਸਮਾਜ ਦੀ ਰਹਿਨੁਮਾਈ ਕਰਦਾ ਰਹਿੰਦਾ ਹੈ ਤੇ ਇਸੇ ਲਈ ਪਾਲੀ ਲਈ ਸਾਰਥੀ ਉਸ ਦੇ ਵੱਡੇ ਭਰਾ ਦੀ ਤਰ੍ਹਾਂ ਬਣਿਆ ਹੋਇਆ ਸੀ ਤੇ ਉਸ ਦੇ ਹੁੰਦੇ ਹੋਏ ਪਾਲੀ ਨੂੰ ਕਦੇ ਵੀ ਕਿਸੇ ਸਮੱਸਿਆ ਦਾ ਸਾਹਮਣਾ ਨਹੀਂ ਸੀ ਕਰਨਾ ਪਿਆ। ਪਾਲੀ ਲਈ ਸਾਰਥੀ ਦੀ ਨਿੱਘ ਭਰੀ ਜੱਫੀ ਉਸ ਨੂੰ ਕਿਸੇ ਸੰਗੀਤ ਜਿੰਨਾ ਆਨੰਦ ਦਿੰਦੀ। ਪਾਲੀ ਜਿਉਂ-ਜਿਉਂ ਸਾਰਥੀ ਦੇ ਨੇੜੇ ਹੁੰਦਾ ਗਿਆ ਉਸ ਨੂੰ ਗਿਆਨ ਕੀ ਹੁੰਦਾ ਹੈ ? ਦੀ ਸਮਝ ਆਉਣੀ ਸ਼ੁਰੂ ਹੋ ਗਈ।

ਸਮਾਜਿਕ ਚੇਤਨਾ ਵਿਅਕਤੀ ਨੂੰ ਸਮਾਜ ਵਿਚ ਜੋ ਗ਼ਲਤ ਹੋ ਰਿਹਾ ਹੈ ਉਸ ਬਾਰੇ ਜਾਗਰੂਕ ਕਰਦੀ ਹੋਈ ਉਸ ਖ਼ਿਲਾਫ਼ ਆਵਾਜ਼ ਉਠਾਉਣ ਲਈ ਵੀ ਪ੍ਰੇਰਿਤ ਕਰਦੀ ਹੈ। ਸਾਰਥੀ ਦੁਆਰਾ ਮਾਸਟਰ ਪਾਲੀ ਨੂੰ ਅਜਿਹੀਆਂ ਸਿੱਖਿਆਦਾਇਕ ਗੱਲਾਂ ਦੀ ਅਕਸਰ ਪ੍ਰੇਰਨਾ ਦਿੱਤੀ ਜਾਂਦੀ ਰਹਿੰਦੀ।

> "ਕਦੇ ਕਿਸੇ ਸਮੇਂ ਤਿਲੋਕੇ ਦੀ ਆਖੀ ਇੱਕ ਗੱਲ ਮੈਨੂੰ ਪਾਲੀ ਸਾਹਿਬ ਅੱਜ ਵੀ ਵਿਚਾਰਸ਼ੀਲ ਬਣਾ ਰਹੀ ਹੈ। ਤਿਲੋਕੇ ਨੇ ਆਖਿਆ ਸੀ, ਓਏ ਭਾਈ ਜਿਸ ਮੂਰਖਤਾ ਨੇ ਇਹ ਕਟਾ-ਵੱਢੀ ਕਰਵਾਈ ਐ ਉਸ ਦੀ ਥਾਵੇਂ ਕਦੇ ਕੋਈ ਸਿਆਣਪ ਪੰਜਾਬ ਦੀ ਧਰਤੀ 'ਤੇ ਕੱਢੀਆਂ ਲਕੀਰਾਂ ਨੂੰ ਮਿਟਾ ਵੀ ਸਕਦੀ ਐ। ਕਦੇ ਨਾ ਕਦੇ ਤਾਂ ਚੜ੍ਹਦੇ ਤੇ ਲਹਿੰਦੇ ਪੰਜਾਬ ਦੇ ਕਰੋੜਾਂ ਗੱਭਰੂ ਪੰਜਾਬ ਦੀ ਹਿੱਕ 'ਤੇ ਫਿਰੀਆਂ ਲਕੀਰਾਂ ਨੂੰ ਮਿਟਾਉਣ ਲਈ ਉੱਠਣਗੇ ਹੀ। ਗਾਹੇ-ਬਿਗਾਹੇ ਮਾਸਟਰ ਸੁਲੇਖ ਚੰਦ 'ਸਾਰਥੀ' ਆਪਣੇ ਸਕੂਲ 'ਚ ਆਏ ਨਵੇਂ ਗੱਭਰੂ ਮਾਸਟਰ ਪੁਰਸ਼ੋਤਮ ਲਾਲ 'ਪਾਲੀ' ਨੂੰ ਇਸ ਪ੍ਰਕਾਰ ਦੀਆਂ ਸੁਚੱਜੀਆਂ ਤੇ ਸਿੱਖਿਆਦਾਇਕ ਕਹਾਣੀਆਂ ਦੱਸ ਹੀ ਜਾਂਦਾ ਸੀ।"[33]

ਨੈਤਿਕਤਾ ਵਿਅਕਤੀ ਅੰਦਰ ਸਹੀ ਕਦਰਾਂ-ਕੀਮਤਾਂ ਨੂੰ ਜਨਮ ਦਿੰਦੀ ਹੈ ਤੇ ਜੋ ਕਿ ਸਮਾਜਿਕ ਜੀਵਨ ਵਿਚ ਸਹਿਜ-ਸੁਭਾਵਿਕਤਾ ਨੂੰ ਬਣਾਈ ਰੱਖਦੀ ਹੈ ਤੇ ਮਾਸਟਰ ਸਾਰਥੀ ਤੇ ਪੁਰਸ਼ੋਤਮ ਦੀ ਯੋਗ ਅਗਵਾਈ ਵਿਚ ਵਿਦਿਆਰਥੀ ਆਪਣੇ ਜੀਵਨ ਵਿਚ ਇਨ੍ਹਾਂ ਸਹੀ ਕਦਰਾਂ-ਕੀਮਤਾਂ ਨੂੰ ਅਪਣਾ ਰਹੇ ਸਨ

> "ਫ਼ਰਸ਼ 'ਤੇ ਲਿਖੇ ਨੰਬਰਾਂ ਦੇ ਸਾਹਮਣੇ ਵਿਛੇ ਹੋਏ ਟਾਟਾਂ 'ਤੇ ਵਿਦਿਆਰਥੀ ਆਪਣੇ ਆਪਣੇ ਰੋਲ ਨੰਬਰ ਅਨੁਸਾਰ ਆ ਬੈਠਦੇ ਸਨ। ਇਸ ਵਿਉਂਤ ਨਾਲ ਸਕੂਲ ਵਿਚ ਨਾ ਆਉਣ ਵਾਲੇ ਵਿਦਿਆਰਥੀ ਬਾਰੇ ਛੇਤੀ ਹੀ ਪਤਾ ਲੱਗ ਜਾਂਦਾ ਹੁੰਦਾ ਸੀ ਅਤੇ ਨਾਲ ਹੀ ਵਿਦਿਆਰਥੀਆਂ ਵਿਚ ਬੈਠਣ ਵੇਲੇ ਝਗੜੇਬਾਜ਼ੀ ਨਹੀਂ ਸੀ ਹੁੰਦੀ।"[34]

ਸਮਾਜਿਕ ਚੇਤਨਾ ਦੀ ਕਮੀ ਕਰ ਕੇ ਸਮਾਜਿਕ ਜੀਵਨ ਦੀ ਵਿਉਂਤਬੰਦੀ ਟੁੱਟਣ ਲੱਗ ਪੈਂਦੀ ਹੈ ਤੇ ਸਮਾਜ ਵਿਚ ਕਈ ਪ੍ਰਕਾਰ ਦੇ ਝਗੜੇ ਉੱਭਰ ਆਉਂਦੇ ਹਨ ਜੋ ਕਿ ਸਮਾਜਿਕ ਵਿਕਾਸ ਵਿਚ ਰੁਕਾਵਟ ਖੜੀ ਕਰਦੇ ਹਨ।

> "ਪਾਲੀ ਸਾਹਿਬ ਜ਼ਿੰਦਗੀ ਵੀ ਇੱਕ ਸਬਕ ਹੁੰਦੀ ਹੈ।"[35]

ਪਾਲੀ ਨੂੰ ਸਾਰਥੀ ਦੁਆਰਾ ਦਿੱਤੇ ਇਸ ਸਬਕ ਦੇ ਅਰਥ ਹੌਲੀ ਹੌਲੀ ਸਮਝ ਆ ਰਹੇ ਸਨ। ਕਿਉਂਕਿ

- "ਜ਼ਿੰਦਗੀ ਨੂੰ ਵਰਦਾਨ ਕਿਹਾ ਜਾ ਸਕਦਾ ਹੈ।
- ਜ਼ਿੰਦਗੀ ਨੂੰ ਗੀਤ ਕਿਹਾ ਜਾ ਸਕਦਾ ਹੈ।
- ਜ਼ਿੰਦਗੀ ਨੂੰ ਹੁਨਰ, ਹਕੀਕਤ ਅਤੇ ਹੋਂਦ ਕਿਹਾ ਜਾ ਸਕਦਾ ਹੈ।"[36]

ਸਮਾਜਿਕ ਚੇਤਨਾ ਸਦਕਾ ਵਿਅਕਤੀ ਸਮਾਜ ਦੇ ਨੇੜੇ ਹੋ ਕੇ ਵਿਚਰਨਾ ਸ਼ੁਰੂ ਕਰ ਦਿੰਦਾ ਹੈ ਤੇ ਜ਼ਿੰਦਗੀ ਦੇ ਅਸਲ ਅਰਥਾਂ ਨੂੰ ਆਪਣੀ ਸਿਆਣਪ ਸਦਕਾ ਸਮਝਣ ਲੱਗਦਾ ਹੈ ਤੇ ਸਾਰਥੀ ਆਪਣੇ ਬਚਪਨ ਵਿਚ ਆਪਣੇ ਮਾਮੇ ਕੋਲ ਬਿਤਾਏ ਸਮੇਂ ਵਿਚ ਉਨ੍ਹਾਂ ਦੇ ਉੱਚ ਵਿਚਾਰਾਂ ਬਾਰੇ ਪਾਲੀ ਨੂੰ ਦੱਸਦਾ

> "ਪਾਲੀ ਸਾਹਿਬ, ਮੇਰਾ ਮਾਮਾ ਨਰਮ ਦਿਲ ਵਾਲਾ ਸੁਚੇਤ ਪੁਰਸ਼ ਸੀ। ਮੈਂ ਉਸ ਦੀਆਂ ਸਿੱਲ੍ਹੀਆਂ ਅੱਖਾਂ ਦੇ ਅਰਥਾਂ ਨੂੰ ਸਮਝਣ ਦੀ ਕੋਸ਼ਿਸ਼ ਕਰਦਾ ਕਰਦਾ ਹੀ ਸਿਆਣਪ ਨੂੰ ਆਪਣੀ ਸਾਥਣ ਸਮਝਣ ਲੱਗਾ ਹਾਂ। ਉਹ ਆਪਣੇ ਡੇਰੇ 'ਚ ਆਏ ਲੋੜਵੰਦ ਫ਼ਰਿਆਦੀ ਦੀ ਬੇਨਤੀ ਨੂੰ ਭਲੀ ਪ੍ਰਕਾਰ ਸੁਣ ਕੇ ਉਸ ਦੀ ਮਦਦ ਕਰਦਾ ਹੁੰਦਾ ਸੀ।"[37]

ਇਹ ਸਾਰਥੀ ਦੇ ਮਾਮੇ ਦੀ ਸਮਾਜਿਕ ਚੇਤਨਾ ਹੀ ਸੀ ਜੋ ਕਿ ਉਸ ਨੂੰ ਸਮਾਜ ਦੀ ਭਲਾਈ ਕਰਾਉਂਦੀ ਸੀ ਤੇ ਇਸ ਤੋਂ ਹੀ ਪ੍ਰੇਰਨਾ ਲੈ ਕੇ ਹੀ ਅੱਜ ਕੱਲ੍ਹ ਸਾਰਥੀ ਨੇ ਸਕੂਲ ਦੇ ਬੱਚਿਆਂ ਨੂੰ ਗਿਆਨ ਦੇਣ ਦਾ ਜ਼ਿੰਮਾ ਉਠਾਇਆਂ ਹੋਇਆ ਸੀ।

ਸਾਰਥੀ ਦੁਆਰਾ ਕਹੇ ਇਹ ਸ਼ਬਦ ਕਿ

> "ਇਹ ਤਾਂ ਲੋਕ ਹੀ ਲੋਕਾਂ ਦੇ ਕੰਮ ਆਉਂਦੇ ਹਨ।"[38]

ਦੇ ਪਿੱਛੇ ਉਨ੍ਹਾਂ ਦੀ ਚੇਤਨਾ ਹੀ ਕਾਰਗਰ ਹੈ। ਸਾਰਥੀ ਦਾ ਕਥਨ ਸੀ ਕਿ ਆਪਣੇ ਸਮਾਜਿਕ ਹਿੱਤਾਂ ਦੇ ਲਈ ਲੋਕਾਂ ਨੂੰ ਹੀ ਜਾਗਰੂਕ ਹੋਣਾ ਚਾਹੀਦਾ ਹੈ ਕਿਉਂਕਿ ਰਾਜਿਆਂ ਦੁਆਰਾ ਤਾਂ ਸਿਰਫ਼ ਆਪਣੇ ਹਿੱਤਾਂ ਦੀ ਹੀ ਪੂਰਤੀ ਕੀਤੀ ਜਾਂਦੀ ਹੈ ਤੇ ਉਨ੍ਹਾਂ ਨੂੰ ਆਮ ਜਨਤਾ ਨਾਲ ਕੋਈ ਮਤਲਬ ਨਹੀਂ।

ਸਾਹਿਤ ਮਨੁੱਖੀ ਜ਼ਿੰਦਗੀ ਦੇ ਬਹੁਤ ਹੀ ਨੇੜੇ ਹੋ ਕੇ ਵਿਚਰਦਾ ਹੈ, ਸਾਰਥੀ ਦੁਆਰਾ ਪਾਲੀ ਅੰਦਰ ਸਾਹਿਤਕ ਕਿਤਾਬਾਂ ਪੜ੍ਹਨ ਦੀ ਚਿਣਗ ਉਸ ਨੂੰ ਜ਼ਿੰਦਗੀ ਵਿਚ ਬਹੁਤ ਕੁੱਝ ਸਿਖਾ ਰਹੀ ਸੀ ਤੇ ਮਨੁੱਖਤਾ ਦੇ ਬਹੁਤ ਹੀ ਨੇੜੇ ਲੈ ਕੇ ਆ ਰਹੀ ਸੀ।

> "ਨਵੇਂ ਸਾਹਿਤ ਵਿਚਲੀਆਂ ਨਵੀਆਂ ਤਸਵੀਰਾਂ ਨੂੰ ਵੇਖਦਿਆਂ-ਵੇਖਦਿਆਂ ਹੁਣ ਤਾਂ ਪਾਲੀ ਨੂੰ ਵੀ ਪੜ੍ਹਨ ਦੀ ਆਦਤ ਪੈ ਗਈ ਸੀ। ਜਿਉਂ-ਜਿਉਂ ਪੁਰਸ਼ੋਤਮ ਲਾਲ 'ਪਾਲੀ' ਨਵੇਂ-ਨਵੇਂ ਮੈਗਜ਼ੀਨਾਂ ਨੂੰ ਪੜ੍ਹਦਾ ਤਿਉਂ-ਤਿਉਂ ਉਸ ਨੂੰ ਦੀਨ ਦੁਨੀਆ ਬਾਰੇ ਬਹੁਤ ਕੁੱਝ ਪਤਾ ਲੱਗਣ ਲੱਗ ਪਿਆ। ਹੁਣ ਤਾਂ ਪਾਲੀ ਇੰਝ ਮਹਿਸੂਸ ਕਰਦਾ ਸੀ ਜਿਵੇਂ ਪੜ੍ਹਨ ਲਿਖਣ ਬਿਨਾਂ ਤਾਂ ਆਦਮੀ ਹਨੇਰੇ ਵਿਚ ਹੀ ਫਸਿਆ ਰਹਿੰਦਾ ਹੈ।"[39]
>
> "ਵਿਚਾਰਾਂ ਦੀ ਸਾਂਝ ਦਾ ਰਿਸ਼ਤਾ ਸੁਖਦਾਈ ਹੁੰਦਾ ਹੈ। ਮਿਹਨਤ ਨੂੰ ਮਿਹਨਤੀ ਬੜਾ ਪਿਆਰਾ ਲੱਗਦਾ ਹੈ।"[40]

ਪਾਲੀ ਅਤੇ ਸਾਰਥੀ ਵੀ ਇਸੇ ਮਿਹਨਤ ਸਦਕਾ ਹੀ ਆਪਸ ਵਿਚ ਜੁੜੇ ਹੋਏ ਸਨ। ਸਾਰਥੀ ਦੀ ਇਹ ਤਮੰਨਾ ਸੀ ਕਿ ਜਿਹੜੇ ਪੂਰਨ ਸਿੰਘ ਦੇ ਘਰ ਉਹ ਰਹਿੰਦਾ ਹੈ ਉੱਥੇ 'ਪੂਰਨ ਸਿੰਘ ਪੁਸਤਕਾਲਾ' ਬਣੇ। ਸਾਰਥੀ ਗਿਆਨ ਦੀ ਮਹੱਤਤਾ ਨੂੰ ਸਮਝਦਾ ਹੋਇਆ ਅਜਿਹਾ ਕਦਮ ਪੁੱਟਣਾ ਚਾਹੁੰਦਾ ਸੀ ਤੇ ਪੂਰਨ ਸਿੰਘ ਦਾ ਜਿਹੜਾ ਔਲਾਦ ਬਿਨਾਂ ਮਨ ਵਿਚ ਬੁਰਾ ਖ਼ਿਆਲ ਹੈ ਕਿ ਉਸ ਦੇ ਮੁੱਕ ਜਾਣ ਤੇ ਉਸ ਦਾ ਨਾਂਅ ਹੀ ਮਿਟ ਜਾਊਂ ਇਹ ਵਹਿਮ ਵੀ ਦੂਰ ਹੋ ਜਾਵੇਗਾ ਤੇ ਉਸ ਨੂੰ ਪਿੰਡ ਵਾਸੀਆਂ ਵੱਲੋਂ ਸਦਾ ਯਾਦ ਰੱਖਿਆ ਜਾਵੇਗਾ। ਪਾਲੀ, ਸਾਰਥੀ ਦੀ ਇਸ ਪੁਸਤਕਾਲਾ ਖੋਲ੍ਹਣ ਵਾਲੀ ਵਿਚਾਰਧਾਰਾ ਤੋਂ ਉਨ੍ਹਾਂ ਦੀ ਉੱਚੀ ਸੋਚ ਅੱਗੇ ਪ੍ਰਣਾਮ ਕਰਦਾ ਸੀ।

> "ਵਿਚਾਰ ਅਤੇ ਵਿਵੇਕ, ਵਿਆਖਿਆ ਅਤੇ ਵਰਣਨ, ਬੋਧ ਅਤੇ ਬੁੱਧੀ, ਸਿਧਾਂਤ ਅਤੇ ਸੰਕਲਪ, ਯੋਗ ਅਤੇ ਸਾਧਨਾ ਦੀ ਪ੍ਰਾਪਤੀ ਲਈ ਜਿਸ ਆਸਣ, ਅਸਥਾਨ, ਆਸ਼ਰਮ, ਅਨੁਸ਼ਠਾਨ, ਅਰਾਧਨਾ ਅਤੇ ਉਪਾਸਨਾ ਦੀ ਜ਼ਰੂਰਤ ਪੈਂਦੀ ਹੈ ਉਸ ਨੂੰ ਪੁਸਤਕਾਲਾ ਕਿਹਾ ਜਾ ਸਕਦਾ ਹੈ।"[41]

ਪੁਸਤਕਾਲਾ ਦੀ ਇਸ ਮਹੱਤਤਾ ਨੂੰ ਹੀ ਦੇਖਦੇ ਹੋਏ ਹੀ ਸਾਰਥੀ ਨੇ ਇਹ ਫ਼ੈਸਲਾ ਲਿਆ ਸੀ ਕਿਉਂਕਿ ਉਹ ਇਸ ਨੂੰ ਨਵੀਂ ਪੀੜੀ ਦੀ ਜ਼ਰੂਰਤ ਸਮਝਦੇ ਸਨ ਕਿ ਗਿਆਨ ਦੀ ਪਹਿਲੀ ਪੌੜੀ ਪੁਸਤਕਾਲਾ ਹੀ ਹੁੰਦੀ ਹੈ।

- "ਪੁਸਤਕਾਲਾ ਨੂੰ ਵਿਰਾਸਤੀ-ਵਿਵੇਕ ਕਿਹਾ ਜਾ ਸਕਦਾ ਹੈ।
- ਪੁਸਤਕਾਲਾ ਨੂੰ ਗੁਰੂ ਕਿਹਾ ਜਾ ਸਕਦਾ ਹੈ।
- ਪੁਸਤਕਾਲਾ ਨੂੰ ਅਨੁਭੂਤੀ ਕਿਹਾ ਜਾ ਸਕਦਾ ਹੈ।

- ਪੁਸਤਕਾਲਾ ਨੂੰ ਸਮਾਧਾਨ ਕਿਹਾ ਜਾ ਸਕਦਾ ਹੈ।
- ਪੁਸਤਕਾਲਾ ਨੂੰ ਵਿੱਦਿਆ ਕਿਹਾ ਜਾ ਸਕਦਾ ਹੈ।
- ਪੁਸਤਕਾਲਾ ਨੂੰ ਅਧਿਆਪਕ ਕਿਹਾ ਜਾ ਸਕਦਾ ਹੈ।
- ਪੁਸਤਕਾਲਾ ਨੂੰ ਸਹਿਯੋਗੀ ਸਿੱਖਿਆ ਕਿਹਾ ਜਾ ਸਕਦਾ ਹੈ।
- ਪੁਸਤਕਾਲਾ ਨੂੰ ਤਪੋ-ਭੂਮੀ ਕਿਹਾ ਜਾ ਸਕਦਾ ਹੈ।
- ਪੁਸਤਕਾਲਾ ਨੂੰ ਪ੍ਰਾਚੀਨਤਾ ਅਤੇ ਨਵੀਨਤਾ ਦਾ ਖ਼ਜ਼ਾਨਾ ਕਿਹਾ ਜਾ ਸਕਦਾ ਹੈ।
- ਪੁਸਤਕਾਲਾ ਨੂੰ ਆਧੁਨਿਕਤਾ ਦਾ ਅਰਥ ਕਿਹਾ ਜਾ ਸਕਦਾ ਹੈ।
- ਪੁਸਤਕਾਲਾ ਆਪਣੇ ਮੋਨ-ਸਰੂਪ ਦੁਆਰਾ ਲੱਖਾਂ ਕਿਸਮ ਦੀ ਬਾਣੀ ਨੂੰ ਮੁਖਰਿਤ ਕਰਦਾ ਰਹਿੰਦਾ ਹੈ।"[42]

ਇਸ ਤਰ੍ਹਾਂ 'ਪੂਰਨ ਸਿੰਘ ਪੁਸਤਕਾਲਾ' ਸਮਾਜ ਨੂੰ ਸਾਹਿਤ ਦੇ ਰਾਹੀਂ ਸਹੀ ਸੇਧ ਦੇਣ ਵਿਚ ਰੋਲ ਅਦਾ ਕਰਦਾ ਹੈ।

ਨਾਵਲ 'ਮੈਂ ਇੱਕ ਪੰਧ ਹਾਂ' ਸਮਾਜ ਦੀ ਮਨੁੱਖੀ ਜੀਵਨ ਵਿਚ ਮਹੱਤਤਾ ਨੂੰ ਉਜਾਗਰ ਕਰਦਾ ਹੋਇਆ ਇਸ ਸੰਬੰਧੀ ਸੁਚੇਤ ਕਰਦਾ ਹੋਇਆ ਨਜ਼ਰ ਆ ਰਿਹਾ ਹੈ। ਨਾਵਲ ਵਿਚਲੇ ਪਾਤਰ ਪਾਲੀ ਤੇ ਸਾਰਥੀ ਜੋ ਕਿ ਸਕੂਲ ਵਿਚ ਅਧਿਆਪਕ ਦੀ ਨੌਕਰੀ ਕਰਦੇ ਹਨ ਸਮਾਜ ਪ੍ਰਤੀ ਆਪਣੀ ਜ਼ਿੰਮੇਵਾਰੀ ਨੂੰ ਪੂਰੀ ਤਰ੍ਹਾਂ ਦੇ ਨਾਲ ਨਿਭਾਉਂਦੇ ਹੋਏ ਸਹੀ ਸੇਧ ਦਿੰਦੇ ਨਜ਼ਰ ਆਉਂਦੇ ਹਨ।

## ਨਾਵਲ 'ਮੈਂ ਇੱਕ ਪੰਧ ਹਾਂ' ਵਿਚ ਸਭਿਆਚਾਰਕ ਚੇਤਨਾ:

ਸਭਿਆਚਾਰ ਦੀ ਮਨੁੱਖੀ ਜ਼ਿੰਦਗੀ ਵਿਚ ਮਹੱਤਤਾ ਨੂੰ ਦੇਖਦੇ ਹੋਏ ਮਨੁੱਖਤਾ ਅੰਦਰ ਇਸ ਪ੍ਰਤੀ ਚੇਤਨਤਾ ਦੀ ਜ਼ਰੂਰਤ ਨੂੰ ਵੀ ਮਹਿਸੂਸ ਕੀਤਾ ਗਿਆ ਹੈ। ਕਿਉਂਕਿ ਸਭਿਆਚਾਰ ਮਨੁੱਖੀ ਜੀਵਨ ਦਾ ਇੱਕ ਮਹੱਤਵਪੂਰਨ ਵਰਤਾਰਾ ਹੈ।

> "ਸਭਿਆਚਾਰ ਨੂੰ ਜ਼ਿੰਦਗੀ ਦੀ ਰਸਦਾਇਕ ਵਿਵਸਥਾ ਆਖਿਆ ਜਾ ਸਕਦਾ ਹੈ। ਰਸ ਨੂੰ ਪੰਜਾਬੀ ਸੋਚ ਨੇ ਬ੍ਰਹਮ ਆਖਿਆ ਹੈ। ਬ੍ਰਹਮ ਦਾ ਮਤਲਬ ਅਸਾਡੀ ਇਸ ਸਮੁੱਚੀ ਸਿਰਜਣਾ ਵਿਚੋਂ ਪੈਦਾ ਹੋਇਆ ਉਹ ਆਪਾ ਹੈ ਜਿਸ ਦੁਆਰਾ ਜ਼ਿੰਦਗੀ ਲਈ ਸੁਹਜ ਪਰੋਸਿਆ ਜਾ ਰਿਹਾ ਹੈ। ਇੰਝ ਜ਼ਿੰਦਗੀ, ਰਸ, ਸੋਚ, ਬ੍ਰਹਮ, ਸੁਹਜ ਅਤੇ ਸਿਰਜਣ ਨੂੰ ਵੱਖ-ਵੱਖ ਨਹੀਂ ਕੀਤਾ ਜਾਣਾ ਚਾਹੀਦਾ। ਸਭਿਆਚਾਰ ਬ੍ਰਹਮ ਹੈ। ਸਭਿਆਚਾਰ ਰਸ ਹੈ। ਸਭਿਆਚਾਰ ਸੋਚ ਹੈ, ਸਭਿਆਚਾਰ ਸੁਹਜ ਹੈ। ਸਭਿਆਚਾਰ ਸਿਰਜਣਾ ਹੈ।"[43]

**OM PARKASH GASSO DE NAVALAN VICH SAMAAJ-SABHYACHARAK ATE RAJNITAK CHETNA**

ਸਭਿਆਚਾਰਕ ਪੱਖ ਤੋਂ ਆ ਰਹੇ ਬਦਲਾਅ ਸਦਕਾ ਸਭਿਆਚਾਰਕ ਕਦਰਾਂ-ਕੀਮਤਾਂ ਵਿਚ ਅਸੀਂ ਦਿਨ ਪ੍ਰਤੀ ਦਿਨ ਗਿਰਾਵਟ ਹੁੰਦੀ ਦੇਖ ਰਹੇ ਹਾਂ ਕਿਉਂਕਿ ਅਸੀਂ ਉੱਨਤੀ ਤਾਂ ਕਰ ਰਹੇ ਹਾਂ ਪਰ ਸਭਿਆਚਾਰਕ ਚੇਤਨਾ ਦੀ ਘਾਟ ਸਦਕਾ ਆਪਣੇ ਜੀਵਨ ਦੀਆਂ ਜ਼ਰੂਰੀ ਕਦਰਾਂ-ਕੀਮਤਾਂ ਨੂੰ ਭੁਲਾ ਰਹੇ ਹਾਂ। ਪਰ ਸਾਨੂੰ ਇਹ ਸਮਝ ਲੈਣਾ ਚਾਹੀਦਾ ਹੈ ਕਿ ਬਾਕੀ ਸਭ ਤੋਂ ਪਹਿਲਾ ਮਨੁੱਖ ਇੱਕ ਸਭਿਅਕ ਪ੍ਰਾਣੀ ਹੈ ਤੇ ਆਪਣੀ ਸਭਿਅਤਾ ਭਾਵ ਸਭਿਆਚਾਰ ਬਾਰੇ ਜਾਗਰੂਕਤਾ ਉਸ ਦੇ ਲਈ ਉੱਨੀ ਹੀ ਜ਼ਰੂਰੀ ਹੈ ਜਿੰਨੀ ਕਿ ਤਰੱਕੀ ਜਾਂ ਵਿਕਾਸ। ਅਜਿਹਾ ਨਾ ਹੋਣ ਦੀ ਸਥਿਤੀ ਵਿਚ ਉਸ ਦਾ ਵਿਕਾਸ ਰੁਕ ਵੀ ਸਕਦਾ ਹੈ। ਸਭਿਆਚਾਰਕ ਚੇਤਨਹੀਣਤਾ ਸਭਿਆਚਾਰ ਨੂੰ ਕਲੰਕਿਤ ਕਰਨਾ ਸ਼ੁਰੂ ਕਰ ਦਿੰਦੀ ਹੈ ਤੇ

> "ਕਲੰਕਿਤ ਕਿਸਮ ਦਾ ਸਭਿਆਚਾਰ ਵਿਚਾਰਸ਼ੀਲ ਧਾਰਾਵਾਂ ਅਤੇ ਧਾਰਨਾਵਾਂ ਲਈ ਹਾਨੀਕਾਰਕ ਬਣਿਆ ਰਹਿੰਦਾ ਹੈ। ਵਰਤਮਾਨ ਸਮੇਂ ਵਿਚ ਚਾਲੂ ਕਿਸਮ ਦੀ ਵਿਓਪਾਰਿਕ ਅਤੇ ਬਾਜ਼ਾਰਵਾਦੀ-ਖੇਖਣਬਾਜ਼ੀਆਂ ਦੀ ਉਦੰਡਤਾ ਨੂੰ ਪ੍ਰਚਾਰਿਤ ਅਤੇ ਪ੍ਰਸਾਰਿਤ ਕਰਨ ਵਾਲੀਆਂ ਵਿਧਾਵਾਂ ਦੀਆਂ ਰੰਗੀਨੀਆਂ ਲੋਕ-ਬੁੱਧ ਅਤੇ ਲੋਕ-ਚਿੱਤ ਨੂੰ ਪ੍ਰਦੂਸ਼ਿਤ ਕਰ ਰਹੀਆਂ ਹਨ।"[44]

ਨਾਵਲ 'ਮੈਂ ਇੱਕ ਪੰਧ ਹਾਂ' ਵਿਚ ਪੁਰਸ਼ੋਤਮ ਲਾਲ 'ਪਾਲੀ', ਸੁਲੇਖ ਚੰਦ 'ਸਾਰਥੀ' ਅਤੇ ਸੁੱਚਾ ਸਿੰਘ ਸਭਿਆਚਾਰਕ ਤੌਰ 'ਤੇ ਚੇਤੰਨ ਪਾਤਰ ਨਜ਼ਰ ਆਉਂਦੇ ਹਨ। ਜਦਕਿ ਪਾਲੀ ਦੀ ਘਰਵਾਲੀ ਤੇ ਉਸ ਦਾ ਪੁੱਤਰ ਦਿਨੇਸ਼ ਕੁਮਾਰ ਸਭਿਆਚਾਰਕ ਚੇਤਨਹੀਣਤਾ ਦੇ ਧਾਰਨੀ ਬਣੇ ਹੋਏ ਨਜ਼ਰ ਆਉਂਦੇ ਹਨ। ਸਭਿਆਚਾਰਕ ਚੇਤਨਾ ਸਮਾਜ ਦੇ ਲਈ ਚਾਨਣ ਬਣੀ ਰਹਿੰਦੀ ਹੈ ਜਦ ਕਿ ਸਭਿਆਚਾਰਕ ਚੇਤਨਹੀਣਤਾ ਹਨੇਰਾ ਫੈਲਾਉਂਦੀ ਰਹਿੰਦੀ ਹੈ। ਨਾਵਲ ਵਿਚ ਪਾਲੀ ਇਸੇ ਚਾਨਣ ਦੇ ਧਾਰਨੀ ਬਣ ਕੇ ਚਲੇ ਆ ਰਹੇ ਹਨ ਤੇ ਲੋਕ ਭਲਾਈ ਦੇ ਕੰਮਾਂ ਨੂੰ ਤਰਜੀਹ ਦਿੰਦਾ ਹੈ। ਜਦਕਿ ਉਸ ਦੀ ਘਰਵਾਲੀ ਧਰਮ ਨੂੰ ਪਾਖੰਡ ਬਣਾ ਕੇ ਲੋਕਾਂ ਨੂੰ ਗੁਮਰਾਹ ਕਰਦੀ ਹੈ ਤੇ ਸੁੱਚਾ ਸਿੰਘ, ਸਾਰਥੀ ਨਾਲ ਗੱਲਾਂ ਕਰਦਾ ਹੋਇਆ ਦੋਨਾਂ ਦੀ ਤੁਲਨਾ ਕਰਦਾ ਹੋਇਆ ਆਖਦਾ ਹੈ ਕਿ

> "ਵੇਖ ਬਾਈ ਸੁਲੇਖ ਚੰਦ ਗ਼ਲਤੀ ਨੂੰ ਹਰਾਮਜ਼ਾਦਗੀ ਕਿਹਾ ਜਾ ਸਕਦਾ ਹੈ, ਤੇਰਾ ਇਹ ਮਾਸਟਰ ਤਾਂ ਮੈਨੂੰ ਹੁਨਰ ਜਾਪਦਾ ਹੈ ਪਰ ਹੁਨਰ ਦਾ ਹਰਾਮਜ਼ਾਦਗੀ ਨਾਲ ਕੀ ਰਿਸ਼ਤਾ?"[45]

ਪਰ ਪਾਲੀ ਤਾਂ ਇਹੀ ਸਮਝਦਾ ਹੈ ਕਿ ਉਸ ਦੀ ਘਰਵਾਲੀ ਧਰਮੀ ਕਿਸਮ ਦੀ ਔਰਤ ਹੈ।

> "ਸੁਲੇਖ ਚੰਦ ਹਰ ਇੱਕ ਸ਼ਰਾਰਤ ਸ਼ਰਾਫ਼ਤ ਨੂੰ ਧੋਖਾ ਦੇਣ ਲਈ ਕਈ ਕਿਸਮ ਦੀ ਡਰਾਮੇਬਾਜ਼ੀ ਕਰਦੀ ਰਹਿੰਦੀ ਹੈ। ਆਪਣੇ ਔਗੁਣਾਂ ਨੂੰ ਛੁਪਾਉਣ ਲਈ ਗੁਨਾਹਗਾਰ ਗੁਣਾਂ ਦੀ ਸ਼ਰਨ ਲੈ ਕੇ ਗੁਣਾਂ ਦੇ ਮੂੰਹ-ਮੱਥੇ ਨੂੰ ਕਾਲਾ ਕਰਦਾ ਰਹਿੰਦਾ ਹੈ।"[46]

ਪਾਲੀ ਦੇ ਲਈ ਸਾਰਥੀ ਇੱਕ ਪ੍ਰੇਰਨਾ ਬਣਿਆ ਹੋਇਆ ਸੀ ਤੇ ਸਾਰਥੀ ਦੇ ਲਈ ਸੁੱਚਾ ਸਿੰਘ ਦੀ ਉਹੀ ਥਾਂ ਸੀ ਤੇ ਉਹ ਸੁੱਚਾ ਸਿੰਘ ਦੇ ਕਹੇ ਇੱਕ-ਇੱਕ ਸ਼ਬਦ ਨੂੰ ਵਾਰ-ਵਾਰ ਬੋਲ ਕੇ ਸਮਝਦਾ ਰਹਿੰਦਾ।

> "ਗ਼ਲਤੀਆਂ ਦੇ ਹਨੇਰੇ ਆਦਮੀ ਨੂੰ ਤੁਰਨ ਨਹੀਂ ਦਿੰਦੇ। ਜੇ ਭਾਈ ਮੇਰੇ ਸੱਚ ਪੁੱਛੋ ਤਾਂ ਲੋਕ-ਪੱਖੀ ਅਗਾਂਹਵਧੂ ਤੋਰ ਨੂੰ ਹੀ ਜ਼ਿੰਦਗੀ ਕਿਹਾ ਜਾ ਸਕਦਾ ਹੈ।"[47]

ਇਸ ਪ੍ਰਕਾਰ ਦੀ ਅਗਾਂਹਵਧੂ ਸੋਚ ਲਈ ਸਭਿਆਚਾਰਕ ਚੇਤਨਾ ਸਾਰਥਿਕ ਸਾਬਿਤ ਹੁੰਦੀ ਹੈ। ਜੇਕਰ ਅਜਿਹਾ ਨਹੀਂ ਹੁੰਦਾ ਤਾਂ ਨਿਰਾਥਿਕਤਾ ਸਮਾਜ ਵਿਚ ਪ੍ਰਧਾਨ ਹੋਣ ਲੱਗਦਾ ਹੈ।

ਕਲਾ ਅਤੇ ਸਭਿਆਚਾਰ ਦਾ ਆਪਸ ਵਿਚ ਗੂੜ੍ਹਾ ਰਿਸ਼ਤਾ ਹੁੰਦਾ ਹੈ ਕਿਉਂਕਿ ਕਲਾ ਵਿਚੋਂ ਸਭਿਆਚਾਰਕ ਅੰਸ਼ ਉੱਭਰ ਕੇ ਸਾਹਮਣੇ ਆਉਂਦੇ ਹਨ।

- ਸਭਿਆਚਾਰਕ ਕਲਾ ਤਰਕ ਪ੍ਰਧਾਨ ਕਰਦੀ ਹੈ।
- ਸਭਿਆਚਾਰਕ ਕਲਾ ਬੋਧਸ਼ੀਲ ਹੁੰਦੀ ਹੈ।
- ਸਭਿਆਚਾਰਕ ਕਲਾ ਸੁਚੇਤ ਹੁੰਦੀ ਹੈ।
- ਸਭਿਆਚਾਰਕ ਕਲਾ ਸਨੇਹਮਈ ਹੁੰਦੀ ਹੈ।
- ਸਭਿਆਚਾਰਕ ਕਲਾ ਸੁਹਾਵਣੀ ਹੁੰਦੀ ਹੈ।

ਸਭਿਆਚਾਰਕ ਚੇਤਨਾ ਦੀ ਘਾਟ ਇਸ ਕਲਾ ਦੇ ਅਰਥਾਂ ਨੂੰ ਵੀ ਕਲੰਕਿਤ ਕਰਦੀ ਰਹਿੰਦੀ ਹੈ। ਪਾਲੀ ਦਾ ਪੁੱਤਰ ਦਾਨਸ਼ ਇੱਕ ਮਸ਼ਹੂਰ ਕਵੀ ਬਣਦਾ ਜਾ ਰਿਹਾ ਸੀ। ਪਰ ਉਸ ਦੀਆਂ ਕਵਿਤਾਵਾਂ ਸਮਾਜ ਨੂੰ ਸੇਧ ਦੇਣ ਵਾਲੀਆਂ ਨਹੀਂ ਸਗੋਂ ਕਿ ਕੁਰਾਹੇ ਪਾਉਣ ਵਾਲੀਆ ਸਨ। ਜਿਸ ਨੂੰ ਪੜ੍ਹ ਕੇ ਪਾਲੀ ਨੂੰ ਮਹਿਸੂਸ ਹੋਇਆ ਕਿ ਦਾਨਸ਼ ਵੀ ਤਾਂ ਉਸੇ ਦਾ ਪੁੱਤਰ ਹੈ ਜਿਸ ਨੇ ਆਪਣੇ ਪਾਪ ਨੂੰ ਲੁਕਾਉਣ ਦੇ ਲਈ ਧਰਮ ਦਾ ਆਸਰਾ ਲਿਆ ਹੈ ਫੇਰ ਭਲਾ ਉਸ ਕੋਲ ਰਹਿਣ ਵਾਲਾ ਦਿਨੇਸ਼ ਕਿਵੇਂ ਆਪਣੀ ਤੋਂ ਉਲਟ ਹੋ ਸਕਦਾ ਹੈ। ਉਸ ਦੀ ਵਿਚਾਰਧਾਰਾ ਵੀ ਤਾਂ ਆਪਣੀ ਮਾਂ ਵਾਲੀ ਹੀ ਹੋਵੇਗੀ। ਪਰ ਇਸ ਕਿਸਮ ਦੀ ਸੋਚ ਜਾਂ ਵਿਚਾਰਧਾਰਾ ਸਮਾਜ ਤੇ ਸਭਿਆਚਾਰ ਦੇ ਲਈ ਕਲੰਕ ਬਣੀ ਰਹਿੰਦੀ ਹੈ ਕਿਉਂਕਿ ਸਾਹਿਤ ਜਾਂ ਕਲਾ ਦਾ ਮਕਸਦ ਸਮਾਜ ਨੂੰ ਸੇਧ ਦੇਣਾ ਹੈ ਨਾ ਕਿ ਭਟਕਾਉਣਾ।

ਨਿੱਜਵਾਦ ਸਭਿਆਚਾਰ ਦਾ ਗਲਾ ਘੁੱਟਦੀ ਰਹਿੰਦੀ ਹੈ ਤੇ ਪਾਲੀ ਨੂੰ ਆਪਣੇ ਪੁੱਤਰ ਦੀ ਕਲਾ ਵਿਚ ਇਹੀ ਨਿੱਜਵਾਦ ਨਜ਼ਰ ਆਉਂਦਾ ਹੈ। ਜਦ ਕਿ ਨਿੱਜਵਾਦ ਤਾਂ ਸਮਾਜ ਵਿਰੋਧੀ ਬਣਿਆ ਰਹਿੰਦਾ ਹੈ। ਇਸ ਪ੍ਰਕਾਰ ਦਾ ਨਿੱਜਵਾਦ ਸਮਾਜ ਨੂੰ ਧੋਖੇ ਵਿਚ ਪਾਈ ਰੱਖਦਾ ਹੈ।

> - "ਧੋਖਾ ਦੁਖਦਾਈ ਹੁੰਦਾ ਹੈ।
> - ਧੋਖਾ ਆਦਮੀ ਨੂੰ ਹਨੇਰੇ ਵੱਲ ਲੈ ਤੁਰਦਾ ਹੈ।
> - ਧੋਖਾ ਕਲੇਸ਼ ਦਾ ਕਾਰਨ ਬਣਿਆ ਰਹਿੰਦਾ ਹੈ।
> - ਧੋਖਾ ਅਸਲੀਅਤ ਤੋਂ ਦੂਰੀ ਬਣਾਈ ਰੱਖਦਾ ਹੈ।
> - ਧੋਖਾ ਜ਼ਹਿਰੀਲਾ ਹੁੰਦਾ ਹੈ।"[48]

ਦੁਖਦਾਈ, ਹਨੇਰਾ, ਕਲੇਸ਼, ਅਸਲੀਅਤ ਤੋਂ ਦੂਰੀ ਤੇ ਜ਼ਹਿਰੀਲਾ ਆਦਿ ਸਭ ਮਨੁੱਖ ਦੀ ਸਭਿਆਚਾਰ ਚੇਤਨਾ ਦਾ ਹੀ ਸਿੱਟਾ ਹਨ ਜੋ ਕਿ ਸਮਾਜ ਦੇ ਲਈ ਹਮੇਸ਼ਾ ਰੁਕਾਵਟ ਬਣੇ ਰਹਿੰਦੇ ਹਨ। ਸਭਿਆਚਾਰ ਵਿਚ ਸੰਸਕਾਰਾਂ ਦੀ ਵਿਸ਼ੇਸ਼ ਥਾਂ ਹੁੰਦੀ ਹੈ। ਚੰਗੇ ਸੰਸਕਾਰ ਵਿਅਕਤੀ ਲਈ ਮਾਰਗ ਦਰਸ਼ਨ ਬਣਦੇ ਰਹਿੰਦੇ ਹਨ ਤੇ ਮਾੜੇ ਸੰਸਕਾਰਾਂ ਵਾਲਾ ਵਿਅਕਤੀ ਸਮਾਜ ਨੂੰ ਹਨੇਰੇ ਵਿਚ ਧਕੇਲਦਾ ਰਹਿੰਦਾ ਹੈ। ਦਾਨਸ਼ ਵੀ ਆਪਣੀ ਮਾਂ ਤੋਂ ਮਿਲੇ ਮਾੜੇ ਸੰਸਕਾਰਾਂ ਕਾਰਨ ਹੀ ਚਾਨਣ ਦੀ ਜਗ੍ਹਾ ਹਨੇਰੇ ਦਾ ਪ੍ਰਸਾਰ ਕਰਦਾ ਰਹਿੰਦਾ ਹੈ। ਪਾਲੀ ਆਪਣੇ ਪੁੱਤਰ ਨੂੰ ਇੱਕ ਚਿੱਠੀ ਲਿਖਦਾ ਹੈ ਤੇ ਉਸ ਵਿਚ ਉਸ ਦੁਆਰਾ ਅਪਣਾਈਆਂ ਜਾ ਰਹੀਆਂ ਗ਼ਲਤ ਕਦਰਾਂ-ਕੀਮਤਾਂ ਦੀ ਤਾੜਨਾ ਕਰਦਾ ਹੈ:

> "ਅੱਜ ਮੈਂ ਆਪਣੇ ਕਵੀ ਨਾਲ ਫ਼ਾਲਤੂ ਗੱਲਾਂ ਸਾਂਝੀਆਂ ਨਹੀਂ ਕਰਨਾ ਚਾਹੁੰਦਾ। ਤੇਰੇ ਵਰਗੇ ਲੇਖਕਾਂ ਨੂੰ ਮੈਂ ਬਾਜ਼ਾਰੂ ਲੇਖਕ ਉਨ੍ਹਾਂ ਦੇ ਨਿੱਜਵਾਦ ਕਰ ਕੇ ਕਹਿੰਦਾ ਹਾਂ। ਨਿੱਜਵਾਦ ਹੰਕਾਰੀ ਹੁੰਦਾ ਹੈ। ਅਕੇਰਾਂ ਮੈਨੂੰ ਵੀ ਨਿੱਜਵਾਦ ਦੇ ਕੈਂਸਰ ਨੇ ਘੇਰ ਲਿਆ ਸੀ। ਹੋਇਆ ਇਹ ਕਿ ਮੈਨੂੰ ਆਪਣੀਆਂ ਜਾਣਕਾਰੀਆਂ ਆਪਣੀ ਸਿਆਣਪ ਅਤੇ ਪੁਸਤਕਾਂ ਪੜ੍ਹਨ ਨਾਲ ਪ੍ਰਾਪਤ ਹੋਏ ਮੈਨੂੰ ਮੇਰੇ ਗਿਆਨ ਨੇ ਘੁਮੰਡੀ ਬਣਾਉਣਾ ਸ਼ੁਰੂ ਕਰ ਦਿੱਤਾ। ਮੈਂ ਆਮ ਆਦਮੀ ਨੂੰ ਕੀੜੇ ਮਕੌੜੇ ਅਤੇ ਮੂਰਖ ਸਮਝਣ ਲੱਗ ਪਿਆ। ਇਹ ਗਿਆਨ ਦੇ ਹੰਕਾਰ ਕਰ ਕੇ ਹੋ ਰਿਹਾ ਸੀ। ਇਸ ਤਰ੍ਹਾਂ ਦੀ ਮੇਰੀ ਹਾਲਤ ਸਮੇਂ ਮੇਰੇ ਅੰਦਰੋਂ ਆਵਾਜ਼ ਉੱਠੀ ਜ਼ੁਲਮ ਲੋਕਾਂ ਨੂੰ ਕੀੜੇ ਮਕੌੜੇ ਤੇ ਮੂਰਖ ਬਣਾਉਂਦਾ ਹੈ। ਮੇਰਾ ਹੰਕਾਰ ਇਸ ਆਵਾਜ਼ ਨੂੰ ਗਲ਼ ਗੁੱਠਾ ਦਿੰਦਾ ਰਿਹਾ ਪਰ ਸਮਾਂ ਦੱਸਦਾ ਹੈ ਕਿ ਸੱਚ ਨੂੰ ਅਜੇ ਤੱਕ ਕੋਈ ਵੀ ਗਲ਼ ਗੂਠਾ ਦੇ ਕੇ ਮਾਰ ਨਹੀਂ ਸਕਿਆ। 'ਦਾਨਸ਼' ਸਾਹਿਬ, ਸ਼ਹੀਦ ਭਗਤ ਸਿੰਘ ਤੇ ਭਗਤ ਸਿੰਘ ਦੇ ਵਿਚਾਰਾਂ ਨੂੰ ਲੋਕ-ਪੱਖੀ ਸੋਚ ਕਿਹਾ ਜਾ ਸਕਦਾ ਹੈ। ਨਿਆਂ ਨੂੰ ਸੱਚ ਅਤੇ ਅਨਿਆਂ ਨੂੰ ਝੂਠ ਕਿਹਾ ਜਾ ਸਕਦਾ ਹੈ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਸਮੁੱਚਾ ਸੰਘਰਸ਼, ਸਿਧਾਂਤ ਤੇ ਸੰਕਲਪ ਨਿਆਂਸ਼ੀਲ ਸੱਚ ਦਾ ਸਬੂਤ ਹੈ। 'ਦਾਨਸ਼' ਸਾਹਿਬ ਕੀ ਤੁਹਾਡਾ ਚਰਿੱਤਰ ਤੁਹਾਡੀ ਕਵਿਤਾ ਨੂੰ ਗਲ਼ ਗੂਠਾ ਨਹੀਂ ਦੇ ਰਿਹਾ।"[49]

ਨਾਵਲ 'ਮੈਂ ਇੱਕ ਪੰਧ ਹਾਂ' ਸਭਿਆਚਾਰਕ ਚੇਤਨਾ ਦਾ ਧਾਰਨੀ ਨਾਵਲ ਹੈ ਤੇ ਆਪਣੇ ਇਸ ਨਾਵਲ ਵਿਚ ਗਾਸੋ ਦੁਆਰਾ ਚੇਤਨਮਈ ਸੋਚ ਨੂੰ ਉਜਾਗਰ ਕਰਨ ਵਿਚ ਸਾਰਥਿਕ ਭੂਮਿਕਾ ਅਦਾ ਕੀਤੀ ਗਈ ਹੈ।ਨਾਵਲ ਵਿਚ ਸਭਿਆਚਾਰਕ ਪੱਖ ਤੋਂ ਆ ਰਹੀ ਗਿਰਾਵਟ ਸੰਬੰਧੀ ਚਿੰਤਾ ਕਰਦੇ ਹੋਏ ਇਸ ਦੇ ਨਿਕਲਦੇ ਭੈੜੇ ਨਤੀਜਿਆਂ ਸੰਬੰਧੀ ਪਾਠਕਾਂ ਨੂੰ ਪਾਤਰਾਂ ਅਤੇ ਉਨ੍ਹਾਂ ਦੇ ਵਾਰਤਾਲਾਪ ਰਾਹੀਂ ਸੁਚੇਤ ਕੀਤਾ ਗਿਆ ਹੈ।

**OM PARKASH GASSO DE NAVALAN VICH SAMAAJ-SABHYACHARAK ATE RAJNITAK CHETNA**

## ਹਵਾਲੇ ਅਤੇ ਟਿੱਪਣੀਆਂ:-

1. ਓਮ ਪ੍ਰਕਾਸ਼ ਗਾਸੋ, ਸਾਂਸਕ੍ਰਿਤਿਕ ਚਿੰਤਨ, ਪੰਨਾ-49
2. ਓਮ ਪ੍ਰਕਾਸ਼ ਗਾਸੋ, ਸਾਹਿਤ, ਸਭਿਆਚਾਰ ਤੇ ਸੰਸਕ੍ਰਿਤੀ, ਪੰਨਾ-50
3. ਓਮ ਪ੍ਰਕਾਸ਼ ਗਾਸੋ, ਦਰਕਿਨਾਰ, ਪੰਨਾ-5
4. ਉਹੀ
5. ਉਹੀ, ਪੰਨਾ-8
6. ਉਹੀ, ਪੰਨਾ-8
7. ਉਹੀ, ਪੰਨਾ-13
8. ਉਹੀ
9. ਉਹੀ, ਪੰਨਾ-13
10. ਉਹੀ, ਪੰਨਾ-14
11. ਉਹੀ, ਪੰਨਾ-18
12. ਉਹੀ
13. ਉਹੀ, ਪੰਨਾ-20
14. ਉਹੀ, ਪੰਨਾ-23
15. ਉਹੀ, ਪੰਨਾ-24
16. ਉਹੀ, ਪੰਨਾ-26
17. ਉਹੀ, ਪੰਨਾ-28
18. ਓਮ ਪ੍ਰਕਾਸ਼ ਗਾਸੋ, ਜ਼ਿੰਦਗੀ ਦੀ ਸੌਗਾਤ, ਪੰਨਾ-104
19. ਓਮ ਪ੍ਰਕਾਸ਼ ਗਾਸੋ, ਸਾਂਸਕ੍ਰਿਤਿਕ ਚਿੰਤਨ, ਪੰਨਾ-41
20. ਓਮ ਪ੍ਰਕਾਸ਼ ਗਾਸੋ, ਦਰਕਿਨਾਰ, ਪੰਨਾ-30
21. ਓਮ ਪ੍ਰਕਾਸ਼ ਗਾਸੋ, ਸਾਂਸਕ੍ਰਿਤਿਕ ਚਿੰਤਨ, ਪੰਨਾ-95
22. ਓਮ ਪ੍ਰਕਾਸ਼ ਗਾਸੋ, ਦਰਕਿਨਾਰ, ਪੰਨਾ-34
23. ਓਮ ਪ੍ਰਕਾਸ਼ ਗਾਸੋ, ਦਰਕਿਨਾਰ, ਪੰਨਾ-39
24. ਓਮ ਪ੍ਰਕਾਸ਼ ਗਾਸੋ, ਦਰਕਿਨਾਰ, ਪੰਨਾ-40
25. ਉਹੀ, ਪੰਨਾ-41
26. ਓਮ ਪ੍ਰਕਾਸ਼ ਗਾਸੋ, ਸਾਂਸਕ੍ਰਿਤਿਕ ਚਿੰਤਨ, ਪੰਨਾ-32

27. ਉਹੀ
28. ਓਮ ਪ੍ਰਕਾਸ਼ ਗਾਸੋ, ਮੈਂ ਇੱਕ ਪੰਧ ਹਾਂ, ਪੰਨਾ-10
29. ਉਹੀ
30. ਉਹੀ, ਪੰਨਾ-12
31. ਉਹੀ, ਪੰਨਾ-17
32. ਉਹੀ, ਪੰਨਾ-18
33. ਉਹੀ, ਪੰਨਾ-23
34. ਉਹੀ, ਪੰਨਾ-24
35. ਉਹੀ, ਪੰਨਾ-25
36. ਓਮ ਪ੍ਰਕਾਸ਼ ਗਾਸੋ, ਸਾਂਸਕ੍ਰਿਤਿਕ ਚਿੰਤਨ, ਪੰਨਾ-80
37. ਓਮ ਪ੍ਰਕਾਸ਼ ਗਾਸੋ, ਮੈਂ ਇੱਕ ਪੰਧ ਹਾਂ, ਪੰਨਾ-30
38. ਉਹੀ, ਪੰਨਾ-34
39. ਉਹੀ, ਪੰਨਾ-34
40. ਉਹੀ, ਪੰਨਾ-37
41. ਓਮ ਪ੍ਰਕਾਸ਼ ਗਾਸੋ, ਸਾਂਸਕ੍ਰਿਤਿਕ ਚਿੰਤਨ, ਪੰਨਾ-53
42. ਉਹੀ, ਪੰਨਾ-53
43. ਓਮ ਪ੍ਰਕਾਸ਼, ਜ਼ਿੰਦਗੀ ਦੀ ਸੌਗਾਤ, ਪੰਨਾ-30
44. ਓਮ ਪ੍ਰਕਾਸ਼ ਗਾਸੋ, ਮੈਂ ਇੱਕ ਪੰਧ ਹਾਂ, ਪੰਨਾ-7
45. ਉਹੀ, ਪੰਨਾ-50
46. ਉਹੀ
47. ਉਹੀ
48. ਓਮ ਪ੍ਰਕਾਸ਼ ਗਾਸੋ, ਪ੍ਰਤੀਬੱਧਤਾ ਦੇ ਪ੍ਰਕਰਣ, ਪੰਨਾ-69
49. ਓਮ ਪ੍ਰਕਾਸ਼ ਗਾਸੋ, ਮੈਂ ਇੱਕ ਪੰਧ ਹਾਂ, ਪੰਨਾ-83

# ਅਧਿਆਇ ਪੰਜਵਾਂ

## ਨਾਵਲ 'ਦਰਕਿਨਾਰ' ਅਤੇ 'ਮੈਂ ਇੱਕ ਪੰਧ ਹਾਂ' ਵਿਚ ਰਾਜਨੀਤਕ ਚੇਤਨਾ

ਰਾਜਨੀਤੀ ਮਨੁੱਖੀ ਜੀਵਨ ਦਾ ਮਹੱਤਵਪੂਰਨ ਪਹਿਲੂ ਹੈ ਤੇ ਇਸ ਨੂੰ ਮਨੁੱਖੀ ਜੀਵਨ ਤੋਂ ਅਲੱਗ ਰੱਖ ਕੇ ਪੇਸ਼ ਨਹੀਂ ਕੀਤਾ ਜਾ ਸਕਦਾ।

> "ਵਿਅਕਤੀ ਦੇ ਨਿੱਜੀ ਜੀਵਨ ਨੂੰ ਉਸ ਦੇ ਸਮਾਜਿਕ ਜੀਵਨ ਤੋਂ ਵੱਖ ਕਰ ਕੇ ਨਹੀਂ ਵੇਖਿਆ ਜਾ ਸਕਦਾ। ਮਨੁੱਖ ਦੀ ਵਿਚਾਰਧਾਰਾ, ਕਾਰਜ ਤੇ ਭਾਵ, ਸਮੂਹਿਕ ਸਮਾਜ ਦੇ ਭਾਵਾਂ ਤੇ ਕਾਰਜਾਂ ਨਾਲ ਸੰਬੰਧਿਤ ਹੁੰਦੇ ਹਨ। ਜਿਸ ਨੂੰ ਵਿਸ਼ਾਲ ਅਰਥਾਂ ਵਿਚ 'ਰਾਜਨੀਤੀ' ਕਿਹਾ ਜਾ ਸਕਦਾ ਹੈ, ਉਹ ਹੋਰ ਕੁੱਝ ਵੀ ਨਹੀਂ ਸਮਾਜ ਜਾਂ ਸਮੂਹ ਦੇ ਭਾਵਾਂ, ਵਿਚਾਰਾਂ ਤੇ ਕਾਰਜਾਂ ਦਾ ਜੋੜ ਹੈ।"[1]

ਸਾਹਿਤਕਾਰ ਦੀਆਂ ਲਿਖਤਾਂ ਆਪਣੇ ਸਮੇਂ ਦੀਆਂ ਸਮਾਜਿਕ ਅਤੇ ਸਿਆਸੀ ਪਰਿਸਥਿਤੀਆਂ ਨੂੰ ਮੁਖ਼ਾਤਿਬ ਹੁੰਦੀਆਂ ਹਨ ਅਤੇ ਉਨ੍ਹਾਂ ਵਿਚ ਇਹਨਾਂ ਪਰਿਸਥਿਤੀਆਂ ਦਾ ਸੁਹਜਾਤਮਿਕ ਢੰਗ ਨਾਲ ਸਮਾਵੇਸ਼ ਹੁੰਦਾ ਹੈ। ਇਹ ਤਾਂ ਹੀ ਉੱਚ ਕੋਟੀ ਦਾ ਸਾਹਿਤ ਸਮਝਿਆ ਜਾਂਦਾ ਹੈ। ਅਜਿਹਾ ਸਾਹਿਤ ਪਾਠਕ ਨੂੰ ਪ੍ਰਭਾਵਿਤ ਕਰਦਾ ਹੈ

ਰਾਜਨੀਤੀ ਮਨੁੱਖੀ ਜੀਵਨ ਨੂੰ ਕਿਸੇ ਨਾ ਕਿਸੇ ਪ੍ਰਕਾਰ ਪ੍ਰਭਾਵਿਤ ਕਰਦੀ ਰਹਿੰਦੀ ਹੈ ਤੇ ਇਸ ਪ੍ਰਕਾਰ ਰਾਜਨੀਤੀ ਸੰਬੰਧੀ ਜਾਗਰੂਕਤਾ ਦਾ ਹੋਣਾ ਵੀ ਉੱਨਾ ਹੀ ਜ਼ਰੂਰੀ ਹੈ ਜਿੰਨਾ ਕਿ ਸਮਾਜ-ਸਭਿਆਚਾਰਕ ਚੇਤਨਾ ਦਾ ਲੋਕਾਂ ਦੇ ਅੰਦਰ ਹੋਣਾ ਜ਼ਰੂਰੀ ਹੈ। ਪਹਿਲਾ-ਪਹਿਲ ਰਾਜਨੀਤੀ ਦੇ ਵਿਸ਼ੇ ਨੂੰ ਸਾਹਿਤ ਵਿਚ ਘੱਟ ਹੀ ਲਿਆ ਜਾਂਦਾ ਰਿਹਾ ਹੈ ਪਰ ਸਾਹਿਤ ਦੇ ਆਏ ਨਵੇਂ ਰੂਪ ਨਾਵਲ ਵਿਚ ਇਸ ਵਿਸ਼ੇ ਦੀ ਪੇਸ਼ਕਾਰੀ ਕੀਤੀ ਜਾਣ ਲੱਗ ਪਈ।

> "ਰਾਜਨੀਤੀ ਸਾਹਿਤ ਦਾ ਵਿਸ਼ਾ ਹੋਣੀ ਚਾਹੀਦੀ ਹੈ ਜਾਂ ਨਹੀਂ ਇਹ ਵਿਵਾਦ-ਪੂਰਨ ਪ੍ਰਸ਼ਨ ਹੈ ਪਰੰਤੂ ਰਾਜਨੀਤੀ ਦਾ ਅਰਥ ਕਿਸੇ ਪਾਰਟੀ ਦੀ ਮੈਂਬਰਸ਼ਿਪ ਤੋਂ ਨਹੀਂ ਸਗੋਂ ਸਮਾਜਿਕ ਸਮੱਸਿਆਵਾਂ ਪ੍ਰਤੀ ਸਾਹਿਤਕਾਰ ਦੀ ਸੁਚੇਤਨਾ ਹੀ ਉਸ ਦੀ ਰਾਜਨੀਤੀ ਹੈ।"[2]

### ਨਾਵਲ 'ਦਰਕਿਨਾਰ' ਵਿਚ ਰਾਜਨੀਤਕ ਚੇਤਨਾ:

ਨਾਵਲ 'ਦਰਕਿਨਾਰ' ਵਿਚ ਵੈਦ ਜੀ ਦਾ ਦਰਜਾ ਸਾਰੇ ਪਿੰਡ ਵਾਸੀਆਂ ਵੱਲੋਂ ਉੱਚ ਸਮਝਿਆ ਗਿਆ ਸੀ ਕਿਉਂਕਿ ਉਹ ਇੱਕ ਗਿਆਨਵਾਨ ਵਿਅਕਤੀ ਸਨ ਤੇ ਪਿੰਡ ਦੇ ਲੋਕ ਹਰ ਪ੍ਰਕਾਰ ਦੀ ਸਮੱਸਿਆ ਦੇ ਹੱਲ ਲਈ ਉਨ੍ਹਾਂ ਕੋਲ ਆਉਂਦੇ ਸਨ। ਵੈਦ ਜੀ ਅਕਸਰ ਲੋਕਾਂ ਨੂੰ ਜਾਗਰੂਕ ਕਰਨ ਵਾਲੀਆ ਗੱਲਾਂ ਦੱਸਦੇ ਰਹਿੰਦੇ ਕਿ ਉਨ੍ਹਾਂ ਦੇ ਆਲੇ-ਦੁਆਲੇ ਵਿਚ ਕੀ ਵਾਪਰ ਰਿਹਾ ਹੈ

> "ਵੈਦ ਜੀ ਆਪਣੇ ਕੋਲ ਆਪਣੀ ਬੈਠਕ ਵਿਚ ਇਕੱਠੇ ਹੋਏ ਪਿੰਡ ਵਾਸੀਆਂ ਨੂੰ ਦੇਸ਼ ਦੀ ਵੰਡ ਵੇਲੇ ਦੇ ਸਮੂਹਿਕ-ਮੌਤ ਦੇ ਰਾਜਸੀ ਅਤੇ ਇਤਿਹਾਸਕ ਹਾਦਸੇ ਦੀਆਂ ਨਿਰਦੋਸ਼ ਲੱਖਾਂ ਭਾਰਤੀਆਂ ਦੀ ਮੌਤ ਦੀਆਂ ਗੱਲਾਂ ਕਰਦੇ ਕਹਿਣ ਲੱਗ ਪੈਂਦੇ, ਵੇਖੋ ਭਾਈ ਇਨ੍ਹਾਂ ਸਿਆਸੀ ਬੰਦਿਆਂ ਦਾ ਕੋਈ

> ਕਰਮ-ਧਰਮ ਨਹੀਂ ਹੁੰਦਾ। ਉਹ ਨੀਤੀ ਵੇਤਾ ਜਿਹੜੇ ਕਰਮ-ਧਰਮ ਨੂੰ ਅਪਣਾਉਂਦੇ ਹਨ ਉਨ੍ਹਾਂ ਦੀ ਨੀਤੀ ਸਮਾਜ ਨੂੰ ਹਾਦਸਿਆਂ ਤੋਂ ਬਚਾ ਕੇ ਰੱਖਦੀ ਹੈ। ਆਮ ਤੌਰ ਤੇ ਸੱਤਾਵਾਦੀ ਤੇ ਸਾਮੰਤਵਾਦੀ ਸਿਆਸਤਾਂ ਤਾਂ ਹਾਦਸਿਆਂ ਨੂੰ ਪੈਦਾ ਕਰਨ ਨਾਲ ਲਾਭ ਲੈਣ ਦੇ ਮਨਸੂਬੇ ਘੜਦੀਆਂ ਰਹਿੰਦੀਆਂ ਹਨ।"[3]

ਵੈਦ ਜੀ ਦੀਆਂ ਇਸ ਪ੍ਰਕਾਰ ਦੀਆਂ ਗੱਲਾਂ ਉਨ੍ਹਾਂ ਦੇ ਰਾਜਨੀਤਕ ਚੇਤਨਤਾ ਦੇ ਭਾਗੀ ਹੋਣ ਦੀ ਅਗਵਾਈ ਦਿੰਦੀਆਂ ਸਨ ਤੇ ਉਹ ਆਪਣੇ ਪਿੰਡ ਵਾਸੀਆਂ ਨੂੰ ਵੀ ਇਸ ਸੰਬੰਧੀ ਸੁਚੇਤ ਕਰਦੇ ਰਹਿੰਦੇ ਸਨ।

ਜਦੋਂ ਜ਼ੋਰਾ ਸਿੰਘ ਆਪਣੇ ਪਾਗਲਪਣ ਕਰ ਕੇ ਆਪਣੀ ਘਰਵਾਲੀ ਦਾ ਕਤਲ ਕਰ ਬੈਠਦਾ ਹੈ ਜ਼ੋਰਾ ਸਿੰਘ ਦਾ ਭਰਾ ਕੋਮਲ ਜੋ ਕਿ ਵੈਦ ਜੀ ਦੇ ਬਹੁਤ ਨੇੜੇ ਹੈ ਦੁਖੀ ਹੋ ਕਿ ਵੈਦ ਜੀ ਕੋਲ ਆਉਂਦਾ ਹੈ ਤਾਂ ਵੈਦ ਜੀ ਉਸ ਨੂੰ ਸਮਝਾਉਂਦੇ ਹਨ

> "ਭਾਈ 'ਕੋਮਲ' ਜ਼ਿੰਦਗੀ ਨੂੰ ਇੱਕ ਮਹਾਨ ਕਲਾ ਕਿਹਾ ਜਾ ਸਕਦਾ ਹੈ ਪਰ ਜਦੋਂ ਜ਼ਿੰਦਗੀ ਬੇਹਿਸਾਬ ਹੋ ਬੈਠਦੀ ਹੈ ਤਦ ਕਲਾ ਦੀ ਥਾਵੇਂ ਕਤਲ ਅੱਗੇ ਆਉਣ ਲੱਗ ਪੈਂਦੇ ਹਨ। ਦੋਖਜ਼ੀ ਕਾਤਲ ਹੈ। ਕਈ ਵਾਰ ਤਾਂ ਇਹ ਲੀਡਰ ਵੀ ਕਾਤਲ ਬਣ ਬੈਠਦੇ ਹਨ। ਪੰਦਰਾ ਅਗਸਤ ਸੰਨ ਸੰਤਾਲੀ ਵੇਲੇ ਆਪਣਾ ਪੰਜਾਬ ਕਤਲਗਾਹ ਬਣਿਆ ਹੋਇਆ ਸੀ। ਆਪਣੇ ਮੁਲਕ ਦੇ ਸੈਂਕੜੇ ਸਿਆਸੀ ਲੀਡਰ ਕਾਤਲ ਹਨ।"[4]

ਰਾਜਨੀਤਕ ਚੇਤਨਾ ਦੀ ਕਮੀ ਕਰ ਕੇ ਹੀ ਲੱਖਾਂ ਦੀ ਗਿਣਤੀ ਵਿਚ ਲੋਕਾਂ ਦਾ ਕਤਲ ਹੁੰਦਾ ਰਹਿੰਦਾ ਹੈ ਤੇ ਲੋਕ ਬੇਖ਼ਬਰ ਬਣੀ ਘੁੰਮਦੇ ਹਨ।

> "ਹਿਟਲਰ ਵੀ ਤਾਂ ਇੱਕ ਬੰਦਾ ਹੀ ਸੀ। ਇਹ ਵੱਖਰੀ ਗੱਲ ਹੈ ਕਿ ਲੋਕ ਜਦੋਂ ਤੱਕ ਇੱਕ ਇੱਕ ਗਿਆਰਾਂ ਨਹੀਂ ਬਣਦੇ ਉਸ ਸਮੇਂ ਤੱਕ ਆਮ ਜਨਤਾ ਨੂੰ ਬੇਇਨਸਾਫ਼ੀ ਦੀ ਮਾਰ ਸਹਿਣੀ ਹੀ ਪੈਂਦੀ ਹੈ।"[5]

ਰਾਜਨੀਤਕ ਚੇਤਨਾ ਵਿਅਕਤੀ ਦੇ ਅੰਦਰ ਸਿਆਸਤੀ ਗੱਲਾਂ ਨੂੰ ਸਮਝਣ ਦੀ ਸੂਝ ਪੈਦਾ ਕਰਦੀ ਹੈ ਤੇ ਜਦੋਂ ਪਿੰਡ ਵਿਚ ਹੋਏ ਕਤਲ ਤੇ ਕਾਤਲ ਦਾ ਸਿਆਸੀ ਵਜ਼ੀਰ ਭਰਾ ਆਉਂਦਾ ਹੈ ਤਾਂ ਕੁੰਦਨ ਤੇ ਕੋਮਲ ਦੁਆਰਾ ਵੈਦ ਜੀ ਨੂੰ ਦੱਸਣ ਤੇ ਵੈਦ ਜੀ ਉਨ੍ਹਾਂ ਨੂੰ ਆਖਦੇ ਹਨ

> "ਜਾਓ ਮੇਰੇ ਪੁੱਤਰੋ ਜਾਓ, ਜਾ ਕੇ ਤੁਸੀਂ ਸਿਆਸਤ ਦੀ ਮੱਕਾਰੀ ਅਤੇ ਚਲਾਕੀ ਵੇਖ ਕੇ ਸਮਝਣ ਦੀ ਕੋਸ਼ਿਸ਼ ਕਰਦੇ ਰਹਿਣਾ।"[6]

ਵੈਦ ਜੀ ਦੁਆਰਾ ਕੋਮਲ ਤੇ ਕੁੰਦਨ ਨੂੰ ਕਹੇ ਇਹ ਸ਼ਬਦ ਉਨ੍ਹਾਂ ਦੀ ਸਿਆਸਤੀ ਸੂਝ-ਬੂਝ ਦਾ ਪ੍ਰਮਾਣ ਦਿੰਦੇ ਹਨ। ਇਸੇ ਸੂਝ ਸਦਕਾ ਹੀ ਉਹ ਆਖਦੇ ਹਨ ਕਿ

**OM PARKASH GASSO DE NAVALAN VICH SAMAAJ-SABHYACHARAK ATE RAJNITAK CHETNA**

> "ਸਿਆਣਿਆ ਵੱਲੋਂ ਦਿੱਤਾ ਸਿੱਟਾ ਸਾਫ਼ ਤੌਰ ਤੇ ਆਖਦਾ ਹੈ ਕਿ ਜਦੋਂ ਤੱਕ ਆਪਣਾ ਇਹ ਮੁਲਕ ਸਿਆਸਤ ਦੀ ਮੱਕਾਰੀ ਅਤੇ ਚਲਾਕੀ ਨੂੰ ਸਮਝੇਗਾ ਨਹੀਂ ਤਦ ਤੱਕ ਆਪਣੇ ਮੁਲਕ ਵਿਚ ਲੋਕਤੰਤਰ ਕਾਮਯਾਬ ਨਹੀਂ ਹੋ ਸਕਦਾ। ਝੂਠ ਤੇ ਫ਼ਰੇਬ ਨੂੰ ਮੱਕਾਰੀ ਦਾ ਮੂਲ ਆਖਿਆ ਜਾ ਸਕਦਾ ਹੈ। ਜਾਓ ਪੁੱਤਰੋ ਜਾਓ ਜਾ ਕੇ ਤੁਸੀਂ ਵੀ ਵੱਡੇ-ਵਜ਼ੀਰ ਦੇ ਫ਼ਰੇਬ ਨੂੰ ਦੇਖੋ। ਸੱਤਾ ਦੇ ਫ਼ਰੇਬ ਨੂੰ ਸਮਝਣ ਦੇ ਲਈ ਲੋਕਾਂ ਅੰਦਰ ਜਿਸ ਚਾਨਣ ਦੀ ਲੋੜ ਹੁੰਦੀ ਹੈ ਉਸ ਨੂੰ ਹੀ ਰਾਜਨੀਤਕ ਚੇਤਨਾ ਕਿਹਾ ਜਾਂਦਾ ਹੈ।"[7]

ਵੈਦ ਜੀ ਕੋਮਲ ਤੇ ਕੁੰਦਨ ਦੋਨਾਂ ਨੂੰ ਹੀ ਸਿਆਸੀ ਸ਼ੈਤਾਨੀਅਤ ਦੀਆਂ ਚਲਾਕੀਆਂ ਬਾਰੇ ਸਮਝਾਉਂਦੇ ਹੋਏ ਉਨ੍ਹਾਂ ਅੰਦਰਲੀ ਚੇਤਨਾ ਨੂੰ ਜਾਗ੍ਰਿਤ ਕਰਦੇ ਹੋਏ ਆਖਦੇ ਹਨ ਕਿ

> "ਜਾਓ ਤੁਸੀਂ ਹੁਣ ਵੱਡੇ ਵਜ਼ੀਰ ਦਾ ਸਿਆਸੀ ਕੌਤਕ ਵੇਖੋ ਪਰ ਮੇਰੀ ਇਸ ਗੱਲ ਨੂੰ ਯਾਦ ਰੱਖਣਾ ਕਿ ਸੰਨ-ਸੰਤਾਲੀ ਦੀ ਮਾਰੂ ਘਟਨਾ ਅੱਜ ਇਸ ਥੇਹ ਵਾਂਗ ਚੁੱਪ ਨਹੀਂ। ਵੇਖੋ ਭਾਈ ਚੁੱਪ ਅਤੇ ਆਵਾਜ਼ ਵਿਚ ਬੜਾ ਫ਼ਰਕ ਹੁੰਦੈ। ਪੱਥਰ ਚੁੱਪ ਹੁੰਦਾ ਹੈ ਅਤੇ ਪੁਰਸ਼ ਦਾ ਦਿਲ ਆਵਾਜ਼ ਨਾਲ ਭਰਿਆ ਹੋਇਆ ਹੁੰਦੈ ਹੈ। ਅੱਜ ਤਾਂ ਰੌਲ਼ੇ ਦੀ ਭਿਆਨਕਤਾ ਅਤੇ ਆਵਾਜ਼ ਦੇ ਅਰਥਾਂ ਨੂੰ ਸਮਝਣ ਦੀ ਲੋੜ ਹੈ। ਰੌਲ਼ਿਆਂ ਕਰ ਕੇ ਆਵਾਜ਼ ਦੇ ਅਰਥ ਵੀ ਗੁਆਚ ਜਾਂਦੇ ਹਨ। ਦੁਖਦਾਈ ਗੱਲ ਹੈ ਕਿ ਅੱਜ ਆਪਣੇ ਮੁਲਕ ਦੀ ਸਿਆਸਤ ਨੀਤੀ ਦੀ ਥਾਵੇਂ ਰੌਲਾ ਬਣਦੀ ਜਾ ਰਹੀ ਹੈ।"[8]

ਇਸ ਪ੍ਰਕਾਰ ਦੇ ਰੌਲ਼ੇ ਖ਼ਤਰਨਾਕ ਹੁੰਦੇ ਹਨ ਤੇ ਲੋਕਾਂ ਨੂੰ ਗੁਮਰਾਹ ਕਰਦੇ ਰਹਿੰਦੇ ਹਨ। ਰਾਜਨੀਤਕ ਚੇਤਨਾ ਹੀ ਉਨ੍ਹਾਂ ਨੂੰ ਇਸ ਸੰਬੰਧੀ ਸੁਚੇਤ ਕਰ ਸਕਦੀ ਹੈ ਤੇ ਉਨ੍ਹਾਂ ਨੂੰ ਭਟਕਣ ਤੋਂ ਬਚਾ ਸਕਦੀ ਹੈ। ਵੈਦ ਜੀ ਦੁਆਰਾ ਸਮੇਂ-ਸਮੇਂ ਤੇ ਕੁੰਦਨ ਤੇ ਕੋਮਲ ਨੂੰ ਦਿੱਤੀ ਜਾ ਰਹੀ ਅਜਿਹੀ ਸੂਝ ਤੇ ਸਮਝ ਉਨ੍ਹਾਂ ਨੂੰ ਦਿਨ ਪ੍ਰਤੀ ਦਿਨ ਨਿਖਾਰਦੀ ਜਾ ਰਹੀ ਸੀ।

ਸਿਆਸੀ ਚੇਤਨਹੀਣਤਾ ਦੀ ਕਮੀ ਕਰ ਕੇ ਹੀ ਲੋਕਾਈ ਦੇ ਨਾਲ ਲੁੱਟ-ਖਸੁੱਟ ਹੁੰਦੀ ਰਹਿੰਦੀ ਹੈ ਕਿਉਂਕਿ ਉਹ ਆਪਣੇ ਹੱਕਾਂ ਦੇ ਪ੍ਰਤੀ ਸੁਚੇਤ ਹੀ ਨਹੀਂ ਹੁੰਦੇ ਤੇ ਸਿਆਸਤੀ ਸ਼ੈਤਾਨੀਅਤ ਆਪਣਾ ਫ਼ਾਇਦਾ ਉਠਾਉਂਦੀ ਰਹਿੰਦੀ ਹੈ। ਰਾਜਨੀਤਕ ਚੇਤਨਾ ਉਸ ਨੂੰ ਦੇਸ਼ ਵਿਚ ਹੋ ਰਹੀ ਸਿਆਸੀ ਗਤੀ ਵਿਧੀਆਂ ਬਾਰੇ ਜਾਗਰੂਕ ਕਰਦੀ ਰਹਿੰਦੀ ਹੈ ਤੇ ਉਸ ਨੂੰ ਜਗਿਆਸੂ ਕਿਸਮ ਦਾ ਮਨੁੱਖ ਬਣਾਉਂਦੀ ਹੈ ਤੇ ਜਗਿਆਸਾ:

- "ਆਦਮੀ ਨੂੰ ਜਾਗ੍ਰਿਤ ਕਰਦੀ ਰਹਿੰਦੀ ਹੈ।
- ਜਗਿਆਸਾ ਨੂੰ ਜਾਣਕਾਰੀ ਦੀ ਤੜਪ ਕਿਹਾ ਜਾ ਸਕਦਾ ਹੈ।
- ਜਗਿਆਸਾ ਨਾਲ ਜ਼ਿੰਦਗੀ ਹੋਣਹਾਰ ਬਣੀ ਰਹਿੰਦੀ ਹੈ।
- ਜਗਿਆਸਾ ਦੁਆਰਾ ਸੰਕਲਪ ਸਥਾਪਿਤ ਹੁੰਦੇ ਰਹਿੰਦੇ ਹਨ।"[9]

**OM PARKASH GASSO DE NAVALAN VICH SAMAAJ-SABHYACHARAK ATE RAJNITAK CHETNA**

ਰਾਜਨੀਤਕ ਚੇਤਨਾ ਵਿਅਕਤੀ ਅੰਦਰ ਕਈ ਤਰ੍ਹਾਂ ਦੇ ਸਵਾਲਾਂ ਨੂੰ ਜਨਮ ਦਿੰਦੀ ਰਹਿੰਦੀ ਹੈ ਤੇ ਅੱਜ ਵੈਦ ਜੀ ਨੂੰ ਅਜਿਹੇ ਸਵਾਲਾਂ ਨੇ ਆ ਘੇਰਿਆ ਸੀ

> "ਉਏ ਭਾਈ ਇਹ ਸਮਾਂ ਵੀ ਕਦੇ-ਕਦੇ ਅੰਬ ਦਾ ਲਾਂਬੂ ਬਣ ਬੈਠਦਾ ਹੈ। ਸਮਾਂ ਵੀ ਆਤਸ਼-ਪਹਾੜ ਹੁੰਦਾ ਹੈ। ਵੇਖਿਆ ਨਾ ਸਮੇਂ ਦੇ ਆਤਸ਼-ਮੁਖੀ ਪਹਾੜ ਨੇ ਦਿੱਲੀ ਵਿਚ ਅਮਨ-ਚੈਨ ਨਾਲ ਘੁੱਗ ਵੱਸਦੇ ਕੁੱਝ ਸਿੱਖਾਂ ਨੂੰ ਫੂਕ ਸੁੱਟਿਆ। ਸਮਾਂ ਤਾਂ ਸਮਾਂ ਹੁੰਦਾ ਹੈ ਇਸ ਨੂੰ ਜਵਾਲਾ-ਮੁਖੀ ਪਹਾੜ ਕੌਣ ਬਣਾਉਂਦਾ ਹੈ? ਲੋਕਾਂ ਦਾ ਤਾਂ ਆਪਸਦਾਰੀ ਵਿਚ ਵਿਸ਼ਵਾਸ ਹੁੰਦਾ ਹੈ ਇਨ੍ਹਾਂ ਦੀ ਆਪਸਦਾਰੀ ਨੂੰ ਜ਼ਹਿਰੀਲਾ ਕੌਣ ਬਣਾਉਂਦਾ ਹੈ? ਇਨ੍ਹਾਂ ਪ੍ਰਸ਼ਨਾਂ ਦੀ ਤਹਿ ਤੱਕ ਜਿਵੇਂ ਕੋਈ ਆਵਾਜ਼ ਅੱਖ ਦੇ ਫੇਰੇ ਨਾਲ ਪੁੱਜ ਗਈ ਹੋਵੇ ਤੇ ਉਹ ਵਾਰ-ਵਾਰ ਇੱਕ ਹੀ ਸ਼ਬਦ ਸਿਆਸਤ, ਸਿਆਸਤ, ਸਿਆਸਤ ਕਹੀ ਜਾ ਰਹੀ ਹੋਵੇ। ਸਿਆਸਤ, ਸਿਆਸਤ, ਸਿਆਸਤ ਦੇ ਸ਼ਬਦਾਂ ਨੂੰ ਸੁਣ ਕੇ ਵੈਦ ਜੀ ਨੂੰ ਸਿੱਖ ਵਿਰੋਧੀ ਦੰਗੇ, ਹਿੰਦੂ ਸੰਪਰਦਾਇਕਤਾ, ਮੁਸਲਮਾਨੀ ਜਹਾਦ, ਈਸਾਈ ਮਿਸ਼ਨਰੀ ਵਰਗੇ ਖ਼ਿਆਲ ਇੰਝ ਲੱਗੇ ਜਿਵੇਂ ਇਹ ਸਾਰੇ ਕਸੂਤੇ-ਕਸੂਤੇ ਖ਼ਿਆਲ ਹੁੰਦੇ ਹਨ। ਇਨ੍ਹਾਂ ਖ਼ਿਆਲਾਂ ਨਾਲ ਹੀ ਤਾਂ ਪਾਟੋ-ਧਾੜ ਪੈਦਾ ਹੁੰਦੀ ਹੈ। ਸਿੱਖ ਵਿਰੋਧੀ ਦੰਗਿਆਂ ਵਿਚ ਕੇਵਲ ਸਿੱਖੀ ਹੀ ਕਤਲ ਨਹੀਂ ਹੋਈ ਸਗੋਂ ਮਾਨਵਤਾ ਵੀ ਮਰੀ ਹੈ। ਹਿੰਦੂ ਮੁਸਲਮਾਨ ਦੰਗਿਆਂ 'ਚ ਹਿੰਦੂ ਮੁਸਲਮਾਨਾਂ ਦੇ ਮਰਨ ਦੇ ਨਾਲ-ਨਾਲ ਮਨੁੱਖਤਾ ਵੀ ਮਰਦੀ ਹੈ। ਬੱਸ ਜਦੋਂ ਮਨੁੱਖਤਾ ਮਰਦੀ ਹੈ ਤਾਂ ਬਾਕੀ ਪਿੱਛੇ ਸਿਆਸਤ ਰਹਿ ਜਾਂਦੀ ਹੈ।"[10]

ਵੈਦ ਜੀ ਦੇ ਇਸ ਪ੍ਰਕਾਰ ਦੇ ਖ਼ੁਦ ਨਾਲ ਸਵਾਲ-ਜਵਾਬ ਉਨ੍ਹਾਂ ਦੇ ਅੰਦਰ ਰਾਜਨੀਤਕ ਚੇਤਨਾ ਹੋਣ ਦੀ ਗਵਾਹੀ ਭਰਦੇ ਹਨ। ਜੇਕਰ ਅਜਿਹੀ ਚੇਤਨਾ ਹਰ ਵਿਅਕਤੀ ਅੰਦਰ ਆ ਜਾਵੇ ਤਾਂ ਸਿਆਸਤ ਕਦੇ ਵੀ ਉਸ ਨਾਲ ਜ਼ੁਲਮ ਨਹੀਂ ਕਰ ਸਕਦੀ।

> "ਵੈਦ ਬ੍ਰਹਮਾ ਨੰਦ ਦੇ ਖ਼ਿਆਲ ਬ੍ਰਹਮਾ ਨੰਦ ਨੂੰ ਹਲੂਣ ਕੇ ਆਖ ਰਹੇ ਸਨ, ਇਸ ਨਿਸ਼ਾਨ ਸਾਹਿਬ ਨੂੰ ਅਨਿਆਂ ਵਿਰੁੱਧ ਨਿਆਂ ਲਈ ਘੋਲ ਕਰਨ ਵਾਲਾ ਮਹਾਨ ਚਿੰਨ੍ਹ ਆਖ ਸਕਦੇ ਹਾਂ। ਇਹ ਸਿੱਖਾਂ ਦਾ ਵਿਸ਼ੇਸ਼ ਕਰ ਕੇ ਅਤੇ ਸਰਬੱਤ ਦਾ ਸਮੁੱਚੇ ਰੂਪ ਵਿਚ ਆਸਰਾ ਹੈ। ਦੁੱਖ ਹੁੰਦਾ ਹੈ ਜਦੋਂ ਅਸੀਂ ਸਰਬੱਤ ਨੂੰ ਸੰਕੁਚਿਤ ਕਰ ਬੈਠਦੇ ਹਾਂ। ਖ਼ਿਆਲਾਂ ਦੀ ਸੁਤੰਤਰਤਾ ਕਾਰਨ ਹੀ ਸੋਚ ਦੀ ਲਭਤ ਹੋ ਸਕਦੀ ਹੈ। ਵੈਦ ਜੀ ਕੀ ਉਹ ਸਿੱਖ ਸਨ ਜਿਹੜੇ ਅੰਗਰੇਜ਼ ਸਾਮਰਾਜ ਦੀ ਸਲਾਮਤੀ ਲਈ ਅਠਾਰਾਂ ਸੌ ਸਤਵਿੰਜਾ ਵਿਚ ਟੋਡੀ ਬਣੇ? ਵੈਦ ਜੀ ਕੀ ਉਹ ਸਿੱਖ ਸਨ ਜਿਹੜੇ ਰਜਵਾੜਿਆਂ ਦੀ ਜਾਗੀਰਦਾਰੀ ਨੂੰ ਬਚਾ ਕੇ ਰੱਖਣ ਲਈ ਠੁੰਮ੍ਹਣਾ ਬਣਦੇ ਰਹੇ? ਕੀ ਉਹ ਸਿੱਖ ਸਨ ਜਿਹੜੇ ਪੰਜਾਬ ਵਿਚ ਅੱਤਵਾਦ ਲੈ ਕੇ ਆਏ? ਨਹੀਂ-ਨਹੀਂ ਵੈਦ ਜੀ ਇਹ ਸਿੱਖੀ ਨਹੀਂ ਇਹ ਤਾਂ ਸਿਆਸਤ ਸੀ।

> ਗੁਰੂ ਗੋਬਿੰਦ ਸਿੰਘ ਜੀ ਤਾਂ ਲੋਕ-ਪੱਖ ਦਾ ਮਹਾਨ ਸੰਗੀਤ ਸਨ। ਸਮਾਜਿਕ ਸੰਗੀਤ ਨੂੰ ਬੇਸੁਰਾ ਕਰਨ ਵਾਲੇ ਕੋਈ ਹੋਰ ਹੁੰਦੇ ਹਨ ਉਹ ਸਿੱਖ ਨਹੀਂ ਹੁੰਦੇ।"[11]

ਮਨੁੱਖੀ ਜੀਵਨ ਵਿਚ ਧਰਮ ਅਤੇ ਸਿਆਸਤ ਦੋਵੇਂ ਹੀ ਲੋਕ-ਭਲਾਈ ਵਾਲੇ ਵਰਤਾਰੇ ਹਨ ਪਰ ਜਦੋਂ ਸਿਆਸਤ ਆਪਣੇ ਫ਼ਾਇਦੇ ਦੇ ਲਈ ਧਰਮ ਨੂੰ ਆਪਣਾ ਜ਼ਰ੍ਹੀਆ ਬਣਾਉਂਦੀ ਹੈ ਤਾਂ ਇਸ ਦੇ ਨਤੀਜੇ ਬਹੁਤ ਹੀ ਭਿਆਨਕ ਹੁੰਦੇ ਹਨ।

> "ਰਾਹਾਂ ਦੀ ਧੂੜ ਨੂੰ ਲੋਕਾਂ ਦੀਆਂ ਅੱਖਾਂ ਵਿਚ ਪਾਉਂਦਾ ਕੁੰਦਨ ਸਿੰਘ 'ਗੜਗੱਜ' ਤੇ ਹੋਰ ਧਾਰਮਿਕ ਬੁਲਾਰਿਆਂ ਦਾ ਟੋਲਾ ਪਿੰਡ ਦੀਆਂ ਸੱਥਾਂ ਵਿਚ ਖੇਰੂੰ ਪੁੱਟਣ ਲੱਗ ਪੈਂਦਾ। ਇੰਝ ਇਕੱਠ ਹੋਈ ਸਾਧਾਰਣ-ਲੋਕਾਈ ਦੇ ਮਨ ਵਿਚ ਸਿਆਸੀ ਸ਼ੈਤਾਨੀਅਤ ਦਾ ਤਾਪ ਮਿਆਦੀ ਬੁਖ਼ਾਰ ਦਾ ਰੂਪ ਧਾਰਨ ਕਰਨ ਲੱਗ ਪੈਂਦਾ ਸੀ। ਕੁੰਦਨ ਸਿੰਘ 'ਗੜਗੱਜ' ਦੇ ਕਵੀਸ਼ਰੀ ਜੱਥੇ ਲਈ ਇੱਕ ਕਾਰ ਤੇ ਇੱਕ ਡਰਾਈਵਰ ਨੀਯਤ ਸੀ। ਇੱਕ ਰਾਤ ਜਦ ਕੁੰਦਨ ਸਿੰਘ 'ਗੜਗੱਜ' ਦਾ ਕਵੀਸ਼ਰੀ ਜੱਥਾ ਭੈਣੀ-ਖੁਰਦ ਪੁੱਜਾ ਤਾਂ ਉਸ ਕੋਲ ਮਾਧੋ ਵੀ ਆ ਗਿਆ ਸੀ। ਮਾਧੋ ਤੋਂ ਗੜਗੱਜ ਨੇ ਕੋਈ ਓਹਲਾ ਕੀ ਰੱਖਣਾ ਸੀ। ਸਾਫ਼ਗੋਈ ਵਾਲੀ ਆਪਣੀ ਆਦਤ ਅਨੁਸਾਰ 'ਗੜਗੱਜ' ਨੇ ਮਾਧੋ ਨੂੰ ਦੱਸਿਆ ਵੇਖ ਬਈ ਮਿੱਤਰਾ ਚੋਣਾਂ ਤਾਂ ਅੱਜ ਕੱਲ ਆਪਣੇ ਮੁਲਕ ਵਿੱਚ ਵਿਓਪਾਰ ਵਰਗੀਆਂ ਬਣਦੀਆਂ ਜਾ ਰਹੀਆਂ ਹਨ। ਮੈਨੂੰ ਅਤੇ ਮੇਰੇ ਜੱਥੇ ਨੂੰ ਵੀ ਇਸ ਵਿਓਪਾਰ ਵਿੱਚ ਚੰਗੀ ਤਕੜੀ ਖੱਟੀ ਹੋਈ ਹੈ। ਉਮੀਦਵਾਰ ਨਾਲ ਸੌਦਾ ਕਰਨ ਸਮੇਂ ਥੋੜੀ ਕੁ ਔਖ ਰਹੀ ਪਰ ਆਖ਼ਿਰ ਚਾਰ ਲੱਖ ਦੀ ਥਾਵੇਂ ਮੈਂ ਆਪਣੀ ਹਿੰਡ ਕਰਕੇ ਪੰਜ ਲੱਖ ਤੇ ਅੜਿਆ ਰਿਹਾ।"[12]

ਮਾਧੋ, ਪ੍ਰਕਾਸ਼ ਕੌਰ ਨਾਲ ਦੇਸ਼ ਸਿਆਸਤੀ ਸ਼ੈਤਾਨੀਅਤ ਅਤੇ ਲੋਕਾਂ ਦੀ ਗਲਤ ਕਿਸਮ ਦੀ ਮਾਨਸਿਕਤਾ ਬਾਰੇ ਗੱਲਾਂ ਕਰਦਾ ਕਿ

> "ਪ੍ਰਕਾਸ਼ ਕੌਰ ਅੱਜ ਕੱਲ ਦੀਆਂ ਬੜੀਆਂ ਖਤਰਨਾਕ ਸਥਿਤੀਆਂ ਵਿਚੋਂ ਖ਼ਤਰਨਾਕ ਇਤਿਹਾਸ ਪੈਦਾ ਹੋ ਰਿਹਾ ਹੈ। ਆਪਣੇ ਮੁਲਕ ਦੀ ਆਮ ਤੌਰ ਤੇ ਮਾਨਸਿਕਤਾ ਬੇਸ਼ਰਮ ਜਿਹੀ ਬਣਦੀ ਜਾ ਰਹੀ ਹੈ। ਬੇਸ਼ਰਮ ਕਿਸਮ ਦੀ ਜ਼ਿੰਦਗੀ ਨੇ ਮੁਗ਼ਲ ਬਾਦਸ਼ਾਹਿਤ ਨੂੰ ਆਪਣਾ ਆਕਾ ਬਣਾਕੇ ਰੱਖਿਆ ਤੇ ਫੇਰ ਉਸ ਤਰ੍ਹਾਂ ਦੀ, ਬੇਸ਼ਰਮ ਰਹਿਤ ਪ੍ਰਣਾਲੀ ਨਾਲ ਅੰਗਰੇਜ਼ ਸਾਮਰਾਜ ਨੂੰ ਖ਼ਸਮ ਬਣਾ ਲਿਆ। ਅੱਜ ਕੱਲ ਆਹ ਸਿਆਸੀ ਪਾਰਟੀਆਂ ਦੇ ਲੁਟੇਰੇ ਲੀਡਰਾਂ ਨੇ ਬੇਸ਼ਰਮ ਕਿਸਮ ਦੇ ਇਕੱਠ ਨੂੰ ਆਪਣਾ ਪਿੱਠੂ ਬਣਾਇਆ ਹੋਇਆ ਹੈ। ਦਿੱਲੀ ਦੰਗੇ ਬੇਸ਼ਰਮ ਕਿਸਮ ਦੇ ਇਕੱਠ ਦਾ ਕਿੱਸਾ ਸੀ। ਚੇਤਨ ਲੋਕਾਈ ਜਦੋਂ ਲੁੱਟ ਦੇ ਖਿਲਾਫ਼ ਖੜੀ ਹੁੰਦੀ ਹੈ ਤਦ ਲੁਟੇਰੇ ਸਿਆਸੀ ਲੀਡਰ ਉਸ ਦੇ ਬਰਾਬਰ ਬੇਸ਼ਰਮ ਕਿਸਮ ਦੇ ਰੌਲਿਆਂ ਨੂੰ ਸ਼ੈਅ ਦੇਣ ਲੱਗ ਪੈਂਦੇ ਹਨ।"[13]

ਇਸ ਲਈ ਸਿਆਸਤੀ ਚਾਲਬਾਜ਼ੀਆਂ ਤੋਂ ਬਚਣ ਦਾ ਇਕੋ ਇੱਕ ਰਾਸਤਾ ਇਹੀ ਹੈ ਕਿ ਮਨੁੱਖਤਾ ਅੰਦਰ ਰਾਜਨੀਤਕ ਜਾਗਰੂਕਤਾ ਨੂੰ ਪੈਦਾ ਕਰਨਾ ਚਾਹੀਦਾ ਹੈ ਤਾਂ ਕਿ ਉਹ ਅਜਿਹੇ ਪੈਂਤੜਿਆਂ ਤੋਂ ਬਚ ਸਕੇ। ਨਾਵਲ 'ਦਰਕਿਨਾਰ' ਰਾਜਨੀਤਕ ਚੇਤੰਨਤਾ ਦਾ ਪੱਖ ਪੂਰਨ ਵਾਲਾ ਨਾਵਲ ਹੈ ਤੇ ਇਸ ਦੇ ਪਾਤਰ ਵੈਦ ਜੀ ਤੇ ਮਾਧੋ ਸਾਨੂੰ ਰਾਜਨੀਤਕ ਚੇਤਨਾ ਦੀ ਮਿਸਾਲ ਦੇ ਤੌਰ 'ਤੇ ਨਜ਼ਰ ਆਉਂਦੇ ਹਨ।

ਵੈਦ ਜੀ ਕੋਮਲ ਦੀ ਭਤੀਜੀ ਕੁਲਦੀਪ ਨੂੰ ਆਪਣੇ ਮੁਲਕ ਦੀ ਦੂਸਰੇ ਮੁਲਕਾਂ ਦੇ ਨਾਲ ਤੁਲਨਾ ਕਰਦੇ ਹੋਏ ਦੱਸਦੇ ਹਨ ਕਿ

> "ਆਹ ਆਪਾਂ ਏਥੇ ਜੜੀ-ਬੂਟੀਆਂ ਦਾ ਆਸ਼ਰਮ ਅਤੇ ਆਯੂਰਵੈਦਿਕ-ਔਸ਼ਧਾਲਯ ਗਰੀਬ, ਬਿਮਾਰ ਤੇ ਲੋੜਵੰਦ ਲੋਕਾਂ ਲਈ ਬਣਾ ਰਹੇ ਹਾਂ ਪਰ ਕਿਉਂ ਭਾਈ ਤੈਨੂੰ ਪਤਾ ਹੈ ਬਈ ਇਸ ਧਰਤੀ ਉੱਤੇ ਵਸਦੇ ਸੈਂਕੜੇ ਮੁਲਕਾਂ ਵਿਚ ਸਿਹਤ ਸੇਵਾਵਾਂ ਦਾ ਮੁਫ਼ਤ ਤੇ ਬੇਹੱਦ ਹੀ ਆਲੀਸ਼ਾਨ ਪ੍ਰਬੰਧ ਹੈ। ਉੱਥੇ ਤਾਂ ਪਹਾੜਾਂ ਵਿਚ ਇਕੱਲੇ ਅਕਹਿਰੇ ਵਸਦੇ ਪਰਿਵਾਰ ਦੇ ਮਰੀਜ਼ ਨੂੰ ਵੀ ਹੈਲੀਕਾਪਟਰ ਲੈਣ ਜਾਂਦਾ ਹੈ। ਉਥੋਂ ਦੇ ਹਸਪਤਾਲਾਂ ਦੀ ਆਂਹ ਆਪਣੇ ਮੁਲਕ ਦੇ ਉਥੇ ਗਏ ਬਿਮਾਰ ਜੋ ਤਸਵੀਰ ਪੇਸ਼ ਕਰਦੇ ਹਨ ਉਸ ਦਾ ਮੁਕਾਬਲਾ ਇਹ ਆਸ਼ਰਮ ਤੇ ਆਯੂਰਵੈਦਿਕ ਔਸ਼ਧਾਲਯ ਕੀ ਕਰਨਗੇ? ਏਥੇ ਡੇਰੇ 'ਚ ਹਸਪਤਾਲ ਖੋਲਦੇ ਹਨ। ਸਾਂਈ ਬਾਬਾ ਨੇ ਪਾਣੀ ਦਾ ਪ੍ਰਬੰਧ ਕੀਤਾ ਕਿਉਂ ਬਈ ਸਰਕਾਰ ਦੀ ਇਨ੍ਹਾਂ ਮਹੱਤਵਪੂਰਨ ਅਤੇ ਲੋੜੀਂਦੇ ਕੰਮਾਂ ਨੂੰ ਪੂਰੀ ਤਰ੍ਹਾਂ ਪੂਰਾ ਕਰਨ ਦੀ ਜੁੰਮੇਵਾਰੀ ਨੀ ਬਣਦੀ? ਲੋਕ-ਉਪਰਾਲੇ ਸਰਕਾਰੀ ਪ੍ਰਬੰਧਾਂ ਦਾ ਕੀ ਮੁਕਾਬਲਾ ਕਰਨਗੇ? ਦੂਜੇ ਮੁਲਕਾਂ ਦੇ ਸਿਹਤ-ਪ੍ਰਬੰਧ, ਵਿੱਦਿਆ ਦੇ ਪ੍ਰਬੰਧ, ਆਵਾਜਾਈ ਦੇ ਪ੍ਰਬੰਧ ਕਮਾਲ ਦੀ ਕਲਾ ਦੇ ਸੂਚਕ ਹਨ।"[14]

ਇਸ ਪ੍ਰਕਾਰ ਦੀਆਂ ਹਰ ਪ੍ਰਕਾਰ ਦੀਆਂ ਪ੍ਰਸਥਿਤੀਆਂ ਦੇ ਪਿੱਛੇ ਮੁਲਕ ਦੀ ਰਾਜਨੀਤੀ ਤੇ ਲੋਕਾਂ ਦੀ ਸੂਝ ਦੀ ਕਮੀ ਹੀ ਜਿੰਮੇਵਾਰ ਹੁੰਦੀ ਹੈ।

ਵੈਦ ਜੀ ਪਿੰਡ ਵਾਸੀਆਂ ਦੇ ਲਈ ਗਿਆਨ ਦਾ ਕੇਂਦਰ ਬਣੇ ਹੋਏ ਸਨ। ਉਨ੍ਹਾਂ ਦੁਆਰਾ ਅਕਸਰ ਪਿੰਡ ਵਾਲਿਆਂ ਨੂੰ ਅਜਿਹੀਆਂ ਗਿਆਨ ਭਰਪੂਰ ਗੱਲਾਂ ਦੇ ਬਾਰੇ ਵਿਚ ਦੱਸਦੇ ਸੁਣਿਆ ਸੀ ਕਿ

> "ਭਾਈ ਜਦੋਂ ਕੋਈ ਵੀ ਸਿਆਸਤ ਕਿਸੇ ਵੀ ਧਰਮ ਨੂੰ ਆਪਣੇ ਹੱਥ ਫੜਾ ਲੈਂਦੀ ਹੈ ਤਦ ਲੋਕ ਲੋਕਾਂ ਦਾ ਕਤਲ ਕਰਨ ਲੱਗ ਪੈਂਦੇ ਹਨ। ਲੋਕਾਂ ਦੀ ਆਪਸਦਾਰੀ ਸਿਆਸਤ ਦੀਆਂ ਅੱਖਾਂ ਵਿਚ ਰੜਕਦੀ ਰਹਿੰਦੀ ਹੈ। ਆਹ ਹਿੰਦੂ, ਮੁਸਲਿਮ, ਸਿੱਖ, ਈਸਾਈ ਦੰਗੇ ਦੰਗੇ ਨਹੀਂ ਹੁੰਦੇ ਇਹ ਤਾਂ ਵੱਖ-ਵੱਖ ਕਿਸਮ ਦੀਆਂ ਸਿਆਸਤਾਂ ਦਾ ਟਕਰਾ ਹੁੰਦਾ ਹੈ। ਸਿਆਣੇ ਲੋਕ ਆਪਸ ਵਿਚ ਲੜਦੇ ਨਹੀਂ ਹੁੰਦੇ ਇਹ ਤਾਂ ਸਿਆਸਤਾਂ ਹਨ ਜਿਹੜੀਆਂ ਲੋਕਾਂ ਨੂੰ ਮੂਰਖ ਬਣਾ ਕੇ ਲੜਾਉਂਦੀਆਂ ਰਹਿੰਦੀਆਂ ਹਨ।"[15]

ਕੋਮਲ ਦੀ ਘਰਵਾਲੀ ਪ੍ਰਭਾਤ ਆਪਣੇ ਮਾਤਾ-ਪਿਤਾ ਦੇ ਵਿਚਾਰਾਂ ਦੀ ਤੁਲਨਾ ਕਰਦੀ ਹੋਈ ਕੋਮਲ ਨੂੰ ਆਪਣੀ ਮਾਂ ਦੀ ਸਿਆਣਪ ਬਾਰੇ ਇੰਝ ਦੱਸਦੀ ਹੈ ਕਿ

> "ਸਿਆਸਤ ਹਿੰਦੂ ਨੂੰ ਹਿੰਦੂ, ਸਿੱਖ ਨੂੰ ਸਿੱਖ, ਮੁਸਲਮਾਨ ਨੂੰ ਮੁਸਲਮਾਨ ਤੇ ਈਸਾਈ ਨੂੰ ਈਸਾਈ ਨਹੀਂ ਰਹਿਣ ਦਿੰਦੀ ਹੁੰਦੀ। ਜੇ ਸੱਚ ਪੁੱਛੋ ਤਾਂ ਸਿਆਸਤ ਆਦਮੀ ਨੂੰ ਆਦਮੀ ਹੀ ਨਹੀਂ ਰਹਿਣ ਦਿੰਦੀ।"[16]

ਇਸ ਤੋਂ ਇਲਾਵਾ ਉਹ ਆਪਣੇ ਘਰਵਾਲੇ ਨੂੰ ਜੋ ਕਿ ਗ੍ਰੰਥੀ ਹੈ ਉਸ ਦੁਆਰਾ ਧਰਮ ਵਿਚ ਸਿਆਸਤੀ ਗੱਲਾਂ ਕਰਨ ਤੋਂ ਵਰਜਦੀ ਹੋਈ ਉਸ ਨੂੰ ਧਰਮ ਅਤੇ ਸਿਆਸਤ ਦੋਨਾਂ ਦੇ ਸੁਭਾਅ ਬਾਰੇ ਦੱਸਦੀ ਹੈ ਕਿ

> "ਧਰਮ ਕੇਵਲ ਤੇ ਕੇਵਲ ਮਨੁੱਖ ਨੂੰ ਮਨੁੱਖ ਬਣੇ ਰਹਿਣ ਲਈ ਆਖਦਾ ਹੈ। ਸਿਆਸਤ ਦੁਸ਼ਮਣੀ ਪੈਦਾ ਕਰਦੀ ਹੈ। ਧਰਮ ਭਰੱਪਣ ਪੈਦਾ ਕਰਦਾ ਹੈ ਜੇਕਰ ਧਰਮ ਭਰੱਪਣ ਪੈਦਾ ਨਹੀਂ ਕਰਦਾ ਤਾਂ ਉਹ ਧਰਮ ਨਹੀਂ।"[17]

ਕੋਮਲ ਆਪਣੀ ਘਰਵਾਲੀ ਨੂੰ ਲੋਕਾਂ ਦੀ ਚੇਤਨਹੀਣਤਾ ਸਦਕਾ ਸਿਆਸਤ ਦੁਆਰਾ ਇਸ ਦੇ ਫਾਇਦੇ ਉਠਾਏ ਜਾਣ ਦੀ ਵਾਰਤਾ ਬਾਰੇ ਦੱਸਦਾ ਆਖਦਾ ਹੈ ਕਿ

> "ਪ੍ਰਕਾਸ਼ ਕੌਰ ਅੱਜ ਕੱਲ ਦੀਆਂ ਬੜੀਆਂ ਖ਼ਤਰਨਾਕ ਸਥਿਤੀਆਂ ਵਿਚੋਂ ਖ਼ਤਰਨਾਕ ਇਤਿਹਾਸ ਪੈਦਾ ਹੋ ਰਿਹਾ ਹੈ। ਆਪਣੇ ਮੁਲਕ ਦੀ ਆਮ ਤੌਰ ਤੇ ਮਾਨਸਿਕਤਾ ਬੇਸ਼ਰਮ ਜਿਹੀ ਬਣਦੀ ਜਾ ਰਹੀ ਹੈ। ਬੇਸ਼ਰਮ ਕਿਸਮ ਦੀ ਜ਼ਿੰਦਗੀ ਨੇ ਮੁਗ਼ਲ ਬਾਦਸ਼ਾਹਿਤ ਨੂੰ ਆਪਣਾ ਆਕਾ ਬਣਾ ਕੇ ਰੱਖਿਆ ਤੇ ਫੇਰ ਉਸ ਤਰ੍ਹਾਂ ਦੀ ਬੇਸ਼ਰਮ ਰਹਿਤ ਪ੍ਰਣਾਲੀ ਨਾਲ ਅੰਗਰੇਜ਼ ਸਰਕਾਰ ਨੂੰ ਖ਼ਸਮ ਬਣਾ ਲਿਆ। ਅੱਜ ਕੱਲ੍ਹ ਆਹ ਸਿਆਸੀ ਪਾਰਟੀਆਂ ਦੇ ਲੁਟੇਰੇ ਲੀਡਰਾਂ ਨੇ ਬੇਸ਼ਰਮ ਕਿਸਮ ਦੇ ਇਕੱਠ ਨੂੰ ਆਪਣਾ ਪਿੱਠੂ ਬਣਾਇਆ ਹੋਇਆ ਹੈ। ਦਿੱਲੀ ਦੰਗੇ ਬੇਸ਼ਰਮ ਕਿਸਮ ਦੇ ਇਕੱਠ ਦਾ ਕਿੱਸਾ ਸੀ। ਚੇਤਨ ਲੋਕਾਈ ਜਦੋਂ ਲੁੱਟ ਦੇ ਖਿਲਾਫ਼ ਖੜੀ ਹੁੰਦੀ ਹੈ ਤਦ ਲੁਟੇਰੇ ਸਿਆਸੀ ਲੀਡਰ ਉਸ ਦੇ ਬਰਾਬਰ ਬੇਸ਼ਰਮ ਕਿਸਮ ਦੇ ਰੌਲਿਆਂ ਨੂੰ ਸ਼ੈਅ ਦੇਣ ਲੱਗ ਪੈਂਦੇ ਹਨ।"[18]

ਗਿਆਨ ਹੀ ਗਿਆਨ ਨੂੰ ਜਨਮ ਦਿੰਦਾ ਹੈ। ਕੋਮਲ ਦੁਆਰਾ ਲਾਈ ਚੇਤਨਾ ਦੀ ਚਿਣਗ ਅੱਜ ਪ੍ਰਕਾਸ਼ ਕੌਰ ਨੂੰ ਕਿਵੇਂ ਸੁਚੇਤ ਕਰਦੀ ਹੋਈ ਸਿਆਸਤ ਦੇ ਅਸਲੀ ਰੂਪ ਨੂੰ ਸਮਝਾ ਰਹੀ ਸੀ ਕਿ

> "ਅੱਜ ਹੁਣ ਪਾਸੋਂ ਤੋਂ ਬਣ ਗਈ ਪ੍ਰਕਾਸ਼ ਕੌਰ ਨੂੰ ਚੁਰਾਸੀ ਦੇ ਦੰਗਿਆਂ ਨੂੰ ਸਿਆਸੀ ਬੇਸ਼ਰਮੀ ਕਹਿਣ ਵਿਚ ਕੋਈ ਹਿਚਕਚਾਹਿਟ ਨਹੀਂ ਸੀ ਹੋ ਰਹੀ। ਅੱਜ ਪ੍ਰਕਾਸ਼ ਕੌਰ ਜਦ ਪ੍ਰਕਾਸ਼ ਕੌਰ ਤੋਂ ਪ੍ਰਭਾਤ ਕੌਰ ਬਣ ਗਈ ਤਦ ਉਸ ਨੂੰ ਸਿਆਸਤ ਅਤੇ ਸਨੇਹ ਵਿਚਲੇ ਫ਼ਰਕ ਦੀ ਸਮਝ ਆ ਰਹੀ ਸੀ। ਪ੍ਰਭਾਤ ਕੌਰ ਦੇ ਮਨ ਦੀ ਆਵਾਜ਼ ਆਖ ਰਹੀ ਸੀ, ਬੇਸ਼ਰਮ ਬੰਦਾ ਹੀ ਜ਼ਾਲਮ ਹੋ ਸਕਦਾ ਹੈ ਜਦੋਂ ਤੱਕ ਮਜ਼ਲੂਮ ਮਰਦੇ ਰਹਿਗੇ ਤਦ ਤੱਕ ਜ਼ਾਲਮ ਜਿਉਂਦਾ ਰਹੇਗਾ।"[19]

ਇਸ ਲਈ ਹੁਣ ਲੋਕਾਂ ਨੂੰ ਆਪਣੇ ਹੱਕਾਂ ਪ੍ਰਤੀ ਸੁਚੇਤ ਹੋ ਜਾਣਾ ਚਾਹੀਦਾ ਹੈ ਤਾਂ ਕਿ ਅੱਗੇ ਤੋਂ ਰਾਜਨੀਤੀ ਉਨ੍ਹਾਂ ਨਾਲ ਕਿਸੇ ਕਿਸਮ ਦਾ ਧੱਕਾ ਨਾ ਕਰ ਸਕੇ।

ਨਾਵਲ ‘ਦਰਕਿਨਾਰ’ ਸੰਵੇਦਨਾਤਮਿਕ-ਚੇਤਨਾ ਨੂੰ ਪ੍ਰਸਾਰਿਤ ਅਤੇ ਪ੍ਰਚਾਰਿਤ ਕਰਨ ਵਾਲਾ ਨਾਵਲ ਹੈ। ਇਸ ਨਾਵਲ ਵਿਚ ਸਮਾਜ ਵਿਰੋਧੀ ਸਿਆਸੀ ਸ਼ੈਤਾਨੀਅਤ ਦਾ ਜ਼ਿਕਰ ਕੀਤਾ ਗਿਆ ਹੈ ਕਿ ਕਿਵੇਂ ਸਿਆਸਤ ਦੁਆਰਾ ਮਨੁੱਖਤਾ ਨੂੰ ਹਮੇਸ਼ਾ ਧੌਖੇ ਵਿਚ ਰੱਖ ਕੇ ਆਪਣੇ ਹਿੱਤਾਂ ਦੀ ਪੂਰਤੀ ਕੀਤੀ ਜਾਂਦੀ ਹੈ ਤੇ ਲੋਕਾਂ ਦੀ ਚੇਤਨਹੀਣਤਾ ਉਨ੍ਹਾਂ ਨੂੰ ਇਸ ਬਾਰੇ ਰਤਾ ਜਿੰਨਾ ਵੀ ਪਤਾ ਨਹੀਂ ਲੱਗਣ ਦਿੰਦੀ। ਇਸ ਲਈ ਹੀ ਆਪਣੇ ਹੱਕਾਂ ਦੀ ਪ੍ਰਾਪਤੀ ਦੇ ਲਈ ਰਾਜਨੀਤਕ ਚੇਤਨਾ ਦਾ ਹੋਣਾ ਜ਼ਰੂਰੀ ਹੈ ਜਿਸ ਦਾ ਜ਼ਿਕਰ ਨਾਵਲ 'ਦਰਕਿਨਾਰ' ਵਿਚ ਕੀਤਾ ਗਿਆ ਹੈ।

## ਨਾਵਲ 'ਮੈਂ ਇੱਕ ਪੰਧ ਹਾਂ' ਵਿਚ ਰਾਜਨੀਤਕ ਚੇਤਨਾ:

ਰਾਜਨੀਤੀ ਮਨੁੱਖੀ ਜੀਵਨ ਦਾ ਇੱਕ ਅਟੁੱਟ ਅੰਗ ਬਣ ਚੁੱਕੀ ਹੈ। ਰਾਜਨੀਤੀ ਇੱਕ ਵਿਅਕਤੀ ਤੋਂ ਲੈ ਕੇ ਸਮੁੱਚੇ ਸਮਾਜ ਨੂੰ ਹੀ ਸੁਚੇਤ ਜਾਂ ਅਚੇਤ ਰੂਪ ਵਿਚ ਪ੍ਰਭਾਵਿਤ ਜਾਂ ਫਿਰ ਪ੍ਰੇਰਿਤ ਹੀ ਨਹੀਂ ਕਰਦੀ ਬਲਕਿ ਸਮਾਜ ਨੂੰ ਨਿਰਦੇਸ਼ਿਤ ਤੇ ਸੰਚਾਲਿਤ ਵੀ ਕਰਦੀ ਹੈ।

> "ਸਮੁੱਚੀ ਜ਼ਿੰਦਗੀ ਨੂੰ ਕੁਦਰਤੀ-ਵਿਵਸਥਾ ਦਾ ਅਨੋਖਾ ਵਿਵਹਾਰ ਕਿਹਾ ਜਾ ਸਕਦਾ ਹੈ। ਪ੍ਰਕ੍ਰਿਤੀ ਨੂੰ ਪ੍ਰਾਕ੍ਰਿਤਿਕ-ਪ੍ਰਕਰਣ ਵਾਂਗ ਸਵੀਕਾਰ ਕਰਨ ਵਾਲਾ ਵਿਸ਼ਵਾਸ ਵਿਕਾਸਸ਼ੀਲ ਬਣਿਆ ਰਹਿੰਦਾ ਹੈ। ਵਿਸ਼ਵਾਸ ਵਿਚਲੇ ਵਿਧਾਇਕ ਤੱਤ ਜ਼ਿੰਦਗੀ ਨੂੰ ਜੀਵੰਤ ਬਣਾਈ ਰੱਖਦੇ ਹਨ। ਇੰਝ ਇਸ ਪ੍ਰਕਾਰ ਦੀ ਕਲਾਸ਼ੀਲ ਜੀਵਨ ਪ੍ਰਣਾਲੀ ਦੇ ਕ੍ਰਿਆਤਮਕ-ਕਰਮਾਂ ਦੀ ਸਾਂਭ ਤੇ ਸੰਭਾਲ ਲਈ ਕਈ ਕਿਸਮ ਦੀਆਂ ਨੀਤੀਆਂ ਦਾ ਪ੍ਰਚਲਣ ਚਲਦਾ ਆ ਰਿਹਾ ਹੈ। ਰਾਜਨੀਤੀ ਵੀ ਉਨ੍ਹਾਂ ਨੀਤੀਆਂ ਵਿਚੋਂ ਇੱਕ ਸ਼ਕਤੀਸ਼ਾਲੀ ਤੇ ਸਿਰਮੌਰ ਨੀਤੀ ਹੈ।"[20]

ਗਿਆਨ ਸਾਡੇ ਅੰਦਰ ਚਾਨਣ ਦਾ ਪਸਾਰਾ ਕਰਦਾ ਹੈ ਜਦਕਿ ਅਗਿਆਨ ਸਾਡੇ ਅੰਦਰ ਹਨੇਰਾ ਫੈਲਾਉਂਦਾ ਹੈ।"ਅੰਗਰੇਜ਼ੀ ਵਿਚ ਆਖਿਆ ਜਾਂਦਾ ਹੈ ਕਿ 'ਨਾਲਜ਼ ਇਜ਼ ਪਾਵਰ' ਗਿਆਨ ਸ਼ਕਤੀ ਹੈ।"[21]ਇਸ ਲਈ ਇੱਥੇ ਰਾਜਨੀਤਕ ਚੇਤਨਾ ਦਾ ਸੰਬੰਧ ਗਿਆਨ ਨਾਲ ਤੇ ਰਾਜਨੀਤਕ ਚੇਤਨਹੀਣਤਾ ਦਾ ਅਗਿਆਨ ਨਾਲ ਸੰਬੰਧ ਹੁੰਦਾ ਹੈ। ਕਿਸੇ ਦੇਸ਼ ਵਿਚ ਤਾਂ ਹੀ ਖੁਸ਼ਹਾਲੀ ਹੋਵੇਗੀ ਜੇਕਰ ਉੱਥੋਂ ਦੀ ਵਸੋਂ ਚੇਤੰਨ ਕਿਸਮ ਦੀ ਹੋਵੇਗੀ ਤੇ ਆਪਣੇ ਹੱਕਾਂ ਤੋਂ ਜਾਣੂ ਹੋਵੇਗੀ ਨਹੀਂ ਤਾਂ ਸੱਤਾ ਦੁਆਰਾ ਸਮਾਜ ਵਿਚ ਅਰਾਜਕਤਾ ਨੂੰ ਫੈਲਾਇਆ ਜਾਂਦਾ ਰਹੇਗਾ।

ਨਾਵਲ 'ਮੈਂ ਇੱਕ ਪੰਧ ਹਾਂ' ਵਿਚ ਵੀ ਅਜਿਹੀ ਰਾਜਨੀਤਕ ਚੇਤਨਾ ਦੇ ਪੱਖ ਨੂੰ ਉਭਾਰਿਆ ਗਿਆ ਹੈ। ਸਿਆਸੀ ਚੇਤਨਹੀਣਤਾ ਵਿਅਕਤੀ ਨੂੰ ਸਹੀ ਗ਼ਲਤ ਦੀ ਪਹਿਚਾਣ ਨਹੀਂ ਹੋਣ ਦਿੰਦੀ ਤੇ ਜਦੋਂ ਨੇਤਾਗਿਰੀ ਵਿਚ ਇਸ ਕਿਸਮ ਦਾ ਕੁਚੱਜ ਆ ਜਾਂਦਾ ਹੈ ਤਾਂ ਉਸ ਦਾ ਹਰਜਾਨਾ ਹਮੇਸ਼ਾ ਲੋਕਾਈ ਨੂੰ ਹੀ ਭਰਨਾ ਪੈਂਦਾ ਰਿਹਾ ਹੈ। ਸਾਰਥੀ ਆਪਣੀ ਨੌਕਰੀ ਦੌਰਾਨ ਪੂਰਨ ਸਿੰਘ ਦੇ ਘਰ ਰਹਿੰਦਾ ਸੀ ਜਿਸ ਦੀਆਂ ਦੋਨੋਂ ਧੀਆਂ ਦੇਸ਼ ਵੰਡ ਦੇ ਹਾਦਸੇ ਦੀ ਬਲੀ ਚੜ੍ਹ ਗਈਆਂ। ਇਸ ਦੁਖਦਾਈ ਘਟਨਾ ਤੋਂ ਬਾਅਦ ਉਹ ਹਮੇਸ਼ਾ ਆਪਣੇ-ਆਪ ਵਿਚ ਗੁਆਚਿਆ ਰਹਿੰਦਾ ਤੇ ਸਾਰਥੀ ਉਸ ਨੂੰ ਸਮਝਾਉਂਦਾ ਹੋਇਆ ਆਖਦਾ

> "ਵੇਖ ਬਾਈ ਪੂਰਨ ਸਿੰਘ ਆਪਣੇ ਮੁਲਕ 'ਚ ਕਟਾ-ਵੱਢੀ ਤਾਂ ਸਿਆਸੀ ਇੱਲਤ ਸੀ। ਅੰਗਰੇਜ਼ ਜਿਨ੍ਹਾਂ ਤੇ ਗਾਂਧੀ ਜੀ ਤੋਂ ਸਿਆਸੀ ਇੱਲਤਾਂ ਕਰਵਾ ਗਏ ਤੇ ਇਸ ਖ਼ਿੱਤੇ ਦੇ ਨੇਤਾਗਣ ਸਿਆਸੀ ਇੱਲਤਾਂ ਦਾ ਸ਼ਿਕਾਰ ਹੁੰਦੇ ਹੁੰਦੇ ਆਪਣੇ ਲੋਕਾਂ ਦਾ ਵੀ ਸਿਆਸੀ ਇੱਲਤਾਂ ਨਾਲ ਬੁਰਾ ਹਾਲ ਕਰਵਾ ਗਏ। ਪੂਰਨ ਸਿੰਹਾ ਇੱਕ ਪੰਜਾਬ ਦੇ ਦੋ ਹਿੱਸੇ ਹੋ ਜਾਣਾ ਸਿਆਸੀ ਇੱਲਤ ਹੈ।"[22]

**OM PARKASH GASSO DE NAVALAN VICH SAMAAJ-SABHYACHARAK ATE RAJNITAK CHETNA**

ਰਾਜਨੀਤਕ ਤੌਰ ਤੇ ਜੇਕਰ ਮਨੁੱਖਤਾ ਵਿਚ ਚੇਤਨਹੀਣਤਾ ਹੁੰਦੀ ਹੈ ਤਾਂ ਉਸ ਸਮੇਂ ਉਨ੍ਹਾਂ ਦੁਆਰਾ ਕੀਤੀ ਮਿਹਨਤ ਦੇ ਵੀ ਅਰਥ ਬੇਅਰਥ ਹੋਣ ਲਗਦੇ ਹਨ। ਸਾਰਥੀ ਸੱਤਾ ਕਰ ਕੇ ਸਮਾਜ ਵਿਚ ਆਈ ਗਿਰਾਵਟ ਦੇ ਬਾਰੇ ਚਰਚਾ ਕਰਦਾ ਹੋਇਆ ਪਾਲੀ ਨੂੰ ਆਖਦਾ ਹੈ ਕਿ

> "ਮਾਸਟਰ ਪਾਲੀ ਮੈਨੂੰ ਮੇਰੇ ਬਚਪਨ ਦੀਆਂ ਔਖੀਆਂ ਅਤੇ ਸੌਖੀਆਂ ਘੜੀਆਂ ਦੇ ਸਮੇਂ ਦੀਆਂ ਯਾਦਾਂ ਅੱਜ ਵੀ ਜਦੋਂ ਸਾਫ਼-ਸਾਫ਼ ਸ਼ਕਲਾਂ ਵਿਚ ਵਿਖਾਈ ਦੇਣ ਲਗਦੀਆਂ ਹਨ ਤਾਂ ਮਹਿਸੂਸ ਹੁੰਦਾ ਹੈ ਕਿ ਜਿਵੇਂ ਮਜਬੂਰੀਆਂ ਦੀ ਹੱਥਕੜੀ ਵਿਚ ਜਕੜੀ ਲੋਕਾਈ ਨੂੰ ਆਜ਼ਾਦ ਹੋਣ ਲਈ ਲਹਿਰ ਬਣ ਜਾਣਾ ਚਾਹੀਦਾ ਸੀ। ਲੋਕ ਸਾਜਰੇ ਉੱਠਦੇ ਤੇ ਫੇਰ ਰਾਤ ਤੱਕ ਮਿਹਨਤੀ ਬਣ ਕੇ ਕੰਮ ਕਾਰ ਕਰੀ ਜਾਂਦੇ। ਰਾਤ ਆਉਂਦੀ ਥੱਕੇ ਟੁੱਟੇ ਸਰੀਰ ਇੰਝ ਸੌਂ ਜਾਂਦੇ ਜਿਵੇਂ ਉਨ੍ਹਾਂ ਦੀ ਕਿਸਮਤ ਵੀ ਉਨ੍ਹਾਂ ਨਾਲ ਹੀ ਸੌਂ ਜਾਂਦੀ ਹੋਵੇ।"[23]

ਇੱਥੇ ਮਿਹਨਤੀ ਕਾਮਿਆਂ ਦੀ ਕਿਸਮਤ ਸੌਂ ਜਾਣ ਦਾ ਸੰਬੰਧ ਉਨ੍ਹਾਂ ਦੀ ਸੁੱਤੀ ਪਈ ਚੇਤਨਾ ਨਾਲ ਜਾ ਜੁੜਦਾ ਹੈ ਕਿਉਂਕਿ ਸੁੱਤੀ ਹੋਈ ਚੇਤਨਾ ਕਰਕੇ ਸਿਆਸਤ ਉਨ੍ਹਾਂ ਨੂੰ ਹਮੇਸ਼ਾਂ ਧੌਖੇ ਵਿਚ ਰੱਖਦੀ ਹੈ ਬਲਕਿ ਇਸ ਉਲਟ ਜਾਗ੍ਰਿਤ ਹੋਈ "ਚੇਤਨਾ ਨਾ ਖ਼ੁਦ ਧੋਖੇ ਵਿਚ ਰਹਿੰਦੀ ਹੈ ਤੇ ਨਾ ਹੀ ਆਪਣੇ ਸੰਪਰਕ ਵਿਚ ਆਉਣ ਵਾਲੇ ਆਲੇ-ਦੁਆਲੇ ਨੂੰ ਧੋਖੇ ਵਿਚ ਰੱਖਦੀ ਹੈ।"[24]

ਪਰ ਅੱਜ ਕੱਲ੍ਹ ਅਸੀਂ ਦੇਖਦੇ ਹਾਂ ਕਿ ਸਿਆਸਤ ਦੇ ਵਿਚ ਧੋਖੇਧਾਰੀਆਂ ਵਧਦੀਆਂ ਜਾਂ ਰਹੀਆਂ ਹਨ। ਜਿਸ ਦਾ ਸਮਾਜ ਉੱਪਰ ਬੁਰਾ ਪ੍ਰਭਾਵ ਪੈ ਰਿਹਾ ਹੈ। ਇਸ ਦੇ ਪਿੱਛੇ ਸਭ ਤੋਂ ਵੱਡਾ ਕਾਰਨ ਲੋਕਾਂ ਅੰਦਰ ਰਾਜਨੀਤਕ ਚੇਤਨਾ ਦੀ ਘਾਟ ਹੈ। ਅੱਜ ਕੱਲ੍ਹ ਦੀ ਪੀੜ੍ਹੀ ਨੇ ਕਲਾ ਦੇ ਵੀ ਵੱਖਰੇ ਹੀ ਅਰਥ ਕੱਢ ਲਏ ਹਨ ਜਦਕਿ ਕਲਾ ਦਾ ਮੰਤਵ ਤਾਂ ਸਮਾਜ ਨੂੰ ਸੇਧ ਦੇਣਾ ਹੁੰਦਾ ਹੈ। ਪਾਲੀ ਦਾ ਪੁੱਤਰ ਦਿਨੇਸ਼ ਆਪਣੀ ਕਲਾ ਨੂੰ ਸਿਰਫ਼ ਕਮਾਈ ਦਾ ਹੀ ਸਾਧਨ ਮੰਨਦਾ ਹੈ ਤੇ ਪਾਲੀ ਦੁਆਰਾ ਉਸ ਦੀ ਇਸ ਸੋਚ ਦੀ ਤਾੜਨਾ ਕੀਤੀ ਜਾਂਦੀ ਹੈ,

> "ਕੀ ਤੂੰ ਜਾਣਦਾ ਹੈ ਕਿ ਅਸਾਡੇ ਇਸ ਮੁਲਕ ਦੀ ਸਿਆਸਤ ਦਾ ਸਿਲੇਬਸ ਕੀ ਹੈ? ਕੀ ਤੈਨੂੰ ਪਤਾ ਹੈ ਕਿ ਇਸ ਧਰਤੀ ਉੱਤੇ ਸਾਮਰਾਜਵਾਦੀ-ਸੰਸਕ੍ਰਿਤੀ ਸਮਾਜਿਕ-ਵਿਵਹਾਰ ਨੂੰ ਕਿਵੇਂ ਬਿਮਾਰ ਕਰ ਰਹੀ ਹੈ? ਕੀ ਤੈਨੂੰ ਪਤਾ ਹੈ ਕਿ ਆਰਥਿਕ ਅਰਾਜਕਤਾ ਨੇ ਇਸ ਧਰਤੀ ਉੱਤੇ ਵੱਸਦੇ ਕਰੋੜਾਂ ਲੋਕਾਂ ਦੇ ਸਾਹ ਸੂਤੇ ਹੋਏ ਹਨ? ਇਸ ਖ਼ਤ ਨੂੰ ਮੈਂ ਨਹੀਂ ਲਿਖ ਰਿਹਾ ਸਗੋਂ ਇਸ ਖ਼ਤ ਵਿਚ ਸਮਾਂ ਬੋਲ ਰਿਹਾ ਹੈ। ਇਸ ਖ਼ਤ ਨੂੰ ਸਮਾਂ ਹੀ ਮੈਥੋਂ ਲਿਖਵਾ ਰਿਹਾ ਹੈ। ਪਾਕਿਸਤਾਨ ਅਤੇ ਹਿੰਦੁਸਤਾਨ ਦੀ ਸਿਆਸਤ ਜਿਵੇਂ ਆਪਣੇ ਲੋਕਾਂ ਲਈ, ਸੰਪਰਦਾਇਕ ਸੰਕੀਰਣਤਾ, ਘ੍ਰਿਣਾ, ਵੈਰ-ਵਿਰੋਧ, ਲੜਾਈ, ਮਾਰ-ਕਾਟ, ਬਦਅਮਨੀ, ਬਦਹਾਲੀ, ਬਦਕਾਰੀ ਅਤੇ ਬਕਵਾਸ ਕਿਸਮ ਦੇ ਭਵਿੱਖ ਨੂੰ ਪੈਦਾ ਕਰ ਰਹੀ ਹੈ। ਉਸ ਤਰ੍ਹਾਂ ਹੀ ਸੰਸਾਰ ਦੀਆਂ ਸੱਤਾਵਾਦੀ ਸਰਕਾਰਾਂ ਗ਼ਰੀਬ

> ਮੁਲਕਾਂ ਦਾ ਭਵਿੱਖ ਬਣਾ ਰਹੀਆਂ ਹਨ। ਦਲਿਤ ਵਰਗ ਹੀ ਨਹੀਂ ਹੁੰਦੇ ਮੁਲਕ ਵੀ ਦਲਿਤ ਹੁੰਦੇ ਹਨ।"[25]

ਸਿੱਖਿਆ ਸਿੱਧਾ ਸੰਬੰਧ ਗਿਆਨ ਨਾਲ ਹੁੰਦਾ ਹੈ ਅਤੇ ਇਹੀ ਗਿਆਨ ਮਨੁੱਖ ਅੰਦਰ ਚੇਤਨਾ ਨੂੰ ਜਾਗ੍ਰਿਤੀ ਕਰਦਾ ਹੈ। ਪਾਲੀ ਅੰਦਰ ਸਾਰਥੀ ਦੁਆਰਾ ਕਿਤਾਬਾਂ ਪੜ੍ਹਨ ਦੀ ਜਗਾਈ ਹੋਈ ਲਾਟ ਨੇ ਉਸ ਨੂੰ ਮਹਾਨ ਵਿਚਾਰਧਾਰਾ ਦਾ ਧਾਰਨੀ ਬਣਾ ਦਿੱਤਾ ਸੀ ਤੇ ਜਿਸ ਨੇ ਸਮਾਜ ਵਿਚ ਵਾਪਰ ਰਹੇ ਸਹੀ ਅਤੇ ਗ਼ਲਤ ਗੱਲਾਂ ਦੀ ਪਰਖ ਆ ਗਈ ਸੀ।

> "ਮੈਨੂੰ ਮੇਰੀ ਅੱਜ ਦੀ ਪੜ੍ਹਾਈ ਸੁਚੇਤ ਕਰਦੀ ਰਹਿੰਦੀ ਹੈ ਕਿ ਜਿਹੜੀਆਂ ਕੌਮਾਂ ਸੰਵੇਦਨਸ਼ੀਲ ਅਤੇ ਚੇਤਨ ਨਹੀਂ ਹੁੰਦੀਆਂ ਉਹ ਨਰਕ ਬਣਦੀਆਂ ਰਹਿੰਦੀਆਂ ਹਨ। ਭਾਰਤ ਅਤੇ ਪਾਕਿਸਤਾਨ ਨਾ ਹੀ ਸੰਵੇਦਨਸ਼ੀਲ ਹਨ ਅਤੇ ਨਾ ਹੀ ਚੇਤਨ। ਇਸ ਲਈ ਇਹ ਦਿਨ ਪ੍ਰਤੀ ਦਿਨ ਨਰਕ ਬਣਦੇ ਜਾ ਰਹੇ ਹਨ। ਵਿਸ਼ਵ ਦੇ ਸੱਤਾਧਾਰੀਆਂ ਨੂੰ ਇਹਨਾਂ ਦੇ ਨਰਕ ਬਣਦੇ ਜਾਣ ਨਾਲ ਲਾਭ ਮਿਲ ਰਿਹਾ ਹੈ।"[26]

ਜਨਤਾ ਦੀ ਇਸੇ ਅਗਿਆਨਤਾ ਦਾ ਸੱਤਾਧਾਰੀ ਲੀਡਰਾਂ ਦੇ ਦੁਆਰਾ ਫ਼ਾਇਦਾ ਉਠਾਇਆਂ ਜਾਂਦਾ ਹੈ ਅਤੇ ਉਨ੍ਹਾਂ ਨੂੰ ਕੁਰਾਹੇ ਪਾ ਦਿੱਤਾ ਜਾਂਦਾ ਹੈ। ਜਿਸ ਨਾਲ ਉਹ ਆਪਣੇ ਜੀਵਨ ਦੇ ਸਹੀ ਅਰਥਾਂ ਨੂੰ ਪਹਿਚਾਣ ਹੀ ਨਹੀਂ ਪਾਉਂਦੇ।

ਰਾਜਨੀਤਕ ਚੇਤਨਾ ਉਸ ਨੂੰ ਕਿਹਾ ਜਾਂਦਾ ਜੋ ਕਿ ਵਿਅਕਤੀ ਅੰਦਰ ਆਪਣੇ ਦੇਸ਼ ਦੇ ਲਈ ਕੁੱਝ ਨਾ ਕੁੱਝ ਕਰਨ ਦੇ ਲਈ ਤਤਪਰ ਰਹਿੰਦੀ ਹੈ। ਇੱਕ ਦਿਨ ਬਾਬੇ ਪਾਲੀ ਨੂੰ ਰਾਤ ਨੂੰ ਸੁੱਤਿਆਂ ਪਏ ਸਾਰਥੀ ਦੀ ਇਹ ਗੱਲ ਯਾਦ ਆਉਂਦੀ ਹੈ ਕਿ

> "ਆਠਾਰਾ ਵਰ੍ਹਿਆਂ ਦਾ 'ਕਰਤਾਰ ਸਿੰਘ ਸਰਾਭਾ' ਕਿੰਨਾ ਦਲੇਰ ਸੀ, ਜਿਸ ਦੀ ਦਲੇਰੀ ਨੇ ਵਿਸ਼ਵ ਪੱਧਰ ਦੇ ਸ਼ਕਤੀਸ਼ਾਲੀ ਅੰਗਰੇਜ਼ ਸਾਮਰਾਜ ਨੂੰ ਹਿਲਾ ਦਿੱਤਾ।"[27]

ਪਾਲੀ ਸੋਚ ਰਿਹਾ ਸੀ ਕਿ ਇਹ ਕਰਤਾਰ ਸਿੰਘ ਸਰਾਭਾ ਦੀ ਰਾਜਨੀਤਕ ਚੇਤਨਾ ਹੀ ਸੀ ਜਿਸ ਨੇ ਉਸ ਨੂੰ ਆਠਾਰਾ ਸਾਲ ਦੀ ਉਮਰ ਵਿਚ ਹੀ ਜ਼ੁਲਮੀ ਅੰਗਰੇਜ਼ ਸਾਮਰਾਜ ਦੇ ਖ਼ਿਲਾਫ਼ ਖੜ੍ਹਾ ਕਰ ਦਿੱਤਾ ਸੀ ਤੇ ਉਸ ਨੂੰ ਆਪਣੇ ਜੀਵਨ ਦੇ ਆਖ਼ਰੀ ਦੋ ਘੰਟਿਆਂ ਦੌਰਾਨ ਜਿਹੜੀ ਕਵਿਤਾ ਲਿਖੀ ਸੀ:-

"ਜੋ ਕੋਈ ਪੂਛੇ ਕੌਣ ਹੋ ਤੁਮ,
ਤੋਂ ਕਹਿ ਦੋ ਬਾਗ਼ੀ ਨਾਮ ਹਮਾਰਾ।
ਜ਼ੁਲਮ ਮਿਟਾਨਾ ਹਮਾਰਾ ਪੇਸ਼ਾ,
ਗਦਰ ਕੋ ਕਰਨਾ ਹੈ ਕਾਮ ਆਪਣਾ।
ਪਾਠ ਪੂਜਾ ਯਹ ਹੀ ਹਮਾਰੀ,

ਯਹ ਹੀ ਖ਼ੁਦਾ ਔਰ ਰਾਮ ਆਪਣਾ।"[28]

ਸਰਾਭੇ ਦੀਆਂ ਇਹਨਾਂ ਸਤਰਾਂ ਰਾਹੀਂ ਉਸ ਦੀ ਉੱਚ-ਵਿਚਾਰਧਾਰਾ ਉੱਭਰ ਕੇ ਸਾਹਮਣੇ ਆਉਂਦੀ ਹੈ ਕਿ ਉਨ੍ਹਾਂ ਦੇ ਲਈ ਜੀਵਨ ਦਾ ਇੱਕੋ-ਇੱਕ ਉਦੇਸ਼ ਜ਼ੁਲਮ ਦੇ ਖ਼ਾਤਮੇ ਦੇ ਲਈ ਉਹ ਆਪਣਾ-ਆਪ ਵੀ ਕੁਰਬਾਨ ਕਰਨ ਲਈ ਤਿਆਰ ਸੀ। ਇਹਨਾਂ ਗੱਲਾਂ ਬਾਰੇ ਸੋਚਦਾ-ਸੋਚਦਾ ਪਾਲੀ ਆਪਣੇ ਪੁੱਤਰ ਦਿਨੇਸ਼ ਦੀਆਂ ਕਵਿਤਾਵਾਂ ਨੂੰ ਪੜ੍ਹਦਾ ਹੋਇਆ ਸੋਚਦਾ ਹੈ ਕਿ ਕਿੱਥੇ ਕਰਤਾਰ ਸਿੰਘ ਸਰਾਭਾ ਦੀ ਰਾਜਨੀਤਕ ਚੇਤਨਾ ਜੋ ਕਿ ਦੇਸ਼ ਦੇ ਲਈ ਮਰ-ਮਿਟਣ ਲਈ ਵੀ ਤਿਆਰ ਸੀ ਅਤੇ ਕਿੱਥੇ ਉਸ ਦੇ ਪੁੱਤਰ ਦੀਆਂ ਰੁਮਾਂਸਵਾਦੀ ਕਵਿਤਾਵਾਂ ਦੇਸ਼ ਦੇ ਨੌਜਵਾਨਾਂ ਨੂੰ ਕਿਸੇ ਪ੍ਰਕਾਰ ਦੀ ਸੇਧ ਦੇਣ ਦੇ ਕਾਬਿਲ ਨਹੀਂ।

ਰਾਜਨੀਤਕ ਚੇਤਨਹੀਣਤਾ ਵਿਅਕਤੀ ਦੇ ਜੀਵਨ ਵਿਚ ਹਨੇਰੇ ਦਾ ਪ੍ਰਸਾਰ ਕਰਦੀ ਹੈ। ਜੀਵਨ ਦੇ ਅਸਲੀ ਮੁੱਲਾਂ ਤੋਂ ਦੂਰ ਕਰਦੀ ਰਹਿੰਦੀ ਹੈ। ਨਾਵਲ 'ਮੈਂ ਇੱਕ ਪੰਧ ਹਾਂ' ਵਿਚ ਜਗਜੀਤ ਮਾਸਟਰ ਪਾਲੀ ਨੂੰ ਦੱਸਦੀ ਹੈ ਕਿ

> "ਮਾਸਟਰ ਜੀ ਸਿਆਸਤ ਨੇ ਤੇਜਪਾਲ ਵਰਗੇ ਸੰਵੇਦਨਸ਼ੀਲ ਬੰਦੇ ਮਨ ਨੂੰ ਵੀ ਸ਼ੈਤਾਨ ਬਣਾ ਦਿੱਤਾ ਹੈ। ਆਪਣੇ ਮੁਲਕ ਦੇ ਸਿਆਸੀ ਢਾਂਚੇ ਨੂੰ ਅਾਂਤ ਆਖਿਆ ਜਾ ਸਕਦਾ ਹੈ।"[29]

ਰਾਜਨੀਤਕ ਚੇਤਨਾ ਤੋਂ ਸੱਖਣਾ ਵਿਅਕਤੀ ਭਟਕਣਾ ਦਾ ਸ਼ਿਕਾਰ ਹੁੰਦਾ ਰਹਿੰਦਾ ਹੈ। ਜਗਜੀਤ ਆਪਣੇ ਮਾਸਟਰ ਰਹਿ ਚੁੱਕੇ ਪਾਲੀ ਨੂੰ ਦੱਸਦੀ ਹੈ ਕਿ

> "ਮਾਸਟਰ ਜੀ ਲਗਾਤਾਰ ਪਿਛਲੇ ਛੇ-ਸੱਤ ਦਹਾਕਿਆਂ ਤੋਂ ਆਪਣੇ ਮੁਲਕ ਵਿਚਲੀਆਂ ਚੋਣਾਂ ਸਿਧਾਂਤ, ਸੰਕਲਪ ਅਤੇ ਸਿਦਕ ਤੋਂ ਸੱਖਣੀਆਂ ਹਨ। ਸਿਧਾਂਤ, ਸੰਕਲਪ ਅਤੇ ਸਿਦਕ ਤੋਂ ਸੱਖਣੇ ਲੋਕ-ਤੰਤਰ ਕੋਲ ਲੋਕ-ਦਰਦ ਨੂੰ ਮਿਟਾਉਣ ਦੀ ਭਾਵਨਾ ਨਹੀਂ ਹੁੰਦੀ। ਲੋਕ-ਭਾਵਨਾ 'ਚ ਜਨਮਿਆ ਲੋਕ-ਤੰਤਰ ਹੀ ਸੁਖਦਾਈ ਹੁੰਦਾ ਹੈ ਨਹੀਂ ਤਾਂ ਇਸ ਨੂੰ ਕੇਵਲ ਵੋਟਾਂ ਦਾ ਰੌਲਾ ਹੀ ਕਿਹਾ ਸਕਦਾ ਹੈ। ਮਾਸਟਰ ਜੀ ਲੋਕ-ਭਾਵਨਾਵਾਂ ਨੂੰ ਭਟਕਣ ਵਿਚ ਉਲਝਾਈ ਰੱਖਣ ਵਾਲੀ ਰਾਜਨੀਤੀ ਉਲਝੇ ਹੋਏ ਭਵਿੱਖ ਨੂੰ ਪੈਦਾ ਕਰਦੀ ਰਹਿੰਦੀ ਹੈ।"[30]ਜਦਕਿ :-

- "ਰਾਜਨੀਤੀ ਨੂੰ ਤਾਂ ਸਮਾਜਿਕ, ਸਾਂਸਕ੍ਰਿਤਿਕ ਅਤੇ ਆਰਥਿਕ ਪ੍ਰਬੰਧ ਲਈ ਪ੍ਰਤਿੱਗਿਆ ਹੋਣਾ ਚਾਹੀਦਾ ਹੈ।
- ਰਾਜਨੀਤੀ ਨੂੰ ਗੁਰੂ ਰੂਪ ਵਾਂਗ ਕ੍ਰਿਆਸ਼ੀਲ ਬਣੇ ਰਹਿਣਾ ਚਾਹੀਦਾ ਹੈ।
- ਰਾਜਨੀਤੀ ਨੂੰ ਤਾਂ ਪਾਰਦਰਸ਼ੀ ਬਣੇ ਰਹਿਣਾ ਚਾਹੀਦਾ ਹੈ।
- ਰਾਜਨੀਤੀ ਨੂੰ ਤਾਂ ਸਦਭਾਵਨਾ ਅਤੇ ਸਹਿਯੋਗੀ ਸਰੂਪ ਗ੍ਰਹਿਣ ਕਰਦੇ ਰਹਿਣਾ ਚਾਹੀਦਾ ਹੈ।
- ਰਾਜਨੀਤੀ ਨੂੰ ਤਾਂ ਨੈਤਿਕ-ਸ਼ੁੱਧਤਾ ਲਈ ਬਚਨਬੱਧ ਬਣੇ ਰਹਿਣਾ ਚਾਹੀਦਾ ਹੈ।"[31]

ਜੀਤੀ ਦੀਆਂ ਅਜਿਹੀਆਂ ਸਿਆਣੀਆਂ ਤੇ ਸੂਝ ਭਰਪੂਰ ਗੱਲਾਂ ਨੂੰ ਸੁਣ ਕੇ ਪਾਲੀ ਹੈਰਾਨ ਸੀ ਕਿ ਕਿੱਥੇ ਚੌਥੀ ਜਮਾਤ ਵਿਚ ਪੜ੍ਹਨ ਵਾਲੀ ਉਹ ਨਾਦਾਨ ਜਿਹੀ ਕੁੜੀ ਤੇ ਕਿੱਥੇ ਇਹ ਉੱਚ ਵਿਚਾਰਧਾਰਾ ਦੀ ਧਾਰਨੀ ਜਿਸ ਨੂੰ

ਸਮਾਜ ਵਿਚ ਵਾਪਰ ਰਹੇ ਸਭ ਹਾਦਸਿਆਂ ਦੀ ਜਾਣਕਾਰੀ ਹੈ ਤੇ ਅੱਜ ਉਹ ਆਪਣੇ ਮਾਸਟਰ ਨਾਲ ਇਸ ਵਿਚਾਰਧਾਰਾ ਨੂੰ ਸਾਂਝੀ ਕਰ ਰਹੀ ਹੈ। ਉਹ ਮਾਸਟਰ ਜੀ ਨੂੰ ਆਪਣੀ ਇਸ ਚੇਤਨਤਾ ਦੀ ਸੂਝ ਬਾਰੇ ਦੱਸਦੀ ਆਖਦੀ ਹੈ ਕਿ

> "ਮਾਸਟਰ ਜੀ ਤੁਹਾਨੂੰ ਤਾਂ ਪਤਾ ਨਹੀਂ ਹੋਣਾ ਕਿ ਤੁਸੀਂ ਜਿਹੜੀ ਤੁਸੀਂ ਆਪਣੇ ਸੈਂਤੀ ਵਰ੍ਹਿਆਂ ਦੇ ਅਧਿਆਪਨ ਕਾਲ ਵਿਚ ਅਲੀਪੁਰ ਦੀਆਂ ਕਈ ਪੀੜ੍ਹੀਆਂ ਦੇ ਸੰਸਕਾਰਾਂ ਵਿਚ ਪੜ੍ਹਨ ਦੀ ਰੁਚੀ ਪੈਦਾ ਕਰਦੇ ਰਹੇ। ਉਹ ਰੁਚੀ ਪ੍ਰਫੁੱਲਿਤ ਹੋ ਕੇ ਕਿੱਥੇ ਤੱਕ ਪੁੱਜ ਗਈ ਹੈ? ਅਲੀਪੁਰ ਦੇ ਪ੍ਰਾਇਮਰੀ ਸਕੂਲ ਦੇ ਸੈਂਕੜੇ ਵਿਦਿਆਰਥੀਆਂ ਨੂੰ ਪੜ੍ਹਨ ਦੀ ਲਗਨ ਨੇ ਅੱਜ ਕੱਲ੍ਹ ਉਨ੍ਹਾਂ ਨੂੰ ਡਾਕਟਰ, ਪ੍ਰੋਫ਼ੈਸਰ, ਵਿਦਵਾਨ, ਕਲਾਕਾਰ, ਮੁਲਾਜ਼ਮ, ਸਿਆਣੇ, ਸਫਲ ਵਿਉਪਾਰੀ ਅਤੇ ਸੰਜਮੀ ਬਣਾਇਆਂ ਹੋਇਆਂ ਹੈ। ਮੇਰੀ ਤੁਹਾਡੇ ਦੁਆਰਾ ਪ੍ਰਦਾਨ ਕੀਤੀ ਲਗਨ ਨੇ ਮੈਨੂੰ ਪੀ. ਐੱਚ. ਡੀ. ਕਰਵਾਈ ਹੈ।"[32]

ਇੰਝ ਰਾਜਨੀਤਕ ਚੇਤਨਾ ਦਾ ਧਾਰਨੀ ਵਿਅਕਤੀ ਹੀ ਸਮਾਜ ਨੂੰ ਰਾਜਨੀਤਕ ਕਦਰਾਂ-ਕੀਮਤਾਂ ਬਾਰੇ ਸਹੀ ਸੂਝ ਜਾਂ ਸਮਝ ਦੇ ਸਕਦਾ ਹੈ ਨਹੀਂ ਤਾਂ ਰਾਜਨੀਤਕ ਚੇਤਨਹੀਣਤਾ ਵਾਲੇ ਸਮਾਜ ਨੂੰ ਸਿਆਸਤ ਦੀ ਸ਼ੈਤਾਨੀਅਤ ਆਪਣੇ ਹੀ ਹਿੱਤਾਂ ਦੀ ਪੂਰਤੀ ਦੇ ਲਈ ਵਰਤਦੀ ਰਹਿੰਦੀ ਹੈ।

ਰਾਜਨੀਤਕ ਚੇਤਨਾ ਮਨੁੱਖਤਾ ਦੇ ਅੰਦਰ ਰਾਜਨੀਤਕ ਜੀਵਨ ਵਿਚ ਆ ਰਹੇ ਬਦਲਾਵਾਂ ਦੇ ਸੰਬੰਧੀ ਸਵਾਲਾਂ ਨੂੰ ਜਨਮ ਦਿੰਦੀ ਰਹਿੰਦੀ ਹੈ ਕਿ:-

- "ਕੀ ਆਪਣੇ ਇਸ ਦੇਸ਼ ਵਿਚ ਸਾਰੇ ਲੋਕਾਂ ਦੀਆਂ ਮੁੱਢਲੀਆਂ ਲੋੜਾਂ ਦੀ ਪੂਰਤੀ ਹੋ ਰਹੀ ਹੈ?
- ਕੀ ਆਪਣੇ ਇਸ ਦੇਸ਼ ਦੇ ਲੋਕਾਂ ਦਾ ਭਵਿੱਖ ਸੁਰੱਖਿਅਤ ਹੈ?
- ਕੀ ਇੱਥੇ ਹਰ ਇੱਕ ਮਨੁੱਖ, ਮਨੁੱਖ ਵਾਂਗ ਜ਼ਿੰਦਗੀ ਬਤੀਤ ਕਰ ਰਿਹਾ ਹੈ?
- ਕੀ ਅਸੀਂ ਸੰਤੁਲਿਤ ਜੀਵਨ ਵਿਵਹਾਰ ਦੀ ਸਿਖਰ ਵੱਲ ਪੁਲਾਂਘ ਪੁੱਟ ਰਹੇ ਹਾਂ?
- ਕੀ ਏਥੇ ਸੰਭਾਵਨਾਵਾਂ ਦੀ ਗੁਣਾਤਮਿਕਤਾ ਵਿਚ ਤਰੱਕੀ ਹੋਈ ਹੈ?"[33]

ਜਨਤਾ ਅੰਦਰ ਰਾਜਨੀਤਕ ਚੇਤਨਾ ਦੀ ਘਾਟ ਕਾਰਨ ਹੀ ਰਾਜਨੀਤੀ ਅਗਿਆਨ ਅਤੇ ਅੰਧਕਾਰ ਦੀ ਪੈਰਵੀ ਕਰਨ ਲੱਗ ਪੈਂਦੀ ਹੈ ਤੇ ਲੋਕ-ਸ਼ਕਤੀਆਂ ਦੀ ਸਮਰੱਥਾ ਨੂੰ ਖੇਰੂੰ-ਖੇਰੂੰ ਕਰਨ ਲਗਦੀ ਹੈ। ਇਨ੍ਹਾਂ ਰਾਜਸੀ ਟੋਲਿਆਂ ਨਾਲ ਭਾਈਵਾਲ ਹੋਇਆ ਲਾਲਚੀ ਸਮੂਹ ਸੁਆਰਥੀ ਬਣ ਕੇ ਸਮਾਜ ਦੇ ਸਰੂਪ ਨੂੰ ਕਰੂਪ ਬਣਾਉਣਾ ਸ਼ੁਰੂ ਕਰ ਦਿੰਦਾ ਹੈ। ਚੇਤਨਾ ਦੀ ਘਾਟ ਕਰ ਕੇ ਰਾਜਸੀ ਜੁੰਡਲੀਆਂ ਲੋਕ-ਭਾਵਨਾਵਾਂ ਨੂੰ ਪੁੱਠੇ ਰਾਹਾਂ ਤੇ ਪਾਉਂਦੀਆਂ ਰਹਿੰਦੀਆਂ ਹਨ ਤੇ ਅਜਿਹੀ ਰਾਜਨੀਤੀ ਹਮੇਸ਼ਾ ਹੀ ਸਮਾਜ ਦੇ ਲਈ ਉਲਾਂਭਾ ਬਣੀ ਰਹਿੰਦੀ ਹੈ।

ਪਾਲੀ ਪਿੰਡ ਵਿਚਲੇ ਸਮਾਗਮ ਦੌਰਾਨ ਆਪਣੇ ਵਿਦਿਆਰਥੀਆਂ ਤੇ ਪਿੰਡ ਵਾਸੀਆਂ ਮੁਲਕ ਵਿਚਲੀ ਸਿਆਸਤ ਬਾਰੇ ਗੱਲਾਂ ਕਰਦਾ ਸੁਚੇਤ ਕਰ ਰਿਹਾ ਸੀ ਕਿ

> "ਅੱਜ ਆਪਣੇ ਮੁਲਕ ਦੀ ਸਿਆਸਤ ਆਪਣੇ ਮੁਲਕ ਨੂੰ ਅਗਿਆਨੀ ਬਣਾ ਰਹੀ ਹੈ। ਵੇਖੋ ਹੁਣੇ ਹੁਣੇ ਮੈਂ 'ਜੀਤੀ' ਤੋਂ ਅਜਮੇਰ ਸਿੰਘ ਵੱਲੋਂ ਅਲੀਪੁਰ ਦੇ ਨਾਂਅ ਲਿਖੀ ਚਿੱਠੀ ਲੈ ਕੇ ਛੇਤੀ ਪੜ੍ਹ ਰਿਹਾ ਸੀ। ਅਜਮੇਰ ਸਿੰਘ ਨੇ ਇੱਕ ਫ਼ਿਕਰਾ ਲਿਖਿਆ ਹੈ ਕਿ ਭਾਰਤ ਵਿਚ ਲੋਕ-ਤੰਤਰ ਤਾਂ ਹੈ ਪਰ ਇਹ ਲੋਕ-ਤੰਤਰ ਲੋਕਾਂ ਤੱਕ ਨਹੀਂ ਪੁੱਜ ਰਿਹਾ। ਵੇਖੋ ਨਾ ਭਾਈ ਸੱਜਣੋ ਇਸ ਵਾਕ ਦੀ ਵਿਆਖਿਆ ਕਰਦਿਆਂ ਭਾਰਤੀ ਲੋਕ-ਤੰਤਰ ਦੀ ਅਸਲੀਅਤ ਅਸਾਡੀਆਂ ਅੱਖਾਂ ਸਾਹਮਣੇ ਆ ਜਾਂਦੀ ਹੈ। ਲੋਕ-ਤਾਂਤਰਿਕਤਾ ਦੀ ਸੁਖਦਾਈ ਪ੍ਰਣਾਲੀ ਨੂੰ ਲੋਕਾਂ ਤੱਕ ਅਮੀਰ ਆਉਣ ਨਹੀਂ ਦਿੰਦੇ। ਅਮੀਰ ਅਤੇ ਸੱਤਾਵਾਦੀ ਅਦਾਰੇ ਲੋਕਾਈ ਨੂੰ ਵੰਨ-ਸੁਵੰਨੇ ਮੂਰਖ ਕਿਸਮ ਦੇ ਤਮਾਸ਼ਿਆਂ ਵਿਚ ਉਲਝਾਈ ਰੱਖਦੇ ਹਨ। ਆਹ ਟੀ. ਵੀ. ਤੇ ਫ਼ਿਲਮਾਂ ਮੂਰਖ ਤਮਾਸ਼ਾ ਨਹੀਂ ਤਾਂ ਹੋਰ ਕੀ ਹੈ?"[34]

ਸਮਾਜ ਵਿਚ ਲੋਕਾਂ ਅੰਦਰ ਆਈ ਰਾਜਨੀਤਕ ਚੇਤਨਾ ਦੀ ਘਾਟ ਸਿਆਸਤ ਲਈ ਹਮੇਸ਼ਾ ਹੀ ਫ਼ਾਇਦੇ ਮੰਦ ਬਣੀ ਰਹਿੰਦੀ ਹੈ। ਪਾਲੀ ਜੋ ਕਿ ਹੁਣ ਪਿੰਡ ਵਾਸੀਆਂ ਦੇ ਲਈ ਬਾਬਾ ਜੀ ਬਣ ਚੁੱਕਾ ਹੈ ਉਨ੍ਹਾਂ ਨੂੰ ਦੱਸਦਾ ਹੈ ਕਿ

> "ਬੜੀ ਸਾਫ਼ ਤੇ ਸਿੱਧੀ ਗੱਲ ਹੈ ਕਿ ਆਸਾਡੇ ਮੁਲਕ ਦੀ ਖ਼ੁਦਗਰਜ਼ ਸਿਆਸਤ ਨੂੰ ਬੇਸਮਝ ਸਮਾਜ ਦੀ ਜ਼ਰੂਰਤ ਹੈ। ਖ਼ੁਦਗਰਜ਼ ਸਿਆਸਤ ਕਿਸੇ ਨਾ ਕਿਸੇ ਢੰਗ ਨਾਲ ਅਸਾਡੇ ਆਪਣੇ ਇਸ ਮੁਲਕ ਦੇ ਸਭਿਆਚਾਰ ਨੂੰ ਮਾਨਸਿਕ-ਅਰਾਜਕਤਾ ਵਾਲਾ ਸਭਿਆਚਾਰ ਬਣਾ ਰਹੀ ਹੈ।"[35]

ਇਸ ਲਈ ਹੁਣ ਲੋਕਾਂ ਨੂੰ ਆਪਣੇ ਹੱਕਾਂ ਪ੍ਰਤੀ ਸੁਚੇਤ ਹੋ ਜਾਣਾ ਚਾਹੀਦਾ ਹੈ ਨਹੀਂ ਤਾਂ ਰਾਜਨੀਤੀ ਸਦਾ ਹੀ ਉਨ੍ਹਾਂ ਦੇ ਹਿੱਤਾਂ ਨੂੰ ਦਬਾਉਂਦੀ ਰਹੇਗੀ ਤੇ ਆਪਣਾ ਉੱਲੂ ਸਿੱਧਾ ਕਰਦੀ ਰਹੇਗੀ।

ਨਾਵਲ 'ਮੈਂ ਇੱਕ ਪੰਧ ਹਾਂ' ਵਿਚ ਉਨ੍ਹਾਂ ਪ੍ਰਸਥਿਤੀਆਂ ਦਾ ਵਰਣਨ ਕੀਤਾ ਗਿਆ ਹੈ ਕਿ ਜਦੋਂ ਸਮਾਜ ਵਿਚ ਰਹਿੰਦੇ ਹੋਏ ਲੋਕਾਂ ਅੰਦਰ ਨਿਪੁੰਸਕ ਕਿਸਮ ਦੀ ਸੋਚ ਆਉਣ ਲੱਗਦੀ ਹੈ ਤਾਂ ਸਿਆਸੀ ਸ਼ੈਤਾਨੀਅਤ ਲਈ ਅਜਿਹੀ ਸੋਚ ਹਿਤਕਾਰੀ ਬਣ ਬੈਠਦੀ ਹੈ ਤੇ ਰੱਜ ਕੇ ਲੋਕਾਂ ਦੀ ਲੁੱਟ-ਖਸੁੱਟ ਕਰਦੀ ਰਹਿੰਦੀ ਹੈ। ਲੋਕਾਂ ਵਿਚਲੀ ਚੇਤਨਾ ਦੀ ਘਾਟ ਹੀ ਅਜਿਹੀ ਸਥਿਤੀ ਪੈਦਾ ਕਰਨ ਲਈ ਹੀ ਜ਼ਿੰਮੇਵਾਰ ਹੁੰਦੀ ਹੈ। ਨਾਵਲ 'ਮੈਂ ਇੱਕ ਪੰਧ ਹਾਂ' ਵਿਚ ਪਿਛਲੇ ਕਈ ਦਹਾਕਿਆਂ ਤੋਂ ਸਿਆਸੀ ਕੁਚੱਜ ਦੁਆਰਾ ਮੁਲਕ ਦੇ ਭਵਿੱਖ ਨੂੰ ਕਿਵੇਂ ਗ਼ਲਤ ਰਾਹਾਂ ਵੱਲ ਲਿਜਾਇਆ ਜਾ ਰਿਹਾ ਹੈ ਦਾ ਜ਼ਿਕਰ ਕੀਤਾ ਗਿਆ ਹੈ ਕਿ ਕਿਵੇਂ ਸੱਤਾਵਾਦੀ ਸਿਆਸਤ ਲੋਕਾਂ ਦੇ ਹਿੱਤਾਂ ਨੂੰ ਅਣਡਿੱਠ ਕਰਦੀ ਹੈ ਤੇ ਵਿਚਾਰਹੀਣ ਕਿਸਮ ਦੇ ਸਮਾਜ ਨੂੰ ਪੈਦਾ ਕਰਦੀ ਹੈ। ਇਸ ਤਰ੍ਹਾਂ ਦੇ ਵਿਚਾਰਹੀਣ ਸਮਾਜ ਵਿਚ ਬੇਸੂਦ ਕਿਸਮ ਦੀ ਵਿਉਂਤ ਦਾ ਦਿਨ ਪ੍ਰਤੀ ਦਿਨ ਵਾਧਾ ਹੋ ਰਿਹਾ ਹੈ। ਇਸ ਪ੍ਰਕਾਰ ਦੀ ਵਿਚਾਰਹੀਣ ਸੋਚ ਨੂੰ ਕੇਵਲ ਚੇਤਨਾ ਦੇ ਰਾਹੀਂ ਹੀ ਬਦਲਿਆ ਜਾ ਸਕਦਾ ਹੈ ਤੇ ਸਮਾਜ ਨੂੰ ਰਾਜਨੀਤੀ ਪ੍ਰਤੀ ਸੁਚੇਤ ਕਰ ਕੇ ਸਹੀ ਸੇਧ ਦਿੱਤੀ ਜਾ ਸਕਦੀ ਹੈ।

## ਹਵਾਲੇ ਅਤੇ ਟਿੱਪਣੀਆਂ:-


1. ਡਾ. ਅਜੀਤ ਸਿੰਘ ਸ਼ਾਹੀ, ਨਾਵਲ ਅਤੇ ਰਾਜਨੀਤੀ, ਪੰਨਾ-9
2. ਉਹੀ ਪੰਨਾ-10
3. ਓਮ ਪ੍ਰਕਾਸ਼ ਗਾਸੋ, ਦਰਕਿਨਾਰ, ਪੰਨਾ-17
4. ਉਹੀ ਪੰਨਾ-18
5. ਉਹੀ ਪੰਨਾ-21
6. ਉਹੀ ਪੰਨਾ-22
7. ਉਹੀ
8. ਉਹੀ
9. ਓਮ ਪ੍ਰਕਾਸ਼ ਗਾਸੋ, ਸਾਂਸਕ੍ਰਿਤਿਕ ਚਿੰਤਨ, ਪੰਨਾ-8
10. ਓਮ ਪ੍ਰਕਾਸ਼ ਗਾਸੋ, ਦਰਕਿਨਾਰ, ਪੰਨਾ-25
11. ਉਹੀ, ਪੰਨਾ-27
12. ਉਹੀ, ਪੰਨਾ-36
13. ਉਹੀ, ਪੰਨਾ-98
14. ਉਹੀ, ਪੰਨਾ-76
15. ਉਹੀ, ਪੰਨਾ-79
16. ਉਹੀ, ਪੰਨਾ-90
17. ਉਹੀ, ਪੰਨਾ-91
18. ਉਹੀ, ਪੰਨਾ-98
19. ਉਹੀ, ਪੰਨਾ-99
20. ਓਮ ਪ੍ਰਕਾਸ਼ ਗਾਸੋ, ਸਾਹਿਤ, ਸਭਿਆਚਾਰ ਤੇ ਸੰਸਕ੍ਰਿਤੀ, ਪੰਨਾ-20
21. ਓਮ ਪ੍ਰਕਾਸ਼ ਗਾਸੋ, ਜ਼ਿੰਦਗੀ ਦੀ ਸੌਗਾਤ, ਪੰਨਾ-99
22. ਓਮ ਪ੍ਰਕਾਸ਼ ਗਾਸੋ, ਮੈਂ ਇੱਕ ਪੰਧ ਹਾਂ, ਪੰਨਾ-27
23. ਉਹੀ ਪੰਨਾ-30
24. ਓਮ ਪ੍ਰਕਾਸ਼ ਗਾਸੋ, ਜ਼ਿੰਦਗੀ ਦੀ ਸੌਗਾਤ, ਪੰਨਾ-56
25. ਓਮ ਪ੍ਰਕਾਸ਼ ਗਾਸੋ, ਮੈਂ ਇੱਕ ਪੰਧ ਹਾਂ, ਪੰਨਾ-62
26. ਉਹੀ ਪੰਨਾ-64

27. ਉਹੀ ਪੰਨਾ-76
28. ਉਹੀ ਪੰਨਾ-77
29. ਉਹੀ ਪੰਨਾ-89
30. ਉਹੀ
31. ਓਮ ਪ੍ਰਕਾਸ਼ ਗਾਸੋ, ਸਾਹਿਤ, ਸਭਿਆਚਾਰ ਤੇ ਸੰਸਕ੍ਰਿਤੀ, ਪੰਨਾ-78
32. ਉਹੀ ਪੰਨਾ-90
33. ਓਮ ਪ੍ਰਕਾਸ਼ ਗਾਸੋ, ਜ਼ਿੰਦਗੀ ਦੀ ਸੌਗਾਤ, ਪੰਨਾ-85
34. ਓਮ ਪ੍ਰਕਾਸ਼ ਗਾਸੋ, ਮੈਂ ਇੱਕ ਪੰਧ ਹਾਂ, ਪੰਨਾ-152
35. ਉਹੀ, ਪੰਨਾ-124

**OM PARKASH GASSO DE NAVALAN VICH SAMAAJ-SABHYACHARAK ATE RAJNITAK CHETNA**

# ਸਾਰਾਂਸ਼, ਸਥਾਪਨਾਵਾਂ ਅਤੇ ਸਿੱਟੇ

ਜੇਕਰ ਅਸੀਂ ਮਨੁੱਖੀ ਜੀਵਨ ਦੀ ਯਾਤਰਾ ਦੇ ਵਿਕਾਸ ਦੀ ਪ੍ਰਕਿਰਿਆ ਦੀ ਗੱਲ ਕਰੀਏ ਤਾਂ ਇਸ ਦਾ ਇਤਿਹਾਸ ਬਹੁਤ ਹੀ ਲੰਬਾ ਹੈ। ਮਨੁੱਖ ਆਪਣੀ ਚੇਤਨਾ ਸਦਕਾ ਹੀ ਕੁਦਰਤੀ ਵਸਤਾਂ ਨੂੰ ਆਪਣੇ ਅਨੁਸਾਰ ਢਾਲਣ ਦੀ ਸਮਰੱਥਾ ਰੱਖਣ ਵਾਲਾ ਜੀਵ ਹੈ। ਜਦਕਿ ਬਾਕੀ ਜੀਵ-ਜੰਤੂ ਪੂਰੀ ਤਰ੍ਹਾਂ ਦੇ ਨਾਲ ਕੁਦਰਤ ਦੀ ਰਹਿਮ ਤੇ ਹੀ ਨਿਰਭਰ ਰਹਿੰਦੇ ਹਨ। ਇੱਥੇ ਆ ਕੇ ਅਸੀਂ ਕਹਿ ਸਕਦੇ ਹਾਂ ਕਿ ਮਨੁੱਖ ਦੀ ਚੇਤਨਾ ਹੀ ਉਸ ਨੂੰ ਬਾਕੀ ਜੀਵ ਪ੍ਰਾਣੀਆਂ ਦੇ ਨਾਲੋਂ ਨਿਖੇੜਦੀ ਹੈ। ਇਸ ਵੱਖਰੀ ਹੋਂਦ ਦੇ ਕਰ ਕੇ ਮਨੁੱਖ ਨੂੰ ਇੱਕ ਸਮਾਜਿਕ ਪ੍ਰਾਣੀ ਹੋਣ ਦਾ ਦਰਜਾ ਮਿਲਿਆ ਹੋਇਆ ਹੈ ਤੇ ਸਮਾਜ ਹੀ ਉਸ ਦਾ ਜੀਵਨ ਹੈ। ਇਸ ਸਮਾਜ ਵਿਚ ਰਹਿੰਦੇ ਹੋਏ ਜੋ ਕੁੱਝ ਵੀ ਉਹ ਪੈਦਾ ਕਰਦਾ ਹੈ ਉਸ ਨੂੰ ਹੀ ਮਨੁੱਖੀ ਸਭਿਆਚਾਰ ਦਾ ਦਰਜਾ ਦਿੱਤਾ ਜਾਂਦਾ ਹੈ। ਇਸ ਲਈ ਮਨੁੱਖ ਦੇ ਸਮਾਜ-ਸਭਿਆਚਾਰਕ ਵਰਤਾਰੇ ਵਿਚ ਜੋ ਕੁੱਝ ਵੀ ਵਾਪਰ ਰਿਹਾ ਹੈ ਉਸ ਸੰਬੰਧੀ ਸੂਝ, ਸਮਝ ਅਤੇ ਸਿਆਣਪ ਦਾ ਹੋਣਾ ਵੀ ਬਹੁਤ ਜ਼ਰੂਰੀ ਹੈ ਜਿਸ ਨੂੰ ਹੀ ਸਮਾਜ-ਸਭਿਆਚਾਰਕ ਚੇਤਨਾ ਕਿਹਾ ਜਾਂਦਾ ਹੈ।

ਸਮਾਜਿਕ ਚੇਤਨਾ ਨੂੰ ਆਪਣੇ ਸਮੇਂ ਦਾ ਸ਼ੀਸ਼ਾ ਕਿਹਾ ਜਾ ਸਕਦਾ ਹੈ। ਇਸ ਦਾ ਆਧਾਰ ਸਮਾਜ ਦੇ ਤਾਣੇ-ਬਾਣੇ ਨਾਲ ਜੁੜਿਆ ਹੁੰਦਾ ਹੈ। ਜਿਹੜਾ ਕਿ ਸਮਾਜ ਵਿਚ ਵਾਪਰੀਆਂ ਘਟਨਾਵਾਂ ਸੰਬੰਧੀ ਵਿਅਕਤੀਗਤ ਚੇਤਨਾ ਨੂੰ ਜਨਮ ਦਿੰਦਾ ਹੈ। ਇਹ 'ਵਿਅਕਤੀਗਤ ਚੇਤਨਾ' ਸਮੂਹਿਕ ਰੂਪ ਵਿਚ ਇਕੱਤਰ ਹੋ ਕੇ ਇੱਕ ਵਿਚਾਰਧਾਰਾ ਦਾ ਆਧਾਰ ਬਣਦੀ ਹੈ ਅਤੇ ਸਮਾਜ ਵਿਚਲੀ ਇਹ ਵਿਚਾਰਧਾਰਾ ਅੱਗੇ ਜਾ ਕੇ ਸਮਾਜ ਚੇਤਨਾ ਦਾ ਮੁਹਾਂਦਰਾ ਨਿਸ਼ਚਿਤ ਕਰਦੀ ਹੈ। ਸਮਾਜਿਕ ਚੇਤਨਾ ਦਾ ਆਧਾਰ ਜਿੱਥੇ ਭੂਤਕਾਲ ਵਿਚ ਪਈਆਂ ਘਟਨਾਵਾਂ, ਅਨੁਭਵ ਤੇ ਵਿਚਾਰਧਾਰਾਵਾਂ ਹੁੰਦੀਆਂ ਹਨ, ਉੱਥੇ ਹੀ ਇਹ ਵਰਤਮਾਨ ਵਿਚਲੀਆਂ ਪ੍ਰਸਥਿਤੀਆਂ ਵਿਚ ਆਪਣਾ ਰੂਪ ਨਿਸ਼ਚਿਤ ਕਰ ਕੇ ਉਨ੍ਹਾਂ ਨੂੰ ਪ੍ਰਭਾਵਿਤ ਵੀ ਕਰਦੀ ਹੈ ਤੇ ਇਸ ਤੋਂ ਅੱਗੇ ਜਾ ਕੇ ਭਵਿੱਖ ਦੀਆਂ ਯੋਜਨਾਵਾਂ ਪ੍ਰਤੀ ਆਧਾਰ ਰੂਪ ਵੀ ਤਿਆਰ ਕਰਦੀ ਹੈ।

ਮਨੁੱਖ ਇੱਕ ਸਮਾਜਿਕ ਪ੍ਰਾਣੀ ਹੋਣ ਦੇ ਨਾਤੇ ਜਿਵੇਂ ਸਮਾਜ ਤੋਂ ਬਿਨਾਂ ਨਹੀਂ ਰਹਿ ਸਕਦਾ ਉਸੇ ਤਰ੍ਹਾਂ ਹੀ ਸਭਿਆਚਾਰ ਮਨੁੱਖੀ ਜ਼ਿੰਦਗੀ ਦਾ ਇੱਕ ਜ਼ਰੂਰੀ ਅੰਗ ਹੈ ਤੇ ਸਭਿਆਚਾਰ ਬਿਨਾਂ ਵੀ ਉਸ ਦਾ ਜੀਵਨ ਗੁਜ਼ਾਰਾ ਨਹੀਂ ਹੋ ਸਕਦਾ। ਆਪਣੇ ਜਨਮ ਤੋਂ ਤੁਰੰਤ ਬਾਅਦ ਹੀ ਬੱਚਾ ਆਪਣੇ ਮਾਤਾ-ਪਿਤਾ ਦੇ ਸਭਿਆਚਾਰ ਨੂੰ ਅਪਣਾ ਲੈਂਦਾ ਹੈ। ਇਸ ਪ੍ਰਕਾਰ ਸਭਿਆਚਾਰ ਉਸ ਦੀ ਜ਼ਿੰਦਗੀ ਦਾ ਪ੍ਰਮੁੱਖ ਵਰਤਾਰਾ ਹੈ। ਜਦੋਂ ਕੋਈ ਸਮਾਜ ਆਪਣੇ- ਆਪ ਨੂੰ ਆਰਥਿਕ, ਧਾਰਮਿਕ ਅਤੇ ਰਾਜਨੀਤਕ ਆਦਿ ਧੰਦੂਕਾਰਿਆਂ ਵਿਚ ਫਸਿਆ ਮਹਿਸੂਸ ਕਰੇ ਤਾਂ ਉਨ੍ਹਾਂ ਨੂੰ ਸਮਝ ਲੈਣਾ ਚਾਹੀਦਾ ਹੈ ਕਿ ਉੱਥੇ ਦੇ ਸਮਾਜ ਵਿਚ ਸਭਿਆਚਾਰਕ ਚੇਤਨਾ ਦੀ ਘਾਟ ਆ ਗਈ ਹੈ। ਕਿਉਂਕਿ ਸਭਿਆਚਾਰਕ ਚਿੰਤਨ ਦੀ ਸੂਖ਼ਮਤਾ ਦੇ ਨਾਲ ਹੀ ਸਭਿਆਚਾਰਕ-ਸੁੰਦਰਤਾ ਬਣੀ ਰਹਿੰਦੀ ਹੈ ਤੇ ਜੇਕਰ ਅਜਿਹਾ ਨਹੀਂ ਹੁੰਦਾ ਤਾਂ ਸਭਿਆਚਾਰਕ ਸਿਫ਼ਤਾਂ ਵਿਚ ਕਮੀ ਆ ਜਾਂਦੀ ਹੈ ਜੋ ਕਿ ਸਮਾਜ ਦੇ ਲਈ ਘਾਤਕ ਸਾਬਿਤ ਹੁੰਦੀ

ਹੈ। ਸਭਿਆਚਾਰਕ ਭਾਵਨਾ ਨੂੰ ਭੌਤਿਕਵਾਦੀ ਆਡੰਬਰ, ਸੁਆਰਥ ਅਤੇ ਵਿਓਪਾਰਕ ਰਿਸ਼ਤੇ ਘਟਾਉਂਦੇ ਰਹਿੰਦੇ ਹਨ ਤੇ ਜਿਸ ਸਦਕਾ ਸਮਾਜ ਵਿਚ ਅਤ੍ਰਿਪਤੀ ਬਣੀ ਰਹਿੰਦੀ ਹੈ।

ਮਨੁੱਖ ਦੇ ਸਮਾਜ-ਸਭਿਆਚਾਰਕ ਵਰਤਾਰੇ ਵਿਚ ਰਹਿੰਦੇ ਹੋਏ ਉਸ ਦੇ ਜੀਵਨ ਨੂੰ ਨਿਯਮਬੰਦ ਬਣਾਈ ਰੱਖਣ ਦੇ ਵਿਚ ਜਿਹੜੀ ਸੰਸਥਾ ਕਾਰਗਰ ਹੁੰਦੀ ਹੈ ਉਸ ਨੂੰ 'ਰਾਜਨੀਤੀ' ਕਿਹਾ ਜਾਂਦਾ ਹੈ। ਰਾਜਨੀਤੀ ਨੂੰ ਵੱਖ-ਵੱਖ ਵਿਦਵਾਨਾਂ ਨੇ ਆਪਣੇ-ਆਪਣੇ ਢੰਗ ਦੇ ਨਾਲ ਪਰਿਭਾਸ਼ਿਤ ਕਰਨ ਦੀ ਕੋਸ਼ਿਸ਼ ਕੀਤੀ ਹੈ। ਅਰਸਤੂ ਨੇ ਰਾਜ ਨੂੰ ਇੱਕ ਪ੍ਰਕਿਰਤੀ ਦੀ ਰਚਨਾ ਮੰਨਦੇ ਹੋਏ ਮਨੁੱਖ ਨੂੰ ਇੱਕ ਸੁਭਾਵਿਕ ਤੌਰ 'ਤੇ ਰਾਜਨੀਤਕ ਜਾਨਵਰ ਮੰਨਿਆ ਹੈ ਤੇ ਰਾਜ ਨੂੰ ਪਰਿਵਾਰਾਂ ਅਤੇ ਪਿੰਡਾਂ ਦਾ ਸੰਘ ਕਿਹਾ ਹੈ ਤੇ ਇਨ੍ਹਾਂ ਦੇ ਚੰਗੇ ਜੀਵਨ ਦੀ ਹੋਂਦ ਨੂੰ ਲਗਾਤਾਰ ਕਾਇਮ ਰੱਖਣ ਵਾਲੀ ਸੰਸਥਾ ਹੀ ਰਾਜਨੀਤੀ ਹੈ। ਇੱਥੇ ਸਾਨੂੰ ਰਾਜਨੀਤੀ ਦੇ ਮਨੁੱਖੀ ਜੀਵਨ ਵਿਚ ਕਾਰਗੁਜ਼ਾਰੀ ਦਾ ਪਤਾ ਚਲਦਾ ਹੈ।

ਮਨੁੱਖ ਨੂੰ ਇੱਕ ਸੁਚੇਤ ਪ੍ਰਾਣੀ ਕਿਹਾ ਜਾਂਦਾ ਹੈ। ਜਿਸ ਨੂੰ ਕਿ ਆਪਣੇ ਨਾਲ ਜੁੜੇ ਸਮਾਜਿਕ ਵਰਤਾਰੇ ਸੰਬੰਧੀ ਸੋਝੀ ਹੁੰਦੀ ਹੈ। ਇਸ ਸਮਾਜ ਨੂੰ ਸਮਝਣ, ਪਰਖਣ ਅਤੇ ਇਸ ਵਿਚ ਵਧੀਆ ਤਰੀਕੇ ਨਾਲ ਵਿਚਰਨ ਦੇ ਲਈ ਰਾਜਨੀਤਕ ਚੇਤਨਾ ਇੱਕ ਵਧੀਆ ਜ਼ਰ੍ਹੀਆ ਹੈ। ਰਾਜਨੀਤੀ ਸੰਬੰਧੀ ਮਨੁੱਖਤਾ ਅੰਦਰ ਜੋ ਵੀ ਸੂਝ ਅਤੇ ਸਮਝ ਹੈ ਉਸ ਨੂੰ ਹੀ ਰਾਜਨੀਤਕ ਚੇਤਨਾ ਕਿਹਾ ਜਾਂਦਾ ਹੈ। ਰਾਜਨੀਤਕ ਚੇਤਨਾ ਸਾਨੂੰ ਆਪਣੇ ਹੱਕਾਂ ਦੇ ਲਈ ਲੜਨ ਅਤੇ ਨਿਆਂ ਦਾ ਭਰੋਸਾ ਦਿਵਾਉਂਦੀ ਹੈ। ਰਾਜਨੀਤਕ ਚੇਤਨਾ ਤੋਂ ਭਾਵ ਅਜਿਹੀ ਸੂਝ ਅਤੇ ਸਮਝ ਤੋਂ ਹੈ ਜੋ ਸਾਨੂੰ ਦੱਸਦੀ ਹੈ ਕਿ ਅਸੀਂ ਕੌਣ ਹੈ? ਅਸੀਂ ਸਮਾਜ ਵਿਚ ਕਿਸ ਤਰ੍ਹਾਂ ਵਿਚਰਨਾ ਹੈ? ਸਾਡੀਆਂ ਕਦਰਾਂ-ਕੀਮਤਾਂ ਕੀ ਹੈ? ਇਸ ਦਾ ਰਸਤਾ ਲੰਬਾ ਅਤੇ ਸੰਘਰਸ਼ਮਈ ਹੈ। ਰਾਜਨੀਤਕ ਚੇਤਨਾ ਕੋਈ ਸਵਾਲ ਕਰਨ ਜਾਂ ਫਿਰ ਰਾਜਨੀਤਕ ਮੁਲਾਂਕਣ ਕਰਨ ਦਾ ਜ਼ਰੀਆ ਹੀ ਨਹੀਂ ਬਲਕਿ ਇਹ ਸਾਡੇ ਸਿਸਟਮ ਨੂੰ ਪਾਰਦਰਸ਼ਾ ਵੀ ਪ੍ਰਦਾਨ ਕਰਦੀ ਹੈ।

ਸਮਾਜ-ਸਭਿਆਚਾਰ ਅਤੇ ਰਾਜਨੀਤੀ ਤਿੰਨੋਂ ਹੀ ਮਨੁੱਖੀ ਜੀਵਨ ਨੂੰ ਸਿੱਧੇ ਅਤੇ ਅਸਿੱਧੇ ਰੂਪ ਵਿਚ ਪ੍ਰਭਾਵਿਤ ਕਰਦੇ ਰਹਿੰਦੇ ਹਨ। ਸਮਾਜ ਵਿਚ ਰਹਿ ਰਿਹਾ ਸਾਹਿਤਕਾਰ ਵੀ ਇਨ੍ਹਾਂ ਪ੍ਰਭਾਵਾਂ ਨੂੰ ਕਬੂਲਦਾ ਰਹਿੰਦਾ ਹੈ ਤੇ ਆਪਣੀ ਸਾਹਿਤ ਪ੍ਰਕਿਰਿਆ ਦਾ ਅੰਗ ਬਣਾਉਂਦਾ ਹੈ। ਸਾਹਿਤ ਆਪਣੇ ਕਲਾਵੇ ਵਿਚ ਉਸ ਹਰ ਇੱਕ ਵਿਸ਼ੇ ਨੂੰ ਲੈ ਲੈਂਦਾ ਹੈ ਜਿਸ ਦਾ ਮਨੁੱਖੀ ਜੀਵਨ ਤੇ ਪ੍ਰਭਾਵ ਪੈਂਦਾ ਹੈ ਫਿਰ ਭਾਵੇਂ ਉਹ ਸਮਾਜ-ਸਭਿਆਚਾਰ ਜਾਂ ਰਾਜਨੀਤੀ ਹੋਵੇ। ਸਾਹਿਤ ਤੇ ਸਮਾਜ ਦਾ ਰਿਸ਼ਤਾ ਤਾਂ ਮੁੱਢ-ਕਦੀਮ ਤੋਂ ਹੀ ਚਲਦਾ ਆ ਰਿਹਾ ਹੈ, ਇਸ ਲਈ ਕਈ ਵਾਰ ਤਾਂ ਸਾਹਿਤ ਨੂੰ ਸਮਾਜ ਦਾ ਸ਼ੀਸ਼ਾ ਹੀ ਕਹਿ ਲਿਆ ਜਾਂਦਾ ਹੈ। ਸਾਹਿਤ ਸਮਾਜ ਵਿਚ ਫੈਲੀਆਂ ਹਰ ਪ੍ਰਕਾਰ ਦੀਆਂ ਘਟਨਾਵਾਂ ਦੀ ਯਥਾਰਥੀ ਰੂਪ ਵਿਚ ਆਪਣੇ ਸਾਹਿਤ ਵਿਚ ਪੇਸ਼ਕਾਰੀ ਕਰਦਾ ਹੈ। ਸਮਾਜ-ਸਭਿਆਚਾਰਕ ਵਿਸ਼ਿਆਂ ਨੂੰ ਸਾਹਿਤਕਾਰ ਸਿੱਧੇ ਰੂਪ ਵਿਚ ਪੇਸ਼ ਕਰਦਾ ਨਜ਼ਰ ਆਉਂਦਾ ਹੈ ਪਰ ਰਾਜਨੀਤਕ ਜਾਂ ਸਿਆਸੀ ਚੇਤਨਾ ਦੀ ਪੇਸ਼ਕਾਰੀ ਸਾਹਿਤ ਦੇ ਵਿਚ ਹਮੇਸ਼ਾ ਹੀ ਅਸਿੱਧੇ ਰੂਪ ਵਿਚ ਹੀ ਹੁੰਦੀ ਰਹੀ ਹੈ।

ਚੇਤਨਾ ਸ਼ਬਦ ਅੰਗਰੇਜ਼ੀ ਭਾਸ਼ਾ ਦੇ ਸ਼ਬਦ 'Consciousness'ਦਾ ਹੀ ਸਮਾਨਾਰਥੀ ਸ਼ਬਦ ਹੈ। ਚੇਤਨਾ ਦੇ ਸਾਧਾਰਨ ਅਰਥ ਜਾਗਰੂਕ ਹੋਣ ਤੋਂ ਹੈ। ਇਹ ਜਾਗਰੂਕਤਾ ਸਮਾਜਿਕ, ਸਭਿਆਚਾਰਕ, ਰਾਜਨੀਤਕ, ਧਾਰਮਿਕ ਅਤੇ

ਆਰਥਿਕ ਕਿਸੇ ਵੀ ਪ੍ਰਕਾਰ ਦੀ ਹੋ ਸਕਦੀ ਹੈ। ਚੇਤਨਾ ਦਾ ਵਿਸ਼ਾ ਅਤਿਅੰਤ ਸੂਖਮ ਕਿਸਮ ਦਾ ਹੈ। ਚੇਤਨਾ ਦਾ ਸੰਬੰਧ ਮਨ ਨਾਲ ਹੁੰਦਾ ਹੈ ਪਰ ਵਰਤਮਾਨ ਯੁੱਗ ਵਿਚ ਮਨੋਵਿਗਿਆਨੀਆਂ ਨੇ ਚੇਤਨਾ ਦਾ ਸੰਬੰਧ ਮੌਜੂਦਾ ਪਰਿਸਥਿਤੀਆਂ ਪ੍ਰਤੀ ਜਾਗਰੂਕ ਹੋਣਾ ਤੋਂ ਸਮਝਿਆਂ ਹੈ।ਜਦੋਂ ਵਿਅਕਤੀ ਦੇ ਮਨ ਅੰਦਰ ਆਪਣੇ ਆਲੇ-ਦੁਆਲੇ ਭਾਵ ਸਮਾਜਿਕ, ਰਾਜਨੀਤਿਕ, ਧਾਰਮਿਕ ਅਤੇ ਆਰਥਿਕ ਆਦਿ ਵਰਤਾਰਿਆਂ ਵਿਚ ਹੋ ਰਹੀ ਤਬਦੀਲੀ ਨੂੰ ਲੈ ਕੇ ਮਨ ਵਿਚ ਸਵਾਲ ਪੈਦਾ ਹੋਣ ਤੇ ਉਹ ਇਹਨਾਂ ਬਾਰੇ ਸੋਚਣਾ, ਵਿਚਾਰਨਾ ਆਰੰਭ ਕਰੇ ਤਾਂ ਉਹ ਚੇਤਨਤਾ ਦੇ ਰਾਹ ਤੇ ਤੁਰਨ ਲੱਗਦਾ ਹੈ ਤੇ ਚੇਤਨਾ ਦਾ ਵਿਸਥਾਰ ਹਮੇਸ਼ਾ ਗਿਆਨ ਹੁੰਦਾ ਹੈ। ਚੇਤਨਾ ਨੂੰ ਮਾਨਸਿਕ ਪ੍ਰਕਿਰਿਆ ਕਿਹਾ ਜਾਂਦਾ ਹੈ ਜਿਹੜੀ ਕਿ ਮਨੁੱਖ ਨੂੰ ਦੂਜੇ ਜੀਵਾਂ ਅਤੇ ਜਾਨਵਰਾਂ ਤੋਂ ਵੱਖ ਕਰਦੀ ਹੈ। ਚੇਤਨਾ ਅਜਿਹੀ ਨਿਰੰਤਰ ਗਤੀਸ਼ੀਲ ਪ੍ਰਕਿਰਿਆ ਹੈ ਜੋ ਕਿ ਮਨੁੱਖੀ ਜੀਵਨ ਵਿਚ ਬਦਲ ਰਹੀਆਂ ਅਵਸਥਾਵਾਂ ਦੇ ਬਦਲਦੇ ਰੂਪ ਵਿਚ ਪੇਸ਼ ਹੁੰਦੀ ਹੈ। ਚੇਤਨਾ ਨੂੰ ਇੱਕ ਅਨੁਭਵਸ਼ੀਲ ਵਰਤਾਰਾ ਕਿਹਾ ਜਾ ਸਕਦਾ ਹੈ ਜਿਸ ਨੂੰ ਨਾ ਵੇਖਿਆ ਜਾ ਸਕਦਾ ਹੈ ਤੇ ਨਾ ਹੀ ਛੂਹਿਆਂ ਜਾ ਸਕਦਾ ਹੈ ਪਰੰਤੂ ਇਸ ਵਰਤਾਰੇ ਨੂੰ ਸਮਝਿਆਂ ਅਤੇ ਇਸ ਦੇ ਸਿੱਟਿਆਂ ਦਾ ਅਧਿਐਨ ਜ਼ਰੂਰ ਕੀਤਾ ਜਾ ਸਕਦਾ ਹੈ।

ਓਮ ਪ੍ਰਕਾਸ਼ ਗਾਸੋ ਨੇ ਵੀਹਵੀਂ ਸਦੀ ਦੇ ਸੱਤਵੇਂ ਦਹਾਕੇ ਵਿਚ ਨਾਵਲ ਰਚਨਾ ਲਿਖਣੀ ਸ਼ੁਰੂ ਕੀਤੀ ਤੇ ਉਦੋਂ ਤੋਂ ਹੀ ਲਗਾਤਾਰ ਲਿਖਦੇ ਆ ਰਹੇ ਹਨ। ਉਹ ਚੇਤੰਨ ਤੇ ਅਗਾਂਹਵਧੂ ਵਿਚਾਰਧਾਰਾ ਦਾ ਧਾਰਨੀ ਨਾਵਲਕਾਰ ਹੈ। ਇੱਕ ਸਾਹਿਤਕਾਰ ਦੇ ਸਮਾਜ ਪ੍ਰਤੀ ਜੋ ਕਰਤੱਵ ਹੁੰਦੇ ਹਨ ਉਹ ਉਨ੍ਹਾਂ ਤੋਂ ਚੰਗੀ ਤਰ੍ਹਾਂ ਦੇ ਨਾਲ ਜਾਣੂ ਹਨ ਤੇ ਇਸ ਉਦੇਸ਼ ਦੀ ਪੂਰਤੀ ਦੇ ਲਈ ਉਨ੍ਹਾਂ ਨੇ ਪੂਰਾ ਯੋਗਦਾਨ ਪਾਇਆ ਹੈ। ਓਮ ਪ੍ਰਕਾਸ਼ ਗਾਸੋ ਦੇ ਜੇਕਰ ਸਾਰੇ ਨਾਵਲਾਂ ਦੀ ਗੱਲ ਕਰੀਏ ਤਾਂ ਸਾਰੇ ਦੇ ਸਾਰੇ ਪਾਠਕਾਂ ਨੂੰ ਸੇਧ ਦੇਣ ਵਾਲੇ ਹਨ ਪਰ ਮੈਂ ਉਨ੍ਹਾਂ ਦੁਆਰਾ ਰਚਿਤ ਚਾਰ ਨਾਵਲਾਂ ਜਿਵੇਂ ਆਖ਼ਰੀ ਮੁਕਾਮ, ਤੂੰ ਕੌਣ ਸੀ?, ਦਰਕਿਨਾਰ ਅਤੇ ਮੈਂ ਇੱਕ ਪੰਧ ਹਾਂ ਨੂੰ ਆਪਣੇ ਖੋਜ-ਕਾਰਜ ਦਾ ਹਿੱਸਾ ਬਣਾਇਆ ਹੈ। ਇਨ੍ਹਾਂ ਨਾਵਲਾਂ ਵਿਚੋਂ ਜ਼ਿਆਦਾਤਰ ਚੇਤਨਾ ਦਾ ਪੱਖ ਉੱਭਰ ਕੇ ਸਾਹਮਣੇ ਆਉਂਦਾ ਹੈ ਜੋ ਕਿ ਅੱਜ ਦੇ ਸਮੇਂ ਦੀ ਜ਼ਰੂਰਤ ਹੈ। ਇਸ ਲਈ ਮੈਂ ਇਨ੍ਹਾਂ ਨਾਵਲਾਂ ਵਿਚੋਂ ਸਮਾਜ-ਸਭਿਆਚਾਰਕ ਅਤੇ ਰਾਜਨੀਤਕ ਚੇਤਨਾ ਦੀ ਪੇਸ਼ਕਾਰੀ ਕੀਤੀ ਹੈ।

## ਆਖ਼ਰੀ ਮੁਕਾਮ:

ਓਮ ਪ੍ਰਕਾਸ਼ ਗਾਸੋ ਦਾ ਨਾਵਲ 'ਆਖ਼ਰੀ ਮੁਕਾਮ' ਸਮਾਜ-ਸਭਿਆਚਾਰਕ ਅਤੇ ਰਾਜਨੀਤਕ ਪੱਖ ਤੋਂ ਪਾਠਕਾਂ ਦੀ ਅਗਵਾਈ ਕਰਨ ਵਾਲਾ ਨਾਵਲ ਹੈ। ਨਾਵਲ ਵਿਚਲੇ ਪਾਤਰ-ਚਿਤਰਨ ਦੁਆਰਾ ਹੀ ਸਾਨੂੰ ਚੇਤੰਨ ਕਰਕ ਦੀ ਸਫਲ ਕੋਸ਼ਿਸ਼ ਕੀਤੀ ਗਈ ਹੈ। ਨਾਵਲ ਵਿਚ ਚੇਤਨਾ ਅਤੇ ਇਸ ਤੋਂ ਵਾਂਝੇ ਰਹੇ ਸਮਾਜ ਦੀ ਪੇਸ਼ਕਾਰੀ ਕਰਦੇ ਹੋਏ ਉਨ੍ਹਾਂ ਨੂੰ ਜਿਹੜੀਆਂ ਮੁਸੀਬਤਾਂ ਦਾ ਸਾਹਮਣਾ ਕਰਨਾ ਪੈਂਦਾ ਹੈ ਉਸ ਦੀ ਵੀ ਪੇਸ਼ਕਾਰੀ ਸਾਹਿਤਕਾਰ ਦੁਆਰਾ ਬਾਖ਼ੂਬੀ ਕੀਤੀ ਗਈ ਹੈ। ਨਾਵਲ ਵਿਚ ਬਾਬਾ ਘੁੰਮਣ ਦਾਸ ਤਿਆਗੀ ਧਾਰਮਿਕ ਜੀਵਨ ਵਿਚ ਸਿਆਸਤ ਦੀ ਦਖ਼ਲਅੰਦਾਜ਼ੀ ਨੂੰ ਬਰਦਾਸ਼ਤ ਨਹੀਂ ਕਰਦੇ ਉਨ੍ਹਾਂ ਅੰਦਰਲੀ ਚੇਤਨਾ ਉਨ੍ਹਾਂ ਨੂੰ ਵਾਰ-ਵਾਰ ਝੰਜੋੜਦੀ ਰਹਿੰਦੀ ਹੈ। ਜੋਤੀ

ਪ੍ਰਸ਼ਾਦ ਦੀ ਚੇਤਨਾ ਉਸ ਨੂੰ ਆਉਣ ਵਾਲੇ ਸਮੇਂ ਦਾ ਪਹਿਲਾ ਹੀ ਗਿਆਨ ਦਿੰਦੀ ਹੈ ਤੇ ਬਾਅਦ ਵਿਚ ਅਜਿਹਾ ਹੀ ਹੁੰਦਾ ਹੈ। ਨਾਵਲ ਦੇ ਵਿਚ ਨਿਮਨ ਜਾਤੀ ਦੁਆਰਾ ਆਪਣੇ ਹੱਕਾਂ ਦੀ ਪ੍ਰਾਪਤੀ ਦੇ ਲਈ ਸੁਚੇਤ ਹੋਣ ਦੀ ਵੀ ਗੱਲ ਕੀਤੀ ਗਈ ਹੈ ਜਿਸ ਦਾ ਪਤਾ ਸਾਨੂੰ ਸੰਤਾ ਸਿੰਘ ਦੀ ਸੋਚ ਤੋਂ ਲੱਗਦਾ ਹੈ ਜੋ ਕਿ ਆਪਣਾ ਨਿਮਨ ਜਾਤੀ ਦਾ ਹੋਣ ਦੇ ਬਾਵਜੂਦ ਵੀ ਆਪਣੇ ਪੁੱਤਰ ਨੂੰ ਜੱਦੀ ਕੰਮ ਕਰਨ ਦੀ ਥਾਂ ਸਿੱਖਿਆ ਪ੍ਰਦਾਨ ਕਰਦਾ ਹੈ ਤੇ ਉਸ ਨੂੰ ਰਾਗੀ ਬਣਾਉਣਾ ਲੋਚਦਾ ਹੈ ਜਿਸ ਵਿਚ ਸਫਲ ਵੀ ਹੁੰਦਾ ਹੈ। ਸੁੱਚਾ ਸਿੰਘ ਦਾ ਪੁੱਤਰ ਵੀ ਇਨ੍ਹਾਂ ਨਕਸ਼ੇ ਕਦਮਾਂ ਉੱਪਰ ਚਲਦਾ ਹੋਇਆ ਉੱਚ ਪੱਧਰ ਦੀ ਸਿੱਖਿਆ ਹਾਸਿਲ ਕਰ ਕੇ ਚੰਗੀ ਤਕੜੀ ਨੌਕਰੀ ਉੱਪਰ ਲੱਗ ਜਾਂਦਾ ਹੈ। ਇੱਥੇ ਨਿਮਨ ਜਾਤੀ ਵਿਚਲੀ ਚੇਤਨਾ ਹੀ ਹੈ ਜੋ ਉਸ ਨੂੰ ਆਪਣੇ ਹੱਕਾਂ ਪ੍ਰਤੀ ਸੁਚੇਤ ਕਰ ਰਹੀ ਹੈ।

ਨਾਵਲ 'ਆਖ਼ਰੀ ਮੁਕਾਮ' ਦੇ ਵਿਚ ਜ਼ਿੰਦਗੀ ਦੇ ਹਰ ਮੁਕਾਮ ਦੀ ਮਹੱਤਤਾ ਦਾ ਵਰਣਨ ਕੀਤਾ ਗਿਆ ਹੈ ਤੇ ਮਨੁੱਖ ਨੂੰ ਹਰ ਮੁਕਾਮ 'ਤੇ ਗਤੀਸ਼ੀਲ ਬਣੇ ਰਹਿਣਾ ਚਾਹੀਦਾ ਹੈ। ਇਸ ਗਤੀਸ਼ੀਲਤਾ ਦੇ ਨਾਲ ਹੀ ਮਾਨਵਵਾਦੀ-ਸਿਰਜਣਾਤਮਿਕਤਾ ਦੀ ਉਤਪਤੀ ਹੁੰਦੀ ਹੈ। ਨਾਵਲ ਵਿਚ ਅਜੋਕੇ ਸਮੇਂ ਸਮਾਜਿਕ ਜੀਵਨ ਵਿਚ ਆਈ ਸੁਆਰਥੀ, ਲਾਲਚੀ, ਅਸ਼ੁੱਧ, ਕਠੋਰ, ਬੋਝਲ, ਬੇਸੂਦ, ਬਦਮਾਸ਼, ਨਿਕੰਮੀ ਤੇ ਬਿਮਾਰ ਸੋਚ ਕਾਰਨ ਪੈਦਾ ਹੋਈ ਗਿਰਾਵਟ ਦਾ ਵਰਣਨ ਕੀਤਾ ਹੈ। ਅਜਿਹੀ ਚੇਤਨਹੀਣ ਸੋਚ ਸਦਕਾ ਜ਼ੁਲਮ ਅਤੇ ਜ਼ਾਲਮ ਦੀ ਸਰਦਾਰੀ ਬਰਕਰਾਰ ਰੱਖਣ ਵਾਲੀ ਸਿਆਸਤ ਦੁਆਰਾ ਆਪਣੀਆਂ ਪੈਂਤਰੇਬਾਜ਼ੀਆਂ ਨਾਲ ਸਮਾਜਿਕ, ਧਾਰਮਿਕ, ਸਭਿਆਚਾਰਕ ਅਤੇ ਆਰਥਿਕ ਕਿਸਮ ਦੀਆਂ ਪਰੇਸ਼ਾਨੀਆਂ ਪੈਦਾ ਕਰਦੇ ਰਹਿਣ ਦਾ ਵੀ ਵਰਣਨ ਹੈ ਕਿ ਚੇਤਨਹੀਣਤਾ ਸਮਾਜ ਨੂੰ ਕਿਸ ਕੁਰਾਹੇ ਵੱਲ ਲਿਜਾ ਰਹੀ ਹੈ।

## ਤੂੰ ਕੌਣ ਸੀ?:

ਓਮ ਪ੍ਰਕਾਸ਼ ਗਾਸੋ ਦਾ ਨਾਵਲ 'ਤੂੰ ਕੌਣ ਸੀ?' ਮਨੁੱਖਤਾ ਨੂੰ ਉਸ ਦੇ ਆਪੇ ਸੰਬੰਧੀ ਅਨੇਕਾਂ ਪ੍ਰਕਾਰ ਦੇ ਸਵਾਲ ਪੈਦਾ ਕਰਨ ਵਾਲਾ ਨਾਵਲ ਹੈ ਤੇ ਉਸ ਨੂੰ ਸਮਾਜ-ਸਭਿਆਚਾਰਕ ਜੀਵਨ ਸੰਬੰਧੀ ਜੋ ਉਸ ਦੀ ਭੂਮਿਕਾ ਹੈ ਦੇ ਪ੍ਰਤੀ ਜਾਗਰੂਕ ਕਰਦਾ ਪੇਸ਼ ਆਉਂਦਾ ਹੈ। ਮਨੁੱਖ ਜਿਉਂ-ਜਿਉਂ ਆਪਣੇ ਜੀਵਨ ਦੇ ਸਹੀ ਅਰਥਾਂ ਨੂੰ ਸਮਝਣਾ ਸ਼ੁਰੂ ਕਰਦਾ ਹੈ ਤਿਉਂ-ਤਿਉਂ ਹੀ ਉਹ ਮਾਨਵਵਾਦੀ ਕਦਰਾਂ-ਕੀਮਤਾਂ ਨੂੰ ਅਪਣਾਉਣ ਲਗਦਾ ਹੈ ਤੇ ਆਪਣੇ ਜੀਵਨ ਨੂੰ ਸਮਝਣ ਦੀ ਇਸ ਕਲਾ ਦਾ ਜਨਮ ਹੀ ਉਸ ਅੰਦਰ ਪੈਦਾ ਹੋਈ ਚੇਤਨਾ ਸਦਕਾ ਹੀ ਹੁੰਦਾ ਹੈ। ਨਾਵਲ ਦੇ ਵਿਚ ਦੀਪੂ ਤੇ ਉਸ ਦਾ ਚਾਚਾ ਖੇਤਾ ਸਿੰਘ ਅਜਿਹੇ ਹੀ ਪਾਤਰ ਹਨ ਜਿਹੜੇ ਕਿ ਆਪਣੇ ਅੰਦਰਲੀ ਸੂਝ ਕਰ ਕੇ ਹੀ ਮਨੁੱਖੀ ਜੀਵਨ ਦੀ ਮਹੱਤਤਾ ਨੂੰ ਸਮਝਦੇ ਹੋਏ ਸ਼ਿਆਮਾ ਅਤੇ ਹੋਰ ਲੋੜਮੰਦਾਂ ਦੀ ਮਦਦ ਕਰਦੇ ਨਜ਼ਰ ਆਉਂਦੇ ਹਨ। ਦੀਪੂ ਦੀ ਰਾਜਨੀਤਕ ਸੂਝ ਸ਼ਿਆਮਾ ਨੂੰ ਮਨੁੱਖੀ ਜੀਵਨ ਵਿਚ ਪੈ ਰਹੇ ਰਾਜਨੀਤਕ ਪ੍ਰਭਾਵਾਂ ਪ੍ਰਤੀ ਸੁਚੇਤ ਕਰਦੀ ਵੀ ਨਜ਼ਰ ਆ ਰਹੀ ਹੈ ਜਦਕਿ ਸ਼ਿਆਮਾ ਦੇ ਲਈ ਇਨ੍ਹਾਂ ਗੱਲਾਂ ਦੇ ਕੋਈ ਅਰਥ ਨਹੀਂ ਹਨ ਤੇ ਇਸ ਪਿੱਛੇ ਉਸ ਦੀ ਅਗਿਆਨਤਾ ਨਜ਼ਰ ਆ ਰਹੀ ਹੈ ਤੇ ਅਜਿਹੀ ਅਗਿਆਨਤਾ ਕਰ ਕੇ ਹੀ ਰਾਜਨੀਤੀ ਦੁਆਰਾ ਹਮੇਸ਼ਾ ਆਪਣਾ ਫ਼ਾਇਦਾ ਉਠਾਇਆ ਜਾ ਰਿਹਾ ਹੈ ਤੇ ਮਨੁੱਖਤਾ ਨੂੰ ਹਨੇਰੇ ਵਿਚ ਧਕੇਲਿਆ ਜਾ ਰਿਹਾ ਹੈ। ਨਾਵਲ 'ਤੂੰ ਕੌਣ ਸੀ?'

ਵਿਚ ਉਨ੍ਹਾਂ ਸਮਾਜੀ ਅਤੇ ਸਿਆਸੀ ਸ਼ਰਾਰਤਾਂ ਦਾ ਜ਼ਿਕਰ ਕੀਤਾ ਗਿਆ ਹੈ ਜੋ ਲੋਕ ਅੱਖਾਂ ਨੂੰ ਧੋਖਾ ਦਿੰਦੀਆਂ ਰਹਿੰਦੀਆਂ ਹਨ ਤੇ ਲੋਕ-ਅੱਖਾਂ ਦੇ ਆਸੇ-ਪਾਸੇ ਦੀ ਨਿਕਲ ਜਾਂਦੀਆਂ ਹਨ ਕਿਉਂਕਿ ਲੋਕਾਂ ਅੰਦਰ ਅਜਿਹੀਆਂ ਚਲਾਕੀਆਂ ਨੂੰ ਸਮਝਣ ਦੀ ਉਹ ਚੇਤਨਾ ਹੀ ਨਹੀਂ ਕਿ ਉਹ ਆਪਣੇ ਹਿੱਤਾਂ ਦੀ ਰੱਖਿਆ ਕਰ ਸਕਣ।

ਨਾਵਲ 'ਤੂੰ ਕੌਣ ਸੀ?' ਦਾ ਸਮੁੱਚਾ ਕਥਾਨਕ ਸਮਾਜਿਕ-ਵਹਿਣ ਵਿਰਲਾਪ, ਵਤੀਰੇ ਅਤੇ ਵਿਵਸਥਾ ਦਾ ਸੂਚਕ ਬਣ ਕੇ ਜ਼ਿੰਦਗੀ ਨੂੰ ਜ਼ਿੰਦਗੀ ਦੇ ਆਪੇ ਲਈ ਅੱਖਰ ਪ੍ਰਦਾਨ ਕਰਦਾ ਹੋਇਆ ਨਜ਼ਰ ਆਉਂਦਾ ਹੈ ਕਿ ਅੱਜ ਕੱਲ੍ਹ ਕਿਵੇਂ ਦਰਜਨਾਂ ਕਿਸਮ ਦੀਆਂ ਪਦਾਰਥਵਾਦੀ ਰੁਚੀਆਂ ਸਮਾਜਿਕ ਸਰੋਕਾਰਾਂ ਦੀ ਸ਼ਕਲ ਨੂੰ ਵਿਗਾੜ ਰਹੀਆਂ ਹਨ ਤੇ ਮਨੁੱਖਤਾ ਦੀ ਚੇਤਨਹੀਣਤਾ ਹੀ ਅਜਿਹੀ ਪ੍ਰਸਥਿਤੀ ਦੀ ਅਸਲ ਜ਼ਿੰਮੇਵਾਰ ਹੈ।

## ਦਰਕਿਨਾਰ:

ਓਮ ਪ੍ਰਕਾਸ਼ ਗਾਸੋ ਦਾ ਨਾਵਲ 'ਦਰਕਿਨਾਰ' ਸੰਵੇਦਨਾਤਮਿਕ-ਚੇਤਨਾ ਨੂੰ ਪ੍ਰਸਾਰਿਤ ਅਤੇ ਪ੍ਰਚਾਰਿਤ ਕਰਨ ਵਾਲਾ ਨਾਵਲ ਹੈ। ਇਸ ਨਾਵਲ ਵਿਚ ਸਮਾਜ ਵਿਰੋਧੀ ਸਿਆਸੀ ਸ਼ੈਤਾਨੀਅਤ ਦਾ ਜ਼ਿਕਰ ਕੀਤਾ ਗਿਆ ਹੈ ਕਿ ਕਿਵੇਂ ਸਿਆਸਤ ਦੁਆਰਾ ਮਨੁੱਖਤਾ ਨੂੰ ਹਮੇਸ਼ਾ ਧੋਖੇ ਵਿਚ ਰੱਖ ਕੇ ਆਪਣੇ ਹਿੱਤਾਂ ਦੀ ਪੂਰਤੀ ਕੀਤੀ ਜਾਂਦੀ ਹੈ। ਨਾਵਲ ਵਿਚ ਵੈਦ ਜੀ ਅਜਿਹੇ ਪਾਤਰ ਨਜ਼ਰ ਆ ਰਹੇ ਹਨ ਜੋ ਕਿ ਸਮਾਜ ਨੂੰ ਮਨੁੱਖੀ ਜੀਵਨ ਦੇ ਸਹੀ ਆਦਰਸ਼ਾਂ ਦੀ ਪਹਿਚਾਣ ਕਰਾ ਰਹੇ ਹਨ। ਉਨ੍ਹਾਂ ਦੁਆਰਾ ਕਹੇ ਇਹ ਸ਼ਬਦ:

"ਜ਼ਿੰਦਗੀ ਨੂੰ ਇੱਕ ਮਹਾਨ ਕਲਾ ਕਿਹਾ ਜਾ ਸਕਦਾ ਹੈ"

ਮਨੁੱਖੀ ਜੀਵਨ ਦੀ ਤਰਜਮਾਨੀ ਕਰਦੇ ਹੋਏ ਨਜ਼ਰ ਆਉਂਦੇ। ਕਿਉਂਕਿ ਜਨਵਾਦੀ-ਸਾਹਿਤ ਲੋਕ-ਪੱਖੀ ਵਿਸ਼ਵਾਸ ਰਾਹੀ ਹੀ ਤੰਦਰੁਸਤ ਕਿਸਮ ਦੀ ਵਿਚਾਰਧਾਰਾ ਪੈਦਾ ਕਰਨ ਦੇ ਕਾਰਜ ਲਈ ਕ੍ਰਿਆਤਮਕ-ਚਿੰਤਨ ਪ੍ਰਣਾਲੀ ਨੂੰ ਦਰਸਾਉਣ ਦੀ ਭੂਮਿਕਾ ਨਿਭਾਉਂਦਾ ਹੈ। ਵੈਦ ਜੀ ਦੁਆਰਾ ਕੋਮਲ ਤੇ ਕੁੰਦਨ ਵਿਚ ਲਾਈ ਚੇਤਨਾ ਦੀ ਚਿਣਗ ਹੀ ਉਨ੍ਹਾਂ ਦੇ ਜੀਵਨ ਵਿਚ ਨਵੀਂ ਰੂਹ ਫੂਕਦੀ ਹੈ। ਨਾਵਲ 'ਦਰਕਿਨਾਰ' ਵਿਚੋਂ ਜਿਹੜਾ ਉਦੇਸ਼ ਨਿਕਲ ਕੇ ਸਾਹਮਣੇ ਆ ਰਿਹਾ ਹੈ ਉਹ ਇਹੀ ਹੈ ਕਿ ਜ਼ਿੰਦਗੀ ਨੂੰ ਜ਼ਿੰਦਗੀ ਦੇ ਪੂਰੇ ਦੇ ਪੂਰੇ ਪੰਨਿਆਂ ਦੀ ਇਬਾਰਤ ਦੀ ਤਰ੍ਹਾਂ ਹੀ ਸਮਝਿਆਂ ਜਾਣਾ ਚਾਹੀਦਾ ਹੈ ਪਰ ਮਨੁੱਖੀ ਜ਼ਿੰਦਗੀ ਵਿਚ ਆਈ ਚੇਤਨਾ ਦੀ ਘਾਟ ਉਸ ਨੂੰ ਸਮਾਜ ਵਿਰੋਧੀ ਪ੍ਰਸਥਿਤੀਆਂ ਦਾ ਸ਼ਿਕਾਰ ਬਣਾਈ ਰੱਖਦੀ ਹੈ। ਸਾਹਿਤ ਅਤੇ ਕਲਾ ਨੇ ਮਨੁੱਖਤਾ ਦਾ ਗੁਰੂ ਬਣ ਕੇ ਉਨ੍ਹਾਂ ਨੂੰ ਸਮਾਜਿਕ ਸੂਝ, ਸਿਆਣਪ ਅਤੇ ਸੰਵੇਦਨਾ ਨੂੰ ਪ੍ਰਕਾਸ਼ਿਤ ਕਰਨਾ ਹੁੰਦਾ ਹੈ ਤੇ ਓਮ ਪ੍ਰਕਾਸ਼ ਗਾਸੋ ਦਾ ਨਾਵਲ 'ਦਰਕਿਨਾਰ' ਸਾਹਿਤ ਅਤੇ ਕਲਾ ਦੇ ਇਸੇ ਉਦੇਸ਼ ਦੀ ਪੂਰਤੀ ਕਰਦਾ ਨਜ਼ਰ ਆ ਰਿਹਾ ਹੈ।

ਜਿਸ ਸਮਾਜ ਵਿਚ ਮੋਹ ਦਾ ਚਾਨਣ ਨਹੀਂ ਹੁੰਦਾ ਉੱਥੇ ਮਨੁੱਖ ਮਨੁੱਖਤਾ ਤੋਂ ਦੂਰ ਹੋਣ ਲੱਗਦਾ ਹੈ। ਨਾਵਲ 'ਦਰਕਿਨਾਰ' ਦੇ ਕਥਾਨਕ ਦੀਆਂ ਸਾਰੀਆਂ ਧਾਰਨਾਵਾਂ ਅਤੇ ਭਾਵੁਕ ਧਾਰਾਵਾਂ ਮਨੁੱਖ ਦੇ ਅੰਦਰ ਵੱਸਦੇ ਮੋਹ ਦੇ ਚਾਨਣ ਦੀਆਂ ਸੁਚੇਤ ਸਮਾਜਿਕ ਕਿਰਨਾਂ ਦੇ ਰੂਪ ਵਿਚ ਉੱਭਰ ਕੇ ਸਾਹਮਣੇ ਆਉਂਦੀਆਂ ਹਨ। ਨਾਵਲ ਵਿਚ ਇਸ

ਚਾਨਣ ਦੇ ਕਿਰਨ ਦੇ ਉਲਟ ਜਨਮੇ ਸੁਆਰਥੀ ਹਨੇਰੇ ਦਾ ਵੀ ਜ਼ਿਕਰ ਕੀਤਾ ਹੈ ਜੋ ਚਾਨਣ ਨੂੰ ਆਪਣੀ ਚੇਤਨਹੀਣਤਾ ਸਦਕਾ ਚਮਕਣ ਤੋਂ ਰੋਕੀ ਰੱਖਦਾ ਹੈ।

ਇਸ ਪ੍ਰਕਾਰ ਨਾਵਲ 'ਦਰਕਿਨਾਰ' ਵਿਚਲੇ ਸਮਾਜ-ਸਭਿਆਚਾਰਕ ਅਤੇ ਰਾਜਨੀਤਕ ਸੰਦਰਭ ਮਾਨਵਤਾ ਅੰਦਰ ਚੇਤਨਾ ਨੂੰ ਪੈਦਾ ਕਰਨ ਲਈ ਪ੍ਰਯਤਨਸ਼ੀਲ ਬਣੇ ਹੋਏ ਨਜ਼ਰ ਆਉਂਦੇ ਹਨ।

## ਮੈਂ ਇੱਕ ਪੰਧ ਹਾਂ:

ਓਮ ਪ੍ਰਕਾਸ਼ ਗਾਸੋ ਦਾ ਨਾਵਲ 'ਮੈਂ ਇੱਕ ਪੰਧ ਹਾਂ' ਸੰਵੇਦਨਸ਼ੀਲ ਚੇਤਨਾ ਦਾ ਸੂਚਕ ਨਜ਼ਰ ਆ ਰਿਹਾ ਹੈ। ਇਸ ਵਿਚ ਗਾਸੋ ਨੇ ਕ੍ਰਿਆਤਮਿਕ-ਕਰਮ ਦੀ ਕਹਾਣੀ ਦੀ ਵਿਲੱਖਣਤਾ ਤੇ ਭਾਵਨਾਤਮਿਕ-ਰਿਸ਼ਤਿਆਂ ਦੀ ਰੂਹ ਨੂੰ ਰੂਪਮਾਨ ਕਰਦੇ ਹੋਏ ਪਾਠਕਾਂ ਦੇ ਅੰਦਰ ਸਮਾਜ-ਸਭਿਆਚਾਰਕ ਚੇਤਨਾ ਪੈਦਾ ਕਰਦੇ ਹਨ। ਨਾਵਲ ਵਿਚ ਸਭਿਆਚਾਰਕ ਪੱਖ ਤੋਂ ਆ ਰਹੀ ਗਿਰਾਵਟ ਸੰਬੰਧੀ ਚਿੰਤਾ ਕਰਦੇ ਹੋਏ ਇਸ ਦੇ ਨਿਕਲਦੇ ਭੈੜੇ ਨਤੀਜਿਆਂ ਸੰਬੰਧੀ ਪਾਠਕਾਂ ਨੂੰ ਸੁਚੇਤ ਕੀਤਾ ਗਿਆ ਹੈ। ਜਦੋਂ ਸਮਾਜ ਵਿਚ ਰਹਿੰਦੇ ਹੋਏ ਲੋਕਾਂ ਅੰਦਰ ਅਜਿਹੀ ਨਿਪੁੰਸਕ ਕਿਸਮ ਦੀ ਸੋਚ ਆਉਣ ਲੱਗਦੀ ਹੈ ਤਾਂ ਸਿਆਸੀ ਸ਼ੈਤਾਨੀਅਤ ਲਈ ਅਜਿਹੀ ਸੋਚ ਹਿਤਕਾਰੀ ਬਣ ਬੈਠਦੀ ਹੈ ਤੇ ਰੱਜ ਕੇ ਲੋਕਾਂ ਦੀ ਲੁੱਟ-ਖਸੁੱਟ ਕਰਦੀ ਰਹਿੰਦੀ ਹੈ ਤੇ ਲੋਕਾਂ ਵਿਚਲੀ ਚੇਤਨਾ ਦੀ ਘਾਟ ਹੀ ਅਜਿਹੀ ਸਥਿਤੀ ਪੈਦਾ ਕਰਨ ਲਈ ਹੀ ਜ਼ਿੰਮੇਵਾਰ ਹੁੰਦੀ ਹੈ। ਓਮ ਪ੍ਰਕਾਸ਼ ਗਾਸੋ ਦੁਆਰਾ ਨਾਵਲ ਵਿਚਲੇ ਪਾਤਰਾਂ, ਸਥਿਤੀਆਂ ਤੇ ਘਟਨਾਵਾਂ ਸਮਾਜ-ਸਭਿਆਚਾਰਕ ਅਤੇ ਰਾਜਨੀਤਕ ਤੌਰ 'ਤੇ ਪਾਠਕਾਂ ਨੂੰ ਸੁਚੇਤ ਕਰਦੇ ਹਨ। ਨਾਵਲ ਵਿਚਲਾ ਪਾਤਰ ਸਾਰਥੀ ਜਦੋਂ ਆਖਦਾ ਹੈ ਕਿ:

"ਮੈਂ ਅੱਜ ਬੁੱਢਾ ਹਾਂ ਪਰ ਮੇਰੀ ਚੇਤਨਾ ਬੁੱਢੀ ਨਹੀਂ।"

ਭਾਵ ਕਿ ਚੇਤਨਾ ਸਦਾ ਹੀ ਮਨੁੱਖਤਾ ਨੂੰ ਅਸਲੀਅਤ ਦੇ ਨਾਲ ਵਾਕਫ਼ੀਅਤ ਕਰਾਉਂਦੀ ਰਹਿੰਦੀ ਹੈ ਪਰ ਜਿਸ ਦੇਸ਼ ਦੀ ਨੌਜਵਾਨ ਪੀੜ੍ਹੀ ਇਸ ਤੋਂ ਦੂਰ ਜਾਂਦੀ ਹੈ ਉੱਨਾ ਹੀ ਉਹ ਹਨੇਰੇ ਵੱਲ ਕਦਮ ਪੁੱਟਦੀ ਜਾਂਦੀ ਹੈ।

ਨਾਵਲ 'ਮੈਂ ਇੱਕ ਪੰਧ ਹਾਂ' ਵਿਚ ਪਿਛਲੇ ਕਈ ਦਹਾਕਿਆਂ ਤੋਂ ਸਿਆਸੀ ਕੁਚੱਜ ਦੁਆਰਾ ਮੁਲਕ ਦੇ ਭਵਿੱਖ ਨੂੰ ਕਿਵੇਂ ਗ਼ਲਤ ਰਾਹਾਂ ਵੱਲ ਲਿਜਾਇਆ ਜਾ ਰਿਹਾ ਹੈ ਦਾ ਜ਼ਿਕਰ ਕੀਤਾ ਗਿਆ ਹੈ ਕਿ ਕਿਵੇਂ ਸੱਤਾਵਾਦੀ ਸਿਆਸਤ ਲੋਕਾਂ ਦੇ ਹਿੱਤਾਂ ਨੂੰ ਅਣਡਿੱਠ ਕਰਦੀ ਹੈ ਤੇ ਵਿਚਾਰਹੀਣ ਕਿਸਮ ਦੇ ਸਮਾਜ ਨੂੰ ਪੈਦਾ ਕਰਦੀ ਹੈ। ਇਸ ਤਰ੍ਹਾਂ ਦੇ ਵਿਚਾਰਹੀਣ ਸਮਾਜ ਵਿਚ ਬੇਸੂਦ ਕਿਸਮ ਦੀ ਵਿਉਂਤ ਦਾ ਦਿਨ ਪ੍ਰਤੀ ਦਿਨ ਵਾਧਾ ਹੋ ਰਿਹਾ ਹੈ। ਇਸ ਪ੍ਰਕਾਰ ਦੀ ਵਿਚਾਰਹੀਣ ਸੋਚ ਸਮਾਜ, ਸਭਿਆਚਾਰ ਅਤੇ ਰਾਜਨੀਤੀ ਦੇ ਖੇਤਰ ਵਿਚ ਅੜਿੱਕਾ ਬਣੀ ਰਹਿੰਦੀ ਹੈ। ਨਾਵਲ ਵਿਚ ਇਸ ਪ੍ਰਕਾਰ ਦੀਆਂ ਸਥਿਤੀਆਂ ਦਾ ਵਰਣਨ ਨਾਵਲ ਦੇ ਪਾਤਰਾਂ ਅਤੇ ਘਟਨਾਵਾਂ ਦੇ ਰਾਹੀਂ ਪੇਸ਼ ਕਰਦੇ ਹੋਏ ਇਸ ਦੇ ਗ਼ਲਤ ਨਤੀਜਿਆਂ ਦਾ ਜ਼ਿਕਰ ਕੀਤਾ ਗਿਆ ਹੈ।

ਜੇਕਰ ਕਿਤੇ ਵੀ ਪੰਜਾਬੀ ਸਾਹਿਤ ਵਿਚ ਚੇਤਨਾ ਦਾ ਜ਼ਿਕਰ ਕੀਤਾ ਗਿਆ ਤਾਂ ਉੱਥੇ ਓਮ ਪ੍ਰਕਾਸ਼ ਗਾਸੋ ਦੇ ਚੇਤਨਸ਼ੀਲ ਨਾਵਲਾਂ ਦੀ ਗੱਲ ਜ਼ਰੂਰ ਹੋਵੇਗੀ ਕਿਉਂਕਿ ਉਨ੍ਹਾਂ ਦੇ ਨਾਵਲ ਜਗਤ ਦੀ ਵਿਧਾ ਦੀ ਹਰ ਤਰੰਗ ਦਾ ਸਿਰਾ

ਚੇਤਨਾ ਨਾਲ ਜਾ ਜੁੜਦਾ ਹੈ ਤੇ ਪਾਠਕਾਂ ਨੂੰ ਜਾਗਰੂਕ ਜਾਂ ਸੁਚੇਤ ਕਰਦਾ ਰਹਿੰਦਾ ਹੈ। ਨਿਸ਼ਕਰਸ਼ ਦੇ ਤੌਰ 'ਤੇ ਕਹਿ ਸਕਦੇ ਹਾਂ ਕਿ ਓਮ ਪ੍ਰਕਾਸ਼ ਦੇ ਚਾਰੋ ਨਾਵਲ 'ਆਖ਼ਰੀ ਮੁਕਾਮ', 'ਤੂੰ ਕੌਣ ਸੀ?', 'ਦਰਕਿਨਾਰ' ਅਤੇ 'ਮੈਂ ਇੱਕ ਪੰਧ ਹਾਂ' ਪਾਠਕਾਂ ਵਿਚ ਸਮਾਜ-ਸਭਿਆਚਾਰਕ ਅਤੇ ਰਾਜਨੀਤਕ ਚੇਤਨਾ ਨੂੰ ਉਜਾਗਰ ਕਰਨ ਦੀ ਸਮਰੱਥਾ ਰੱਖਦੇ ਹਨ। ਉਨ੍ਹਾਂ ਨੇ ਇਨ੍ਹਾਂ ਪੱਖਾਂ ਦੀ ਪੇਸ਼ਕਾਰੀ ਆਪਣੇ ਨਾਵਲ ਵਿਚ ਬਹੁਤ ਹੀ ਵਧੀਆ ਢੰਗ ਦੇ ਨਾਲ ਕੀਤੀ ਹੈ।

## ਸਹਾਇਕ ਪੁਸਤਕ-ਸੂਚੀ

1. ਸਰਬਜੀਤ ਕੌਰ, ਰਵਿੰਦਰ ਰਵੀ ਕਾਵਿ ਸਭਿਆਚਾਰਕ ਤਣਾਉ: ਪਰਵਾਸੀ ਸੰਦਰਭ, ਦਿੱਲੀ, ਨੈਸ਼ਨਲ ਬੁੱਕ ਸ਼ਾਪ ਪਲੱਈਅਰ ਗਾਰਡਨ ਮਾਰਕਿਟ, 2015
2. ਗਾਸੋ, ਓਮ ਪ੍ਰਕਾਸ਼, ਆਖ਼ਰੀ ਮੁਕਾਮ, ਬਰਨਾਲਾ, ਮਿੱਤਰ ਮੰਡਲ ਪ੍ਰਕਾਸ਼ਨ, 2014
3. ਗਾਸੋ, ਓਮ ਪ੍ਰਕਾਸ਼, ਤੂੰ ਕੌਣ ਸੀ?, ਬਰਨਾਲਾ, ਮਿੱਤਰ ਮੰਡਲ ਪ੍ਰਕਾਸ਼ਨ, ਜੂਨ 2011
4. ਗਾਸੋ, ਓਮ ਪ੍ਰਕਾਸ਼, ਮੈਂ ਇਕ ਪੰਧ ਹਾਂ, ਲੁਧਿਆਣਾ, ਚੇਤਨਾ ਪ੍ਰਕਾਸ਼ਨ ਪੰਜਾਬੀ ਭਵਨ, 2016
5. ਗਾਸੋ, ਓਮ ਪ੍ਰਕਾਸ਼, ਸਾਂਸਕ੍ਰਿਤਿਕ ਚਿੰਤਨ, ਬਰਨਾਲਾ, ਮਿੱਤਰ ਮੰਡਲ ਪ੍ਰਕਾਸ਼ਨ, 2015
6. ਗਾਸੋ, ਓਮ ਪ੍ਰਕਾਸ਼, ਜ਼ਿੰਦਗੀ ਦੀ ਸੌਗਾਤ, ਬਰਨਾਲਾ, ਮਿੱਤਰ ਮੰਡਲ ਪ੍ਰਕਾਸ਼ਨ, ਅਗਸਤ 2008
7. ਗਾਸੋ, ਓਮ ਪ੍ਰਕਾਸ਼, (ਕੁਲਵੰਤ ਸਿੰਘ ਗਰੇਵਾਲ) ਪੰਜਾਬੀ ਸਭਿਆਚਾਰ, ਪਟਿਆਲਾ, ਪਬਲੀਕੇਸ਼ਨ ਬਿਊਰੋ ਪੰਜਾਬੀ ਯੂਨੀਵਰਸਿਟੀ, 2000
8. ਗਾਸੋ, ਓਮ ਪ੍ਰਕਾਸ਼, ਓਮ ਪ੍ਰਕਾਸ਼ ਗਾਸੋ ਬਿੰਬ ਪ੍ਰਤੀਬਿੰਬ, ਬਰਨਾਲਾ, ਮਿੱਤਰ ਮੰਡਲ ਪ੍ਰਕਾਸ਼ਨ, 2013
9. ਗਾਸੋ, ਓਮ ਪ੍ਰਕਾਸ਼, ਸਾਹਿਤਕ ਸਵੈ-ਜੀਵਨੀ, ਪਟਿਆਲਾ, ਪਬਲੀਕੇਸ਼ਨ ਬਿਊਰੋ ਪੰਜਾਬੀ ਯੂਨੀਵਰਸਿਟੀ, 2012
10. ਗਾਸੋ, ਓਮ ਪ੍ਰਕਾਸ਼, ਸਾਹਿਤ, ਸਭਿਆਚਾਰ ਤੇ ਸੰਸਕ੍ਰਿਤੀ, (ਲੋਕ ਪੱਖੀ ਦਾਰਸ਼ਨਿਕ ਨਿਬੰਧ) ਬਰਨਾਲਾ, ਮਿੱਤਰ ਮੰਡਲ ਪਾਠਕ ਸਹਿਯੋਗੀ ਤੇ ਸਾਹਿਤ ਪ੍ਰਕਾਸ਼ਨ ਸੰਸਥਾ, 2015
11. ਗਾਸੋ, ਓਮ ਪ੍ਰਕਾਸ਼, ਪ੍ਰਤੀਬੱਧਤਾ ਦੇ ਪ੍ਰਕਰਣ, ਬਰਨਾਲਾ, ਮਿੱਤਰ ਮੰਡਲ ਪ੍ਰਕਾਸ਼ਨ, ਜੂਨ 2016
12. ਗਾਸੋ, ਓਮ ਪ੍ਰਕਾਸ਼, ਦਰਕਿਨਾਰ, ਬਰਨਾਲਾ, ਮਿੱਤਰ ਮੰਡਲ ਪ੍ਰਕਾਸ਼ਨ, ਜਨਵਰੀ 2012
13. ਗਾਸੋ, ਓਮ ਪ੍ਰਕਾਸ਼, ਮੈਂ ਫ਼ਿਕਰਮੰਦ ਹਾਂ (ਵੇਦਨਾ ਦਾ ਵਿਵੇਕ), ਬਰਨਾਲਾ, ਮਿੱਤਰ ਮੰਡਲ ਪ੍ਰਕਾਸ਼ਨ, 2013

14. ਗਾਸੋ, ਓਮ ਪ੍ਰਕਾਸ਼, ਪੰਜਾਬੀ ਦਿੱਖ ਤੇ ਦਰਸ਼ਨ, ਬਰਨਾਲਾ, ਮਿੱਤਰ ਮੰਡਲ ਪ੍ਰਕਾਸ਼ਨ, 2015
15. ਜੋਸ਼ੀ, ਜੀਤ ਸਿੰਘ (ਪ੍ਰੋ.), ਪੰਜਾਬੀ ਅਧਿਐਨ ਅਤੇ ਅਧਿਆਪਨ ਬਦਲਦੇ ਪਰਿਪੇਖ, ਅੰਮ੍ਰਿਤਸਰ, ਵਾਰਿਸ ਸ਼ਾਹ ਫਾਉਂਡੇਸ਼ਨ, 2016
16. ਨੂਰ, ਜਗੀਰ ਸਿੰਘ (ਡਾ.), ਪੰਜਾਬੀ ਸਭਿਆਚਾਰ: ਮੂਲ ਪਛਾਣ, ਨਵੀਂ ਦਿੱਲੀ, ਨੈਸ਼ਨਲ ਬੁੱਕ ਟਰੱਸਟ, 2008
17. ਪੂਨੀ, ਬਲਬੀਰ ਸਿੰਘ, ਪੰਜਾਬੀ ਸਭਿਆਚਾਰ ਸਿਧਾਂਤ ਤੇ ਵਿਹਾਰ, ਅੰਮ੍ਰਿਤਸਰ, ਰੂਹੀ ਪ੍ਰਕਾਸ਼ਨ, 1998
18. ਪਰਮਜੀਤ ਕੌਰ, ਗੁਰਦਿਆਲ ਸਿੰਘ ਦੀ ਸਭਿਆਚਾਰਕ ਚੇਤਨਾ, ਮੋਹਾਲੀ, ਉਨੀਸਟਾਰ ਬੁਕਸ ਪ੍ਰਾਈਵੇਟ ਲਿਮਟਿਡ, 2015
19. ਪਿਆਰਾ ਸਿੰਘ (ਪ੍ਰੋ.), ਮੱਧਕਾਲੀਨ ਪੰਜਾਬੀ ਕਵਿਤਾ:ਸਿਧਾਂਤ, ਇਤਿਹਾਸ ਤੇ ਪ੍ਰਵਿਰਤੀਆਂ, ਜਲੰਧਰ, ਨਿਊ ਬੁੱਕ ਕੰਪਨੀ, ਮਾਈਂ ਹੀਰਾਂ ਗੇਟ, 2009
20. ਪਿਆਰਾ ਸਿੰਘ (ਪ੍ਰੋ.), ਪੰਜਾਬੀ ਗਲਪ ਸਿਧਾਂਤ, ਇਤਿਹਾਸ ਤੇ ਪ੍ਰਵਿਰਤੀਆਂ, ਜਲੰਧਰ, ਨਿਊ ਬੁੱਕ ਕੰਪਨੀ, ਮਾਈ ਹੀਰਾ ਗੇਟ, 2012
21. ਭੀਮ ਇੰਦਰ ਸਿੰਘ (ਡਾ.), ਆਧੁਨਿਕ ਪੰਜਾਬੀ ਕਹਾਣੀ ਸਿਆਸੀ ਪਰਿਪੇਖ, ਚੰਡੀਗੜ੍ਹ, ਉਨੀਸਟਾਰ ਬੁਕਸ ਪ੍ਰਾਈਵੇਟ ਲਿਮਟਿਡ, 2013
22. ਭੀਮ ਇੰਦਰ ਸਿੰਘ, ਸਮਾਜ, ਸਿਆਸਤ ਤੇ ਸਾਹਿਤ, ਅੰਮ੍ਰਿਤਸਰ, ਲਿਟਰੇਚਰ ਹਾਊਸ ਪੁਤਲੀਘਰ, 2000
23. ਰਾਹੀ, ਜੋਗਿੰਦਰ ਸਿੰਘ, ਮਸਲੇ ਗਲਪ ਦੇ, (ਕੁਲਬੀਰ ਸਿੰਘ ਸੂਰੀ), ਅੰਮ੍ਰਿਤਸਰ, ਨਾਨਕ ਸਿੰਘ ਪੁਸਤਕਾਲਾ, 2014
24. ਸ਼ਾਹੀ, ਅਜੀਤ ਸਿੰਘ (ਡਾ.), ਨਾਵਲ ਅਤੇ ਰਾਜਨੀਤੀ ਸਿਧਾਂਤਕ ਆਧਾਰ, ਅੰਮ੍ਰਿਤਸਰ, ਵਾਰਿਸ ਸ਼ਾਹ ਫਾਊਂਡੇਸ਼ਨ, 2011
25. ਸ਼ਰਮਾ, ਲੱਕੀ (ਡਾ.), ਪ੍ਰਮੁੱਖ ਪੰਜਾਬੀ ਨਾਵਲ ਸਿਧਾਂਤ ਤੇ ਚਿੰਤਨ, ਜਲੰਧਰ, ਸੁੰਦਰ ਬੁੱਕ ਡਿਪੂ ਮਾਈ ਹੀਰਾਂ ਗੇਟ, 2015

## ਨਿੱਜੀ ਮੁਲਾਕਾਤ:

ਓਮ ਪ੍ਰਕਾਸ਼ ਗਾਸੋ ਜੀ ਨਾਲ

# OM PARKASH GASSO DE NAVALAN VICH SAMAAJ-SABHYACHARAK ATE RAJNITAK CHETNA